ਤਿਮਾਹੀ

ਗਾਂਜ

ਬੁੱਲ੍ਹੇ ਸ਼ਾਹ ਅਸਾਂ ਮਰਨਾ ਨਾਹੀਂ !

ਜੁਲਾਈ - ਸਤੰਬਰ, 2007

Academy of the Punjab in North America: http://www.apnaorg.com

ਸਾਂਝ

ਪੁਸਤਕਾ ਲੜੀ 2, ਜੁਲਾਈ-ਸਤੰਬਰ 2007

ਮੈਨੇਜਿੰਗ ਐਡੀਟਰ
ਸਫ਼ੀਰ ਰਾਮਾਹ

ਐਡੀਟਰ
ਡਾ. ਮਨੁ ਸ਼ਰਮਾ ਸੋਹਲ
ਡਾ. ਜਗਤਾਰ ਧੀਮਾਨ (ਆਨਰੇਰੀ)
ਜਾਵੇਦ ਬੂਟਾ
ਅਨੰਤ ਕੌਰ

ਸਹਿਯੋਗੀ
ਮੁਹੰਮਦ ਆਸਿਫ਼ ਰਜ਼ਾ
ਸਾਜਿਦ ਨਦੀਮ

ਜਿਲਦਸਾਜ਼ੀ
ਆਰਟਕੇਵ, ਲੁਧਿਆਣਾ 141004, ਪੰਜਾਬ (ਭਾਰਤ)

ਵੈਬ ਪੇਜ
www.apnaorg.com

ਮੁੱਲ
ਭਾਰਤ ਵਿਚ
ਪ੍ਰਤੀ ਅੰਕ : 50 ਰੁਪਏ
ਸਲਾਨਾ : 180 ਰੁਪਏ
ਸੰਸਥਾਵਾਂ ਲਈ
ਸਲਾਨਾ : 250 ਰੁਪਏ

ਵਿਦੇਸ਼ਾਂ ਵਿਚ (ਹਵਾਈ ਡਾਕ ਰਾਹੀਂ)
ਪ੍ਰਤੀ ਅੰਕ : US$ 10
ਸਲਾਨਾ : US$ 50
ਸੰਸਥਾਵਾਂ ਲਈ : US$ 100

ਲੁਧਿਆਣਾ ਤੋਂ ਬਾਹਰਲੇ ਚੈਕ ਵਿਚ
25 ਰੁਪਏ ਜੋੜੇ ਜਾਣ ਜੀ

ਰਾਬਤੇ ਲਈ
ਫੋਨ : 098152-98772, 098156-59837
email :
rammah@apnaorg.com
smvedswar@yahoo.com
jagdhiman@rediffmail.com



ਮੁੱਖ ਪੰਨੇ ਦਾ ਚਿੱਤਰ : ਦੇਵ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵਿਚ ਬਣੇ ਪੇਂਡੂ ਵਸਤੂਆਂ ਦੇ ਅਜਾਇਬ ਘਰ ਦੇ ਅੰਦਰਲੇ ਬਰਾਂਡੇ ਵਿਚ ਬਣਾਏ ਕੰਧ-ਚਿੱਤਰ ਵਿਚੋਂ ਇਕ ਨਮੂਨਾ। ਉੱਘੇ ਕਲਾ-ਪ੍ਰਸਤ ਡਾ. ਮਹਿੰਦਰ ਸਿੰਘ ਰੰਧਾਵਾ ਨੇ ਇਹ ਕੰਧ-ਚਿੱਤਰ ਪੰਜਾਬ ਦੇ ਰੰਗੀਨ ਪੇਸ਼ਕਾਰ ਵਜੋਂ ਦੇਵ ਤੋਂ ਬਣਵਾਇਆ ਸੀ। ਦੇਵ ਹੁਣ ਅੰਤਰ-ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਚਿੱਤਰਕਾਰ ਹੈ ਅਤੇ ਸਵਿਟਜ਼ਰਲੈਂਡ ਵਿਚ ਰਹਿੰਦਾ ਹੈ।

ਮਿਲਣ ਦਾ ਪਤਾ:
ਈ 589, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ - 141 004, ਪੰਜਾਬ (ਭਾਰਤ)
ਫੋਨ : 0161-4618772, 098152-98772

ਛਾਪਾਖਾਨਾ :
ਆਰਟਕੇਵ ਪ੍ਰਿੰਟਰਜ਼, 1978/2, ਮਹਾਰਾਜ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ - 141 004, ਪੰਜਾਬ (ਭਾਰਤ)
ਫੋਨ : 0161-2774236, 98766-68999

ਰਿਸਾਲੇ ਵਿਚ ਛਪੇ ਲੇਖਾਂ ਨਾਲ ਐਡੀਟਰਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

Academy of the Punjab in North America: http://www.apnaorg.com

ਸਾਂਝ

ਵੇਰਵਾ

ਲੇਖ

ਕਥਾ ਇਕ ਚੋਰੀ ਦੀ: ਅਹਿਮਦ ਸਲੀਮ 3

ਦਰ ਦਰਵੇਸ਼ੀ: ਮਸਊਦ ਖ਼ਾਲਿਦ 14

ਲਹੌਰ ਤੇ ਓਹਦੇ ਆਲ ਦੁਆਲ ਦਾ ਇੱਕ ਜਜ਼ਬਾਤੀ ਸਫ਼ਰ: ਚਮਨ ਲਾਲ (ਡਾ.) 24
(ਉਲਥਾਕਾਰ: ਸਨਾਉਲਾ ਕੌਂਦਲ)

ਬੋਲੀਆਂ ਦੇ ਵਟਾਂਦਰੇ : ਪੰਜਾਬੀ ਬੋਲੀ ਰਾਹੀਂ: ਫ਼ਾਖ਼ਿਰਾ ਰਿਆਜ਼ 38
(ਉਲਥਾਕਾਰ: ਮੁਹੰਮਦ ਅਫ਼ਜ਼ਲ ਸ਼ਾਹਿਦ)

ਕਹਾਣੀਆਂ

ਗੁਰਮੁਖ ਸਿੰਘ ਦੀ ਵਸੀਅਤ: ਸਆਦਤ ਹਸਨ ਮੰਟੋ *(ਉਲਥਾਕਾਰ: ਫ਼ਾਲਕਨ)* 46

ਵੀਨਸ: ਇੰਦਰਜੀਤਪਾਲ ਕੌਰ ਭਿੰਡਰ 52

ਵੱਡਾ ਦਿਨ: ਤਾਰਨ ਗੁਜਰਾਲ 60

ਰਾਮ ਦੀਨ: ਮੋਹਨ ਕਲਪਨਾ *(ਉਲਥਾਕਾਰ: ਮੁਹੰਮਦ ਆਸਿਫ਼ ਰਜ਼ਾ)* 66

ਬਗੀਚੀ ਭੂਤਨਿਆਂ: ਸ. ਸੋਜ਼ (ਪ੍ਰੋ.) 71

ਰਹਿਮਦਿਲ ਥਾਨੇਦਾਰਨੀ: ਕੁਲਵੰਤ ਜਗਰਾਉਂ (ਪ੍ਰੋ.) 77

ਸ਼ਾਇਰੀ

ਨਜਮ ਹੁਸੈਨ ਸੱਯਦ, ਪ੍ਰੇਮ ਕੁਮਾਰ, ਮੁਹੰਮਦ ਅਫ਼ਜ਼ਲ ਸ਼ਾਹਿਦ 80-93
ਅਫ਼ਜ਼ਲ ਰਾਜ਼, ਸਵਰਨਜੀਤ ਸਵੀ, ਤ੍ਰੈਲੋਚਨ ਲੋਚੀ
ਸਲੀਮ ਪਾਸ਼ਾ, ਬਾਬਾ ਨਜਮੀ, ਮੁਹੰਮਦ ਆਸਿਫ਼ ਰਜ਼ਾ (ਤਰਜੁਮਾ)
ਤਾਰਿਕ ਗੁੱਜਰ, ਜਸਵੰਤ ਹਾਂਸ, ਮਨਜੀਤ ਧੀਮਾਨ, ਗੁਰਚਰਨ ਕੌਰ ਥਿੰਦ
ਗੁਰਭਜਨ ਗਿੱਲ (ਪ੍ਰੋ.)

ਲੇਖ

ਬਿਰਹਾ ਦਾ ਸੁਲਤਾਨ - ਸ਼ਿਵ ਕੁਮਾਰ ਬਟਾਲਵੀ: ਪ੍ਰੇਮ ਕੁਮਾਰ 94

ਉਰਦੂ ਅਦਬ ਤੋਂ ਪੰਜਾਬੀ ਸਾਹਿਤ ਤੱਕ: ਨਰਿੰਜਨ ਸਿੰਘ ਤਸਨੀਮ (ਪ੍ਰੋ.) 111

ਕੀਮਾ ਮਲਕੀ (ਲੋਕ ਵਿਰਸਾ): ਸੁਖਦੇਵ ਮਾਦਪੁਰੀ 120

ਤਸਵੀਰਾਂ

ਤਿਮਾਹੀ ਸਾਂਝ ਦੀ ਮੁੱਖ ਵਿਖਾਲੀ – ਜਰਮਨੀ, ਲਾਹੌਰ, ਆਬੂ ਧਾਬੀ, ਲੁਧਿਆਣਾ 121-136

ਸਾਂਝ ਬਾਰੇ ਲਿਖਤਾਂ

ਦੁੱਵਲੀ ਸਾਂਝ: ਅਮਰਜੀਤ ਚੰਦਨ 127

ਰੀਕੰਨਸਾਇਲਿੰਗ ਦ ਟਵਿਨ ਪੰਜਾਬੀ ਸਕ੍ਰਿਪਟਜ਼: ਨਰਿੰਜਨ ਸਿੰਘ ਤਸਨੀਮ (ਪ੍ਰੋ.) – ਦ ਟ੍ਰਿਬਿਊਨ 130

ਵਟ ਇਜ਼ ਕੌਮਨ ਬਿਟਵੀਨ ਟੂ ਪੰਜਾਬਜ਼: ਸ਼ਫ਼ਕਤ ਤਨਵੀਰ ਮਿਰਜ਼ਾ – ਡਾਨ 132

ਪੰਜਾਬੀ ਇਨ ਬਾਇਸਕ੍ਰਿਪਟਿਕ ਮੋਡ: ਜਸਪਾਲ ਸਿੰਘ (ਡਾ.) – ਸਾਊਥ ਏਸ਼ੀਆ ਪੋਸਟ 135

ਕੌਮਨ ਥਰੈਡ : ਮਿੰਨਾ ਜੁਤਸ਼ੀ – ਹਿੰਦੂਸਤਾਨ ਟਾਈਮਜ਼ 138

ਏ ਪ੍ਰੋਮਿਸਿੰਗ ਕਲਚਰਲ ਸਟੱਰਿੰਗ: ਆਤਮਜੀਤ (ਡਾ) – ਹਿੰਦੂਸਤਾਨ ਟਾਈਮਜ਼ 139

Academy of the Punjab in North America: http://www.apnaorg.com

ਲੇਖ

ਕਥਾ ਇੱਕ ਚੋਰੀ ਦੀ

ਅਹਿਮਦ ਸਲੀਮ

ਅੰਮ੍ਰਿਤਾ ਸ਼ੇਰਗਿਲ, ਪਰ ਗੱਲ ਦਾ ਮੁੱਢ ਕਿੱਥੋਂ ਬੰਨ੍ਹਾਂ!

ਇਹ ਔਕੜ ਓਦੋਂ ਵੀ ਪੇਸ਼ ਆਈ ਸੀ ਜਦੋਂ ਮੈਂ ਅੰਮ੍ਰਿਤਾ ਸ਼ੇਰਗਿਲ ਬਾਰੇ ਕਿਤਾਬ ਲਿਖਣ ਲੱਗਾ ਸਾਂ। ਕਿਤਾਬ ਲਿਖੀ ਵੀ ਗਈ, ਛਪ ਵੀ ਗਈ। ਕਰਾਚੀ ਤੇ ਲਾਹੌਰ ਵਿਚ ਉਸ ਬਾਰੇ ਮੁਖ-ਵਿਖਾਲੀ ਦੇ ਫ਼ੰਕਸ਼ਨ ਵੀ ਹੋ ਗਏ। ਪਰ ਗੱਲ ਦਾ ਮੁੱਢ ਬੰਨ੍ਹਣ ਵਾਲੀ ਔਕੜ ਸਾਰੀ ਹਯਾਤੀ ਮੇਰੇ ਲਿਖਣ ਦੀ ਸੱਭ ਤੋਂ ਵੱਡੀ ਔਕੜ ਬਣੀ ਰਹੀ ਏ। ਇਕ ਹੋਰ ਔਕੜ ਵੀ ਹੈ, ਜਿਹੜੀ ਮੈਨੂੰ ਕਈ ਵਾਰੀ ਲਿਖਣ ਤੋਂ ਹਟਕ ਦੇਂਦੀ ਰਹੀ ਏ। ਉਹ ਹੈ ਅਪਣੇ ਬਾਰੇ ਲਿਖਣਾ। ਇਕ ਵਾਰੀ ਮੈਂ ਇਕ ਲਿਖਾਰੀ ਸੱਜਣ ਨੂੰ ਪੁਛਿਆ, ਅਪਣੇ ਬਾਰੇ ਕਿਵੇਂ ਲਿਖੀਏ।

"ਅਪਣੇ ਬਾਰੇ?"

"ਆਹੋ, ਸਮਝੋ, ਹੱਡ ਬੀਤੀ ਕਿਵੇਂ ਲਿਖੀਏ, ਗੱਲ ਦਾ ਮੁੱਢ ਕਿੱਥੋਂ ਬੰਨ੍ਹੀਏ?"

"ਅਪਣੇ ਬਾਰੇ ਲਿਖਣ ਦੀ ਬਹੁਤ ਪੀੜ ਉੱਠੇ ਤਾਂ ਅਪਣੇ ਵਜੂਦ ਦਾ ਇਕ ਟੋਟਾ ਫੜ ਲਵੋ। ਪਰ ਹੋਵੇ ਸੱਚੀ-ਮੁੱਚੀ ਵਜੂਦ ਦਾ ਟੋਟਾ। ਹਰ ਵਾਕਫ਼ੀ ਤਾਂ ਵਜੂਦ ਦਾ ਟੋਟਾ ਨਹੀਂ ਹੋਂਦੀ ਨਾ। ਬਸ ਉਸ ਬਾਰੇ ਲਿਖਣ ਲਗ ਪਵੋ। ਤੁਹਾਨੂੰ ਪਤਾ ਵੀ ਨਾ ਚਲਸੀ ਤੇ ਤੁਸੀਂ ਅਪਣੇ ਬਾਰੇ ਲਿਖੀ ਜਾ ਰਹੇ ਹੋਸੋ।"

ਮੈਂ ਆਖਿਆ, "ਮੇਰੇ ਵਜੂਦ ਦੇ ਅਣਗਿਣਤ ਟੋਟੇ ਨੇ। ਇਕ ਉਹਨਾਂ ਵਿਚੋਂ ਅੰਮ੍ਰਿਤਾ ਸ਼ੇਰਗਿਲ ਵੀ ਹੈ। ਭਾਵੇਂ ਮੇਰੇ ਜੰਮਣ ਤੋਂ ਚਾਰ ਵਰ੍ਹੇ ਪਹਿਲੋਂ ਉਹ ਇਸ ਜਗ ਤੋਂ ਮੂੰਹ ਮੋੜ ਗਈ ਸੀ।"

ਮੇਰੇ ਚੋਖੇ ਪੜ੍ਹੇ ਲਿਖੇ ਸੱਜਣ ਨੇ ਬਿਟ-ਬਿਟ ਮੇਰੇ ਵਲ ਵੇਖਦਿਆਂ ਆਖਿਆ:

"ਪਰ ਇਹ ਅੰਮ੍ਰਿਤਾ ਸ਼ੇਰਗਿਲ ਹੈ ਕੌਣ ਸੀ? ਮੈਂ ਤਾਂ ਅੰਮ੍ਰਿਤਾ ਪ੍ਰੀਤਮ ਦਾ ਨਾਂ ਸੁਣਿਆ ਏਂ।"

"ਆਹੋ, ਓਹੋ ਸਮਝ ਲੈ, ਉਦੋਂ ਉਹਦਾ ਨਾਂ ਅੰਮ੍ਰਿਤਾ ਸ਼ੇਰਗਿਲ ਹੋਂਦਾ ਸੀ"

Academy of the Punjab in North America: http://www.apnaorg.com

ਤੇ ਮੈਂ ਅਪਣੇ ਸੱਜਣ ਨੂੰ ਸੰਖੇਪ ਵਿਚ ਅੰਮ੍ਰਿਤਾ ਸ਼ੇਰਗਿਲ ਦੀ ਕਹਾਣੀ ਸੁਣਾਈ:

"ਸਿੱਖ ਪਿਓ ਤੇ ਹੰਗੇਰੀਅਨ ਮਾਂ ਦੀ ਔਲਾਦ, ਹੰਗਰੀ ਦੇ ਸ਼ਹਿਰ ਬੁੱਡਾਪੇਸਟ ਵਿਚ, 1913 ਵਿਚ ਜਨਮ ਹੋਇਆ। ਪਹਿਲੀ ਤੇ ਦੂਜੀ ਜਗਤ ਲਾਮ ਅੰਦਰ ਵਿਚਰੀ ਤੇ ਸ਼ਿਵ ਕੁਮਾਰ ਦੇ ਆਖੇ ਮੂਜਬ 1941 ਵਿਚ ਜੋਬਨ ਰੁੱਤੇ ਮਰ ਗਈ।"

"ਪਰ ਇਹਦੇ ਵਿਚ ਤੂੰ ਕਿੱਥੋਂ ਆ ਗਿਆ?" ਮੇਰੇ ਸੱਜਣ ਅਪਣੀ ਜਾਚੇ ਢੇਰ ਸਿਆਣਾ ਸਵਾਲ ਕੀਤਾ।

"ਮੈਂ ਪਹਿਲੀ ਵਾਰੀ ਉਹਦਾ ਨਾਂ ਜ਼ਮੁਰਦ ਮਲਿਕ ਦੀ ਇਕ ਨਜ਼ਮ ਵਿਚ ਪੜ੍ਹਿਆ ਸੀ। ਤੈਨੂੰ ਪਤਾ ਏ, ਉਹ ਆਪ ਵੀ ਜੋਬਨ ਰੁੱਤੇ ਮਰਿਆ ਸੀ"

ਬਸ ਉਹ ਨਾਂ ਮੇਰੇ ਵਜੂਦ ਦਾ ਅੰਗ-ਸੰਗ ਬਣ ਗਿਆ। ਹੁਣ ਜੀਅ ਕਰੇ ਉਹਦੀਆਂ ਪੇਂਟਿੰਗਜ਼ ਵੇਖਣ ਨੂੰ ਪਰ ਕਿਤੋਂ ਸਿਰਾ ਨਾ ਲੱਭੇ। ਇਕ ਦਿਨ ਲਾਹੌਰ ਮਿਊਜ਼ੀਅਮ ਗਿਆ, ਕੁਝ ਪੇਂਟਿੰਗਜ਼ ਦੇ ਕਾਰਡ ਖ਼ਰੀਦਣ ਲਈ। ਇਕ ਕਾਰਡ ਨੇ ਮੈਨੂੰ ਓਥੇ ਹੀ ਫੜ ਘੱਤਾ। ਇਹ ਅੰਮ੍ਰਿਤਾ ਸ਼ੇਰਗਿਲ ਦੀ ਪੇਂਟਿੰਗ ਸੀ। Veena Player ਤਸਵੀਰ ਵਿਚ ਇਕ ਹੋਰ ਜਨਾਨੀ ਡਾਢੇ ਚਾਅ ਨਾਲ ਵੀਨਾ ਸੰਗੀਤ ਸੁਣ ਰਹੀ ਏ। ਮੈਂ ਕੱਠੇ ਪੰਜਾਹ ਕਾਰਡ ਖ਼ਰੀਦ ਲਏ ਤੇ ਉਸ ਸਾਲ ਹਰ ਦੋਸਤ ਨੂੰ ਨਵੇਂ ਵਰ੍ਹੇ ਦੇ ਕਾਰਡ ਵਜੋਂ ਘੱਲੇ। ਦੂਜੇ ਦਿਨ ਫ਼ੇਰ ਲਾਹੌਰ ਮਿਊਜ਼ੀਅਮ ਗਿਆ ਤਾਂ ਜੋ ਅੰਮ੍ਰਿਤਾ ਸ਼ੇਰਗਿਲ ਦੀ ਬਣਾਈ ਹੋਈ ਉਸ ਪੇਂਟਿੰਗ ਨੂੰ ਉਹਦੇ ਅਸਲੀ ਰੂਪ ਵਿਚ ਵੇਖ ਸਕਾਂ। ਮੈਂ ਕਿੰਨਾ ਚਿਰ ਉਹ ਪੇਂਟਿੰਗ ਪੜ੍ਹਦਾ ਰਿਹਾ, ਉਹਨੂੰ ਅਪਣੇ ਅੰਦਰ ਉਤਾਰਦਾ ਰਿਹਾ। ਜਿਵੇਂ ਅੰਮ੍ਰਿਤਾ ਪ੍ਰੀਤਮ ਦੀਆਂ ਕੁਝ ਨਜ਼ਮਾਂ ਨੂੰ ਅਪਣੇ ਸਾਹਵਾਂ ਦਾ ਸੁਰ ਕੀਤਾ ਸੀ। ਹੁਣ ਜਦੋਂ ਜੀ ਘਬਰਾਵੇ ਜਾ ਕੇ ਪੇਂਟਿੰਗ ਵੇਖ ਆਵਾਂ। ਅੰਮ੍ਰਿਤਾ ਦੇ ਨਾਲ ਨਾਲ ਮੈਨੂੰ ਉਹ ਵੀਨਾ ਵਜਾਉਣ ਵਾਲੀ ਤੇ ਉਹਦੇ ਨਾਲ ਵੀਨਾ ਸੁਣਨ ਵਾਲੀ ਦੋਵੇਂ ਕੁਝ ਅਪਣੀਆਂ ਅਪਣੀਆਂ ਜਾਪਣ ਲਗ ਪਈਆਂ। ਇਕ ਦਿਨ ਮਿਊਜ਼ੀਅਮ ਗਿਆ ਤੇ ਉਹ ਪੇਂਟਿੰਗ ਓਥੇ ਨਹੀਂ ਸੀ। ਕਈ ਵਾਰੀ ਫ਼ੇਰ ਗਿਆ ਪਰ ਨਿਰਾਸ਼ ਹੋ ਕੇ ਮੁੜਿਆ। ਇਕ ਵਾਰੀ ਓਥੇ ਇਕ ਬੰਦੇ ਨਾਲ ਗੱਲ ਹੋਈ, ਪਤਾ ਲਗਿਆ, ਅੰਮ੍ਰਿਤਾ ਸ਼ੇਰਗਿਲ ਸਾਡੀ ਨਹੀਂ ਸੀ। ਉਹਨੂੰ ਕੌਮੀ ਅਜਾਇਬ ਘਰ ਵਿਚ ਸਜਾ ਕੇ ਕਿਉਂ ਰਖੀਏ। ਉਹ ਓਧਰਲੇ ਪੰਜਾਬ ਦੀ ਸੀ। ਮਜੀਠੀਆ ਪਿੰਡ ਦੀ, ਜਿਹੜਾ ਅੰਮ੍ਰਿਤਸਰ ਦੇ ਲਾਗੇ ਹੈ। ਮੈਂ ਰੇਡੀਓ ਪਾਕਿਸਤਾਨ ਜਾਂਦਿਆਂ ਐਮਪ੍ਰੈੱਸ ਰੋਡ ਤੋਂ ਕਈ ਵਾਰ ਮਜੀਠੀਆ ਹਾਲ ਅੱਗੋਂ ਲੰਘਿਆ ਸੀ। ਐਮਪ੍ਰੈੱਸ ਰੋਡ ਦਾ ਨਾਂ ਤੇ ਕੁਝ ਔਖਾ ਜਿਹਾ ਅਰਬੀ ਨਾਂ ਹੋ ਗਿਆ ਸੀ ਪਰ ਮਜੀਠੀਆ ਹਾਲ ਨੂੰ ਅਜੇ ਲੋਕੀ ਮਜੀਠੀਆ ਹਾਲ ਈ ਕਹਿੰਦੇ ਸਨ। ਜਿਵੇਂ ਮੈਂ ਆਪ ਆਰੀਆ ਨਗਰ ਦੀ ਇਕ ਗਲੀ ਅਰਜੁਨ ਸਟ੍ਰੀਟ ਵਿਚ ਰਹਿੰਦਾ ਸਾਂ। ਕੁਝ ਚਿਰ ਪਾ ਕੇ ਮੈਂ ਫ਼ੇਰ ਮਿਊਜ਼ੀਅਮ ਗਿਆ। ਅੰਮ੍ਰਿਤਾ ਦੀ ਪੇਂਟਿੰਗ ਕਿਸੇ ਸਟੋਰ ਵਿਚ ਨੂੜ ਦਿੱਤੀ ਗਈ ਸੀ। ਇਕ ਦਿਨ ਸ਼ਾਹ ਹੁਸੈਨ ਕਾਲਿਜ ਵਿਚ ਜ਼ਮੁਰਦ ਮਲਿਕ ਨਾਲ ਇਹੋ ਜਹੀ ਗੱਲ ਸਾਂਝੀ ਕੀਤੀ ਤਾਂ ਉਹਦੀਆਂ ਅੱਖਾਂ ਜਿਵੇਂ ਰੋਹ ਨਾਲ ਭਰ ਗਈਆਂ। ਮੈਂ ਅੰਮ੍ਰਿਤਾ ਸ਼ੇਰਗਿਲ ਬਾਰੇ ਉਸ ਦੀ ਨਜ਼ਮ ਦਾ ਆਸ਼ਿਕ ਸਾਂ। ਫ਼ੇਰ ਮਾਣ ਭਰਿਆ ਮਲਿਕ ਨਿੰਮੀ ਜਹੀ ਵਾਜ ਵਿਚ ਬੋਲਿਆ:

"ਅਹਿਮਦ ਸਲੀਮ! ਸਾਡੇ ਕੋਲ ਅੰਮ੍ਰਿਤਾ ਸ਼ੇਰਗਿਲ ਦੀ ਇਕ ਹੋਰ ਪੇਂਟਿੰਗ ਵੀ ਹੈ, ਇਕ ਪੋਰਟ੍ਰੇਟ। ਤੂੰ ਜ਼ੁਬੈਦਾ ਆਗ਼ਾ ਨੂੰ ਕਦੀ ਮਿਲਿਆ ਏਂ?" ਨਾਂਹ ਵਿਚ ਮੈਂ ਸਿਰ ਹਿਲਾਇਆ ਤੇ ਜ਼ਮੁਰਦ ਆਖਣ ਲੱਗਾ, "ਸਾਡੀ ਬਹੁਤ ਵੱਡੀ ਆਰਟਿਸਟ ਏ, ਪਿੰਡੀ ਵਿਚ ਕੰਟੈਮਪ੍ਰੇਰੀ ਆਰਟ ਚਲਾਉਂਦੀ ਏ। ਉਹਦੀ ਗੈਲਰੀ ਵਿਚ ਇਹ ਪੇਂਟਿੰਗ ਲੱਗੀ ਹੋਈ ਏ।"

Academy of the Punjab in North America: http://www.apnaorg.com

ਹੁਣ ਮੈਨੂੰ ਪਿੰਡੀ ਜਾਣ ਦੀ ਉਤਾਵਲ ਸੀ। ਪਰ ਓਦੋਂ ਈ ਪੂਰਬੀ ਬੰਗਾਲ ਅੰਦਰ ਇਕ ਵੱਡਾ ਘੱਲੂਘਾਰਾ ਸ਼ੁਰੂ ਹੋ ਗਿਆ। ਮੈਨੂੰ ਜਾਪਿਆ ਓਥੇ ਬੰਗਾਲ ਵਿਚ ਸ਼ਾਹ ਹੁਸੈਨ ਦੇ ਮਾਧੂ ਕਤਲ ਹੋ ਰਹੇ ਨੇਂ। ਮੈਂ ਸ਼ਾਇਰ ਹੁਸੈਨ ਨੂੰ ਗੱਲਾਂ ਕਰਦਿਆਂ ਲਿਖਿਆ:

ਉਠ ਓ ਲਾਲ ਹੁਸੈਨਾ! ਉਠ ਲਾਲਣ ਦੇ ਯਾਰ
ਵਿਚ ਬੰਗਾਲੇ ਤੇਰੇ ਮਾਧੂ ਮਰਦੇ ਪਏ ਨੇ
ਲਾਲਣ ਦੇ ਗੀਤਾਂ ਤੇ ਗੋਲੇ ਵਰ੍ਹਦੇ ਪਏ ਨੇ
ਅਜ ਮੁੜ ਨਜ਼ਰੁਲ ਤੇ ਟੈਗੋਰ ਦੇ ਗੀਤ ਸੁਨਹਿਰੇ
ਡਾਢੇ ਜ਼ੁਲਮ ਤੇ ਦੁਖ ਤਸੀਹੇ ਜਰਦੇ ਪਏ ਨੇ
ਵਿਚ ਬੰਗਾਲੇ ਤੇਰਾ ਮਾਧੂ ਕੱਲਮ ਕੱਲਾ
ਉਹਨੂੰ ਜੱਫੀ ਪਾ ਲੈ, ਉਹਦਾ ਫੜ ਲੈ ਪੱਲਾ
ਤੇਰਿਆਂ ਗੀਤਾਂ ਦੇ ਵੈਰੀ ਅਜ ਉਹਦੇ ਉੱਤੇ
ਲੈ ਕੇ ਗੋਲੀਆਂ ਦੇ ਹੜ੍ਹ, ਚੜ੍ਹਦੇ ਪਏ ਨੇ
ਦੁੱਲੇ ਭੱਟੀ ਵਿਚ ਬੰਗਾਲੇ ਉਠ ਖਲੋਤੇ
ਉਠ ਓ ਸ਼ਾਇਰਾ, ਕਿੱਥੇ ਗਈ ਬੰਦੂਕ ਉਹ ਤੇਰੀ
ਮੇਰਿਆ ਸ਼ਾਇਰਾ,
ਲੰਮੀਆਂ ਕਾਲੀਆਂ ਰਾਤਾਂ ਆਈਆਂ
ਮਾਧੂ ਬਿਨ ਮੁੜ
ਲੰਮੀਆਂ ਕਾਲੀਆਂ ਰਾਤਾਂ ਆਈਆਂ
ਉਠ ਓ ਲਾਲ ਹੁਸੈਨਾ, ਉਠ ਲਾਲਣ ਦੇ ਯਾਰ!

ਇਹ ਮਾਧੂ ਲਾਲ ਦਾ ਦਰਬਾਰ ਸੀ ਤੇ ਮਾਰਚ ਦਾ ਅਖ਼ੀਰੀ ਇਤਵਾਰ। ਉਸੇ ਦਿਨ ਇਹ ਨਜ਼ਮ ਮੈਂ ਜ਼ਮੁਰਦ ਮਲਿਕ ਨਾਲ ਸਾਂਝੀ ਕੀਤੀ। ਉਹ ਢੇਰ ਚਿਰ ਕੁਝ ਨਾ ਬੋਲ ਸਕਿਆ। ਫ਼ੇਰ ਹੌਲੀ ਜਹੀ ਆਖਣ ਲੱਗਾ, "ਇਸ ਹਾਲਤ ਵਿਚ ਤੈਨੂੰ ਮੇਰੀ ਗੱਲ ਬੜੀ absurd ਜਹੀ ਲਗਸੀ ਪਰ ਪਤਾ ਨਹੀਂ ਕਿਉਂ ਚੇਤੇ ਆ ਗਈ ਏ। ਅੰਮ੍ਰਿਤਾ ਸ਼ੇਰਗਿਲ ਆਰਟ ਵਿਚ ਬੰਗਾਲ ਸਕੂਲ ਦੀ ਅੱਤ ਵਿਰੋਧੀ ਸੀ ਜਦ ਕਿ ਸਾਡੇ ਅਬਦੁਲ ਰਹਿਮਾਨ ਚੁਗ਼ਤਾਈ ਹੋਰੀ ਬੰਗਾਲ ਸਕੂਲ ਫ਼ੇਮ ਚਿੱਤਰਕਾਰ ਸਨ....."

ਇਹਦੇ ਨਾਲ ਈ ਇਹ ਕਿੰਨਾ ਵੱਡਾ ਦੁਖਾਂਤ ਸੀ ਕਿ 25 ਤੇ 26 ਮਾਰਚ ਦੀ ਵਿਚਕਾਰਲੀ ਰਾਤ ਢਾਕਾ ਯੂਨੀਵਰਸਿਟੀ ਵਿਚ ਜਦੋਂ ਫ਼ੌਜ ਨੇ ਕਰੈਕ ਡਾਊਨ ਕੀਤਾ ਤਾਂ ਸੱਭ ਤੋਂ ਪਹਿਲਾਂ ਮਾਰੇ ਜਾਵਣ ਵਾਲੇ ਲੋਕਾਂ ਚੋਂ ਢਾਕਾ ਯੂਨੀਵਰਸਟੀ ਦੀ ਕੈਨਟੀਨ ਦਾ ਮਾਲਿਕ ਮਾਧੂ ਤੇ ਉਹਦੇ ਘਰ ਦੇ ਚਾਰ ਪੰਜ ਜੀਅ ਸਨ। ਇਹ ਮਾਧੂ ਲਾਲ ਹੁਸੈਨ ਦੀ ਕਰਾਮਾਤ ਸੀ ਯਾਂ ਇਸ ਨਿਮਾਣੀ ਜਹੀ ਨਜ਼ਮ ਦੀ?

ਇਹ ਗੱਲ ਸੱਚੀ-ਮੁੱਚੀ ਬਲੈਕ ਕਾਮੇਡੀ ਵਰਗੀ ਜਾਪੀ ਸੀ। ਉਸ ਰਾਤੀਂ ਮੈਂ ਹੋਰ ਨਜ਼ਮਾਂ ਲਿਖੀਆਂ। ਉਹਨਾਂ ਦਾ ਇੱਕੋ ਸਿਰਨਾਵਾਂ ਸੀ 'ਸਦਾ ਜੀਵੇ ਬੰਗਲਾਦੇਸ਼'। ਉਹਨਾਂ ਚੋਂ ਇਕ ਨਜ਼ਮ ਮੈਂ ਆਪਣੀ ਪਾਰਟੀ ਦੇ ਰਿਸਾਲੇ ਨੂੰ ਛਪਣ ਲਈ ਘਲ ਦਿੱਤੀ। ਉਹ ਉਰਦੂ ਤਰਜੁਮੇ ਦੇ ਨਾਲ ਛਪ ਗਈ। ਮੇਰੇ ਵਾਰੰਟ ਨਿਕਲ ਆਏ। ਮੈਂ ਸਿਵਲ ਲਾਈਨ ਥਾਣੇ ਆਪ ਜਾ ਕੇ ਗਰਿਫ਼ਤਾਰੀ ਦਿੱਤੀ। ਬਲੈਕ ਕਾਮੇਡੀ ਜਹੀ ਇਕ ਹੋਰ ਗੱਲ - ਮੈਂ ਪਿੰਡੀ ਜਾਂਦੇ ਜਾਂਦੇ ਥਾਣੇ ਅੱਪੜ ਗਿਆ ਸੀ। ਥਾਣੇਦਾਰ ਹਲੀਮੀ ਨਾਲ ਪੇਸ਼ ਆਇਆ ਤੇ ਆਖਣ ਲੱਗਾ, "ਤੂੰ ਆਪ ਗਰਿਫ਼ਤਾਰੀ ਦੇ ਕੇ ਅਪਣੀ ਸਜ਼ਾ ਘਟਾ ਲਈ ਏ।" ਉਹਦੀ ਹਲੀਮੀ ਤੋਂ ਜਜ਼ਬਾਤੀ ਜਿਹਾ ਹੋ ਕੇ ਮੈਂ ਪੁਛਿਆ, "ਐੱਸ ਐੱਚ ਓ ਸਾਹਿਬ! ਤੁਸੀਂ ਅੰਮ੍ਰਿਤਾ ਸ਼ੇਰਗਿਲ ਨੂੰ ਜਾਣਦੇ ਓ?"

ਪਰ ਇਸ ਤੋਂ ਵੀ ਵੱਡੀ ਬਲੈਕ ਕਾਮੇਡੀ ਮੇਰੀ ਭੈਣ ਦੇ ਘਰ ਵਾਪਰੀ। ਮੇਰੀ ਭਣੀਵੀਂ ਯਾਸਮੀਨ ਆਪਣੀ ਮਾਂ ਨੂੰ ਪੁੱਛਣ ਲੱਗੀ -

"ਮਾਮੇ ਨੂੰ ਕਿਉਂ ਫੜਿਆ ਨੇ"

"ਤੇਰੇ ਮਾਮੇ ਨੇ ਯਾਹਿਯਾ ਖ਼ਾਨ ਦੇ ਖ਼ਿਲਾਫ਼ ਇਕ ਨਜ਼ਮ ਲਿਖੀ ਸੀ, ਇਸ ਲਈ।"

"ਪਰ ਇਹਦੇ ਵਿਚ ਫੜਣ ਵਾਲੀ ਕਿਹੜੀ ਗੱਲ ਸੀ, ਉਹ ਮਾਮੇ ਦੇ ਖ਼ਿਲਾਫ਼ ਨਜ਼ਮ ਲਿਖ ਲੈਂਦਾ।"

ਇਹ ਜੂਨ 1971ਸੀ। ਮੈਨੂੰ ਫ਼ੌਜੀ ਅਦਾਲਤ ਤੋਂ ਕੈਦ ਤੇ ਜੁਰਮਾਨੇ ਤੋਂ ਵੱਖ ਪੰਜ ਕੋੜਿਆਂ ਦੀ ਸਜ਼ਾ ਵੀ ਹੋਈ। ਜਦੋਂ ਜਨਵਰੀ 1972 ਵਿਚ

Academy of the Punjab in North America: http://www.apnaorg.com

ਸਜ਼ਾਵਾਂ ਖ਼ਤਮ ਕਰ ਕੇ ਮੇਰੀ ਰਿਹਾਈ ਹੋਈ ਤਾਂ ਬਾਹਿਰ ਸਭ ਕੁਝ ਬਦਲਿਆ ਬਦਲਿਆ ਸੀ। ਮੇਰੇ ਸੱਜਣ ਤੇ ਇਨਕਲਾਬੀ ਦੋਸਤ ਡਾਕਟਰ ਅਜ਼ੀਜ਼ੁਲਹੱਕ, ਮੇਰੇ ਮਾਣ ਵਿਚ ਇਕ ਇਕੱਠ ਕੀਤਾ ਪਰ ਕਿਤਾਬ ਦਾ ਪੰਨਾ ਪਰਤਣ ਦੀ ਦੇਰ ਸੀ ਕਿ ਇਕ ਗੋਲੀ ਉਹਦੇ ਵਜੂਦ ਚੋਂ ਪਾਰ ਹੋ ਗਈ। ਸ਼ਿਵ ਕੁਮਾਰ ਦੀਆਂ ਸਤਰਾਂ ਦੁਹਰਾਂਦਿਆਂ ਮੈਂ ਅਜ਼ੀਜ਼ੁਲਹੱਕ ਬਾਰੇ ਇਕ ਨਜ਼ਮ ਲਿਖੀ:

"ਅਸਾਂ ਤਾਂ ਜੋਬਣ ਰੁੱਤੇ ਮਰਨਾ"

ਉਸਤਾਦ ਦਾਮਨ ਕੋਲ ਗਿਆ, ਉਹਨਾਂ ਉਠ ਕੇ ਜੱਫ਼ੀ ਪਾ ਲਈ, "ਲਓ ਮੇਰਾ ਹੀਰੋ ਆ ਗਿਆ।" ਮੈਂ ਕਾਹਦਾ ਹੀਰੋ ਸਾਂ! ਹੀਰੋ ਤੇ ਸ਼ਹੀਦ ਤਾਂ ਬੰਗਾਲ ਵਿਚ ਸਨ। ਕੁਝ ਚਿਰ ਮਗਰੋਂ ਫ਼ੈਜ਼ ਸਾਹਿਬ ਕੋਲ ਗਿਆ। ਗੱਲਾਂ ਗੱਲਾਂ ਵਿਚ ਅੰਮ੍ਰਿਤਾ ਸ਼ੇਰਗਿਲ ਦਾ ਜ਼ਿਕਰ ਆ ਗਿਆ। ਆਖਣ ਲੱਗੇ "ਭਈ ਅਸੀਂ ਤੇ ਆਪ ਉਹਦੇ ਮੱਦਾਹ ਹਾਂ। ਅਪਣੇ ਵੇਲੇ ਦੀ ਬਹੁਤ ਵੱਡੀ ਜੀਨੀਅਸ ਸੀ।"

ਮੈਂ ਆਖਿਆ, "ਜ਼ੁਬੈਦਾ ਆਗ਼ਾ ਕੋਲ ਉਹਦੀ ਇਕ ਪੇਂਟਿੰਗ ਹੈ। ਪਿੰਡੀ ਉਹਦੀ ਗੈਲਰੀ ਵਿਚ ਲੱਗੀ ਹੋਈ ਏ।"

ਪਿੰਡੀ ਦੇ ਜ਼ਿਕਰ ਤੋਂ ਉਹਨਾਂ ਨੂੰ ਜਿਵੇਂ ਕੁਝ ਚੇਤੇ ਆ ਗਿਆ। ਆਖਣ ਲੱਗੇ - "ਭਈ .....ਬਲੋਚਿਸਤਾਨ ਸੂਬੇ ਵਿਚ ਤੇਰੀ ਪਾਰਟੀ ਦੀ ਸਰਕਾਰ ਬਣ ਗਈ ਏ। ਕੁਝ ਚਿਰ ਲਈ ਕੋਇਟੇ ਤੋਂ ਹੋ ਆ। ਕੁਝ ਆਰਾਮ ਕਰ ਲੈ। ਫ਼ੇਰ ਇਸਲਾਮਾਬਾਦ ਵਿਚ ਤੇਰੀ ਲੋੜ ਏ।"

ਜਦੋਂ ਕੁਝ ਮਹੀਨੇ ਪਾ ਕੇ ਮੈਂ ਇਸਲਾਮਾਬਾਦ ਗਿਆ ਤਾਂ ਫ਼ੈਜ਼ ਸਾਹਿਬ ਨੈਸ਼ਨਲ ਕੌਂਸਲ ਆਫ਼ ਆਰਟਸ (PNCA) ਦੇ ਚੇਅਰਮੈਨ ਬਣ ਚੁਕੇ ਸਨ। ਮੈਨੂੰ ਉਹਨਾਂ ਲੋਕ ਵਿਰਸੇ ਦੇ ਭਾਗ ਵਿਚ, ਪੰਜਾਬ ਦਾ ਲੋਕ ਵਿਰਸਾ ਕੱਠਾ ਕਰਨ ਦਾ ਕੰਮ ਦੇ ਦਿੱਤਾ। ਇਹ 1972 ਦਾ ਅਖ਼ੀਰ ਯਾਂ 1973 ਦਾ ਮੁੱਢ ਸੀ। ਮੈਂ ਖ਼ੁਸ਼ ਸਾਂ। ਇਕ ਵਾਰ ਫ਼ੇਰ ਫ਼ੈਜ਼ ਦੇ ਏਨੇ ਨੇੜੇ ਹੋਣ ਦਾ ਭਾਗ ਜਾਗਿਆ ਸੀ। ਮੈਂ ਇਸ ਗੱਲੋਂ ਵੀ ਖ਼ੁਸ਼ ਸਾਂ ਕਿ ਕਿਸੇ ਵੇਲੇ ਵੀ ਪਿੰਡੀ ਜਾ ਕੇ ਜ਼ੁਬੈਦਾ ਆਗ਼ਾ ਦੀ ਗੈਲਰੀ ਵਿਚ ਅੰਮ੍ਰਿਤਾ ਸ਼ੇਰਗਿਲ ਦਾ ਬਣਾਇਆ ਪੋਰਟ੍ਰੇਟ ਵੇਖ ਸਕਦਾ ਸਾਂ। ਪਰ ਓਦੋਂ ਈ ਪਤਾ ਚਲਿਆ ਜੇ ਜ਼ੁਬੈਦਾ ਆਗ਼ਾ ਦੀ ਗੈਲਰੀ ਪੈਕ ਹੋ ਗਈ ਏ ਤੇ ਖ਼ਬਰਾਂ ਮੁਜਬ ਸਾਰੀਆਂ ਪੇਂਟਿੰਗਜ਼ PNCA ਦੀ ਨੈਸ਼ਨਲ ਆਰਟ ਗੈਲਰੀ ਵਿਚ ਲਗ ਜਾਸਨ। ਪਤਾ ਨਹੀਂ ਇਹ ਮਾਮਲਾ ਕਿਉਂ ਲਮਕ ਗਿਆ ਤੇ ਤਸਵੀਰਾਂ ਕਿਤੇ 1978 ਵਿਚ ਜਾ ਕੇ ਨੈਸ਼ਨਲ ਗੈਲਰੀ ਦਾ ਹਿੱਸਾ ਬਣੀਆਂ।

ਮੈਂ 1975 ਵਿਚ ਓਥੋਂ ਜਾ ਚੁਕਿਆ ਸਾਂ। ਅਸਲ ਵਿਚ ਫ਼ੈਜ਼ ਸਾਹਿਬ ਨੂੰ ਓਥੋਂ ਧੱਕਾ ਦੇਣ ਦੀਆਂ ਸਾਜ਼ਸ਼ਾਂ ਸ਼ੁਰੂ ਹੋ ਗਈਆਂ ਸਨ। ਇਕ ਦਿਨ ਉਹ ਨੈਸ਼ਨਲ ਕੌਂਸਲ ਦੀ ਦੁਕਾਨ ਨੂੰ ਠੋਕਰ ਮਾਰ ਕੇ ਲਾਹੌਰ ਆ ਗਏ। ਕੁਝ ਚਿਰ ਮਗਰੋਂ ਮੇਰੀ ਵਾਰੀ ਵੀ ਆ ਗਈ। ਲੋਕ ਵਿਰਸੇ ਦੇ ਧੱਕੇਸ਼ਾਹਾਂ ਮੈਨੂੰ ਵੀ ਧੱਕਾ ਦੇ ਦਿੱਤਾ। ਫ਼ੇਰ ਸਿੰਧ ਤੇ ਕਰਾਚੀ ਦੀ ਲੰਮੀ ਯਾਤਰਾ.....ਕਦੀ ਕਦੀ ਪੰਜਾਬ ਆਉਣਾ ਤਾਂ ਉਸਤਾਦ ਦਾਮਨ ਨੂੰ, ਅਹਿਮਦ ਰਾਹੀ ਨੂੰ, ਡਾਕਟਰ ਨਜ਼ੀਰ ਹੋਰਾਂ ਨੂੰ ਮਿਲ ਲੈਣਾ.....ਨਜਮ ਹੁਸੈਨ ਸੱਯਅਦ ਹੋਰਾਂ ਦੇ ਦਰਬਾਰ ਹਾਜ਼ਰੀ ਦੇ ਲੈਣੀ। ਜੇ ਸਬੱਬੀਂ ਮਾਰਚ ਦੀ ਅਖ਼ੀਰਲੀ ਇਤਵਾਰ ਆ ਜਾਵੇ ਤਾਂ ਮਾਧੂ ਲਾਲ ਹੁਸੈਨ ਦੇ ਦਰਬਾਰ ਤੇ ਧਮਾਲ ਪਾ ਲੈਣੀ! ਇੰਝ ਪੰਜਾਬੋਂ ਦੂਰ ਹੋ ਕੇ ਵੀ ਪੰਜਾਬ ਨਾਲ ਜੁੜੇ ਰਹਿਣ ਦੇ ਭਾਗ ਲੱਗੇ ਹੋਏ ਸਨ। ਓਧਰਲੇ ਪੰਜਾਬੋਂ ਅੰਮ੍ਰਿਤਾ ਪ੍ਰੀਤਮ ਹੋਰੀਂ ਮੁੜ ਮੁੜ ਲਿਖ ਰਹੇ ਸਨ...

"ਭੈੜਿਆ! ਇਕ ਵਾਰੀ ਦਿੱਲੀ ਦਾ ਫ਼ੇਰਾ ਮਾਰ ਲੈ। ਬਾਬਾ ਫ਼ਰੀਦ ਤੇ ਨਿਜ਼ਾਮ ਉੱਦੀਨ ਦਾ ਓਹਲਾ ਲੈ ਕੇ ਆ ਜਾ।"

ਬਾਬਾ ਫ਼ਰੀਦ ਤੇ ਨਿਜ਼ਾਮ ਉੱਦੀਨ ਔਲੀਆ ਦੀ ਸਿਕ ਸਾਂਝ ਦਾ ਪਤਾ ਸੀ ਪਰ ਖ਼ੌਰੇ ਕਿਉਂ ਇੰਝ ਕਰਨ ਨੂੰ ਜੀਅ ਨਾ ਮੰਨਿਆ। ਅਖ਼ੀਰ

Academy of the Punjab in North America: http://www.apnaorg.com

ਇਕ ਸਬਬ ਬਣ ਹੀ ਗਿਆ.....ਪੂਰੇ ਪੰਜਾਹ ਦਿਨਾਂ ਦੀ ਅੰਮ੍ਰਿਤਸਰ, ਜਲੰਧਰ, ਦਿੱਲੀ ਤੇ ਬੰਬਈ ਦੀ ਲੰਮੀ ਯਾਤਰਾ।।

ਇਹ ਸਾਰੀ ਗੱਲ ਮੈਂ ਤਫ਼ਸੀਲ ਨਾਲ ਆਪਣੀ ਕਿਤਾਬ "ਝੋਕ ਰਾਂਝਣ ਦੀ" ਵਿਚ ਲਿਖ ਚੁਕਿਆ ਵਾਂ। ਇਥੇ ਗੱਲ ਸਾਂਝੀ ਕਰਨੀ ਏ ਅੰਮ੍ਰਿਤਾ ਸ਼ੇਰਗਿਲ ਦੀ।

ਮੈਂ ਜਿੰਨੇ ਦਿਨ ਦਿੱਲੀ ਰਿਹਾ ਰੋਜ਼ ਨੈਸ਼ਨਲ ਗੈਲਰੀ ਆਫ਼ ਮਾਡਰਨ ਆਰਟਸ ਪਹੁੰਚ ਜਾਂਦਾ। ਅੰਮ੍ਰਿਤਾ ਸ਼ੇਰਗਿਲ ਦੀਆਂ ਪੇਂਟਿੰਗਜ਼ ਦੇ ਦੋ ਦਰਜਨ ਪ੍ਰਿੰਟਸ ਤਾਂ ਮੈਂ ਪਹਿਲੇ ਦਿਨ ਹੀ ਖ਼ਰੀਦ ਲਏ ਸਨ ਪਰ ਰੋਜ਼ ਓਥੇ ਜਾਣ ਦਾ ਇਕ ਭੇਤ ਸੀ। ਮੈਂ ਘੰਟਿਆਂ ਬੱਧੀ ਉਸ ਕਮਰੇ ਵਿਚੋਂ ਨਾ ਨਿਕਲਦਾ ਜਿੱਥੇ ਅੰਮ੍ਰਿਤਾ ਦੀਆਂ ਸੌ ਤੋਂ ਵੱਧ ਪੇਂਟਿੰਗਜ਼ ਪਈਆਂ ਸਨ। ਮੈਂ ਉਹਨਾਂ ਨੂੰ ਵੇਖ ਵੇਖ ਨਿਹਾਲ ਹੋਂਦਾ ਰਹਿੰਦਾ। ਮੈਨੂੰ ਇਕ ਮਾਣ ਵੀ ਹੋਂਦਾ ਕਿ ਇਥੇ ਅੰਮ੍ਰਿਤਾ ਦੀਆਂ ਦੋ ਪੇਂਟਿੰਗਜ਼ ਘੱਟ ਨੇ, ਜਿਹੜੀਆਂ ਸਾਡੇ ਕੋਲ ਨੇ। ਅਸੀਂ ਲਾਹੌਰ ਯਾਂ ਇਸਲਾਮਾਬਾਦ ਵਿਚ ਸਾਹ ਲੈਂਦੇ ਆਂ ਤਾਂ ਆਸੇ ਪਾਸੇ ਕਿਤੇ ਅੰਮ੍ਰਿਤਾ ਦੀ ਮਹਿਕ ਖਿਲਰੀ ਹੋਂਦੀ ਏ।

ਇਕ ਦਿਨ ਦਿੱਲੀ ਵਿਚ ਈ ਮੈਨੂੰ ਇਕ ਸੱਜਣ ਮਿਲੇ। ਨਾਂ ਉਹਨਾਂ ਦਾ ਰਹਿਣ ਦਿਓ। ਮੇਰਾ ਇਸ਼ਕ ਦੇਖਿਓ ਨੇ ਤਾਂ ਮੈਨੂੰ ਇਕ ਦਿਨ ਅਪਣੇ ਘਰ ਸੱਦ ਲਿਆ। ਉਹਨਾਂ ਕੋਲ ਅੰਮ੍ਰਿਤਾ ਸ਼ੇਰਗਿਲ ਬਾਰੇ ਪੁਰਾਣੀਆਂ ਕਤਰਨਾਂ, ਕਿਤਾਬਾਂ ਤੇ ਕਿੰਨਾ ਕੁਝ ਹੋਰ ਸੀ। ਉਹਨਾਂ ਵਿਚ ਇਕ ਖ਼ਾਸ ਚੀਜ਼ 'ਮਾਰਗ' ਦਾ ਅੰਮ੍ਰਿਤਾ ਸ਼ੇਰਗਿਲ ਵਿਸ਼ੇਸ਼ ਅੰਕ ਵੀ ਸੀ। ਮੇਰਾ ਜੀਅ ਕਰੇ, ਸਾਰਾ ਕੁਝ ਹੂੰਝ ਕੇ ਲੈ ਜਾਵਾਂ। ਉਹ ਮੇਰਾ ਚਾਅ ਵੇਖਦੇ ਤੇ ਮੈਨੂੰ ਹੋਰ ਹੋਰ ਤੜਫ਼ਾਉਂਦੇ ਰਹੇ। ਅਖ਼ੀਰ ਉਹਨਾਂ ਚੀਜ਼ਾਂ ਦੇ ਬਦਲੇ ਉਹਨਾਂ ਮੇਰਾ ਸਾਰਾ ਬੋਝਾ ਖ਼ਾਲੀ ਕਰਵਾ ਲਿਆ। ਮੈਂ ਵਾਪਸ ਪਾਕਿਸਤਾਨ ਆਉਣ ਵਾਲਾ ਸਾਂ ਇਸ ਲਈ ਮੈਨੂੰ ਬੋਝੇ ਦੇ ਖ਼ਾਲੀ ਹੋਣ ਦੀ ਬਹੁਤੀ ਪਰਵਾਹ ਨਹੀਂ ਸੀ। ਪਰ ਮੈਂ ਪਾਕਿਸਤਾਨ ਢੇਰ ਦੌਲਤਾਂ ਸਮੇਟ ਕੇ ਆ ਰਿਹਾ ਸਾਂ ਇਸ ਲਈ ਅੰਤਾਂ ਦਾ ਖ਼ੁਸ਼ ਸਾਂ।

ਦਿੱਲੀ ਵਿਚ ਮੈਨੂੰ ਇਕ ਹੋਰ ਮੁਲਾਕਾਤ ਵੀ ਯਾਦ ਆਉਂਦੀ ਏ। ਨੈਸ਼ਨਲ ਗੈਲਰੀ ਆਫ਼ ਮਾਡਰਨ ਆਰਟਸ ਵਿਚ ਇਕ ਦਿਨ ਅੰਮ੍ਰਿਤਾ ਸ਼ੇਰਗਿਲ ਦੇ ਭਣੇਵੇਂ ਵਿਵਾਨ ਸੁੰਦਰਮ ਨਾਲ ਮੁਲਾਕਾਤ ਹੋ ਗਈ। ਉਹਨਾਂ ਨਾਲ ਉਹਨਾਂ ਦੀ ਬੇਗਮ ਗੀਤਾ ਕਪੂਰ ਵੀ ਸਨ। ਉਹ ਦੋਵੇਂ ਜੀਅ ਬੜੇ ਖ਼ੁਸ਼ ਵੀ ਹੋਏ ਤੇ ਹੈਰਾਨ ਵੀ ਕਿ ਇਕ ਪਾਕਿਸਤਾਨੀ ਲਿਖਾਰੀ, ਅੰਮ੍ਰਿਤਾ ਸ਼ੇਰਗਿਲ ਤੇ ਉਹਦੇ ਕੰਮ ਨਾਲ ਏਨਾ ਮੋਹ ਰਖਦਾ ਏ। ਇਹੋ ਗੱਲ ਵਿਵਾਨ ਸੁੰਦਰਮ ਹੋਰਾਂ ਚਾਰ ਵਰ੍ਹੇ ਮਗਰੋਂ ਮੇਰੀ ਕਿਤਾਬ Amrita Shergill: A Personal View (ਅੰਮ੍ਰਿਤਾ ਸ਼ੇਰਗਿਲ: ਇਕ ਨਿੱਜੀ ਦ੍ਰਿਸ਼ਟੀਕੋਣ) ਦੇ ਫ਼ਲੈਪ ਵਿਚ ਵੀ ਲਿਖੀ ਸੀ। ਮੈਂ ਆਪ ਅਜੇ ਤਾਈਂ ਇਸ ਗੱਲ ਦਾ ਕਾਰਣ ਨਹੀਂ ਲੱਭ ਸਕਿਆ ਕਿ ਇਹ ਕਿਤਾਬ ਮੈਂ ਕਿਉਂ ਤੇ ਕਿਵੇਂ ਲਿਖੀ। ਨਾ ਮੈਂ ਚਿਤ੍ਰਕਾਰ, ਨਾ ਚਿਤ੍ਰ ਕਲਾ ਦਾ ਪਾਰਖੂ ਨਾ ਚਿਤ੍ਰਕਲਾ ਦਾ ਪੱਤਰਕਾਰ।

ਅਗਸਤ 1983 ਵਿਚ ਮੈਂ ਪਾਕਿਸਤਾਨ ਪਰਤਿਆ ਤਾਂ ਸਾਰਾ ਦੇਸ ਇਕ ਸੇਕ ਜਹੇ ਨਾਲ ਭਰਿਆ ਹੋਇਆ ਸੀ। ਜ਼ਿਆ ਡਿਕਟੇਟਰਸ਼ਿਪ ਨੂੰ ਹਟਾਉਣ ਲਈ ਸਿਆਸੀ ਪਾਰਟੀਆਂ Movement for Revival of Democracy (MRD) ਦੇ ਨਾਂ ਹੇਠ ਸੜਕਾਂ ਉੱਤੇ ਨਿਕਲ ਆਈਆਂ ਸਨ। ਪੂਰੇ ਪਾਕਿਸਤਾਨ ਵਿਚ ਸਿੰਧ ਦੇ ਲੋਕੀ ਸਾਰਿਆਂ ਤੋਂ ਅੱਗੇ ਸਨ। ਕਰਾਚੀ ਵਿਚ ਔਰਤਾਂ ਦੀਆਂ ਸੰਸਥਾਵਾਂ, ਲਿਖਾਰੀ, ਅਦਾਕਾਰ, ਪੱਤਰਕਾਰ, ਸਟ੍ਰੀਟ ਥੇਟਰ ਦੇ ਕਾਮੇ, ਚਿਤ੍ਰਕਾਰ ਤੇ ਦੂਜੇ ਸੂਝਵਾਨ ਇਕ ਮੁਠ ਹੋ ਕੇ ਡਿਕਟੇਟਰਸ਼ਿਪ ਨੂੰ ਢਾਣ ਦਾ ਜਤਨ ਕਰ ਰਹੇ ਸਨ। ਉਹਨਾਂ ਤਪਦੇ ਬਲਦੇ ਦਿਨਾਂ ਵਿਚ, ਮੇਰੇ ਅੰਦਰ ਇਕ ਹੋਰ ਅੱਗ ਵੀ ਬਲ ਰਹੀ ਸੀ- ਅੰਮ੍ਰਿਤਾ ਸ਼ੇਰਗਿਲ ਬਾਰੇ ਕਿਤਾਬ ਲਿਖਣੀ ਏ। ਮੈਂ ਬੰਬਈ ਵਿਚ ਸਮਿਤਾ ਪਾਟਿਲ, ਦੀਪਤੀ

Academy of the Punjab in North America: http://www.apnaorg.com

ਨਵਲ, ਗੁਲਜ਼ਾਰ, ਸਾਗਰ ਸਰਹਦੀ ਤੇ ਥੇਟਰ, ਸਿਨੇਮਾ ਨਾਲ ਜੁੜੇ ਕਿੰਨੇ ਹੀ ਲੋਕਾਂ ਨੂੰ ਮਿਲਿਆ ਸਾਂ। ਜੀਅ ਕਰਦਾ ਸੀ, ਉਹਨਾਂ ਮੁਲਾਕਾਤਾਂ-ਬਾਤਾਂ ਦਾ ਹਾਲ ਵੀ ਲਿਖਾਂ। ਮੈਂ ਮਜ਼ਦੂਰਾਂ ਦੇ ਇਕ ਉਰਦੂ ਮਹੀਨਾਵਾਰ ਪੱਤਰ ਦਾ ਐਡੀਟਰ ਸਾਂ ਤੇ ਅਪੋਜ਼ੀਸ਼ਨ ਦੇ ਇਕ ਅਖ਼ਬਾਰ ਲਈ ਕਾਲਮ ਵੀ ਲਿਖਿਆ ਕਰਦਾ ਸਾਂ। ਇਕ ਦਿਨ ਕਿਸੇ ਕੰਮ ਪਾਰੋਂ ਅੰਗਰੇਜ਼ੀ 'ਡੇਲੀ ਡਾਨ' ਦੇ ਦਫ਼ਤਰ ਗਿਆ। ਓਥੇ ਇਕ ਬੀਬੀ ਸਨੀਆ ਹੁਸੈਨ ਨਾਲ ਮੁਲਾਕਾਤ ਹੋਈ ਤੇ ਜਿਵੇਂ ਮੈਂ ਕੀਲਿਆ ਜਿਹਾ ਗਿਆ। ਜੀਅ ਕਰੇ, ਸਭ ਕੁਝ ਛੱਡ ਕੇ ਬਸ ਰੋਜ਼ ਉਸੇ ਨੂੰ ਮਿਲਿਆ ਕਰਾਂ। ਇਕ ਦੋਸਤ ਨਾਲ ਗੱਲ ਕੀਤੀ, ਕਹਿਣ ਲੱਗਾ:

"ਤੂੰ ਉਹਦੇ ਲਈ ਹਿੰਦੁਸਤਾਨ ਦੀਆਂ ਯਾਦਾਂ, ਮੁਲਾਕਾਤਾਂ ਕਿਉਂ ਨਹੀਂ ਲਿਖਦਾ, ਇੰਝ ਰੋਜ਼ ਮਿਲ ਲਿਆ ਕਰੇਂਗਾ।"

"ਪਰ ਮੈਨੂੰ ਅੰਗਰੇਜ਼ੀ ਲਿਖਣੀ ਨਹੀਂ ਆਉਂਦੀ"

"ਉਹ ਤੇ ਤੈਨੂੰ ਸਿਖਣੀ ਪੈਸੀ"

"ਪਰ ਏਨੀ ਛੇਤੀ ਕਿਵੇਂ ਸਿੱਖਾਂ"

" ਦੋ ਚਾਰ ਇੰਟਰਵਿਊ ਕਿਸੇ ਕੋਲੋਂ ਤਰਜੁਮਾ ਕਰਾ ਲੈ, ਹੌਲੀ-ਹੌਲੀ ਆਪ ਲਿਖਣ ਲਗ ਜਾਸੈਂ।"

ਕਰਾਚੀ ਵਿਚ ਮੇਰੀ ਇਕ ਚੰਗੀ ਦੋਸਤ ਸੀ 'ਤਹਿਰੀਕੇ ਨਿਸਵਾਂ' ਦੀ ਆਗੂ, ਕਲਾਸੀਕੀ ਡਾਂਸਰ, ਵੱਧੀਆ ਪੇਂਟਰ ਤੇ ਟੀ ਵੀ ਅਦਾਕਾਰਾ - ਸੀਮਾ ਕਰਮਾਨੀ। ਮੈਂ ਉਹਦੇ ਕੋਲ ਗਿਆ ਤੇ ਅਪਣੀ ਲੋੜ ਬਿਆਨ ਕੀਤੀ ਪਰ ਅਸਲੀ ਗੱਲ ਨਾ ਦੱਸੀ। ਆਖਣ ਲੱਗੀ, "ਸਮਿਤਾ ਪਾਟਿਲ ਦਾ ਇੰਟਰਵਿਊ ਮੈਂ ਤਰਜੁਮਾ ਕਰ ਦਿਆਂਗੀ। ਪਰ ਕੀ ਤੂੰ ਸੱਚੀ-ਮੁੱਚੀ ਸਮਿਤਾ ਨੂੰ ਮਿਲ ਕੇ ਆਇਆ ਏਂ?" ਮੈਂ ਟੈਕਸਟ ਦੇ ਨਾਲ ਟੇਪ ਵੀ ਉਹਨੂੰ ਦੇ ਆਇਆ। ਉਹਦੇ ਨਾਲ ਅੰਮ੍ਰਿਤਾ ਸ਼ੇਰਗਿਲ ਦੀ ਗੱਲ ਵੀ ਸਾਂਝੀ ਕੀਤੀ। ਦੋ ਚਾਰ ਦਿਨਾਂ ਮਗਰੋਂ ਸੀਮਾ ਨੇ ਫ਼ੋਨ ਕੀਤਾ ਕਿ ਤਰਜੁਮਾ ਹੋ ਗਿਆ ਏ। ਮੈਂ ਉਹਨੂੰ ਆਖਿਆ:

"ਡਾਨ ਦੇ ਈਵਨਿੰਗ ਅਖ਼ਬਾਰ 'ਸਟਾਰ' ਦੀ ਐਡੀਟਰ ਸਨੀਆ ਨਾਲ ਤੇਰੀ ਚੰਗੀ ਵਾਕਫ਼ੀ ਏ। ਉਹਨੂੰ ਸਫ਼ਾਰਸ਼ ਦਾ ਇਕ ਫ਼ੋਨ ਕਰ ਦੇ।" ਉਹਨੇ ਮੇਰੇ ਸਾਹਮਣੇ ਫ਼ੋਨ ਮਿਲਾਇਆ। ਸਨੀਆ ਨੇ ਅੱਗੋਂ ਆਖਿਆ ਕਿ ਉਹ ਇੰਟਰਵਿਊ ਪੜ੍ਹ ਕੇ ਛਾਪਣ ਦਾ ਫ਼ੈਸਲਾ ਕਰੇਗੀ।"

ਮੈਂ ਇੰਟਰਵਿਊ ਲੈ ਕੇ ਗਿਆ। ਸਨੀਆ ਕਾਗ਼ਜ਼ਾਂ ਵਿਚ ਰੁੱਝੀ ਹੋਈ ਸੀ। ਮੈਨੂੰ ਵੇਖ ਕੇ ਰੁੱਖੇ ਜਹੇ ਸੁਭਾ ਨਾਲ ਆਖਣ ਲੱਗੀ:

"ਇੰਟਰਵਿਊ ਦੇ ਜਾਓ, ਮੈਂ ਪੜ੍ਹ ਕੇ ਦੱਸਾਂਗੀ।" ਸੁਣ ਕੇ ਮੇਰਾ ਦਿਲ ਬੁਝ ਜਿਹਾ ਗਿਆ। ਤਿੰਨ ਚਾਰ-ਦਿਨ ਲੰਘੇ ਹੋਣਗੇ ਕਿ ਮੈਨੂੰ ਦੋ- ਤਿੰਨ ਦੋਸਤਾਂ ਦੇ ਫ਼ੋਨ ਆਏ। ਸਮਿਤਾ ਦਾ ਇੰਟਰਵਿਊ ਛਪ ਗਿਆ ਸੀ। ਮੈਂ ਭੱਜ ਕੇ ਅਖ਼ਬਾਰ ਲਿਆ। ਵੀਕਲੀ ਐਡੀਸ਼ਨ ਦੇ ਪਹਿਲੇ ਸਫ਼ਹੇ ਉੱਤੇ ਛਪਿਆ ਹੋਇਆ ਸੀ, ਰੰਗੀਨ ਤਸਵੀਰਾਂ ਸਣੇ। ਮੈਂ ਅਖ਼ਬਾਰ ਦੇ ਦਫ਼ਤਰ ਭੱਜਿਆ। ਸਨੀਆ ਕੰਮ ਕਰ ਰਹੀ ਸੀ। ਮੈਨੂੰ ਵੇਖਦਿਆਂ ਹੀ ਖਿੜੇ ਮੱਥੇ ਬੈਠਣ ਲਈ ਆਖਿਆ।

"ਤੁਹਾਨੂੰ ਐਡੇ ਵੱਧੀਆ ਇੰਟਰਵਿਊ ਲਈ ਸਫ਼ਾਰਸ਼ ਦੀ ਕੀ ਲੋੜ ਸੀ..... ਜਿਹੜੀਆਂ ਲਿਖਤਾਂ ਬਾਰੇ ਮੈਨੂੰ ਫ਼ੋਨ ਆਂਦਾ ਏ ਉਹ ਮੈਂ ਡਸਟਬਿਨ ਵਿਚ ਸੁਟ ਦੇਂਦੀ ਆਂ।"

ਮੈਂ ਬਿਟ-ਬਿਟ ਉਹਦੇ ਵਲ ਵੇਖ ਰਿਹਾ ਸਾਂ। ਕੁਝ ਪਲ ਰੁਕ ਕੇ ਆਖਣ ਲੱਗੀ:

"ਉਸ ਦਿਨ ਮੇਰੀ ਲੀਡ ਸਟੋਰੀ ਖੁੰਜ ਗਈ, ਮੈਂ ਮਜਬੂਰਨ ਤੁਹਾਡਾ ਇੰਟਰਵਿਊ ਪੜ੍ਹਨ ਲਗ ਪਈ। ਮਨ ਦੇ ਕਿਹੜੇ ਵੇਗ 'ਚੋਂ ਸਮਿਤਾ ਨਾਲ ਗੱਲਾਂ ਕੀਤੀਆਂ....."

ਹੁਣ ਮੈਂ ਹੌਸਲਾ ਕਰ ਕੇ ਆਖਿਆ "ਇਹ ਤਾਂ ਬਸ ਐਂਵੇ ਈ ਸੀ... ਅਸਲ ਵਿਚ ਤੇ ਮੈਂ ਅੰਮ੍ਰਿਤਾ ਸ਼ੇਰਗਿਲ ਬਾਰੇ ਲਿਖਣਾ ਏ।"

Academy of the Punjab in North America: http://www.apnaorg.com

ਮੈਂ ਉਠਿਆ ਤਾਂ ਅੰਦਾਜ਼ਾ ਨਹੀਂ ਸੀ ਜੇ ਸਨੀਆ ਨਾਲ ਵਰ੍ਹਿਆਂ ਬੱਧੀ ਕੰਮ ਕਰਨ ਦਾ ਮੌਕਾ ਨਸੀਬ ਹੋਣ ਵਾਲਾ ਏ। ਤੇ ਇਕ ਲੰਮੀ ਤੇ ਡੂੰਘੀ ਦੋਸਤੀ ਮਾਨਣ ਦਾ ਭਾਗ ਵੀ। ਮੈਂ ਸਨੀਆ ਲਈ ਬਹੁਤ ਲਿਖਿਆ ਪਰ ਜਦੋਂ ਅੰਮ੍ਰਿਤਾ ਸ਼ੇਰਗਿਲ ਬਾਰੇ ਮੇਰਾ ਪਹਿਲਾ ਲੇਖ ਛਪਿਆ, ਅਖ਼ਬਾਰ ਨੂੰ ਬਹੁਤ ਫ਼ੋਨ ਆਏ। ਸਨੀਆ ਉਚੇਚਾ ਮੇਰਾ ਸ਼ੁਕਰੀਆ ਅਦਾ ਕੀਤਾ। ਸਨੀਆ ਹੁਣ ਜਿੱਥੇ ਵੀ ਹੈ ਰੱਬ ਉਹਨੂੰ ਖ਼ੁਸ਼ ਤੇ ਸੁਖੀ ਰੱਖੇ ਕਿਉਂ ਜੇ ਉਹਦੀ ਸਲਾਹ ਬਿਨਾਂ ਮੈਂ ਅੰਮ੍ਰਿਤਾ ਬਾਰੇ ਕਦੀ ਨਾ ਲਿਖ ਸਕਦਾ। ਅਖ਼ਬਾਰ ਨੂੰ ਜਿਹੜੇ ਫ਼ੋਨ ਆਏ, ਉਹਨਾਂ ਵਿਚ ਇਕ ਫ਼ੋਨ ਇਕ ਬਜ਼ੁਰਗ ਤੇ ਰੇਡੀਓ (ਆਲ ਇੰਡੀਆ ਤੇ ਮਗਰੋਂ ਪਾਕਿਸਤਾਨ) ਦੇ ਇਕ ਰਿਟਾਇਰਡ ਅਫ਼ਸਰ ਸਈਅਦ ਰਸ਼ੀਦ ਅਹਿਮਦ ਹੋਰਾਂ ਦਾ ਸੀ। ਸਈਅਦ ਰਸ਼ੀਦ ਅਹਿਮਦ ਦਾ ਜ਼ਿਕਰ ਬੀ.ਸੀ. ਸਾਨਿਆਲ ਨੇ ਆਪਣੀ ਹੱਡਬੀਤੀ ਵਿਚ ਚੋਖੇ ਲਫ਼ਜ਼ਾਂ ਵਿਚ ਕੀਤਾ ਏ। ਉਹਨਾਂ ਰਸ਼ੀਦ ਸਾਹਿਬ ਦਾ ਬੁਤ (Statue) ਵੀ ਘੜਿਆ ਸੀ। ਰਸ਼ੀਦ ਸਾਹਿਬ ਮੇਰੇ ਲਈ ਅਪਣਾ ਸੁਨੇਹਾ ਤੇ ਫ਼ੋਨ ਨੰਬਰ ਛੱਡਿਆ ਸੀ। ਮੈਂ ਫ਼ੋਨ ਕੀਤਾ, ਆਖਣ ਲੱਗੇ।

"ਬਜ਼ੁਰਗੋ, ਅੰਮ੍ਰਿਤਾ ਬਾਰੇ ਲਿਖਿਆ ਜੇ, ਜ਼ਰਾ ਆਪਣਾ ਦੀਦਾਰ ਤਾਂ ਕਰਾ ਦਿਓ" (ਓਦੋਂ ਮੈਂ 38 ਵਰ੍ਹਿਆਂ ਦਾ ਸਾਂ)।

ਮੈਂ ਹੱਸ ਕੇ ਆਖਿਆ।

"ਚੰਗਾ ਜਵਾਨਾ, ਕਲ੍ਹ ਸ਼ਾਮੀਂ ਤੇਰੇ ਕੋਲ ਆ ਕੇ ਚਾਹ ਪੀਸਾਂ।"

ਅਸਲ ਵਿਚ ਰਸ਼ੀਦ ਸਾਹਿਬ ਮੈਨੂੰ ਅਪਣੇ ਵੇਲਿਆਂ ਦਾ, ਅੰਮ੍ਰਿਤਾ ਸ਼ੇਰਗਿਲ ਦਾ ਕੋਈ ਪੁਰਾਣਾ ਆਸ਼ਿਕ ਸਮਝ ਰਹੇ ਸਨ ਤੇ ਇਹ ਜਾਨਣ ਲਈ ਉਤਾਵਲੇ ਹੋ ਰਹੇ ਸਨ ਕਿ ਅੰਮ੍ਰਿਤਾ ਨਾਲ ਮੇਰੀ ਕਿੰਨੀ ਕੁ ਘੂੜ੍ਹ ਸੀ.....ਮੈਂ ਉਹਨਾਂ ਦੇ ਘਰ ਅੱਪੜ ਕੇ ਅਪਣੇ ਆਉਣ ਦੀ ਇਤਲਾਅ ਕਰਵਾਈ। ਉਹ ਆਪ ਕਾਲ੍ਹੀ ਨਾਲ ਬਾਹਰ ਆ ਗਏ। ਮੈਨੂੰ ਵੇਖ ਕੇ ਉਤਾਉਲ ਨਾਲ ਪੁੱਛਿਆ..... "ਅਹਿਮਦ ਸਲੀਮ ਹੋਰੀ ਨਹੀਂ ਆਏ"..... ਮੈਂ ਚੁੱਪ...

"ਲਗਦਾ ਏ ਅਪਣੇ ਅਸਿਸਟੰਟ ਨੂੰ ਘੱਲ ਦਿੱਤਾ ਨੇ।"...

ਮੈਂ ਉਹਨਾਂ ਵਲ ਗੌਹ ਨਾਲ ਵੇਖਿਆ, ਅੱਗੇ ਵੱਧ ਕੇ ਜੱਫੀ ਪਾਈ ਤੇ ਹੌਲੀ ਜਹੀ ਆਖਿਆ: "ਮੈਂ ਅਹਿਮਦ ਸਲੀਮ ਈ ਹਾਂ।"

ਉਹਨਾਂ ਕੰਬਦੀਆਂ ਉਂਗਲਾਂ ਨਾਲ ਮੇਰੇ ਮੋਢੇ ਥਪਥਪਾਏ ਤੇ ਅਪਣੀਆਂ ਬਾਹਵਾਂ ਵਿਚ ਲੈ ਕੇ ਅੰਦਰ ਵਲ ਵਧੇ। ਸੋਹਣੇ ਮੂੰਹ ਮੱਥੇ ਵਾਲਾ ਇਕ ਬੁੱਢਾ ਜਵਾਨ, ਪਤਲੇ ਜੁੱਸੇ ਪਰ ਹੱਥਾਂ ਦੀ ਤਗੜੀ ਪਕੜ ਵਾਲਾ ਰਸ਼ੀਦ ਅਹਿਮਦ ਮੈਨੂੰ ਸਿੱਧਾ ਅਪਣੇ ਡਰਾਇੰਗ ਰੂਮ ਵਿਚ ਲੈ ਗਿਆ। ਅੰਦਰ ਪਹੁੰਚ ਕੇ ਜਾਪਿਆ, ਮੈਂ ਅੱਜ ਦਾ ਖ਼ਾਸ ਪ੍ਰਾਹੁਣਾ ਸਾਂ।

ਉਸ ਦਿਨ ਦੀ ਮੁਲਾਕਾਤ ਤੇ ਉਹਨਾਂ ਨਾਲ ਹੋਈਆਂ ਹੋਰ ਮੁਲਾਕਾਤਾਂ ਤੋਂ ਪਤਾ ਚਲਿਆ ਕਿ ਉਹ ਅੰਮ੍ਰਿਤਾ ਸ਼ੇਰਗਿਲ ਦੇ ਬਹੁਤ ਡੂੰਘੇ ਦੋਸਤ ਰਹੇ ਸਨ। ਖ਼ਾਸ ਕਰ ਅੰਮ੍ਰਿਤਾ ਦੇ ਅਖ਼ੀਰਲੇ ਦਿਨਾਂ ਵਿਚ। ਉਹਨਾਂ ਕੋਲ ਯਾਦਾਂ ਦੇ ਨਾਲ ਨਾਲ ਅੰਮ੍ਰਿਤਾ ਦੇ ਖ਼ਤਾਂ ਦਾ ਖ਼ਜ਼ਾਨਾ ਵੀ ਸੀ। ਦੂਜੀ ਯਾਂ ਤੀਜੀ ਮੁਲਾਕਾਤ ਵਿਚ ਉਹਨਾਂ ਉਹ ਖ਼ਤ ਮੇਰੇ ਸਾਹਮਣੇ ਖੋਲ੍ਹ ਕੇ ਰਖ ਦਿੱਤੇ। ਉਹ ਸ਼ਾਮ ਮੈਂ ਅੰਮ੍ਰਿਤਾ ਦੇ ਖ਼ਤਾਂ ਨਾਲ ਬਿਤਾਈ। ਰਸ਼ੀਦ ਸਾਹਿਬ ਮੈਨੂੰ ਆਗਿਆ ਦੇ ਦਿੱਤੀ ਸੀ ਕਿ ਜੇ ਮੈਂ ਚਾਹਵਾਂ ਤੇ ਉਹਨਾਂ ਖ਼ਤਾਂ ਵਿਚੋਂ ਕੁਝ ਸਤਰਾਂ ਨਕਲ ਕਰ ਸਕਦਾ ਵਾਂ, ਪਰ ਪੂਰੇ ਪੂਰੇ ਖ਼ਤ ਨਹੀਂ। ਹੁਣ ਮੈਂ ਅੰਮ੍ਰਿਤਾ ਸ਼ੇਰਗਿਲ ਬਾਰੇ ਕਿਤਾਬ ਲਿਖਣ ਦਾ ਮਨ ਬਣਾ ਚੁਕਿਆ ਸਾਂ। ਮੈਨੂੰ ਖ਼ਾਸ ਦਿਲਚਸਪੀ ਇਸ ਗੱਲ ਨਾਲ ਸੀ ਕਿ ਅੰਮ੍ਰਿਤਾ ਦੀ ਮੌਤ ਦਾ ਅਸਲ ਕਾਰਣ ਕੀ ਸੀ। ਮੌਤ ਤੋਂ ਕੁਝ ਚਿਰ ਪਹਿਲਾਂ ਉਹਦੀ ਹੀਣੀ ਹਾਲਤ ਦਾ ਪਤਾ ਲਾਣਾ ਹੋਵੇ ਤਾਂ ਰਸ਼ੀਦ ਸਾਹਿਬ ਦੇ ਨਾਂ ਅੰਮ੍ਰਿਤਾ ਦੇ ਇਹ ਖ਼ਤ ਈ ਨੇ ਜਿਹੜੇ ਉਹਨਾਂ

Academy of the Punjab in North America: http://www.apnaorg.com

ਦਿਨਾਂ ਦੀ ਕਹਾਣੀ ਉੱਤੋਂ ਪਰਦਾ ਚੁਕਦੇ ਨੇ। ਮੈਂ ਕਿੰਨਾ ਈ ਚਿਰ ਉਹਨਾਂ ਖ਼ਤਾਂ ਵਿਚੋਂ ਪੁਰਾਣੇ ਦਿਨਾਂ ਦੀ ਮਹਿਕ ਭਾਲਦਾ ਰਿਹਾ।

ਹੁਣ ਮੈਂ ਰੋਜ਼ ਰਸ਼ੀਦ ਸਾਹਿਬ ਕੋਲ ਜਾਂਦਾ, ਅੰਮ੍ਰਿਤਾ ਸ਼ੇਰਗਿਲ ਬਾਰੇ ਕੋਈ ਗੱਲ ਛੇੜ ਦੇਂਦਾ। ਉਹ ਧਿਆਨ ਨਾਲ ਮੇਰਾ ਸਵਾਲ ਸੁਣਦੇ, ਕੁਝ ਪਲ ਸੋਚਦੇ ਫ਼ੇਰ ਹੌਲੀ-ਹੌਲੀ, ਧੀਰਜ ਨਾਲ ਬੋਲਣਾ ਸ਼ੁਰੂ ਕਰਦੇ। ਮੈਨੂੰ ਉਹਨਾਂ ਦੀ ਗੱਲ ਸੁਣਨ ਉੱਤੇ ਆਪ ਵੀ ਚੋਖਾ ਧਿਆਨ ਦੇਣਾ ਪੈਂਦਾ ਕਿਉਂ ਜੇ ਉਹ ਜਿਵੇਂ ਅਪਣੇ ਆਪ ਨਾਲ ਗੱਲਾਂ ਕਰਦੇ ਜਾਪਦੇ। ਮੇਰੇ ਵਜੂਦ ਨੂੰ ਭੁੱਲ ਕੇ ਸ਼ਾਇਦ ਅੰਮ੍ਰਿਤਾ ਸ਼ੇਰਗਿਲ ਦਾ ਕੁਝ ਸਾਂਝਾ ਕਰਦੇ ਜਾਪਦੇ। ਬੋਲਦਿਆਂ ਬੋਲਦਿਆਂ ਉਹ ਉੱਠਦੇ, ਖ਼ਤਾਂ ਦਾ ਥੈਲਾ ਚੁੱਕ ਲਿਆਂਦੇ, ਕਿਸੇ ਖ਼ਤ ਵਿਚੋਂ ਕੁਛ ਸਤਰਾਂ ਪੜ੍ਹ ਕੇ ਸੁਣਾਉਂਦੇ ਤੇ ਫ਼ੇਰ ਮਹਾਂ ਇਕਲਾਪੇ ਵਿਚ ਡੁੱਬ ਜਾਂਦੇ।

ਸਾਡੀ ਬਹੁਤੀ ਗੱਲ ਬਾਤ 1937 ਤੇ 1941 ਦੇ ਲਾਹੌਰ ਬਾਰੇ ਹੋਂਦੀ। ਜਦੋਂ ਅੰਮ੍ਰਿਤਾ ਲਾਹੌਰ ਵਿਚ ਆ ਕੇ ਰਹੀ ਸੀ। 21 ਨਵੰਬਰ 1937 ਅੰਮ੍ਰਿਤਾ ਸ਼ੇਰਗਿਲ ਲਈ ਇਕ ਬਹੁਤ ਵੱਡਾ ਦਿਨ ਸੀ ਜਦੋਂ ਫ਼ਲੈਟੀਜ਼ ਹੋਟਲ ਦੇ ਬਾਲ ਰੂਮ ਵਿਚ ਉਹਦੀਆਂ ਪੇਂਟਿੰਗਜ਼ ਦੀ ਨੁਮਾਇਸ਼ ਹੋਈ। ਉਸ ਦਿਨ ਲਾਹੌਰ ਦਾ ਕਿਹੜਾ ਆਰਟਿਸਟ, ਲਿਖਾਰੀ, ਸ਼ਾਇਰ, ਸੂਝਵਾਨ ਸੀ, ਜਿਹੜਾ ਓਥੇ ਨਾ ਅੱਪੜਿਆ ਹੋਵੇ। ਅੰਮ੍ਰਿਤਾ ਹਫ਼ਤਾ ਕੁ ਪਹਿਲਾਂ ਅੱਪੜੀ ਸੀ ਤੇ ਉਹਦੀ ਹੋਂਦ ਨੇ ਲਾਹੌਰ ਨੂੰ ਜਿਵੇਂ ਇਕ ਹੋਰ ਜਿਹਾ ਚਾਨਣ ਬਖ਼ਸ਼ ਦਿੱਤਾ ਸੀ। (ਦਸ ਵਰ੍ਹਿਆਂ ਮਗਰੋਂ ਇਹ ਚਾਨਣ ਲਹੂ ਦੇ ਹਨੇਰਿਆਂ ਵਿਚ ਡੁਬ ਜਾਣਾ ਸੀ)। ਨੁਮਾਇਸ਼ ਮੁੱਕ ਗਈ ਪਰ ਉਹਦੇ ਓਥੇ ਹੋਣ ਦਾ ਰੌਲਾ ਨਾ ਮੁੱਕਿਆ। ਅੱਜ ਉਹ ਮੋਸ਼ਨ ਪਿਕਚਰਜ਼ ਦੇ ਇਕੱਠ ਵਿਚ ਇੰਡੀਅਨ ਫ਼ਿਲਮਾਂ ਬਾਰੇ ਲੈਕਚਰ ਦੇ ਰਹੀ ਏ। ਕਲ੍ਹ ਉਹ ਪੰਜਾਬ ਸਟੂਡੈਂਟਸ ਯੂਨੀਅਨ ਦੇ ਜਲਸੇ ਵਿਚ ਨੌਜਵਾਨਾਂ ਨੂੰ ਬਗ਼ਾਵਤ ਦੀ ਪ੍ਰੇਰਨਾ ਦੇ ਰਹੀ ਏ। ਫ਼ੇਰ ਇਕ ਦਿਨ ਉਹ ਅੰਮ੍ਰਿਤਸਰ ਅੱਪੜ ਜਾਂਦੀ ਏ ਤੇ ਦੂਜੇ ਦਿਨ ਹੜੱਪੇ, ਜਿੱਥੇ ਉਹ ਪੰਜਾਬ ਦੀ ਮੁੱਢਕਦੀਮ ਸੱਭਿਅਤਾ ਦੇ ਨਿਸ਼ਾਨ ਵੇਖਦੀ ਏ। ਫ਼ੇਰ ਇਕ ਦਿਨ ਉਹ ਪੈਸੇ ਕਮਾਵਣ ਲਈ ਨਵਾਬ ਮੁਜ਼ੱਫ਼ਰ ਅਲੀ ਕਜ਼ਲਬਾਸ਼ ਦਾ ਪੋਰਟਰੇਟ ਬਣਾ ਰਹੀ ਏ (ਇਸ ਪੋਰਟ੍ਰੇਟ ਦਾ ਅਜੇ ਤਾਈਂ ਪਤਾ ਨਹੀਂ ਲਗ ਸਕਿਆ) ਤੇ ਦੂਜੇ ਦਿਹਾੜੇ ਉਹ ਸ਼ਕੁੰਤਲਾ ਕਪੂਰ ਨੂੰ ਸਾਹਮਣੇ ਬਿਠਾ ਕੇ ਉਹਨੂੰ ਹੁਸਨ ਵੰਡ ਰਹੀ ਏ। ਕੀ ਮਤਲਬ? ਜੀ ਸੱਚੀ-ਮੁਚੀਂ, ਆਮ ਜਹੀ ਸ਼ਕਲ ਸੂਰਤ ਤੇ ਕੋਝੇ ਹੱਥਾਂ ਵਾਲੀ ਕੁੜੀ ਅੰਮ੍ਰਿਤਾ ਨੂੰ ਆਖਦੀ ਏ ਮੇਰੇ ਹੱਥ ਸੋਹਣੇ ਕਰ ਕੇ ਬਣਾ ਦੇ, ਉਂਗਲਾਂ ਪਤਲੀਆਂ-ਪਤਲੀਆਂ ਹੋਣ। ਪੈਸਿਆਂ ਦੀ ਮਜਬੂਰੀ ਏ। ਅੰਮ੍ਰਿਤਾ ਸੋਹਣਾ ਮੁਖੜਾ ਤੇ ਸੋਹਣੀਆਂ ਪਤਲੀਆਂ-ਪਤਲੀਆਂ ਉਂਗਲਾਂ ਬਣਾ ਦੇਂਦੀ ਏ। ਪਰ ਉਹਦੇ ਉੱਤੇ ਅਪਣੇ ਦਸਤਖ਼ਤ ਨਹੀਂ ਕਰਦੀ। ਇਹ ਇਕ ਆਰਟਿਸਟ ਦੀ ਅਪਣੀ ਅਣਖ ਏ ਜੇ ਉਹ ਅਪਣੀਆਂ ਨਕਲੀ ਤਸਵੀਰਾਂ ਤੇ ਦਸਤਖ਼ਤ ਨਾ ਕਰੇ।

ਇਕ ਥਾਵੇਂ ਪਿਕਾਸੋ ਦੀ ਇਕ ਗੱਲ ਪੜ੍ਹੀ ਸੀ। ਇਕ ਦਿਨ ਨਿਊਯਾਰਕ ਤੋਂ ਇਕ ਅਮਰੀਕੀ ਆਰਟ ਡੀਲਰ ਉਹਦੇ ਕੋਲ ਆਇਆ ਤਾਂ ਆਖਿਓਸ "ਮੈਂ ਤੇਰੀ ਇਕ ਪੇਂਟਿੰਗ ਦੋ ਲੱਖ ਡਾਲਰ ਵਿਚ ਖ਼ਰੀਦੀ ਏ, ਵੇਖ ਕੀ ਇਹ ਅਸਲੀ ਏ?" ਬੇਧਿਆਨੀ ਜਹੀ ਨਾਲ ਪਿਕਾਸੋ ਨੇ ਪੇਂਟਿੰਗ ਉੱਤੇ ਨਜ਼ਰ ਮਾਰੀ ਤੇ ਆਖਿਆ "ਇਹ ਨਕਲੀ ਏ।" ਕੁਝ ਦਿਨਾਂ ਮਗਰੋਂ ਉਹ ਡੀਲਰ ਫ਼ੇਰ ਆਇਆ ਤੇ ਆਖਣ ਲੱਗਾ, "ਤੇਰੀ ਇਹ ਤਸਵੀਰ ਮੈਂ ਚਾਰ ਲੱਖ ਡਾਲਰਜ਼ ਵਿਚ ਖ਼ਰੀਦੀ ਏ ਕੀ ਇਹ ਅਸਲੀ ਏ?" ਪਿਕਾਸੋ ਆਖਿਆ "ਨਹੀਂ, ਇਹ ਅਸਲੀ ਤਸਵੀਰ ਨਹੀਂ ਹੈ।" ਤੀਜੀ ਵਾਰੀ ਉਹੋ ਡੀਲਰ ਇਕ ਹੋਰ ਪੇਂਟਿੰਗ ਦੇ ਨਾਲ ਆਇਆ ਤੇ ਉਹੋ ਸਵਾਲ ਪੁਛਿਆ "ਇਹ ਵੀ ਨਕਲੀ ਏ", ਪਿਕਾਸੋ ਜਵਾਬ ਦਿੱਤਾ....."ਪਰ ਇਹ ਤਾਂ ਮੈਂ

Academy of the Punjab in North America: http://www.apnaorg.com

ਤੇਰੇ ਕੋਲੋਂ ਮੁੱਲ ਲਿੱਤੀ ਸੀ..... ਕੀ ਤੂੰ ਨਕਲੀ ਤਸਵੀਰਾਂ ਬਣਾਉਂਦਾ ਏਂ?"..... ਪਿਕਾਸੋ ਝਟ ਆਖਿਆ "ਹਾਂ ਮੈਂ ਬਹੁਤੀਆਂ ਤਸਵੀਰਾਂ ਨਕਲੀ ਹੀ ਬਣਾਉਂਦਾ ਹਾਂ।"

ਪਰ ਅੰਮ੍ਰਿਤਾ ਸ਼ੇਰਗਿਲ ਨੇ ਦੋ ਚਾਰ ਪੋਰਟ੍ਰੇਟ ਹੀ ਨਕਲੀ ਬਣਾਏ ਹੋਸਨ। ਸ਼ਕੁੰਤਲਾ ਕਪੂਰ ਦੇ ਪੋਰਟ੍ਰੇਟ ਸਣੇ। ਇਸ ਪੋਰਟ੍ਰੇਟ ਦੀ ਕਿਸਮਤ ਦੇ ਬੜੇ ਉਤਾਰ ਚੜ੍ਹਾਓ ਰਹੇ ਨੇ। 1947 ਦੇ ਘੱਲੂਘਾਰੇ ਮਗਰੋਂ ਇਹ ਇਕ ਕਬਾੜੀਏ ਕੋਲ ਅੱਪੜ ਗਈ। ਜਿੱਥੇ ਉਹ ਪਤਾ ਨਹੀਂ ਕਿੰਨਾ ਚਿਰ ਕਬਾੜਖ਼ਾਨੇ ਦਾ ਹਿੱਸਾ ਬਣੀ ਰਹੀ। 1950 ਦੇ ਦਹਾਕੇ ਵਿਚ ਲਿਖਾਰੀ ਇਸ਼ਫ਼ਾਕ ਅਹਿਮਦ ਦੀ ਨਜ਼ਰੇ ਚੜ੍ਹ ਗਈ। ਉਹਨਾਂ ਤਿੰਨ ਰੁਪਈਆਂ ਵਿਚ ਇਹਨੂੰ ਖ਼ਰੀਦ ਲਿਆ। ਅਸ਼ਫ਼ਾਕ ਅਹਿਮਦ ਤੋਂ ਆਰਟਿਸਟ ਜ਼ੁਬੈਦਾ ਆਗ਼ਾ ਨੇ ਲੈ ਕੇ ਉਹ ਪਿੰਡੀ ਅਪਣੀ ਆਰਟ ਗੈਲਰੀ ਵਿਚ ਲਾ ਲਈ ਜਿਹੜੀ ਓਥੇ ਕਈ ਵਰ੍ਹੇ ਲੱਗੀ ਰਹੀ। ਆਰਟ ਗੈਲਰੀ ਦਾ ਮੱਕੂ ਠੱਪਿਆ ਗਿਆ ਤਾਂ ਇਹ ਪੇਂਟਿੰਗ ਨੈਸ਼ਨਲ ਕੌਂਸਲ ਆਫ਼ ਆਰਟਸ ਕੋਲ ਆ ਗਈ। ਕੌਂਸਲ ਨੇ ਇਹਨੂੰ ਆਪਣੀ ਨੈਸ਼ਨਲ ਆਰਟ ਗੈਲਰੀ ਦਾ ਹਿੱਸਾ ਬਣਾ ਲਿਆ ਜਿੱਥੇ ਇਹ ਕਈ ਵਰ੍ਹੇ ਲੱਗੀ ਰਹੀ।

1981 ਵਿਚ ਅੰਮ੍ਰਿਤਾ ਦੇ ਬਾਇਓਗਰਾਫ਼ਰ ਇਕਬਾਲ ਸਿੰਘ ਪਾਕਿਸਤਾਨ ਆਏ। ਉਹ ਅੰਮ੍ਰਿਤਾ ਸ਼ੇਰਗਿਲ ਦੀ ਜੀਵਨੀ ਲਿਖ ਰਹੇ ਸਨ। ਸਈਅਦ ਰਸ਼ੀਦ ਅਹਿਮਦ ਨੂੰ ਵੀ ਮਿਲੇ। ਉਹਨਾਂ ਵਿਚ ਡਾਢੀਆਂ ਗੂੜ੍ਹੀਆਂ ਗੱਲਾਂ ਹੋਈਆਂ ਪਰ ਇਕ ਗੱਲ ਜਿਹੜੀ ਰਸ਼ੀਦ ਅਹਿਮਦ ਹੋਰਾਂ ਨੂੰ ਚੰਗੀ ਨਹੀਂ ਸੀ ਲਗੀ ਉਹ ਸੀ ਇਕਬਾਲ ਸਿੰਘ ਦੀ ਈਰਖਾ। ਰਸ਼ੀਦ ਅਹਿਮਦ ਕੋਲ ਅੰਮ੍ਰਿਤਾ ਦੇ ਪੁਰਾਣੇ ਖ਼ਤ ਪੜ੍ਹ ਕੇ ਤੇ ਉਹਨਾਂ ਖ਼ਤਾਂ ਵਿਚ ਅੰਮ੍ਰਿਤਾ ਦੀ ਰਸ਼ੀਦ ਨਾਲ ਨੇੜਤਾ ਵੇਖ ਕੇ ਉਹ ਖ਼ੁਸ਼ ਨਹੀਂ ਸੀ ਹੋਏ। ਇਕਬਾਲ ਸਿੰਘ ਅੰਮ੍ਰਿਤਾ ਬਾਰੇ ਜਿਹੜੀ ਕਿਤਾਬ ਲਿਖੀ ਉਹਦੇ ਵਿਚ ਉਹਨਾਂ ਤਫ਼ਸੀਲ ਨਾਲ ਦੱਸਿਆ ਕਿ ਅੰਮ੍ਰਿਤਾ ਅਚਾਨਕ ਹੈਜ਼ੇ ਦਾ ਸ਼ਿਕਾਰ ਹੋ ਕੇ ਮਰ ਗਈ ਸੀ ਜਦ ਕੇ ਇਹ ਖ਼ਤ ਕੁਝ ਹੋਰ ਕਹਾਣੀ ਸੁਣਾਉਂਦੇ ਸਨ। ਖ਼ਤਾਂ ਵਿਚ ਉਹ ਮੁੜ-ਮੁੜ ਕੇ ਕਿਸੇ ਅਣਜਾਣੇ ਡਰ ਭੈਅ ਦੀ ਗੱਲ ਕਰਦੀ ਏ, ਕੁਝ ਭੇਤ ਦੱਸਣ ਨੂੰ ਉਤਾਵਲੀ ਜਾਪਦੀ ਏ। ਪਰ ਕੁਝ ਦੱਸਣ ਦਾ ਮੌਕਾ ਕਦੀ ਨਹੀਂ ਆਉਂਦਾ...ਇਹ ਖ਼ਤ ਰਸ਼ੀਦ ਅਹਿਮਦ, ਇਕਬਾਲ ਸਿੰਘ ਅੱਗੇ ਰੱਖ ਦਿੱਤੇ ਜਿਵੇਂ ਮੇਰੇ ਅੱਗੇ ਰੱਖ ਦਿੱਤੇ ਸਨ। ਪਰ ਇਕਬਾਲ ਸਿੰਘ ਨੇ ਇਕ ਦੋ ਸਤਰਾਂ ਹੀ ਨਕਲ ਕੀਤੀਆਂ। ਇਹ ਗੱਲ ਸੁਣਾਂਦੇ-ਸੁਣਾਂਦੇ ਰਸ਼ੀਦ ਅਹਿਮਦ ਇਕ ਉਦਾਸੀ ਜਹੀ ਨਾਲ ਭਰ ਗਏ ਸਨ।

ਉਸ ਸ਼ਾਮੀਂ ਮੈਂ ਘਰ ਗਿਆ ਤਾਂ ਮੈਂ ਇਕ ਨਜ਼ਮ ਲਿਖੀ ਅੰਮ੍ਰਿਤਾ ਸ਼ੇਰਗਿਲ ਬਾਰੇ ਤੇ ਅਗਲੇ ਦਿਨ ਜਾ ਕੇ ਉਹਨਾਂ ਨੂੰ ਸੁਣਾਈ -

ਹੱਥ ਜੋ ਪਿਆਰ ਕਰਦੇ ਨੇ
ਸੱਖਣੇ ਹੱਥ
ਮਹਿਬੂਬ ਦੇ ਮੁਖ ਨੂੰ ਛੋਂਹਦੇ ਹੱਥ
ਤੇ ਜ਼ਖ਼ਮੀ ਹੋਂਦੇ ਹੱਥ
ਸੇਬਾਂ ਨਾਲ ਗੱਲਾਂ ਕਰਦੇ ਹੱਥ
ਤੇ ਮਿਹਨਤ ਦੇ ਭਾਰ ਨਾਲ ਚਿੱਥੇ ਹੋਏ ਹੱਥ
ਉਹਦੇ ਹੱਥਾਂ ਦੇ ਸੰਗੀ ਹੱਥ
ਕਰਮਾਤੀ ਹੱਥ
ਕਹਾਣੀ ਹੱਥ
ਕਹਾਣੀ, ਜਿਹੜੀ ਪੁਰਾਣੇ ਖ਼ਤਾਂ ਵਿਚ ਕਿਤੇ ਮਰ ਗਈ
ਤੇ ਮਰੇ ਹੋਏ ਹੱਥ
ਤੇ ਅਗਸਤ ਮਗਰੋਂ ਸਿਆਲ ਦੇ ਠਰੇ ਹੋਏ ਹੱਥ
ਤੇ ਜਿਉਂਦੇ ਹੱਥ
ਤੇ ਇਕ ਵਾਰ ਫ਼ੇਰ ਮਰੇ ਹੋਏ ਹੱਥ
ਤੇ ਅਖ਼ੀਰੀ ਭੇਤ ਦੱਸਣ ਨੂੰ ਸਹਿਕਦੇ ਹੱਥ
ਤੇ ਕੁਝ ਦੱਸੇ ਬਿਨਾਂ, ਉਦਾਸੇ, ਮੁੜ ਜਾਂਦੇ ਹੱਥ
ਤੇ ਹੱਥ, ਜਿਹੜੇ ਅਖ਼ੀਰੀ ਭੇਤ ਨਾ ਸੁਣ ਸਕੇ
ਮੈਂ ਉਹਨਾਂ ਹੱਥਾਂ ਅੱਗੇ ਝੁਕਿਆ
ਉਹਨਾਂ ਚੋਂ ਕਿਤਾਬ ਡਿਗ ਪਈ
ਫ਼ੇਰ ਸਖ਼ਣੇ ਹੱਥ
ਹੱਥ ਜੋ ਪਿਆਰ ਕਰਦੇ ਨੇ

Academy of the Punjab in North America: http://www.apnaorg.com

ਮੇਰੀ ਨਜ਼ਮ ਸੁਣ ਕੇ ਰਸ਼ੀਦ ਅਹਿਮਦ ਕੁਝ ਨਾ ਬੋਲੇ ਤੇ ਅਖ਼ੀਰ ਹੌਲੀ ਜਹੀ ਆਖਿਆ -

"ਜੇ ਤੂੰ ਅੰਮ੍ਰਿਤਾ ਨੂੰ ਮਿਲਿਆ ਹੋਂਦਾ....."

ਮੈਂ ਮਹਿਸੂਸ ਕਰ ਸਕਦਾ ਸਾਂ, ਉਹਨਾਂ ਖ਼ਤਾਂ ਵਿਚ ਮੌਤ ਦੇ ਡਰ ਨੂੰ, ਵਿਛੋੜੇ ਤੇ ਇਕਲਾਪੇ ਨੂੰ, ਇਕਲਾਪੇ ਦੇ ਹਨੇਰੇ ਨੂੰ ਤੇ ਹਨੇਰੇ ਦੀ ਓਸ ਸੋਝ ਨੂੰ, ਓਸ ਸ਼ਾਮੀਂ ਮੈਂ ਇਕ ਹੋਰ ਕਵਿਤਾ ਲਿਖੀ -

ਮੇਰੇ ਹੱਥਾਂ ਉੱਤੇ ਹਨੇਰਾ ਡਿਗਿਆ ਏ
ਤੱਤੇ ਰੰਗਾਂ ਦਾ
ਮੌਤ ਦੇ ਨੀਲ ਵਿਚ ਵਲ੍ਹੇਟੇ ਮੂੰਹ ਵਰਗਾ
ਤੇ ਅਗਸਤ ਦੀ ਸਿਕ ਜਿਹਾ
ਸਿਕ, ਜਿਹੜੀ ਸਿਆਲ ਦੀ ਕਾਲੀ, ਬਰਫ਼ਾਈ
ਕੰਧ ਵਿਚ ਚਿਣੀ ਗਈ
ਤੇ ਸਾਹ ਲੈਂਦੀ ਏ ਤੱਤੇ ਰੰਗਾਂ ਵਿਚ ਅਜੇ ਤਾਈਂ
ਹਨੇਰਾ ਡਿਗਦਾ ਈ ਨਹੀਂ
ਮੇਰੇ ਹੱਥਾਂ ਉੱਤੇ
ਉਹਦੇ ਹੋਂਠਾਂ ਤੋਂ
ਇਕ ਨੀਲੇ ਦਰਦ ਵਾਂਗ.....

"ਇਹ ਤਾਂ ਇਸ਼ਕ ਏ....." ਨਜ਼ਮ ਸੁਣ ਕੇ ਰਸ਼ੀਦ ਅਹਿਮਦ ਹੋਰਾਂ ਆਖਿਆ।

ਇਕਬਾਲ ਸਿੰਘ ਅਪਣੇ ਪਾਕਿਸਤਾਨ ਦੇ ਫ਼ੇਰੇ ਵਿਚ ਅਸ਼ਫ਼ਾਕ ਅਹਿਮਦ ਨੂੰ ਵੀ ਮਿਲੇ ਤੇ ਉਹਨਾਂ ਕੋਲੋਂ ਸ਼ਕੁੰਤਲਾ ਕਪੂਰ ਦੇ ਪੋਰਟ੍ਰੇਟ ਦੀ ਕਹਾਣੀ ਸੁਣੀ। ਇਕਬਾਲ ਸਿੰਘ ਨੇ ਇਹ ਕਹਾਣੀ ਪੂਰੀ ਤਫ਼ਸੀਲ ਨਾਲ ਅੰਮ੍ਰਿਤਾ ਸ਼ੇਰਗਿਲ ਬਾਰੇ ਆਪਣੀ ਕਿਤਾਬ ਵਿਚ ਲਿਖੀ ਏ। ਉਹ 1981 ਵਿਚ ਪਾਕਿਸਤਾਨ ਆਏ ਸਨ।

ਕੁਝ ਸਮਾਂ ਪਾ ਕੇ ਜਦੋਂ ਮੈਂ ਅਸ਼ਫ਼ਾਕ ਅਹਿਮਦ ਨੂੰ ਮਿਲਿਆ ਤਾਂ ਉਹਨਾਂ ਦੱਸਿਆ ਕਿ ਇਕਬਾਲ ਸਿੰਘ ਅੰਮ੍ਰਿਤਾ ਸ਼ੇਰਗਿਲ ਦੀ ਉਹ ਪੇਂਟਿੰਗ ਲਿਜਾਣਾ ਚਾਹੁੰਦੇ ਸਨ, ਜਿਹੜੀ ਉਹਨਾਂ ਨੂੰ ਕਬਾੜੀਏ ਕੋਲੋਂ ਲੱਭੀ ਸੀ।

ਇਹ ਪੇਂਟਿੰਗ ਕਿਵੇਂ ਸ਼ਕੁੰਤਲਾ ਕਪੂਰ ਦੇ ਘਰੋਂ ਕਬਾੜੀਏ ਤੀਕ ਅੱਪੜੀ, ਇਸ ਕਹਾਣੀ ਉੱਤੇ ਅਜੇ ਤਾਈਂ ਪਰਦਾ ਪਿਆ ਹੋਇਆ ਏ। ਜਦੋਂ 1987 ਵਿਚ ਅੰਮ੍ਰਿਤਾ ਬਾਰੇ ਮੇਰੀ ਕਿਤਾਬ ਛਪੀ ਤਾਂ ਮੈਂ ਇਕਬਾਲ ਸਿੰਘ ਦੇ ਹਵਾਲੇ ਨਾਲ ਅਸ਼ਫ਼ਾਕ ਅਹਿਮਦ ਦਾ ਬਿਆਨ ਆਪਣੀ ਕਿਤਾਬ ਵਿਚ ਸ਼ਾਮਲ ਕੀਤਾ ਸੀ। ਇਹ 1987 ਦੀ ਹੀ ਗੱਲ ਏ ਕਿ ਸ਼ਕੁੰਤਲਾ ਕਪੂਰ ਜੀ ਅਪਣੇ ਪੋਰਟ੍ਰੇਟ ਨੂੰ ਭਾਲਦੇ ਪਾਕਿਸਤਾਨ ਆਏ। ਉਹਨਾਂ ਦੀ ਆਮਦ ਦੀ ਕਹਾਣੀ ਮੈਂ ਦੋ ਲੋਕਾਂ ਕੋਲੋਂ ਸੁਣੀ ਏ। ਉਹਨਾਂ ਵਿਚੋਂ ਇਕ ਨੈਸ਼ਨਲ ਕੌਂਸਿਲ ਆਫ਼ ਦੀ ਆਰਟਸ ਦੇ ਉਸ ਵੇਲੇ ਦੇ ਡੀ.ਜੀ. ਸਨ। ਸ਼ਕੁੰਤਲਾ ਜੀ ਦੇ ਨਾਲ ਦੋ-ਤਿੰਨ ਔਰਤਾਂ ਸਨ। ਇਕ ਪਾਕਿਸਤਾਨੀ ਔਰਤ ਵੀ ਸੀ। ਸ਼ਕੁੰਤਲਾ ਜੀ ਆਖਿਆ -

"ਇਹ ਜਿਹੜੀ ਪੋਰਟ੍ਰੇਟ ਤੁਹਾਡੇ ਕਮਰੇ ਵਿਚ ਲੱਗੀ ਹੋਈ ਏ ਇਹ ਮੇਰੀ ਏ।"

ਡੀ.ਜੀ. ਹੋਰਾਂ ਹੈਰਾਨ ਹੋ ਕੇ ਉਹਨਾਂ ਵਲ ਵੇਖਿਆ, ਇਕ ਆਮ ਜਹੀ ਸ਼ਕਲ ਸੂਰਤ, ਮਧਰਾ ਜਿਹਾ ਕੱਦ, ਭਾਰਾ ਪਿੰਡਾ ਤੇ ਮੋਟੇ ਮੋਟੇ ਹੱਥ, ਉਹ ਅਜੇ ਕੁਝ ਕਹਿ ਵੀ ਨਹੀਂ ਸਨ ਸਕੇ ਜਦੋਂ ਸ਼ਕੁੰਤਲਾ ਜੀ ਨੇ ਚੈਕ-ਬੁੱਕ ਕੱਢੀ, ਡੀ. ਜੀ. ਸਾਹਿਬ ਵਲ ਅੱਗੇ ਕੀਤੀ ਤੇ ਆਖਿਆ.....

"ਇਹ ਬਲੈਂਕ ਚੈਕ ਜੇ, ਇਸ ਪੋਰਟ੍ਰੇਟ ਬਦਲੇ ਜਿੰਨੀ ਰਕਮ ਚਾਹੋ, ਲਿਖ ਲਓ।"

ਡੀ.ਜੀ. ਸਾਹਿਬ ਉਸ ਮਾਣ-ਮਤੀ ਬੀਬੀ ਨੂੰ ਧੀਰਜ ਨਾਲ ਆਖਿਆ:

"ਆਪਣਾ ਚੈਕ ਅਪਣੇ ਕੋਲ ਰੱਖੋ .....ਇਹ ਪੋਰਟ੍ਰੇਟ ਸਾਡਾ ਮਾਣ ਏ...ਅੰਮ੍ਰਿਤਾ ਸਾਡੀ ਵੀ ਓਨੀ ਹੀ ਹੈ...ਜਿੰਨੀ ਤੁਹਾਡੀ।"

ਨਿਰਾਸ਼ ਸ਼ਕੁੰਤਲਾ ਜੀ ਓਥੋਂ ਚੁਪ ਕਰ ਕੇ ਟੁਰ ਗਏ। ਸੁਣਿਆ ਏ ਇਕਬਾਲ ਸਿੰਘ ਤੇ ਸ਼ਕੁੰਤਲਾ ਜੀ ਦੀਆਂ ਇਹਨਾਂ ਕੋਸ਼ਿਸ਼ਾਂ ਮਗਰੋਂ ਇਸ ਪੋਰਟ੍ਰੇਟ ਲਈ ਸਰਕਾਰੀ ਪੱਧਰ ਉੱਤੇ ਵੀ ਗੱਲ ਬਾਤ ਹੋਈ ਪਰ ਪਾਕਿਸਤਾਨ ਅਪਣੀ

Academy of the Punjab in North America: http://www.apnaorg.com

ਦੌਲਤ, ਹਿੰਦੁਸਤਾਨ ਦੇ ਹਵਾਲੇ ਕਰਨ ਲਈ ਤਿਆਰ ਨਾ ਹੋਇਆ ਤੇ ਇਹ ਪੇਂਟਿੰਗ ਪਾਕਿਸਤਾਨੀ ਆਰਟ ਦਾ ਅਣਮੁੱਲਾ ਖ਼ਜ਼ਾਨਾ ਬਣੀ ਰਹੀ।

1992 ਵਿਚ ਮੈਂ ਆਪਣੀ ਕਿਤਾਬ ਦੇ ਦੂਜੇ ਐਡੀਸ਼ਨ ਉੱਤੇ ਕੰਮ ਕਰ ਰਿਹਾ ਸਾਂ ਜਦੋਂ ਮੈਂ ਇਕ ਅਖ਼ਬਾਰ ਵਿਚ ਪੜ੍ਹਿਆ ਕਿ ਅੰਮ੍ਰਿਤਾ ਸ਼ੇਰਗਿਲ ਦਾ ਬਣਾਇਆ ਉਹ ਪੋਰਟ੍ਰੇਟ ਨੈਸ਼ਨਲ ਆਰਟ ਗੈਲਰੀ ਚੋਂ ਗ਼ਾਇਬ (ਯਾਂ ਚੋਰੀ) ਹੋ ਗਿਆ ਏ। ਚੰਗਾ ਰੌਲਾ ਪੈ ਗਿਆ। ਪਾਕਿਸਤਾਨ ਵਿਚ ਅਪਣੀ ਤਰਹਾਂ ਦੀ ਇਹ ਪਹਿਲੀ ਚੋਰੀ ਸੀ। ਅਖ਼ਬਾਰਾਂ ਵਿਚ ਖੱਪ ਪੈ ਗਈ। ਅਫ਼ਵਾਹ ਉੱਡੀ ਜੇ ਉਹ ਪੋਰਟ੍ਰੇਟ ਬਾਰਡਰ ਕਰਾਸ ਕਰ ਗਿਆ ਏ। ਉਸ ਵੇਲੇ ਦੇ ਡੀ.ਜੀ ਉੱਤੇ ਦਬਾ ਪੈਣ ਲੱਗੇ। ਉਹਦੀ ਕੀਮਤ ਲੱਖਾਂ ਵਿਚ ਦੱਸੀ ਜਾਣ ਲੱਗੀ। ਮੈਨੂੰ ਦੋ ਗੱਲਾਂ ਦੀ ਹੈਰਾਨੀ ਸੀ। ਇਕ ਤੇ ਇਹ ਕਿ ਅੰਮ੍ਰਿਤਾ ਦੇ ਦਸਤਖ਼ਤਾਂ ਬਿਨਾਂ ਵੀ ਉਹਦਾ ਮੁਲ ਲੱਖਾਂ ਵਿਚ ਪੈ ਰਿਹਾ ਸੀ ਤੇ ਦੂਜੀ ਗੱਲ ਇਹ ਕਿ ਜੇ ਇਹ ਪੋਰਟ੍ਰੇਟ ਹਿੰਦੁਸਤਾਨ ਅੱਪੜ ਵੀ ਗਿਆ ਤੇ ਕੀ ਸ਼ਕੁੰਤਲਾ ਜੀ ਯਾਂ ਓਥੋਂ ਦੀ ਕੋਈ ਗੈਲਰੀ, ਇਹਨੂੰ ਕਿਸੇ ਕੰਧ ਦੀ ਸਜਾਵਟ ਬਣਾ ਸਕਣਗੇ? ਇਕ ਪੱਤਰਕਾਰ ਸੱਜਣ ਨੇ ਬੜੇ ਮਜ਼ੇ ਦੀ ਗੱਲ ਕੀਤੀ –

"ਇਹ ਤੇ ਇੰਝ ਈ ਏ ਜਿਵੇਂ ਘਰ ਦੇ ਇਕ ਕਮਰੇ ਵਿਚੋਂ ਤੁਸੀਂ ਇਹਨੂੰ ਚੁਰਾ ਕੇ ਕਿਸੇ ਦੂਜੇ ਕਮਰੇ ਵਿਚ ਲਾ ਦਿਓ।"

"ਪਰ ਕਮਰਿਆਂ ਦੇ ਵਿਚਕਾਰ ਤੇ ਕੰਧ ਉੱਸਰ ਗਈ ਏ ਨਾ!" ਮੈਂ ਯਾਦ ਕਰਾਇਆ।

"ਆਹੋ ਕੰਧ ਉੱਸਰ ਗਈ ਏ, ਮੈਂ ਇਹਨੂੰ ਢਾਣ ਦੀ ਗੱਲ ਤੇ ਨਹੀਂ ਕੀਤੀ, ਮੈਂ ਤੇ ਇਕ ਕਮਰੇ ਵਿਚੋਂ....."

"ਕੰਧ ਤੇ ਕੰਧ ਹੋਂਦੀ ਏ..." ਮੈਂ ਇਸ ਤੋਂ ਵੱਧ ਹੋਰ ਕੁਝ ਨਾ ਆਖ ਸਕਿਆ।

■

Academy of the Punjab in North America: http://www.apnaorg.com

ਲੇਖ

ਦਰ ਦਰਵੇਸ਼ੀ

ਮਸਊਦ ਖ਼ਾਲਿਦ

ਬਾਬਾ ਫ਼ਰੀਦ ਜੀ ਤਸੱਵੁਫ਼ ਦੀ ਥਾਂ ਪੰਜਾਬੀ ਕਰ ਕੇ ਦਰਵੇਸ਼ੀ ਦਾ ਲਫ਼ਜ਼ ਵਰਤਿਆ ਹੈ।

'ਦਰਵੇਸ਼ੀ' ਮਤਲਬ ਰਾਹ ਦਰਵੇਸ਼ੀ ਦਾ। ਰਾਹ ਹਮੇਸ਼ਾ ਕਿਸੇ ਮੰਜ਼ਿਲ ਨਾਲ ਜੁੜਿਆ ਹੁੰਦਾ ਹੈ। ਮੰਜ਼ਿਲ ਤੇ ਰਾਹ ਦਾ ਆਪਸੀ ਜੋੜ ਮੇਲ ਨਾ ਹੋਵੇ ਤਾਂ ਇਹ ਕੁਰਾਹ ਬਣ ਜਾਂਦਾ ਹੈ। ਮੰਜ਼ਿਲ ਤੇ ਰਾਹ ਦੇ ਜੋੜ ਮੇਲ ਦੇ ਵੇਰਵੇ ਨਾਲ ਹੀ ਤਸੱਵੁਫ਼ ਬਾਰੇ ਬਾਬਾ ਜੀ ਦੇ ਨਜ਼ਰੀਏ ਦੀ ਦੱਸ ਪੈਂਦੀ ਹੈ। ਆਖਦੇ ਨੇਂ –

ਦਰ ਦਰਵੇਸ਼ੀ ਗਾਖੜੀ, ਚੱਲਾਂ ਦੁਨੀਆ ਭੱਤ
ਬੰਨ੍ਹ ਉਠਾਈ ਪੋਟਲੀ, ਕਿੱਥੇ ਵੰਜਾਂ ਘੱਤ

ਦਰ ਦਰਵੇਸ਼ੀ ਤੇ ਦੁਨੀਆ ਭੱਤ ਦੋ ਵਖਰੇ ਵਖਰੇ ਰਾਹ ਨੇਂ। ਵੱਖੋ ਵੱਖ ਰਹਿਤਲ ਢੰਗ ਨੇਂ। ਮੇਲ ਬੰਦ ਵਸੇਬ ਵਿਚ ਨਜ਼ਰੀਆ ਤੇ ਕਲਚਰ ਹਾਕਮ ਮੇਲ ਦਾ ਈ ਹੁੰਦਾ ਏ। ਇਹ ਦੁਨੀਆ ਭੱਤ ਹੈ, ਜਿਹੜੀ ਦੁਨੀਆ ਨੂੰ ਵਸੇਬ ਨੂੰ ਬੇਹਿੱਸ ਰੱਖਣ ਵਾਲਿਆਂ ਦੀ ਲੀਹ ਹੈ। ਇਸ ਦੇ ਮੁਕਾਬਲੇ ਤੇ ਦੂਜੀ ਲੀਹ ਹੈ ਸਮਾਜ ਨੂੰ ਤਬਦੀਲ ਕਰਣ ਵਾਲਿਆਂ ਦੀ, ਲੋਕ-ਹਿੱਤੀ। ਦੁਨੀਆ ਭੱਤ ਵਾਲਿਆਂ ਦੀ ਜ਼ਿੰਦਗੀ ਦੀ ਗ਼ਰਜ਼ ਜ਼ਾਤੀ ਹੁੰਦੀ ਹੈ ਤੇ ਇਸ ਦੇ ਮੁਕਾਬਲੇ ਤੇ ਲੋਕ-ਪੱਖੀ ਸੋਚ ਰੱਖਣ ਵਾਲਿਆਂ ਦੀ ਸਮਾਜੀ ਲੋੜ ਹੁੰਦੀ ਹੈ। ਆਖਦੇ ਨੇਂ ਕਿ ਦਰਵੇਸ਼ੀ ਦਾ ਰਹਤਲ ਢੰਗ ਔਖਾ ਤਾਂ ਹੈ ਪਰ, "ਬੰਨ੍ਹ ਉਠਾਈ ਪੋਟਲੀ" ਰਮਜ਼ ਹੈ ਕੋਈ ਭਾਰ ਚੁੱਕਣ ਲਈ। ਜ਼ਿੰਮੇਵਾਰੀ ਆਦਰਣ ਲਈ। ਆਂਹਦੇ ਨੇਂ ਜਿਹੜੀ ਜ਼ਿੰਮੇਵਾਰੀ ਆਦਰ ਲਈ ਏ ਓਸ ਨੂੰ ਕਿੱਥੇ ਪਾਵਾਂ। ਰੱਬ ਤੇ ਸੁੱਟਾਂ। ਕਿਸੇ ਨਿਜਾਤ ਦੀਵਾਨ ਵਾਲ਼ੇ ਦੀ ਉਡੀਕ ਵਿਚ ਰਹਾਂ। ਇਸ ਦੀ ਮੁਹਾਰ ਵੇਲ਼ੇ ਦੇ ਮੋਢਿਆਂ ਤੇ ਰੱਖ ਦੇਵਾਂ। ਇੰਜ ਨਹੀਂ ਕਰ ਸਕਦਾ। ਸਮਾਜ ਨੂੰ ਤਬਦੀਲ ਕਰਣ ਦੀ ਜ਼ਿੰਮੇਵਾਰੀ ਚੁੱਕਣ ਵੀ ਦਰਵੇਸ਼ੀ ਹੈ।

Academy of the Punjab in North America: http://www.apnaorg.com

ਇਹਦੇ ਲਈ ਬਾਬਾ ਫ਼ਰੀਦ ਜੀ ਹੋਰਾਂ ਇਕ ਹੋਰ ਥਾਂ ਪਾਤਣ ਦੀ ਰਮਜ਼ ਵਰਤੀ ਹੈ। ਆਖਦੇ ਨੇਂ:

ਲੰਮੀ ਲੰਮੀ ਨਦੀ ਵਹੇ ਕੰਧੀ ਕੇਰੇ ਹੇਤ
ਬੇੜੇ ਨੂੰ ਕਪਰ ਕਿਆ ਕਰੇ ਜੇ ਪਾਤਣ ਰਹੇ ਸੁਚੇਤ

ਆਪ ਦੇ ਸ਼ਲੋਕਾਂ ਵਿਚ ਨਦੀ ਕੁਦਰਤ ਦੀ ਰਮਜ਼ ਹੈ, ਜਿਹੜੀ ਰੱਬ ਨੇ ਬਣਾਈ ਹੈ ਤੇ ਬੇੜਾ ਵਸੇਬ ਲਈ ਰਮਜ਼ ਹੈ, ਜਿਹੜਾ ਇਨਸਾਨ ਦਾ ਬਣਾਇਆ ਹੈ। ਵਸੇਬ ਵਿਚ ਜ਼ਿੰਦਗੀ ਨੂੰ ਕੌਣ ਚਲਾਂਦਾ ਹੈ? ਜ਼ਾਹਰ ਹੈ ਪੈਦਾ ਕਰਣ ਵਾਲ਼ਾ। ਇਹ ਪੈਦਾਵਾਰ ਭਾਵੇਂ ਜ਼ਰਅਈ ਹੈ ਯਾ ਸਨਅਤੀ। ਹਾਕਮ ਮੇਲ਼ ਤਾਂ ਨਿਰਾ ਲੋਕਾਂ ਦੀ ਖੱਟੀ ਕਮਾਈ ਤੇ ਮੱਲ ਮਾਰਦਾ ਹੈ। ਵਸੇਬ ਨੂੰ ਜ਼ਿੰਦਗੀ ਦੇਵਣ ਵਾਲ਼ਾ ਬੇੜੇ ਦਾ ਪਾਤਣ ਹੈ। ਜੇ ਬੇੜੇ ਦਾ ਪਾਤਣ ਸੁਚੇਤ ਨਾ ਹੋਵੇ ਤਾਂ ਜ਼ਿੰਦਗੀ ਤਬਾਹੀ ਵਲ ਜਾ ਰਹੀ ਹੈ। ਇੰਜ ਫ਼ਰਮਾਇਆ -

ਫ਼ਰੀਦਾ ਦੁੱਖਾਂ ਸੇਤੀ ਦੇਂਹ ਗਿਆ, ਸੂਲਾਂ ਸੇਤੀ ਰਾਤ
ਖੜਾ ਪੁਕਾਰੇ ਪਾਤਣੀ, ਬੇੜਾ ਕਪਰ ਵਾਤ

ਪਾਤਣੀ ਆਪਣੇ ਮੇਲ਼ ਦੀ ਗੁਜ਼ਾਰੀ ਜਾ ਰਹੀ ਜ਼ਿੰਦਗੀ ਦੇ ਹਾਲਾਤ ਬਿਆਨ ਕਰਦਾ ਆਖਦਾ ਹੈ ਕਿ ਵਸੇਬ ਨੂੰ ਜ਼ਿੰਦਾ ਰੱਖਣ ਵਾਲ਼ਾ, ਪੈਦਾਵਾਰ ਕਰਣ ਵਾਲ਼ਾ ਮੇਲ਼ ਜੇ ਅਜੇਹੇ ਹਾਲਾਤ ਵਿਚੋਂ ਗੁਜ਼ਰਦਾ ਪਿਆ ਹੈ ਤੇ ਇਹ ਵਸੇਬ ਤਬਾਹੀ ਵੱਲ ਜਾ ਰਹਿਆ ਹੈ।

ਸ਼ੋਹ

ਸਰਕਾਰ ਵੱਲੋਂ ਲਾਦੂ ਇਲਮਾਂ ਦੇ ਸੂਝਵਾਨ ਆਖਦੇ ਨੇਂ ਕਿ ਸ਼ੋਹ ਰੱਬ ਹੈ। ਕਿਧਰੇ ਆਖਦੇ ਨੇਂ ਖ਼ਿਆਲੀ ਮਹਿਬੂਬ ਹੈ। ਕਿਧਰੇ ਰੂਹ ਨੂੰ ਮਾਦੇ ਦੇ ਖੋਭੇ ਵਿਚ ਫਸੀ ਨਾਰੀ ਬਣਾ ਕੇ ਓਸ ਕੋਲੋਂ ਫ਼ਰਿਆਦ ਕਰਵਾਂਦੇ ਨੇ, ਜਿਹੜੀ ਆਪਣੇ ਅਸਲ ਤੋਂ ਜੁਦਾਈ ਕਰ ਕੇ ਜਿਸ ਦੀ ਭਾਲ਼ ਵਿਚ ਹੈ ਉਹਨੂੰ ਸ਼ੋਹ ਕਰ ਕੇ ਪੁਕਾਰਦੀ ਹੈ। ਕਲਾਮ ਬਾਬਾ ਫ਼ਰੀਦ ਜੀ ਦੇ ਸਾਰੇ ਹੀ ਵਿਆਖਿਆਕਾਰਾਂ ਸ਼ਲੋਕਾਂ ਵਿਚ ਵਰਤੇ ਰੱਬ, ਸ਼ੋਹ, ਪਿਰੀ, ਕੰਤ, ਸਾਂਈਂ ਤੇ ਸਾਹਬ ਨੂੰ ਰੱਬ ਹੀ ਦੇ ਮਾਅਨਿਆਂ ਵਿਚ ਲਿਆ ਹੈ, ਜਿਹੜੀ ਬਣਦੀ ਜੁੜਦੀ ਗੱਲ ਨਹੀਂ ਜਾਪਦੀ। ਰੱਬ ਬਾਰੇ ਬਾਬਾ ਫ਼ਰੀਦ ਜੀ ਦਾ ਵਿਚਾਰ ਇਹ ਹੈ ਕਿ ਰੱਬ ਬੰਦੇ ਦੇ ਮਨ ਵਿਚ ਵਸਦਾ ਹੈ -

ਫ਼ਰੀਦਾ ਜੰਗਲ ਜੰਗਲ ਕਿਆ ਭਵੇਂ ਵਣ ਕੰਡਾ ਮੋੜੇਂ
ਵੱਸੀ ਰੱਬ ਹੀਆਲੀਏ ਜੰਗਲ ਕਿਆ ਢੂੰਡੇਹ

ਰੱਬ ਨਾ ਧਰਤੀ ਤੇ ਹੈ ਨਾ ਅਸਮਾਨ ਤੇ ਸਗੋਂ ਉਹ ਤਾਂ ਬੰਦੇ ਦੇ ਮਨ ਵਿਚ ਵਸਦਾ ਹੈ। ਜਿਹੜੀ ਹਸਤੀ ਤੇਰੇ ਮਨ ਦੀ ਵਾਸੀ ਹੈ, ਜੰਗਲਾਂ ਵਿਚ ਓਸ ਦੀ ਭਾਲ਼ ਦਾ ਕੀਹ ਮਤਲਬ ? ਹੁਣ ਦੂਜੇ ਪਾਸੇ ਸ਼ੋਹ ਲਈ ਆਪ ਦਾ ਵਿਚਾਰ ਹੈ ਕਿ -

ਕੰਧ ਕੁਹਾੜਾ ਸਿਰ ਘੜਾ ਵਣ ਕੇ ਸੁਰ ਨੁਹਾਰ
ਫ਼ਰੀਦਾ ਹਉਂ ਲੋੜੀ ਸ਼ੋਹ ਆਪਣਾ ਤੂੰ ਲੋੜੇਂ ਅੰਗਿਆਰ

ਲੁਹਾਰ ਮੋਢੇ ਤੇ ਕੁਹਾੜੀ ਰੱਖ ਕੇ ਜੰਗਲ ਵਿਚ ਬਾਲਣ ਦੀ ਭਾਲ਼ ਵਿਚ ਹੈ। ਉਹਨੂੰ ਆਪਣੀ ਪਈ ਹੈ ਤੇ ਫ਼ਰੀਦ ਨੂੰ ਆਪਣੀ। ਕਿਉਂ ਜੋ ਫ਼ਰੀਦ ਤਾਂ ਸ਼ੋਹ ਦੀ ਭਾਲ਼ ਵਿਚ ਹੈ। ਜੇ ਸ਼ੋਹ ਤੇ ਰੱਬ ਨੂੰ ਇਕ ਜਾਣ ਲਵੀਏ ਤਾਂ ਦੋਹਾਂ ਸ਼ਲੋਕਾਂ ਵਿਚ ਜ਼ਿੱਦ ਹੈ। ਇਸ ਜ਼ਿੱਦ ਨੂੰ ਬਾਬਾ ਜੀ ਦੇ ਖਾਤੇ ਪਾਉਣ ਦੀ ਥਾਂ ਜੇ ਅਸੀਂ ਇਹ ਸੋਚ ਲਵੀਏ ਕਿ ਹੋ ਸਕਦਾ ਹੈ ਜ਼ਿੱਦ ਸਾਡੀ ਸਮਝ ਵਿਚ ਹੋਵੇ ਤਾਂ ਗੱਲ ਸਾਫ਼ ਹੋ ਜਾਂਦੀ ਹੈ -

ਫ਼ਰੀਦਾ ਜੇ ਜਾਣਾਂ ਤਿੱਲ ਥੋਰੜੇ ਸੰਭਲ ਬੁੱਕ ਭਰੀ
ਜੇ ਜਾਣਾਂ ਸ਼ੋਹ ਨੰਢੜਾ ਤਾਂ ਥੋੜਾ ਮਾਣ ਕਰੀ

ਇਥੋਂ ਫ਼ਰਕ ਉੱਘੜ ਕੇ ਆਇਆ ਤੇ ਪੱਕ ਹੋਇਆ ਕਿ ਸ਼ੋਹ ਤਾਂ ਨੰਢੜਾ ਵੀ ਹੋ ਸਕਦਾ ਹੈ ਪਰ ਰੱਬ ਦੀ ਇਹ ਸ਼ਾਨ ਨਹੀਂ। ਜੇ ਨੰਢੜਾ ਹੈ ਤਾਂ ਰੱਬ ਨਹੀਂ ਜੇ ਰੱਬ ਏ ਤਾਂ ਨੰਢੜਾ ਨਹੀਂ। ਨੰਢੜਾ ਦਾ ਲਫ਼ਜ਼ ਵਰਤ ਕੇ ਸ਼ੋਹ ਤੇ ਰੱਬ ਵਿਚ ਨਿਖੇੜਾ ਕਰ ਦਿੱਤਾ ਹੈ। ਸ਼ੋਹ ਕੋਈ ਅਜਿਹੀ ਸ਼ੈਅ ਹੈ, ਜਿਹੜੀ ਰੱਬ ਤੋਂ ਵੱਖ, ਅੱਖੀਂ ਤੋਂ ਪਰੋਖੀ, ਗਵਾਚੀ ਹੋਈ ਸ਼ੈਅ ਹੈ । ਰੱਬ ਪਾਰੋਂ ਤਾਂ ਆਖਦੇ ਨੇਂ -

ਫ਼ਰੀਦਾ ਪਿੱਛਲ ਰਾਤ ਨਾ ਜਾਗੀਉਂ ਜਿਓਂਦੜੀਓ ਮੋਇਓ
ਜੇ ਤੈਂ ਰੱਬ ਵਿਸਾਰਿਆ ਰੱਬ ਨਾ ਵਿੱਸਰੀਓ

Academy of the Punjab in North America: http://www.apnaorg.com

ਤੂੰ ਤਾਂ ਰੱਬ ਨੂੰ ਵਿਸਾਰੀ ਬੈਠਾ ਏਂ ਪਰ ਉਹ ਤੈਨੂੰ ਨਹੀਂ ਵਿਸਾਰਦਾ।

ਬਾਬਾ ਜੀ ਤੋਂ ਪਹਿਲਾਂ ਸ਼ੋਹ ਨੂੰ ਵਰਤਣ ਦੀ ਕੋਈ ਰੀਤ ਨਹੀਂ। ਜੇ ਹੈ ਵੀ ਸੀ ਤਾਂ ਓਸ ਦਾ ਕੋਈ ਪਤਾ ਨਹੀਂ। ਇਸ ਲਈ ਸ਼ੋਹ ਦਾ ਥੌਹ ਲਾਵਣ ਲਈ ਸਾਨੂੰ ਆਪ ਦੇ ਕਲਾਮ ਤੋਂ ਹੀ ਅਗਵਾਹੀ ਲੈਣੀ ਪਵੇਗੀ -

ਸਬਰ ਇਹ ਸੁਆਉ ਜੇ ਤੂੰ ਬੰਦਾ ਦ੍ਰਿੜ ਕਰੇਂ
ਜੋਬਨ ਜਾਂਦੇ ਨਾ ਡਰਾਂ ਜੇ ਸੁਹ ਪ੍ਰੀਤ ਨਾ ਜਾ
ਜਿਨੀ ਵੇਸੀਂ ਸਹੁ ਮਿਲੇ ਸੋਈ ਵੇਸ ਕਰਿਓ

ਸਆਉ

ਸਆਉ। ਸੋਹ ਤੇ ਸ਼ੋਹ ਇੱਕੋ ਈ ਲਫ਼ਜ਼ ਦੀਆਂ ਸ਼ਕਲਾਂ ਨੇਂ। ਸੁਆਉ ਦਾ ਮਤਲਬ ਹੈ ਨਸਬ-ਉਲ-ਐਨ। ਕਿਸੇ ਲੋੜ-ਥੋੜ ਨੂੰ ਹਾਸਲ ਕਰਨ ਦਾ ਸੂਤਰ। ਕਿਸੇ ਮੰਜ਼ਿਲ ਤੇ ਅਪੜਨ ਦਾ ਰਾਹ। ਕਿਸੇ ਨਿਸ਼ਾਨੇ ਨੂੰ ਚੋਟਣ ਦਾ ਹਥਿਆਰ। ਕਿਸੇ ਤਬਦੀਲੀ ਦਾ ਸਾਧਨ। ਕਿਸੇ ਟੀਚੇ ਵੱਲ ਜਾਂਦੀ ਵਾਟ। ਇਹ ਵਾਟ ਹੀ ਦਰਵੇਸ਼ੀ ਹੈ -

ਵਾਟ ਹਮਾਰੀ ਖਰੀ ਉਡੀਣੀ
ਖੰਨਿਓਂ ਤਿੱਖੀ ਬਡੀ ਪਈਣੀ
ਉਸ ਉਪਰ ਹੈ ਮਾਰਗ ਮੇਰਾ
ਸ਼ੇਖ਼ ਫ਼ਰੀਦਾ ਪੰਥ ਸਮ੍ਹਾਰ ਸਵੇਰਾ

ਜ਼ੁਲਮ ਦੇ ਦੌਰ ਨੂੰ ਹਮੇਸ਼ਾ ਰਾਤ ਆਖਿਆ ਗਿਆ ਹੈ ਤੇ ਓਸ ਦੇ ਮੁਕਾਬਲੇ ਵਿਚ ਸਵੇਰ ਅਲਾਮਤ ਹੈ ਨਵੀਂ ਹਯਾਤੀ ਦਾ ਸੁਨੇਹਾ, ਤਬਦੀਲੀ ਦੀ ਸ਼ੁਰੂਆਤ, ਉਮੀਦ ਦੀ ਰਿਸ਼ਮ, ਸਮਾਜੀ ਤੇ ਮੁਆਸ਼ੀ ਇਨਸਾਫ਼ ਦਾ ਦੌਰ। ਇਨਸਾਨਾਂ ਦੀ ਬਰਾਬਰੀ ਤੇ ਆਜ਼ਾਦੀ ਦਾ ਦੌਰ। ਇਹਨਾਂ ਲਈ ਬਾਬਾ ਜੀ ਆਖਦੇ ਨੇ ਕਿ ਵਾਟ ਸਾਡੀ ਬੜੀ ਔਖੀ ਹੈ ਭਾਵੇਂ ਤਲਵਾਰ ਦੀ ਧਾਰ ਤੇ ਟੁਰਣ ਵਾਲ਼ੀ ਗੱਲ ਜਾਪਦੀ ਹੈ। ਪਰ ਮੇਰਾ ਰਾਹ ਇਹੋ ਈ ਹੈ। ਮੇਰਾ ਪੰਥ ਸਮਾਜੀ ਤਬਦੀਲੀ ਦਾ। ਕੁਲ ਦੀ ਆਜ਼ਾਦੀ, ਕੁਲ ਦੀ ਸਾਂਝ ਦਾ ਹੈ। ਮੇਰਾ ਪੰਥ ਬੰਦੇ ਦੀ ਨਸਲੀ ਵੰਡ, ਪੈਦਾਵਾਰ ਦੇ ਵਸੀਲਿਆਂ ਤੇ ਨਿੱਕੀ ਜਿਹੀ ਢਾਣੀ ਦੇ ਕਬਜ਼ੇ, ਜ਼ੋਰ ਧੰਗਾਣ ਤੇ ਅਨਿਆਂ ਦੀ ਕਾਲ਼ੀ ਬੋਲ਼ੀ ਰਾਤ ਵਿਚੋਂ ਕੱਢ ਕੇ ਆਜ਼ਾਦੀ ਦੀ ਸਵੇਰ ਵੱਲ ਜਾਂਦਾ ਹੈ। ਸਵੇਰ ਉਹ ਮੰਜ਼ਿਲ ਹੈ ਜਿਸ ਵੱਲ ਰਾਤ ਵਿਚ ਮੈਂ ਪੰਧ ਕੀਤਾ ਹੈ। ਤੇ ਇਸ ਪੰਧ ਵਿਚ -

ਪਹਿਲੇ ਪੈਰੇ ਫੁਲੜਾ ਫ਼ਲ ਭੀ ਪਿਛਲ ਰਾਤ
ਜੋ ਜਾਗਣ ਲਹਿਣ ਸੇ ਸਾਂਈਂ ਕੰਨੋਂ ਦਾਤ

ਆਖਦੇ ਨੇਂ, ਕਿ ਸਵੇਰ ਤੀਕਰ ਪੁੱਜਣਾ ਇਕ ਲੜੀਵਾਰ ਅਮਲ ਹੈ। ਇਕ ਪਰੋਚਣਸਸ ਹੈ। ਪਹਿਲੇ ਕਰੂੰਬਲਾਂ ਫੁਟਦੀਆਂ ਨੇਂ ਫੇਰ ਉਹ ਫੱਲ ਤੀਕਰ ਇਕ ਲੜੀਵਾਰ ਅਮਲ ਰਾਹੀਂ ਅੱਪੜਦੀਆਂ ਨੇਂ। ਪਿਛਲ ਰਾਤ ਦਾ ਫੱਲ ਸਵੇਰ ਹੈ ਪਰ ਜਾਗਣ ਸ਼ਰਤ ਹੈ। ਜਾਗਣ ਵਾਲਿਆਂ ਨੂੰ ਫੁੱਲ। ਜਾਗਣ ਦਾ ਮਤਲਬ ਹੈ ਜੋ ਆਪਣੇ ਮੁਕਾਮ, ਆਪਣੇ ਹੱਕਾਂ ਤੇ ਇਹਨਾਂ ਨੂੰ ਲੈਣਾ ਕਿਵੇਂ ਹੈ ਇਸ ਬਾਰੇ ਸੁਚੇਤ ਹਨ।

ਨਿਖੇੜਾ ਇਹ ਹੋਇਆ ਕਿ ਰੱਬ ਤਾਂ ਹਰ ਵੇਲੇ ਹਰ ਥਾਂ ਮੌਜੂਦ ਹੈ। ਓਸ ਦੀ ਭਾਲ਼ ਕਰਨ ਦੀ ਲੋੜ ਨਹੀਂ ਪੈਂਦੀ। ਓਸ ਦੇ ਹਰ ਵੇਲੇ ਹਰ ਥਾਂ ਮੌਜੂਦ ਹੋਵਣ ਦਾ ਅਹਿਸਾਸ ਕਾਇਨਾਤ ਦੇ ਲੂੰ ਲੂੰ ਵਿਚ ਮੜ੍ਹੇ ਓਸ ਦੇ ਕਨੂਨਾਂ ਰਾਹੀਂ ਵੀ ਹੁੰਦਾ ਹੈ। ਸ਼ੋਹ ਇਕ ਲੋੜ ਨੂੰ ਹਾਸਲ ਕਰਣ ਲਈ ਸੈਂਤ ਏ, ਇਹ ਲੋੜ ਜ਼ਾਤੀ ਨਹੀਂ ਸਮਾਜੀ ਹੈ।

ਦਰਵੇਸ਼ੀ ਦਾ ਤੌਖਲਾ ਚੌਕਲਾ

ਐਰਿਕ ਫ਼ਰਾਮ ਲਿਖਦੇ ਨੇਂ ਕਿ ਬਹੁਤ ਪੁਰਾਣੇ ਜ਼ਮਾਨੇ ਤੋਂ ਬੰਦੇ ਉਠਦੇ ਆਏ ਨੇਂ ਜੋ ਸਮਾਜ ਦੇ ਤਬਕਾਤੀ ਹੰਵਣ ਕਰ ਕੇ ਵੀ ਹੱਕਾਂ ਤੋਂ ਵਾਂਝੇ ਲੋਕਾਂ ਨੂੰ ਪੂਰੇ ਤੌਰ ਤੇ ਬੰਦਾ ਬਣਨ ਦਾ; ਆਪਣੇ ਸਮੇ, ਮੁਕਾਮ ਦੇ ਕਲਚਰਲ ਮੁਹਾਵਰੇ ਰਾਹੀਂ ਆਜ਼ਾਦੀ ਦਾ ਰਾਹ ਵਿਖਾਉਂਦੇ ਆਏ ਨੇਂ। ਨਸਲਿ-ਇਨਸਾਨੀ ਦੇ ਇਹਨਾਂ ਮਹਾਨ ਆਗੂਆਂ ਸਿਹਤਮੰਦ ਜ਼ਿੰਦਗੀ ਦੇ ਅਸੂਲ ਪਹਿਲੋਂ ਹੀ ਉਜਾਗਰ ਕਰ ਦਿੱਤੇ ਨੇਂ, ਬੇਸ਼ੱਕ ਉਹ ਵੱਖੋ ਵੱਖ ਬੋਲੀਆਂ ਬੋਲਦੇ ਰਹੇ। ਵਖਰੇ ਵਖਰੇ ਪੱਖਾਂ ਤੇ ਜ਼ੋਰ

Academy of the Punjab in North America: http://www.apnaorg.com

ਦਿੰਦੇ ਰਹੇ, ਕੁੱਝ ਮੁੱਦਿਆਂ ਤੇ ਉਹਨਾਂ ਦੇ ਖ਼ਿਆਲ ਵੀ ਅੱਡੋ ਅੱਡ ਸਨ। ਲੋਕ ਪ੍ਰੇਮੀ ਅਸੂਲਾਂ ਦੇ ਉਘਾੜ ਦੇ ਖ਼ਿਆਲ ਰੂਪਾਂ ਦੇ ਫ਼ਰਕ ਦੇ ਬਾਵਜੂਦ ਮਹਾਨ ਹਸਤੀਆਂ ਨੇ ਬੰਦੇ ਦੀ ਜ਼ਿੰਦਗੀ ਦੇ ਮਸਅਲੇ ਦਾ ਓਸ ਦੀ ਨਿਜਾਤ ਦਾ ਜੋ ਹੱਲ ਪੇਸ਼ ਕੀਤਾ, ਸਭ ਦਾ ਰਾਹ ਇਕ ਹੀ ਹੈ। ਵੱਢੇ ਮਜ਼ਹਬ ਤੇ ਪ੍ਰਚਲਿਤ ਅਖ਼ਲਾਕੀ ਨਿਜ਼ਾਮ ਆਪਸ ਵਿਚ ਖਹਿੰਦੇ ਰਹੇ। ਆਪਸ ਦੇ ਮੁੱਢਲੇ ਸਾਗੀ ਸਚ ਦੀ ਥਾਂ ਇਖ਼ਤਲਾਫ਼ ਤੇ ਜ਼ੋਰ ਦਿੰਦੇ ਰਹੇ। ਪਰ ਇਸ ਗਤੀ ਦਾ ਸਬੱਬ ਉਹ ਲੋਕ ਸਨ, ਜਿਹੜੇ ਮੰਦਰ, ਗਿਰਜੇ ਤੇ ਮਸੀਤਾਂ ਉਸਾਰ ਕੇ ਮਹਾ ਪੁਰਖਾਂ ਦੀ ਦਿੱਤੀ ਸਧਾਰਣ ਸੱਚਾਈ ਨਾਲ਼ ਆਪਣੀ ਰੋਜ਼ੀ ਰੋਟੀ ਜੋੜ ਕੇ ਬਹਿ ਗਏ। ਹਰ ਵਸੇਬੀ ਮਰਕਜ਼ ਵਿਚ ਉਹਨਾਂ ਦੇ ਆਪਸੀ ਸੰਬੰਧ ਤੇ ਅਸਰ ਤੋਂ ਬਿਨਾਂ ਹੀ ਇੱਕੋ ਜਿਹੀ ਸਿਆਣਪ ਲੱਭਦੀ ਹੈ। ਖ਼ਿਆਲਾਂ ਵਿਚ ਇਕਸਾਰਤਾ ਮਿਲਦੀ ਹੈ।

ਐਰਿਕ ਫ਼ਰਾਮ 1500 ਈ.ਪੂ. ਤੋਂ 500 ਈ.ਪੂ. ਦੇ ਸਮੇਂ ਦਾ ਖ਼ਾਸ ਜ਼ਿਕਰ ਕਰਦਾ ਹੈ ਕਿ 1350 ਈ.ਪੂ. ਵਿਚ ਮਿਸਰ ਵਿਚ ਅਫ਼ਲਾਤੂਨ ਉਸੇ ਹੀ ਸਮੇਂ ਹਜ਼ਰਤ ਮੂਸਾ 600 ਈ.ਪੂ. ਤੋਂ 500 ਈ.ਪੂ. ਦੇ ਸਮੇਂ ਚੀਨ ਵਿਚ ਲਾਉਤਸੇ ਨੇ, ਹਿੰਦੁਸਤਾਨ ਵਿਚ ਬੁਧ ਨੇ, ਤੇ ਈਰਾਨ ਵਿਚ ਜ਼ਰਤੁਸ਼ਤ ਨੇ ਆਦਮ ਜ਼ਾਤ ਨੂੰ ਓਸ ਦੀ ਬੰਦ ਖ਼ਲਾਸ ਦੇ ਰਾਹ ਦਾ ਚਾਨਣ ਕਰਵਾਇਆ। ਆਜ਼ਾਦੀ ਦੇ ਸੱਚ ਨੂੰ ਉਘਾੜਿਆ। ਇਸੇ ਤਰ੍ਹਾਂ ਯੂਨਾਨੀ ਫ਼ਲਸਫ਼ੀਆਂ ਪੈਗ਼ੰਬਰਾਂ ਦਾ ਜ਼ਿਕਰ ਕੀਤਾ ਹੈ।

ਵਾਹੀ ਬੀਜੀ ਦੇ ਵਸੇਬ ਦਾ ਮੁੱਢ ਬੱਝਣ ਮਗਰੋਂ ਛੇਤੀ ਹੀ ਬਾਦਸ਼ਾਹੀ ਕਾਇਮ ਹੋ ਗਈ। ਵਸੇਬ ਦੀ ਏਕਤਾ ਟੁੱਟ ਗਈ ਤੇ ਬਾਦਸ਼ਾਹ ਤੇ ਰਿਆਇਆ, ਆਕਾ ਤੇ ਗ਼ੁਲਾਮ, ਖ਼ਾਸਾਂ ਤੇ ਆਮਾਂ ਵਿਚਾਲੇ ਹੱਦ ਉਲੀਕ ਦਿੱਤੀ ਗਈ। ਹੁਣ ਹਾਕਮ ਢਾਣੀ ਤੇ ਉਹਨਾਂ ਦੇ ਹਾਮੀਆਂ ਦਾ ਲਾਭ ਇਸ ਗੱਲ ਵਿਚ ਸੀ ਕਿ ਬੰਦੇ ਨੂੰ ਆਪਣੇ ਬੇਵੱਸ ਹੋਵਣ ਦਾ ਅਹਿਸਾਸ ਦਿਵਾਇਆ ਜਾਵੇ। ਉਹਦੇ ਲਈ ਇਹ ਤਾਕਤ ਤਾਂ ਹਥਿਆਰ ਸੀ। ਇਸ ਤਾਕਤ ਦੇ ਬਦਲੇ ਉਹਨੂੰ ਰੋਟੀ ਲੱਭਣੀ ਹੈ। ਹੁਣ ਹਾਕਮ ਆਪਣੀ ਰਿਆਇਆ ਨੂੰ ਛੜਾ ਕੰਮ ਕਰਣ ਲਈ ਕਹਿੰਦਾ ਹੈ ਜਿਸ ਦੇ ਬਦਲੇ ਉਹਨੂੰ ਰੋਟੀ ਲੱਭਦੀ ਹੈ। ਹੁਣ ਰਿਆਇਆ ਛੜੀ ਆਪਣੀ ਜਾਨ ਦੀ ਮਾਲਿਕ ਹੈ। ਉਹਨੇ ਭੁੱਖ ਨਾਲ਼ ਮਰਨ ਦੇ ਡਰ ਤੋਂ ਹਰ ਉਹ ਸ਼ਰਤ ਕਬੂਲ ਕਰਨੀ ਹੈ ਜੋ ਹਾਕਮ ਨੇ ਆਖਣੀ ਹੈ। ਇਸੇ ਤਰ੍ਹਾਂ ਹਾਕਮ ਢਾਣੀ ਲੋਕਾਂ ਦੀਆਂ ਗ਼ਰਜ਼ਾਂ ਲੋੜਾਂ ਆਪਣੇ ਹੁਕਮ ਥੱਲੇ ਰੱਖ ਕੇ ਉਹਨਾਂ ਨੂੰ ਗ਼ੁਲਾਮ ਰਖਦੀ ਹੈ।

ਦੂਜਾ ਹਰਬਾ ਉਹਨਾਂ ਕੋਲ਼ ਮਜ਼ਹਬ ਦਾ ਸੀ ਉਹ ਤਕਦੀਰ ਵਰਗੇ ਅਜਿਹੇ ਵਿਚਾਰਾਂ ਦਾ ਪ੍ਰਚਾਰ ਕਰਦੇ ਹਨ ਜਿਹੜੇ ਬਾਦਸ਼ਾਹੀ ਦੇ ਲਾਭ ਦੀ ਰੱਖਿਆ ਕਰਦੇ ਸਨ। ਉਹ ਸੁਣਾਂਦੇ ਰੱਬ ਦਾ ਕਲਾਮ ਕਰ ਕੇ ਸਨ ਤੇ ਨੀਂਹ ਆਪਣੀ ਪੱਕੀ ਕਰਦੇ ਸਨ। ਰੱਬ ਦੇ ਕਲਾਮ ਨੂੰ ਸਮਾਜੀ ਬੀਮਾਰੀਆਂ ਦਾ ਦਵਾ ਦਾਰੂ ਤੇ ਉਪਾ ਦਸਦੇ ਸਨ ਤੇ ਸ਼ਫ਼ਾ ਬਾਦਸ਼ਾਹਵਾਂ ਨੂੰ ਹੋ ਜਾਂਦੀ ਸੀ। ਉਹਨਾਂ ਦੇ ਪ੍ਰਚਾਰੇ ਤਕਦੀਰ ਦੇ ਅਕੀਦੇ ਨਾਲ਼ ਬੰਦੇ ਨੂੰ ਪੱਕ ਹੋ ਜਾਂਦਾ ਸੀ ਕਿ ਮੈਨੂੰ ਆਪਣੀ ਜ਼ਿੰਦਗੀ ਤੇ ਉੱਕਾ ਕੋਈ ਇਖ਼ਤਿਆਰ ਨਹੀਂ। ਮੈਂ ਨਾ ਆਪਣੇ ਹਾਲਾਤ ਨੂੰ ਸੁਧਾਰ ਸਕਨਾਂ ਨਾ ਮੇਰੇ ਅਮਲ ਨਾਲ਼ ਦੁਨੀਆ ਵਿਚ ਕੋਈ ਤਬਦੀਲੀ ਆਉਣੀ ਏ। ਇਸ ਲਈ ਉਹ ਆਪਣੇ ਆਲ਼ੇ ਦੁਆਲ਼ੇ ਹੋਵਣ ਵਾਲ਼ੇ ਹਰ ਕਾਰੇ ਨੂੰ ਬੇਕਾਰ ਸਮਝਣ ਲੱਗ ਪੈਂਦਾ ਹੈ। ਬਾਬਾ ਜੀ ਹੋਰਾਂ ਅਜਿਹੇ ਵਿਚਾਰਾਂ ਨੂੰ ਵਿੱਸ ਗੰਦਲ਼ਾਂ, ਜ਼ਹਿਰ ਵਾਲ਼ੀਆਂ ਗੰਦਲ਼ਾਂ ਆਖਦੇ ਨੇਂ ਤੇ ਇਹਨਾਂ ਵਿਚਾਰਾਂ ਤੇ ਮਜ਼ਹਬ ਦੇ ਉਛਾੜ ਨੂੰ ਖੰਡ ਲਵਾੜ ਆਖਦੇ ਨੇਂ। ਸ਼ਲੋਕ ਹੈ –

ਫ਼ਰੀਦਾ ਇਹ ਵਿੱਸ ਗੰਦਲਾਂ ਧਰੀਆਂ ਖੰਡ ਲਵਾੜ
ਇਕ ਰਾਹਿੰਦੇ ਰਾਹ ਗਏ ਇਕ ਰਾਹੀ ਗਏ ਉਜਾੜ

ਫ਼ਰਮਾਉਂਦੇ ਨੇਂ ਕਿ ਫ਼ਰੀਦਾ ਇਹ ਜ਼ਹਿਰ ਵਾਲ਼ੀਆਂ ਗੰਦਲਾਂ ਲਬੇੜ ਕੇ ਰੱਖੀਆਂ ਪਈਆਂ ਨੇਂ। ਇਕ ਢਾਣੀ ਇਹਨਾਂ ਜ਼ਹਿਰੀ ਗੰਦਲਾਂ ਦੀ

Academy of the Punjab in North America: http://www.apnaorg.com

ਫ਼ਸਲ ਬੀਜਦੀ ਹੈ ਤੇ ਦੂਜੀ ਧਿਰ ਇਹਨਾਂ ਵਿਸ ਗੰਦਲਾਂ ਦੀ ਫੁੱਟੀ ਹੋਈ ਵਾਹੀ ਨੂੰ ਉਜਾੜਦੀ ਹੈ। ਬੰਦੇ ਨੂੰ ਆਪਣੀ ਹਯਾਤੀ ਤੇ ਵਸੇਬ ਨੂੰ ਤਬਦੀਲ ਕਰਣ ਤੇ ਵਿੱਸ ਰੱਖਣ ਵਾਲ਼ਾ ਜੀ ਬਣਾ ਕੇ, ਜ਼ਿੰਮੇਵਾਰੀ ਦੀ ਇਹ ਪੋਟਲੀ ਬੰਨ੍ਹ ਕੇ, ਚੁਕਾ ਕੇ, ਜ਼ਿੰਦਗੀ ਨੂੰ ਸੱਚੀ ਲੋੜਵੰਦ ਬਣਾ ਕੇ। ਫੇਰ ਉਹ ਹਾਕਮ ਢਾਣੀ ਦੇ ਲਾਭ ਦੀ ਰੱਖਿਆ ਕਰਣ ਵਾਲ਼ੇ ਫ਼ਰੇਬ ਵਿਚਾਰਾਂ ਦੇ ਜਾਲ਼ ਨੂੰ ਛੱਪੜ ਦੀ ਰਮਜ਼ ਨਾਲ਼ ਤੇ ਸੱਚੀ ਲੋੜਵੰਦ ਜ਼ਿੰਦਗੀ ਨੂੰ ਸਰਵਰ ਦੀ ਰਮਜ਼ ਨਾਲ਼ ਉਘਾੜਦੇ ਨੇਂ -

ਸੋ ਈ ਸਰਵਰ ਢੂੰਢ ਲਹਿ ਜਿਥੋਂ ਲੱਭੀ ਵੱਥ
ਛੱਪੜ ਢੂੰਡੇ ਕਿਆ ਹੋਵੇ ਚਿੱਕੜ ਡੁੱਬੇ ਹੱਥ

ਲੋਕ ਸਿਆਣਪ ਵਾਲ਼ਾ ਸਰਵਰ ਲੱਭ ਜਿਥੋਂ ਤੈਨੂੰ ਲੋਕ ਪ੍ਰੇਮ ਦਾ ਮੋਤੀ ਲੱਭੇ। ਛੱਪੜ ਵਿਚ ਹੱਥ ਮਾਰਿਆਂ ਹਾਕਮ ਢਾਣੀ ਦੇ ਫ਼ਰੇਬ ਵਿਚਾਰਾਂ ਵਿਚ ਲਿੱਬੜ ਜਾਵੇਂਗਾ। ਰਿਆਇਆ ਦੀ, ਗ਼ੁਲਾਮਾਂ ਦੀ, ਆਮਾਂ ਦੀ ਗੱਲ ਕਰਣ ਵਾਲ਼ਿਆਂ ਦਾ ਫ਼ਿਕਰੀ ਧੁਰਾ। ਤੂੰਬਲੀ ਚੂਕਲਾ ਬੰਦੇ ਦੀ ਸਾਵੀਂ ਹੈਸੀਅਤ ਮਨਵਾਉਣ ਸੀ। ਉਹਨਾਂ ਆਪਣੀ ਸਾਰੀ ਸਿਆਣਪ ਦੀ ਉਸਾਰੀ ਬੰਦੇ ਦੀ ਸਾਵੀਂ ਹੈਸੀਅਤ ਮੰਨਵਾਉਣ ਤੇ ਕੀਤੀ। ਉਹਨਾਂ ਜੇ ਕੋਈ ਜਗ ਸਾਰ ਬਣਾਈ ਜਾਂ ਰੱਬ ਸਾਰ ਵਰਤਾਈ ਤਾਂ ਇਸ ਤੋਖਲੀ ਚੂਕਲੇ ਦੁਆਲ਼ੇ। ਜੇ ਦਰਵੇਸ਼ੀ ਵਿਚ ਵਹਦਤ-ਅਲ-ਵਜੂਦ ਆਇਆ ਤਾਂ ਓਸ ਦਾ ਮਰਕਜ਼ ਬੰਦੇ ਦੀ ਬਰਾਬਰੀ ਸੀ। ਵਹਦਤ-ਅਲ-ਵਜੂਦ ਦਾ ਸਮਾਜੀ ਲਾਭ ਬਰਾਬਰੀ ਸੀ। ਦਰ ਦਰਵੇਸ਼ੀ ਮੂਜਬ ਕੁਦਰਤ ਨੇ ਬੰਦੇ ਨੂੰ ਓਸ ਦੇ ਹੱਕਾਂ ਤੇ ਲੋੜਾਂ ਮੂਜਬ ਸਾਵਾਂ ਪੈਦਾ ਕੀਤਾ ਹੈ। ਜ਼ਾਤੀ ਮਲਕੀਅਤ ਦੀ ਹਿਰਸ ਰੱਖਣ ਵਾਲ਼ਿਆਂ ਕੁਦਰਤ ਦੇ ਕਨੂੰਨ ਦੀ ਉਲੰਘਣਾ ਕਰ ਕੇ ਫ਼ਿਤਰਤ ਦੀ ਬਰਾਬਰੀ ਦੀ ਥਾਂ ਨਾਬਰਾਬਰੀ ਦੇ ਜ਼ਹਿਰੀ ਬੀਜ ਬੋਏ ਨੇਂ। ਜਿਥੇ ਨਾਬਰਾਬਰੀ ਹੋਵੇਗੀ, ਉਥੇ ਬੇ ਇਨਸਾਫ਼ੀ ਹੋਵਣੀ ਲਾਜ਼ਮੀ ਹੈ। ਇਕ ਪਾਸੇ ਰਿਜ਼ਕ ਦੇ ਵਸੀਲਿਆਂ ਤੇ ਕਬਜ਼ਾ ਦੂਜੇ ਪਾਸੇ ਜੇ ਮੁਥਾਜੀ ਕਾਇਮ ਰਹਵੇਗੀ ਤੇ ਦੋਵਾਂ ਢਾਣੀਆਂ ਵਿਚਕਾਰ ਜੰਗ ਰੁਵੇਗੀ। ਓਸ ਦਾ ਖ਼ਿਆਲ ਰੂਪ ਤੇ ਅਮਲੀ ਸ਼ਕਲ ਆਪਣੇ ਵੇਲ਼ੇ ਤੇ ਮੁਕਾਮ ਨਾਲ਼ ਮੇਲ ਖਾਂਦੇ ਹੋਵਣਗੇ।

ਉਹਨਾਂ ਬੰਦੇ ਦੀ ਬਰਾਬਰੀ ਨੂੰ ਸਾਬਤ ਕਰਣ ਲਈ ਇਸ ਗੱਲ ਤੇ ਜ਼ੋਰ ਦਿੱਤਾ ਕਿ ਬੰਦੇ ਦਾ ਜੰਮਣ ਮਰਣ ਜ਼ਿੰਦਗੀ ਦੀਆਂ ਲੋੜਾਂ, ਕੁਦਰਤ ਦਾ ਵਿਹਾਰ ਇੱਕੋ ਜਿਹਾ ਹੈ। ਕੁਦਰਤ ਨੇ ਹਰ ਜੀਅ ਨੂੰ ਆਜ਼ਾਦ ਤੇ ਸਾਵਾਂ ਪੈਦਾ ਕੀਤਾ ਹੈ। ਕੁਦਰਤ ਨੇ ਨਾ ਬਾਦਸ਼ਾਹ ਪੈਦਾ ਕੀਤੇ ਨਾ ਹਾਕਮ, ਨਾ ਆਕਾ ਨਾ ਗ਼ੁਲਾਮ। ਨਾ ਅਮੀਰ ਨਾ ਗ਼ਰੀਬ। ਕੁੱਝ ਲੋਕਾਂ ਲਬ-ਲੋਭ ਨਾਲ਼ ਮਾਲ ਦੌਲਤ ਕੱਠਾ ਕਰ ਕੇ ਨਾਬਰਾਬਰੀ ਦੀ ਨੀਂਹ ਰੱਖੀ। ਰੱਬ ਨੇ ਉੱਚੀ ਨਸਲ ਪੈਦਾ ਕਰਨੀ ਹੁੰਦੀ ਤਾਂ ਕਿਸੇ ਦੀਆਂ ਹੱਡੀਆਂ ਸੋਨੇ ਦੀਆਂ ਬਣਾ ਦਿੰਦਾ ਜਾਂ ਕਿਸੇ ਦੇ ਦੰਦਾਂ ਦੀ ਥਾਂ ਹੀਰੇ ਜੜ ਦਿੰਦਾ। ਕੁਦਰਤ ਨੇ ਸਭ ਨੂੰ ਇੱਕੋ ਜਿਹਾ ਸਰੀਰ ਤੇ ਇੱਕੋ ਜਿਹੇ ਗੁਣ ਦਿੱਤੇ ਨੇਂ। ਜਿਹੜਾ ਫ਼ਰਕ ਸਾਨੂੰ ਨਜ਼ਰ ਆਉਂਦਾ ਏ ਉਹ ਸਦੀਆਂ ਜਬਰ ਦੇ ਹਾਲਾਤ ਹੇਠ ਜ਼ਿੰਦਗੀ ਗੁਜ਼ਾਰਣ ਕਾਰਨ ਹੈ।

ਰੱਬ ਸਾਰ

ਬੰਦੇ ਦੀ ਆਪਣੀ ਸੋਚ ਰਾਹੀਂ ਬਣਾਇਆ ਰੱਬ ਦਾ ਚਿੱਤਰ ਰੱਬ ਸਾਰ ਹੈ, ਜਿਹੜੀ ਹਰ ਵਸੇਬ ਦੀ ਆਪੋ ਆਪਣੀ ਰਹੀ ਹੈ। ਜ਼ਮਾਨੇ ਨਾਲ਼ ਬਦਲਦੀ ਵੀ ਰਹੀ ਹੈ। ਇਹ ਵੱਢੇ ਮਜ਼ਹਬਾਂ ਰਾਹੀਂ ਪੇਸ਼ ਹੋਏ ਰੱਬ ਦੇ ਤਸੱਵਰ ਤੋਂ ਅੱਡ ਹੈ। ਰੱਬ ਸਾਰ ਹਰ ਬੰਦੇ ਦੀ ਵੀ ਅੱਡੋ-ਅੱਡ ਹੋ ਸਕਦੀ ਹੈ। ਪਰ ਅਸੀਂ ਬਾਦਸ਼ਾਹੀ ਦੌਰ ਦੇ ਤਬਕਾਤੀ ਨਿਜ਼ਾਮ ਵਿਚ ਪੇਸ਼ ਹੋਏ ਰੱਬ ਦੇ ਚਿੱਤਰ ਤੀਕਰ ਸੋੜੇ ਰਹਵਾਂਗੇ। ਵਾਹੀ ਬੀਜੀ ਦੇ ਮੁੱਢਲੇ ਦੌਰ ਬੰਦਾ ਕੁਦਰਤ ਦੇ ਕਨੂਨਾਂ ਤੋਂ ਅੰਨਸੂੰਹਾ ਸੀ। ਵਾਹੀ ਬੀਜੀ ਦੇ ਇਸ ਮੁੱਢਲੇ ਦੌਰ ਤੋਂ ਅਗਾਂਹ ਲੰਘ ਕੇ ਬਾਦਸ਼ਾਹੀ ਦਾ ਸਿਆਸੀ ਨਿਜ਼ਾਮ ਆ ਗਿਆ। ਓਸ ਵੇਲ਼ੇ ਦੇ ਬੰਦੇ ਦੀ ਸੁਰਤ ਦੀ ਪੁਹੰਚ ਕਾਇਨਾਤ ਦੇ ਪ੍ਰਬੰਧ ਨੂੰ ਇਸ ਦੇ ਕਾਰ ਵਿਹਾਰ ਨੂੰ

Academy of the Punjab in North America: http://www.apnaorg.com

ਇਕ ਵੱਢੇ ਪਸਾਰ ਵਾਲ਼ੀ ਬਾਦਸ਼ਾਹੀ ਦੀ ਸ਼ਕਲ ਵਿਚ ਸਮਝਣ ਤੋਂ ਵੱਧ ਨਹੀਂ ਸੀ। ਓਸ ਵੇਲ਼ੇ ਦੇ ਬੰਦੇ ਦਾ ਖ਼ਿਆਲ ਸੀ ਕਿ ਜਿਵੇਂ ਬਾਦਸ਼ਾਹ ਆਪਣੇ ਵਜ਼ੀਰਾਂ ਦਰਬਾਰੀਆਂ ਰਾਹੀਂ ਹਕੂਮਤ ਕਰਦਾ ਹੈ, ਇੰਜ ਈ ਰੱਬ ਦੀ ਬਾਦਸ਼ਾਹੀ ਹੈ। ਜਿਸ ਤਰ੍ਹਾਂ ਬਾਦਸ਼ਾਹ ਨੂੰ ਆਪਣੇ ਦੁਸ਼ਮਣਾਂ ਨਾਲ਼ ਲੜਨਾ ਪੈਂਦਾ ਹੈ ਇੰਜ ਈ ਰੱਬ ਨੂੰ ਵੀ ਸ਼ੈਤਾਨੀ ਤਾਕਤਾਂ ਨਾਲ਼ ਲੜਾਈ ਲੜਨੀ ਪੈਂਦੀ ਹੈ।

ਇਕ ਬੇਪੱਧਰੇ ਵਸੇਬ ਵਿਚ ਅਜਿਹੀ ਰੱਬ ਸਾਰ ਬਾਦਸ਼ਾਹੀ ਨਿਜ਼ਾਮ ਨੂੰ ਕਾਇਮ ਰੱਖਣ ਵਾਲਿਆਂ ਲਈ ਆਸਰਾ ਵੀ ਸੀ ਕਿਉਂ ਜੋ ਬਾਦਸ਼ਾਹ ਕਿਸੇ ਅਸੂਲ ਕਨੂੰਨ ਦਾ ਬੱਧਾ ਹੋਇਆ ਨਹੀਂ ਸੀ। ਵਸੇਬ ਤੋਂ ਵੱਖ ਉੱਚੀਆਂ ਸ਼ਾਨਾਂ ਵਾਲ਼ਾ। ਓਸ ਨੂੰ ਰਿਆਇਆ ਦੀ ਜ਼ਿੱਦ ਬਣਾ ਕੇ ਪੇਸ਼ ਕੀਤਾ ਜਾਂਦਾ ਸੀ। ਬਾਦਸ਼ਾਹ ਦਾ ਹੁਕਮ ਹਰ ਸ਼ੈਅ ਤੇ ਚਲਦਾ ਹੈ ਤੇ ਰਿਆਇਆ ਵਿਚਾਰੀ ਮਜਬੂਰ ਬੇਵੱਸ ਹੈ। ਰਿਆਇਆ ਆਪਣੀ ਨਫ਼ੀ ਕਰ ਕੇ ਬਾਦਸ਼ਾਹ ਦੀ ਮਰਜ਼ੀ ਤੇ ਚਲੇ ਇਹੋ ਓਸ ਦਾ ਦੁਨੀਆ ਤੇ ਆਉਣ ਦਾ ਕਾਰਨ ਹੈ। ਇਸ ਦੇ ਮੁਕਾਬਲੇ ਵਿਚ ਬੇਪੱਧਰੇ ਨਿਜ਼ਾਮ ਨੂੰ ਉਜਾੜ ਕੇ ਬਰਾਬਰੀ ਕਾਇਮ ਕਰਨ ਦਾ ਸਬਕ ਦੇਵਣ ਵਾਲਿਆਂ ਰੱਬ ਨੂੰ ਬੰਦੇ ਦੇ ਮੰਨ ਦਾ ਵਾਸੀ ਦੱਸਿਆ ਹੈ।

ਦਰਬਾਰੀ ਸੂਫ਼ਵਾਨ ਰੱਬ ਦੇ ਹਰ ਬੰਦੇ ਦੇ ਮਨ ਵਿਚ ਵੱਸਣ ਵਾਲ਼ੀ ਰੱਬ ਸਾਰ ਦੀ ਕੁੱਖ ਵਿਚ ਗੁੱਝੀ ਬਰਾਬਰੀ, ਬੰਦਿਆਈ ਦੀ ਵਡਿਆਈ , ਬੰਦੇ ਵਿਚ ਬਸ਼ਰੀਅਤ ਦੀ ਹੱਦ ਤੀਕਰ ਰੱਬੀ ਸਿਫ਼ਤਾਂ ਦਾ ਉਘਾੜ ਤੇ ਬੰਦੇ ਦੇ ਮਨ ਦਾ ਕੁਦਰਤੀ ਤੌਰ ਤੇ ਪਵਿੱਤਰ ਹੋਵਣ ਰਾਹੀਂ ਬੇਪੱਧਰੇ ਨਿਜ਼ਾਮ ਦਾ ਵੈਰੀ ਵੇਖ ਰਹੇ ਸਨ, ਇਸ ਲਈ ਇਸ ਨਜ਼ਰੀਏ ਦੀ ਦਰਬਾਰੀ ਆਲਮਾਂ ਵਿਚ ਕਬੂਲੀਅਤ ਨਹੀਂ ਹੋਈ। ਦਰਬਾਰੀ ਆਲਮਾਂ ਤਾਂ ਰੱਬ ਦਾ ਚਿਤਰ ਬਾਦਸ਼ਾਹ ਦੀ ਹਰ ਪਲ ਵਟੀਜਦੀ ਤਬੀਅਤ ਨੂੰ ਮੂਹਰੇ ਰੱਖ ਕੇ ਬਣਾਇਆ ਸੀ ਕਿ ਜੇ ਬਾਦਸ਼ਾਹ ਕਿਸੇ ਤੇ ਮਿਹਰਬਾਨ ਹੁੰਦਾ ਸੀ ਤਾਂ ਵੀ ਉਹ ਅੰਦਰੋਂ ਅੰਦਰੀ ਡਰਦਾ ਸੀ ਕਿ ਖ਼ੋਰੇ ਅਗਲੇ ਪੱਲ ਬਾਦਸ਼ਾਹ ਸਿਰ ਲਾਹੁਣ ਦਾ ਹੁਕਮ ਨਾ ਦੇ ਦੇਵੇ। ਤੇ ਕੋਈ ਬਾਦਸ਼ਾਹ ਦੇ ਮੂੰਹ ਤੇ ਗਾਲ਼ ਕੱਢ ਦਿੰਦਾ ਸੀ ਤੇ ਬਾਦਸ਼ਾਹ ਖ਼ੁਸ਼ ਹੋ ਕੇ ਓਸ ਨੂੰ ਇਨਾਮ ਕਰਾਮ ਦੇ ਦਿੰਦਾ ਸੀ। ਅਜਿਹਾ ਭੌਹ ਬਾਦਸ਼ਾਹੀ ਦੇ ਨਿਜ਼ਾਮ ਨੂੰ ਕਾਇਮ ਰੱਖਣ ਲਈ ਹਰ ਬੰਦੇ ਨਾਲ਼ ਓਸ ਦਾ ਪਰਛਾਵਾਂ ਬਣਾ ਕੇ ਟੋਰਿਆ ਜਾਂਦਾ ਸੀ। ਇਸੇ ਕਾਰਨ ਰੱਬ ਸਾਰ ਦੀ ਉਸਾਰੀ ਹਰ ਵੇਲ਼ੇ ਰੱਬ ਤੋਂ ਡਰਨ ਤੇ ਕੀਤੀ ਹੋਈ ਸੀ। ਜ਼ਿੰਦਗੀ ਦੇ ਸਾਰੇ ਫ਼ਾਇਦੇ ਨੁਕਸਾਨ ਇਸ ਨਾਲ ਜੋੜੇ ਹੋਏ ਸਨ। ਇਥੋਂ ਤੀਕਰ ਕਿ ਕੋਈ ਬੰਦਾ ਖੁਲ੍ਹ ਕੇ ਹੱਸਣ ਤੋਂ ਵੀ ਡਰਦਾ ਸੀ ਕਿ ਕਿਧਰੇ ਰੱਬ ਦੀ ਪਕੜ ਵਿਚ ਨਾ ਆ ਜਾਵੇ। ਬਾਬਾ ਜੀ ਹੋਰਾਂ ਰੱਬ ਦੇ ਅਮੂਰਤ ਚਿਤਰ ਨੂੰ ਮਹਿਸੂਸ ਸ਼ੈਵਾਂ ਦੀਆਂ ਰਮਜ਼ਾਂ ਰਾਹੀਂ ਇੰਜ ਬਿਆਨ ਕੀਤਾ –

ਫ਼ਰੀਦਾ ਸ਼ੱਕਰ ਖੰਡ ਨਵਾਤ ਗੁੜ ਮਾਖਿਓ ਮਾਝਾ ਦੁੱਧ
ਸਭੇ ਵਸਤੂ ਮਿੱਠੀਆਂ ਰੱਬ ਨਾ ਪੁੱਜਣ ਤੁਧ

ਮਿੱਠੀ ਸ਼ੈਅ ਹਰ ਮੰਨ ਭਾਂਦੀ ਸ਼ੈਅ ਹੁੰਦੀ ਹੈ। ਓਸ ਤੋਂ ਕਦੀ ਕੋਈ ਨਹੀਂ ਡਰਿਆ। ਕੌੜੀ ਸ਼ੈਅ ਨੂੰ ਆਖਿਆ ਜਾਂਦਾ ਹੈ ਕਿ ਕੌੜੀ ਜ਼ਹਿਰ ਹੈ। ਕੌੜ ਨੂੰ ਮੌਤ ਨਾਲ਼ ਜੋੜਿਆ ਹੋਇਆ ਹੈ। ਤੇ ਮਿਠਾਸ ਨੂੰ ਹਯਾਤੀ ਨਾਲ਼। ਰੱਬ ਅਜਿਹੀ ਮਿੱਠੀ ਸ਼ੈਅ ਹੈ, ਜਿਹੜੀ ਮੁਰਦਾ ਵਸੇਬ ਨੂੰ ਹਯਾਤੀ ਬਖ਼ਸ਼ਦੀ ਹੈ। ਖ਼ੁਸ਼ੀ ਤੇ ਮਿਠਾਈ ਵੰਡੀ ਜਾਂਦੀ ਹੈ। ਬਾਬਾ ਜੀ ਆਖਦੇ ਨੇਂ ਕਿ ਰੱਬ ਤਾਂ ਖ਼ੁਸ਼ੀਆਂ ਨੂੰ ਸਾਂਝੀਆਂ ਕਰਨ ਵਾਲ਼ੀ ਕਿਸੇ ਵੀ ਮਿੱਠੀ ਸ਼ੈਅ ਤੋਂ ਬਹੁਤ ਮਿੱਠਾ ਹੈ। ਰੱਬ ਸਾਰ ਦੇ ਅਜੋਕੇ ਕੁੱਝ ਸੂਫ਼ਵਾਨ ਆਖਦੇ ਨੇਂ ਕਿ ਤੁਸੀਂ ਇਹ ਦੱਸੋ ਕੋਈ ਕੌਮ ਯਾਂ ਕੋਈ ਵਸੇਬ ਕਿਹੋ ਜਿਹਾ ਰੱਬ ਦਾ ਤਸੱਵਰ ਰਖਦਾ ਹੈ ਤੇ ਅਸੀਂ ਤੁਹਾਨੂੰ ਓਸ ਵਸੇਬ ਦਾ ਪੂਰਾ ਨਕਸ਼ਾ ਉਲੀਕ ਦੇਨੇ ਆਂ। ਇਥੋਂ ਤੀਕਰ ਕਿ ਬੰਦਿਆਂ ਦਾ ਆਪਸੀ ਰਿਸ਼ਤਾ। ਕਿਉਂ ਜੋ ਰੱਬ ਦੇ ਤਸੱਵਰ ਦਾ ਅਸਰ ਬੰਦਿਆਂ ਦੇ ਆਪਸੀ ਤਾਅਲੁਕਾਤ ਤੇ ਵੀ ਹੁੰਦਾ ਹੈ। ਜਿਹੜੇ

Academy of the Punjab in North America: http://www.apnaorg.com

ਲੋਕ ਰੱਬ ਨੂੰ ਬੰਦਿਆਈ ਵਸੇਬ ਤੋਂ ਬਹੁਤ ਦੂਰ ਵਿਜੋਗੀਆ ਹੋਇਆ ਪੇਸ਼ ਕਰਦੇ ਨੇਂ, ਉਹਨਾਂ ਨੂੰ ਰੱਬ ਨਾਲ ਆਪਣਾ ਸਬੰਧ ਕਾਇਮ ਕਰਨ ਲਈ ਲੋਕਾਈ ਤੋਂ ਆਪਣਾ ਸਬੰਧ ਤੋੜਨਾ ਪੈਂਦਾ ਹੈ ਤੇ ਜਿਹੜੇ ਇਹ ਆਖਦੇ ਨੇਂ ਕਿ :

ਵਸੀ ਰੱਬ ਹੀਆਲੀਏ, ਜੰਗਲ ਕਿਆ ਢੂੰਡੋਂ

ਉਹਨਾਂ ਨੂੰ ਰੱਬ ਨਾਲ ਸਬੰਧ ਲੋਕਾਈ ਨਾਲ ਜੁੜ ਕੇ ਕਾਇਮ ਕਰਨਾ ਪੈਂਦਾ ਹੈ। ਇਸ ਰਾਹੀਂ ਲੋਕਾਈ ਨੂੰ ਇੱਜ਼ਤ ਦਾ ਪਵਿੱਤਰ ਮੁਕਾਮ ਦਿੱਤਾ। ਇਸ ਰੱਬ ਸਾਰ ਦਾ ਸਮਾਜੀ ਲਾਭ ਕੀ ਹੋਇਆ? ਬਾਦਸ਼ਾਹੀ ਤੇ ਓਸ ਨੂੰ ਆਸਰਾ ਕਰਾਉਣ ਵਾਲੀਆਂ ਨਿੱਕੀਆਂ ਨਿੱਕੀਆਂ ਹਾਕਮੀਆਂ ਇਸ ਗੱਲ ਤੇ ਕਾਇਮ ਸਨ ਕਿ ਉੱਚੀ ਨਸਲ ਵਿਚ ਉਚੇਚੇ ਗੁਣ ਹੁੰਦੇ ਨੇਂ। ਇਸ ਲਈ ਹਾਕਮੀ ਉਹਨਾਂ ਦਾ ਹੱਕ ਹੈ। ਇਹ ਵੰਡ ਰੱਬੀ ਹੈ। ਬੰਦਾ ਤਕਦੀਰ ਹੱਥੋਂ ਬੇਵੱਸ ਕਰ ਕੇ ਦੁਨੀਆ ਤੇ ਭੇਜਿਆ ਗਿਆ ਹੈ। ਓਸ ਦੇ ਵਿਰੋਧ ਇਹ ਰੱਬ ਸਾਰ ਵੰਡ ਨੂੰ ਜਾਇਜ਼ ਕਰਨ ਵਾਲੀ ਹਰ ਸਿਆਣਪ, ਹਰ ਮਨ ਘੜਤ ਮਜ਼ਬੂਤੀ ਵਿਚਾਰ, ਹਰ ਇਲਮ ਤੇ ਹਰ ਕਲਾ ਦੇ ਖ਼ਿਲਾਫ਼ ਹਥਿਆਰ ਸੀ। ਇਹ ਬੰਦਿਆਈ ਦੀ ਇਕਸਾਰਤਾ ਦੀ ਗੱਲ ਹੈ। ਨਾ ਏਥੇ ਦੀਨ ਧਰਮ ਦੀ ਵੰਡ ਹੈ, ਨਾ ਉੱਚੀ ਨੀਵੀਂ ਜ਼ਾਤ ਨਸਲ ਦੀ ਵੰਡ ਹੈ। ਨਾ ਮਰਦ ਔਰਤ ਦੀ ਤਫ਼ਰੀਕ ਹੈ। ਸਭ ਬੰਦੇ 'ਸਭਨਾਂ ਮਨ ਮਾਣਕ' 'ਸਭਨਾਂ ਮੇਂ ਸੱਚਾ ਧਨੀ' ਹੋਣ ਕਰ ਕੇ ਸਾਵੇਂ ਨੇਂ।

ਉਹਨਾਂ ਦੀ ਰੱਬ ਸਾਰ ਦਾ ਦੂਜਾ ਅੰਗ ਇਹ ਹੈ ਕਿ ਉਹ ਸਮਝਾਉਣਾ ਇਹ ਚਾਹੁੰਦੇ ਨੇਂ ਕਿ ਕੁਦਰਤ ਨੂੰ ਸਾਡੀਆਂ ਚਾਵਾਂ ਸੱਧਰਾਂ ਤੇ ਆਦਰਸ਼ਾਂ ਨਾਲ ਕੋਈ ਮਤਲਬ ਨਹੀਂ। ਰੱਬ ਨੇ ਹਰ ਸ਼ੈਅ ਦੇ ਜ਼ੱਰੇ-ਜ਼ੱਰੇ ਵਿਚ ਕੁੱਝ ਅਨਮੋੜ, ਅਨਝਕ ਤੇ ਅਟੱਲ ਕਨੂੰਨ ਮੜ੍ਹ ਦਿੱਤੇ ਨੇਂ। ਓਸ ਵੇਲ਼ੇ ਦੀ ਲੋਕਾਈ ਦੀ ਨਿੱਤ ਦੀ ਵਾਪਰੀ ਵਾਹੀ ਬੀਜੀ ਚੋਂ ਮਿਸਾਲ ਲੈ ਕੇ ਸਮਝਾਂਦੇ ਨੇਂ ਕਿ ਪਾਣੀ ਖੇਤੀ ਨੂੰ ਹਰੀ ਭਰੀ ਕਰਣ ਦਾ ਵਸੀਲਾ ਹੈ, ਇਹ ਰੱਬ ਦਾ ਕਨੂੰਨ ਹੈ। ਪਾਣੀ ਨਾ ਮਿਲਣ ਕਾਰਨ ਖੇਤੀ ਸੜ ਜਾਂਦੀ ਹੈ, ਇਹ ਵੀ ਰੱਬ ਦਾ ਕਨੂੰਨ ਹੈ। ਜੇ ਰੱਬ ਦੇ ਕਨੂੰਨਾਂ ਮੂਜਬ ਟੁਰੋਗੇ, ਓਸ ਦੇ ਮੁਤਾਬਿਕ ਓਸ ਦਾ ਨਤੀਜਾ ਪੈਦਾ ਹੋਵੇਗਾ। ਜਿਹੜਾ ਵਸੇਬ ਰੱਬ ਦੇ ਕਨੂੰਨਾਂ ਦੀ ਉਲੰਘਣਾ ਤੇ ਟੁਰਦਾ ਹੈ ਓਸ ਨੂੰ ਡੋਹਾਗਨ ਆਖਿਆ ਹੈ -

ਤੱਤੀ ਤੋਅ ਨਾ ਪਲਵੇ ਜੇ ਜਲ ਬੱਟੀ ਦੇ
ਫ਼ਰੀਦਾ ਜੋ ਡੋਹਾਗਨ ਰੱਬ ਦੀ ਝੂਰੇਦੀ ਝੂਰੇਅ

ਪਹਿਲੇ ਕੁਦਰਤ ਦਾ ਕਨੂੰਨ ਬਿਆਨ ਕੀਤਾ ਹੈ, ਫੇਰ ਓਸ ਨੂੰ ਬੰਦਿਆਂ ਦੀ ਜ਼ਿੰਦਗੀ ਦੀ ਮਿਸਾਲ ਨਾਲ ਜੋੜਿਆ ਹੈ ਕਿ ਰੱਬ ਦੇ ਕਨੂੰਨ ਦੀ ਉਲੰਘਣਾ ਕਰਨ ਨਾਲ ਜੋ ਤਬਾਹੀ ਲੱਥੀ ਹੋਈ ਏ, ਓਸ ਤੋਂ ਡਰੋ। ਉਹਨਾਂ ਦੀ ਰੱਬ ਸਾਰ ਦਾ ਤੀਜਾ ਅੰਗ ਇਹ ਹੈ ਕਿ ਸਾਡੇ ਸਾਹਮਣੇ ਦੀ ਦੁਨੀਆ ਵਿਚ ਜੋ ਕੁੱਝ ਵੀ ਹੋ ਰਹਿਆ ਹੈ ਓਸ ਦੇ ਹੋਵਣ ਮਗਰੋਂ ਅਮਲਾਂ ਦੀ ਲੜੀ ਹੈ। ਇਕ ਪਰੋਚਏਸਸ ਹੈ। ਰੋਟੀ ਦੀ ਮਿਸਾਲ ਹੀ ਲੈ ਲਉ, ਕਣਕ ਦੀ ਬਿਜਾਈ। ਫ਼ਸਲ ਨੂੰ ਵੇਲ਼ੇ ਸਿਰ ਪਾਣੀ। ਪਕਾਈ, ਕਟਾਈ, ਗਾਹ, ਆਟੇ ਦੀ ਪਿਸਾਈ, ਗੁੰਨਣ, ਪੇੜਾ ਤੇ ਫੇਰ ਰੋਟੀ। ਇਕ ਰੋਟੀ ਮਗਰ ਅਮਲਾਂ ਦੀ ਲੜੀ ਹੈ। ਇੰਜ ਕਦੀ ਨਹੀਂ ਹੋਇਆ ਕਿ ਅਸੀਂ ਸੋਚੀਏ ਰੋਟੀ ਤੇ ਰੋਟੀ ਬਣ ਜਾਵੇ।

ਇੰਜ ਈ ਮਿਸਾਲ ਹੈ ਮੀਂਹ ਦੀ। ਸਮੁੰਦਰਾਂ ਵਿਚੋਂ ਪਾਣੀ ਦਾ ਉੱਠਣ, ਫੇਰ ਠੰਡੀ ਥਾਂ ਤੇ ਇਸ ਪਾਣੀ ਦਾ ਧੁੰਦ ਬਣਨ। ਫੇਰ ਹਵਾਵਾਂ ਦਾ ਇਸ ਧੁੰਦ ਨੂੰ ਧੱਕ ਕੇ ਲਿਆ ਕੇ ਕਿਸੇ ਥਾਂ ਤੇ ਮੀਂਹ ਵਰਹਾਵਣ, ਇਕ ਲੜੀ ਵਾਰ ਅਮਲ ਹੈ। ਜੇ ਪਾਣੀ ਦੀ ਦੇਗਚੀ ਨੂੰ ਅੱਗ ਤੇ ਰੱਖ ਦਈਏ ਤਾਂ ਰੱਖਦਿਆਂ ਹੀ ਉਬਾਲ਼ਾ ਨਹੀਂ ਆਉਣ ਲੱਗ ਪੈਂਦਾ, ਉਹਦੇ ਵਾਸਤੇ ਇਕ ਵੇਲ਼ਾ ਚਾਹੀਦਾ ਹੈ। ਇਹ ਇਕ ਕਾਇਨਾਤੀ ਸੱਤ ਤੇ ਰੱਬ ਦਾ ਕਨੂੰਨ ਹੈ। ਫ਼ਰਮਾਂਦੇ ਨੇਂ -

ਪਹਿਲੇ ਪਹਿਰੇ ਫੁੱਲੜਾ ਫ਼ਲ ਭੀ ਪਿਛਲ ਰਾਤ
ਜੋ ਜਾਗਣ ਲਹਿਣ ਸੇ ਸਾਈ ਕੰਨੋਂ ਦਾਤ

Academy of the Punjab in North America: http://www.apnaorg.com

ਰਾਤ ਦੀ ਰਮਜ਼ ਦੇ ਮਾਅਨੀ ਮਿਥੇ ਹੋਏ ਨੇਂ। ਜਿੱਥੇ ਵਸੇਬ ਬੇਪੱਧਰਾ ਹੋਵੇਗਾ, ਉਥੇ ਦੇ ਸਾਰੇ ਇਲਮ, ਸਿਆਣਪ, ਮਜ਼ਬੂਤੀ ਵਿਚਾਰ ਤੇ ਕਲਾ ਹਾਕਮ ਤਬਕੇ ਹੀ ਰੱਖਿਆ ਕਰਣ ਵਾਲ਼ੇ ਹੋਵਣਗੇ। ਉਥੇ ਇਨਸਾਫ਼ ਨਹੀਂ ਹੋ ਸਕਦਾ। ਬਰਾਬਰੀ ਨਹੀਂ ਹੋਵੇਗੀ। ਆਜ਼ਾਦੀ ਨਹੀਂ ਹੋਵੇਗੀ। ਜ਼ੁਲਮ, ਅਨਿਆਂ, ਖੋਹ ਧਗਾਣ, ਧਰੋਹ ਲਈ ਅਜਿਹੇ ਦੌਰ ਨੂੰ ਰਾਤ ਆਖਿਆ ਜਾਂਦਾ ਹੈ। ਜੋ ਇਸ ਰਾਤ ਵਿਚ ਜਾਗਦੇ ਨੇ, ਸੁਚੇਤ ਨੇ ਆਪਣਿਆਂ ਹੱਕਾਂ ਲਈ, ਆਪਣੀ ਆਜ਼ਾਦੀ ਲਈ। ਤੇ 'ਜੋ' ਦਾ ਲਫ਼ਜ਼ ਕੱਲੇ ਕਾਰੇ ਲਈ ਨਹੀਂ ਹੈ। ਇਹ ਇਕ ਸਮੂਹ ਵੱਲ ਇਸ਼ਾਰਾ ਹੈ। ਇਕ ਮੇਲ ਤੇ ਢਾਣੀ ਦੀ ਗੱਲ ਹੈ। ਉਹਨਾਂ ਨੂੰ ਇਸ ਜਾਗਣ ਦੀ ਦਾਤ ਮਿਲਣੀ ਹੈ। ਇਹ ਦਾਤ ਵੀ ਲੜੀ ਵਾਰ ਹੈ। ਜੇ ਉਹਨਾਂ ਦੇ ਜਾਗਣ ਨਾਲ ਫੁੱਲੜਾ ਹੀ ਨਹੀਂ ਪੁੰਗਰਿਆ ਤੇ ਫ਼ਲ ਕਿਸ ਸ਼ੈਅ ਨੇ ਬਣਨਾ ਹੈ। ਤੁਹਾਡੇ ਅਮਲਾਂ ਦੇ ਠੀਕ ਹੋਵਣ ਦੀ ਉੱਚੀ ਪੱਧਰ ਲੜੀ ਵਾਰ ਨਤੀਜਾ ਹੈ। ਜਿਹਨਾਂ ਅਮਲਾਂ ਦੇ ਨਤੀਜੇ ਹੀ ਸਾਹਮਣੇ ਨਾ ਆਉਣ ਉਹਨਾਂ ਨੂੰ ਅਗਲੇ ਜਹਾਨ ਤੇ ਸੁੱਟ ਕੇ ਅਸੀਂ ਆਪਣੇ ਆਪ ਨੂੰ ਧੋਖੇ ਵਿਚ ਰੱਖ ਰਹੇ ਹੋਨੇ ਆਂ। ਬਾਬਾ ਜੀ ਫ਼ਰਮਾਂਦੇ ਨੇਂ ਕਿ ਸਾਈਂ (ਰੱਬ) ਜਾਗਣ ਵਾਲਿਆਂ ਨੂੰ ਦਾਤ ਦਿੰਦਾ ਹੈ ਪਰ ਮਹਿਸੂਸ ਸ਼ਕਲ ਵਿਚ ਤੇ ਲੜੀ ਵਾਰ। ਏਥੇ ਵੀ ਜਾਗਣ ਇਕ ਇਰਾਦੀ ਅਮਲ ਹੈ।

ਆਪ ਦੀ ਰੱਬ ਸਾਰ ਵਾਪਰਕ ਸੂਝ ਮੱਤ ਦੀ ਕਾਢ ਹੈ ਤੇ ਲੋਕ ਰੱਬ ਸਾਰ ਹੈ। ਇਕ ਹੋਰ ਥਾਂ ਰੁੱਖ ਦੀ ਮਿਸਾਲ ਦੇ ਕੇ ਆਖਦੇ ਨੇਂ -

ਸਾਹਿਬ ਦੀ ਕਰ ਚਾਕਰੀ ਦਿਲ ਦੀ ਲਾਹ ਭਰਾਂਦ
ਦਰਵੇਸ਼ਾਂ ਨੂੰ ਲੋੜੀਏ ਰੁੱਖਾਂ ਦੀ ਜੀਰਾਂਦ

ਜੇ ਰੱਬ ਦੀ ਸਹੀ ਸਿਆਣ ਕਰ ਲਈ ਹੈ ਤਾਂ ਦਿਲ ਵਿਚੋਂ ਇਹ ਖ਼ਿਆਲ ਕੱਢ ਦੇ ਕਿ ਤੇਰਾ ਅਮਲ ਬੇਨਤੀਜਾ ਰਹਿ ਜਾਵੇਗਾ। ਨਤੀਜੇ ਰਾਹੀਂ ਅਮਲ ਦੇ ਠੀਕ ਹੋਵਣ ਦਾ ਪੱਕ ਤੇ ਰੁੱਖਾਂ ਆਲ਼ੀ ਕਾਰ ਆਪਣੀਆਂ ਜੜ੍ਹਾਂ ਧਰਤੀ ਵਿਚ ਗੱਡੀ ਰੱਖਣ ਤੇ ਅਡੋਲ ਰਹਿਣ ਹੀ ਸਫਲਤਾ ਦਾ ਸਬੱਬ ਬਣਦਾ ਹੈ। ਦਰਵੇਸ਼ਾਂ ਨੂੰ ਚਾਹੀਦਾ ਹੈ ਕਿ ਉਹ ਆਪਣੀਆਂ ਜੜ੍ਹਾਂ ਲੋਕਾਈ ਵਿਚ ਗੱਡੀ ਰੱਖਣ ਤਾਂ ਜਾ ਕੇ ਇਸ ਬੂਟੇ ਨੂੰ ਫੱਲ ਲੱਗਣਾ ਹੈ। ਇਹੀ ਸਾਹਿਬ ਦੀ ਚਾਕਰੀ ਹੈ।

ਬਾਬਾ ਜੀ ਹੋਰਾਂ ਦੀ ਰੱਬ ਸਾਰ ਬੰਦੇ ਦੇ ਜਿਹੜੇ ਅਮਲਾਂ ਨਾਲ ਜੁੜੀ ਹੋਈ ਏ , ਉਹ ਸਮਾਜੀ ਅਮਲ ਨੇ। ਇਹਨਾਂ ਅਮਲਾਂ ਦਾ ਗੁਣ ਇਹ ਹੈ ਕਿ ਉਹ ਨਤੀਜਾ ਪੈਦਾ ਕਰਦੇ ਨੇਂ , ਜਿਵੇਂ ਤੁਸੀਂ ਕਿਸੇ ਮਿਸਤਰੀ ਨੂੰ ਬੂਹਾ ਬਣਾਉਣ ਵਾਸਤੇ ਬੁਲਾ ਲਉ। ਉਹ ਸਾਰਾ ਦਿਨ ਹਥਿਆਰ ਹੀ ਤੇਜ਼ ਕਰਦਾ ਰਹੇ ਤੇ ਬੂਹਾ ਨਾ ਬਣਾਵੇ। ਓਸ ਅਮਲ ਤਾਂ ਕੀਤਾ ਪਰ ਓਸ ਵਿਚ ਗੁਣ ਕੋਈ ਨਹੀਂ। ਅਜਿਹੇ ਅਮਲ ਰੱਬ ਦੇ ਦਰਬਾਰ ਵਿਚ ਸ਼ਰਮਿੰਦਾ ਹੋਵਣ ਵਾਲ਼ੀ ਗੱਲ ਏ।

ਫ਼ਰੀਦਾ ਜਿਨ੍ਹੀਂ ਕੰਮੀਂ ਨਾਹਿ ਗੁਣ, ਤੇ ਕਮਤੇ ਵਿਸਾਰ
ਮੱਤ ਸ਼ਰਮਿੰਦਾ ਥੀਵਈ ਸਾਈਂ ਦੇ ਦਰਬਾਰ

ਵਾਟ

ਇਕ ਹੈ ਮਕਸਦ ਤੇ ਮੰਜ਼ਿਲ। ਦੂਜਾ ਹੈ ਮਕਸਦ ਤੇ ਮੰਜ਼ਿਲ ਤੀਕਰ ਪੁੱਜਣ ਦਾ ਜ਼ਰੀਆ। ਮਕਸਦ ਜੁੜਿਆ ਹੁੰਦਾ ਹੈ ਨਜ਼ਰੀਏ ਨਾਲ਼ ਤੇ ਮਕਸਦ ਹਾਸਲ ਕਰਨ ਦਾ ਜ਼ਰੀਆ ਜੁੜਿਆ ਹੋਇਆ ਹੈ ਅਮਲ ਨਾਲ਼। ਮਕਸਦ ਤੀਕਰ ਪੁੱਜਣ ਦੇ ਵਸੀਲੇ ਨੂੰ ਵਾਟ ਆਖਦੇ ਨੇ। ਕਿਸੇ ਮੰਜ਼ਿਲ ਤੇ ਓਸ ਤੀਕਰ ਜਾਂਦੀ ਵਾਟ ਦਾ, ਕਿਸੇ ਨਜ਼ਰੀਏ ਤੇ ਅਮਲ ਦਾ ਆਪਸੀ ਸਬੰਧ ਫ਼ਰੀਦ ਜੀ ਹੋਰਾਂ ਇੰਜ ਬਿਆਨ ਕੀਤਾ ਹੈ ।

ਫ਼ਰੀਦਾ ਲੋੜੇ ਦਾਖ ਬਜੋੜੀਆਂ ਕਿੱਕਰ ਬੀਜੇ ਜੱਟ
ਹੰਡੇ ਉੱਨ ਕਤਾਇੰਦਾ ਪੈਧਾ ਲੋੜੇ ਪੱਟ

ਲਫ਼ਜ਼ੀ ਮਤਲਬ ਇਹ ਹੈ ਕਿ ਜੱਟ ਚਾਹੁੰਦਾ ਤਾਂ ਹੈ ਕਿ ਬਾਜੋੜ ਏਜੰਸੀ ਦੇ ਅੰਗੂਰ ਖਾਵੇ ਪਰ ਇਸ ਗ਼ਰਜ਼ ਨੂੰ ਹਾਸਲ ਕਰਨ ਲਈ ਕਿੱਕਰ ਬੀਜ ਦਿੱਤਾ ਸੂ। ਜਾਂ ਦੂਜੀ ਮਿਸਾਲ ਦਿੰਦੇ ਨੇਂ ਕਿ ਪਾਉਣਾ ਚਾਹੁੰਦਾ ਹੈ ਰੇਸ਼ਮ ਪਰ ਸਾਰਾ ਜ਼ੋਰ ਉੱਨ

Academy of the Punjab in North America: http://www.apnaorg.com

ਕਤਾਵਣ ਤੇ ਲਾ ਦਿੱਤਾ ਸੂ। ਉੱਨ ਖਰ੍ਹਵੀ ਹੁੰਦੀ ਹੈ ਤੇ ਰੇਸ਼ਮ ਕੂਲ਼ਾ। ਅੰਗੂਰ ਫੱਲ ਹੈ ਤੇ ਕਿੱਕਰ ਨੂੰ ਸੂਲ਼ਾਂ ਲਗਦੀਆਂ ਨੇਂ। ਇਹ ਰਮਜ਼ਾਂ ਵਰਤ ਕੇ ਉਹਨਾਂ ਫ਼ਰਕ ਨੂੰ ਹੋਰ ਉਘਾੜਿਆ ਹੈ। ਸੁੱਖ ਹਾਸਲ ਕਰਨ ਲਈ ਅਜਿਹੀ ਵਾਟ ਦੀ ਚੋਣ ਜਿਹੜੀ ਦੁੱਖ ਵੱਲ ਲੈ ਜਾਂਦੀ ਹੈ। ਵਾਟ ਦਾ ਸਹੀ ਹੋਵਣ ਨਾ ਹੋਵਣ ਓਸ ਦੇ ਪੈਦਾ ਹੋਏ ਨਤੀਜੇ ਤੋਂ ਹੁੰਦਾ ਹੈ। ਫ਼ਰੀਦ ਜੀ ਹੋਰਾਂ ਇਸ ਸ਼ਲੋਕ ਰਾਹੀਂ ਇਹ ਸਿੱਧ ਕੀਤਾ ਹੈ ਕਿ ਵਾਟ ਨੂੰ ਗ਼ਰਜ਼ ਨਾਲ ਮੇਲ ਖਾਂਦਾ ਹੋਣਾ ਚਾਹੀਦਾ ਹੈ। ਮਹਿਸੂਸ ਸ਼ਕਲ ਵਿਚ ਨਤੀਜਾ ਹੀ ਵਾਟ ਦੀ ਪਰਖ ਹੈ। ਜੇ ਕੋਈ ਅਮਲ ਬੇਨਤੀਜਾ ਰਹਿਆ ਹੈ ਤਾਂ ਸਮਝੋ ਵਾਟ ਠੀਕ ਨਹੀਂ। ਇਸ ਸ਼ਲੋਕ ਦੀ ਰਮਜ਼ ਨੂੰ ਧਰਮ ਨਾਲ਼ ਇਸ ਲਈ ਨਹੀਂ ਜੋੜਿਆ ਜਾ ਸਕਦਾ ਕਿ ਓਸ ਦੇ ਨਤੀਜੇ ਅਗਲੇ ਜਹਾਨ ਨਾਲ਼ ਜੁੜੇ ਹੋਏ ਨੇਂ। ਓਸ ਦਾ ਮਹਿਸੂਸ ਨਤੀਜਾ ਏਥੇ ਸਾਡੇ ਸਾਹਮਣੇ ਨਹੀਂ ਆਉਂਦਾ। ਉਹਦੇ ਵਾਸਤੇ ਆਖਿਆ ਕਿ "ਅਮਲ ਜੋ ਕੀਤੇ ਦੁਨੀ ਵਿਚ ਦਰਗਾਹ ਆਏ ਕੰਮ"। ਏਥੇ ਉਹਨਾਂ ਵਾਟ ਤੇ ਗ਼ਰਜ਼ ਅੱਖੀਂ ਸਾਹਮਣੇ ਵਿਖਾਏ ਨੇਂ।

ਇਹ ਅਮਲ ਕੋਈ ਸਮਾਜੀ ਅਮਲ ਹੈ। ਏਥੇ ਸਮਾਜੀ ਜ਼ਿੰਦਗੀ ਵਿਚ ਤਬਦੀਲੀ ਲਿਆਉਣ ਦੀ ਚਾਹ ਰੱਖਣ ਵਾਲਿਆਂ ਲਈ ਸਬਕ ਹੈ ਕਿ ਆਪਣੀ ਖੱਟੀ ਨੂੰ ਵੇਖ ਕੇ ਵਾਟ ਦੇ ਸਹੀ ਜਾਂ ਗ਼ਲਤ ਹੋਣ ਦਾ ਫ਼ੈਸਲਾ ਕਰਨ। ਕਿਸੇ ਅਮਲ ਦੇ ਬੇਨਤੀਜਾ ਰਹਿ ਜਾਵਣ ਜਾਂ ਗ਼ਲਤ ਨਤੀਜਾ ਨਿਕਲਣ ਦਾ ਦੋਸ਼ ਕਿਸੇ ਦੂਜੇ ਦੇ ਸਿਰ ਨਹੀਂ ਧਰਿਆ ਜਾ ਸਕਦਾ। ਬਾਬਾ ਜੀ ਹੋਰੀਂ ਇਸ ਸ਼ਲੋਕ ਰਾਹੀਂ ਇਹ ਸਿੱਧ ਕਰਦੇ ਨੇਂ ਕਿ ਅਮਲ ਦੇ ਬੇ ਨਤੀਜਾ ਰਹਿਣ ਜਾਂ ਗ਼ਲਤ ਨਤੀਜਾ ਨਿਕਲਣ ਦਾ ਦੋਸ਼ ਕਿਸੇ ਹੋਰ ਦੇ ਸਿਰ ਧਰਣ ਦੀ ਥਾਂ ਆਪਣੀ ਵਾਟ ਵੱਲ ਮੁੜ ਕੇ ਸੱਜਰੀ ਝਾਤ ਪਾਵਣ ਦੀ ਲੋੜ ਹੈ। ਏਥੇ ਇਹ ਗੱਲ ਵੀ ਸਿੱਧ ਹੋਈ ਕਿ ਕਾਰਨ ਤੇ ਹੋਣੀ ਦਾ ਆਪਸੀ ਸਬੰਧ ਕੁਦਰਤ ਦੇ ਦੂਜੇ ਕਨੂੰਨਾਂ ਵਾਂਗ ਮਿਥਿਆ ਹੋਇਆ ਹੈ। ਏਥੇ ਇਹ ਗੱਲ ਸਮਝਣ ਦੀ ਵੀ ਲੋੜ ਹੈ ਕਿ ਸੂਫ਼ੀਆਂ ਬਾਰੇ ਸਾਡੀ ਜੋ ਸੋਚ ਬਣਾਈ ਗਈ ਹੈ, ਓਸ ਮੁਜਬ ਤਾਂ ਉਹਨਾਂ ਨੂੰ ਇਹ ਆਖਣਾ ਚਾਹੀਦਾ ਸੀ ਕਿ ਵੇਖੋ ਰੱਬ ਦੀ ਮਰਜ਼ੀ ਚਾਹਵੇ ਤਾਂ ਲਗ਼ਰ ਨੂੰ ਅੰਗੂਰ ਲਾ ਦੇਵੇ ਤੇ ਚਾਹਵੇ ਤਾਂ ਉੱਨ ਹੰਢਾਵਣ ਵਾਲੀਆਂ ਦੇ ਰਾਤੀਂ ਸੁੱਤਿਆਂ ਰੇਸ਼ਮ ਬਣਾ ਦੇਵੇ।

ਉਹਨਾਂ ਨੇ ਅੱਖੀਂ ਵੇਖੀ ਗੱਲ ਕੀਤੀ ਏ। ਵਾਪਰਕ ਸੂਝ ਮੱਤ ਤੋਂ ਕੰਮ ਲਿਆ ਨੇਂ। ਜੇ ਕਿਸੇ ਬੰਦੇ ਦਾ ਆਪਣੇ ਅਮਲ ਉੱਤੇ ਪੱਕ ਨਾ ਹੋਵੇ ਕਿ ਓਸ ਦਾ ਨਤੀਜਾ ਪੈਦਾ ਹੋਣਾ ਲਾਜ਼ਮੀ ਹੈ ਜੇ ਸਬੱਬਾਂ ਤੇ ਉਹਨਾਂ ਨਾਲ਼ ਜੁੜੇ ਹੋਏ ਅਟੱਲ ਨਤੀਜਿਆਂ ਤੇ ਯਕੀਨ ਨਾ ਹੋਵੇ ਫੇਰ ਇਹ ਬੇ ਵਸਾਹਿ ਬੇ ਅਮਲੀ ਵੱਲ ਲੈ ਜਾਂਦੀ ਹੇ, ਜਿਸ ਨਾਲ਼ ਵਸੇਬ ਖੜੋਤ ਹੋ ਜਾਂਦਾ ਹੈ। ਲੋਕਾਈ ਤਰੱਠੀ ਰਹਿੰਦੀ ਹੈ। ਆਪਣੇ ਆਲ਼ੇ ਦੁਆਲ਼ੇ ਹੋਣ ਵਾਲ਼ੀਆਂ ਤਬਦੀਲੀਆਂ ਨੂੰ ਮੰਚ ਤੇ ਖੇਡੀ ਜਾ ਰਹੀ ਖੇਡ ਅੱਗੇ ਚੁਪ ਤਮਾਸ਼ਾਈ ਹਾਰ ਵੇਖਦੀ ਹੈ। ਜੂਆ ਖੇਡਣ ਵਾਲ਼ਿਆਂ ਨੂੰ ਹਾਰ ਜਿੱਤ ਦੀ ਆਸ ਤੇ ਰਹਿੰਦੀ ਹੈ ਤੇ ਆਪੋ ਆਪਣੀ ਪਈ ਜਿਹੇ ਜਜ਼ਬਿਆਂ ਦਾ ਵਸੇਬ ਤੇ ਰਾਜ ਹੁੰਦਾ ਹੈ। (ਅਜਿਹੇ ਵਸੇਬ ਵਿਚ ਪਾਵਣ ਦਾ ਇਕੋ ਈ ਤਰੀਕਾ ਹੈ ਕਿ ਲੋਕਾਈ ਨੂੰ ਕਾਰਨਾਂ ਮਾਤਹਿਤ ਹੋਣੀ ਤੇ ਪੱਕ ਹੋਵੇ)। ਆਪਣੇ ਅਮਲ ਦੇ ਨਾਲ਼ ਬੱਧੇ ਨਤੀਜੇ ਤੇ ਯਕੀਨ ਹੋਵੇ। ਸੱਚੀ ਤੇ ਖਰੀ ਚਿੰਤਾ ਈ ਅਮਲ ਲਈ ਅਗਵਾਈ ਕਰਦੀ ਹੈ। ਅਜਿਹੀ ਜ਼ਿੰਮੇਵਾਰੀ ਚੁੱਕਣ ਹੀ ਦਰਵੇਸ਼ੀ ਹੈ। ਬਾਬਾ ਜੀ ਹੋਰਾਂ ਹਾਜਤ ਨੂੰ ਹਾਸਲ ਕਰਨ ਦੀ ਲਗਨ ਨੂੰ ਸ਼ੋਹ ਪ੍ਰੀਤ ਆਖ ਕੇ ਓਸ ਨੂੰ ਜ਼ਿੰਦਗੀ ਦਾ ਜੋਬਨ ਕਰਾਰ ਦਿੰਦੇ ਨੇਂ। ਇਹ ਜੋਬਨ ਉਮਰ ਦੇ ਕਿਸੇ ਹਿੱਸੇ ਵਿਚ ਵੀ ਆ ਸਕਦਾ ਹੈ।

ਜੋਬਨ ਜਾਂਦੇ ਨਾ ਡਰਾਂ ਜੇ ਸ਼ੋਹ ਪ੍ਰੀਤ ਨਾ ਜਾਅ
ਫ਼ਰੀਦਾ ਕਿੱਤੀ ਜੋਬਨ ਪ੍ਰੀਤ ਬਿਨ ਸੁੱਕ ਗਏ ਕੁਮਲਾਅ

ਮਕਸਦ ਨੂੰ ਹਾਸਲ ਕਰਨ ਦੀ ਲਗਨ ਜੇ ਮੇਰੇ ਦਿਲ ਵਿਚੋਂ ਨਾ ਜਾਵੇ ਤਾਂ ਮੇਰਾ ਜੋਬਨ ਉਮਰ

Academy of the Punjab in North America: http://www.apnaorg.com

ਨਾਲ ਹੰਢ ਜਾਸੀ। ਕਈ ਦੂਜੀਆਂ ਜਵਾਨੀਆਂ ਮਕਸਦ ਵਾਲ਼ੀ ਜ਼ਿੰਦਗੀ ਦਾ ਜੋਬਨ ਨਾ ਹੰਢਾਵਣ ਕਰ ਕੇ ਸੱਖਣੀਆਂ ਰਹਿ ਗਈਆਂ। ਏਥੇ ਜਵਾਨੀ ਦੇ ਢਲਣ ਨਾ ਢਲਣ ਦਾ ਮਸਅਲਾ ਨਹੀਂ ਹੈ । ਇਕ ਪੀੜ੍ਹੀ ਪੱਲੇ ਪਈਆਂ ਵਾਪਰੀਆਂ ਤੇ ਵਿਚਾਰਾਂ ਦੀ ਪਨੀਰੀ ਅਗਲੀ ਪੀੜ੍ਹੀ ਦੇ ਦਿਮਾਗ਼ਾਂ ਵਿਚ ਗੱਡ ਜਾਂਦੀ ਏ । ਦੂਜੀ ਪੀੜ੍ਹੀ ਇਸ ਪਨੀਰੀ ਨੂੰ ਫੱਲ-ਫੁੱਲ ਲਾ ਕੇ ਨਵੀਆਂ ਵਾਪਰੀਆਂ ਨਾਲ਼ ਰਲ਼ਾ ਕੇ ਆਓਂਦੀ ਪੀੜ੍ਹੀ ਦੇ ਦਿਮਾਗ਼ਾਂ ਵਿਚ ਗੱਡ ਜਾਂਦੀ ਏ। ਇੰਜ ਵਸੇਬ ਵਾਧੇ ਪਿਆ ਰਹਿੰਦਾ ਹੈ। ਵਿਚਾਰ ਨਿੱਖਰਦੇ ਟੁਰੇ ਜਾਂਦੇ ਨੇਂ। ਵਸੇਬ ਦੀਆਂ ਉਹ ਕਦਰਾਂ ਜਿਹਨਾਂ ਵਿਚ ਕੋਈ ਸਾਹ-ਸੱਤ ਬਾਕੀ ਨਹੀਂ ਰਹਿੰਦਾ ਤਬਦੀਲੀ ਦਾ ਇਕ ਧੱਕਾ ਵੀ ਨਹੀਂ ਸਹਿ ਸਕਦੀਆਂ ਤੇ ਛਨਾ ਹੋ ਜਾਂਦੀਆਂ ਨੇਂ। ਪੁਰਾਣੀ ਦੁਨੀਆ ਦੀਆਂ ਉਹ ਕਦਰਾਂ ਜਿਹੜੀਆਂ ਨਵੀਂ ਜ਼ਿੰਦਗੀ ਦੀਆਂ ਲੋੜਾਂ ਦਾ ਸਾਥ ਨਿਭਾ ਸਕਦੀਆਂ ਨੇਂ। ਜਾਂ ਨਵੀਂ ਜ਼ਿੰਦਗੀ ਦੀਆਂ ਕਦਰਾਂ ਨਾਲ਼ ਥੋੜਾ ਬਹੁਤਾ ਮੇਲ਼ ਖਾ ਜਾਂਦੀਆਂ ਨੇਂ , ਉਹ ਨਵੀਆਂ ਰਵਾਇਤਾਂ ਵਿਚ ਢਲ਼ ਕੇ ਨਵੀਆਂ ਕਦਰਾਂ ਨਾਲ਼ ਇਕ ਮਿਕ ਹੋ ਜਾਂਦੀਆਂ ਨੇਂ। ਜ਼ਿੰਦਗੀ ਦੇ ਮਕਸਦ ਦੀ ਲਗਨ ਰੱਖਣ ਵਾਲ਼ਾ ਜੀਅ ਸਾਰੀ ਉਮਰ ਜੋਬਨ ਹੰਢਾਂਦਾ ਹੈ ਤੇ ਵਾਧੇ ਪਿਆ ਵਸੇਬ ਜੋਬਨ ਤੇ ਰਹਿੰਦਾ ਹੈ। ਜ਼ਿੰਦਗੀ ਦੇ ਤਜਰਬੇ ਤੋਂ ਹਾਸਲ ਕੀਤੇ ਵਿਚਾਰ, ਮੁਸ਼ਾਹਿਦਾਤੀ ਨਤੀਜੇ ਸਾਂਭਣ ਵਾਲ਼ੀ ਲਿਖਤ ਹਮੇਸ਼ਾ ਜੋਬਨ ਤੇ ਰਹਿੰਦੀ ਹੈ।

■

Academy of the Punjab in North America: http://www.apnaorg.com

ਲੇਖ

ਲਹੌਰ ਤੇ ਉਹਦੇ ਆਲ ਦਵਾਲ ਦਾ ਇੱਕ ਜਜ਼ਬਾਤੀ ਸਫ਼ਰ

ਉਲਥਾਕਾਰ:
ਸਨਾਉਲਾ ਕੌਂਦਲ

ਚਮਨ ਲਾਲ (ਡਾ.)

ਮੈਂ ਭਗਤ ਸਿੰਘ ਦੀ ਸ਼ਹਾਦਤ ਦੀ ਪੰਝੱਤਰਵੀਂ ਸਾਲਗਿਰ੍ਹਾ ਤੇ 23 ਮਾਰਚ 2006 ਨੂੰ ਲਹੌਰ ਜਾਣ ਦਾ ਹੀਲਾ ਪਿਆ ਕਰਦਾ ਸਾਂ। ਮੇਰੀ ਇਹ ਸੱਧਰ ਆਹੀ ਜੇ ਪਾਕਸਤਾਨੀ ਤੇ ਹਿੰਦੋਸਤਾਨੀ ਲੋਕ ਇਹ ਤਰੀਖ਼ੀ ਦਿਹਾੜ ਰਲ ਕੇ ਮਨਾਵਣ ਪਰ ਕਿਸੇ ਕਾਰਨੋਂ ਇਹ ਹੋ ਨਾ ਸਕਿਆ। ਪਰ ਇਸ ਸਾਲ ਅਚਨਚੇਤ ਸੱਦਾ ਆ ਗਿਆ। ਇਹ ਡਾਕਟਰ ਬੀ.ਆਰ. ਅੰਬੇਦਕਰ ਦੇ ਜਨਮ ਦਿਨ ਤੇ 13 ਅਪਰੈਲ ਨੂੰ ਲਹੌਰ ਵਿਚ ਇੱਕ ਪਰਚਾ ਪੜ੍ਹਨ ਲਈ ਸੀ। ਇਹ ਗੰਗਾ ਰਾਮ ਵਿਰਸਾ ਫਾਊਂਡੇਸ਼ਨ ਵੱਲੋਂ ਸੀ। ਸਰ ਗੰਗਾ ਰਾਮ ਹੋਰਾਂ ਦਾ ਨਾਂ ਪੰਜਾਬ ਦੇ ਇਸ ਬੰਨੇਂ ਤੇ ਦਿੱਲੀ ਵਿਚ ਚੰਗੀ ਤਰਹਾਂ ਜਾਣਿਆਂ ਜਾਂਦਾ ਏ। ਦਿੱਲੀ ਵਿਚ ਵੀ ਲਹੌਰ ਵਾਂਗੂ ਆਪਣੀਆਂ ਸੇਵਾਵਾਂ ਲਈ ਮਸ਼ਹੂਰ ਇੱਕ ਗੰਗਾ ਰਾਮ ਹਸਪਤਾਲ ਹੈ। ਭਾਈ ਰਾਮ ਸਿੰਘ ਹੋਰਾਂ ਥੀਂ ਵੱਖ ਸਰ ਗੰਗਾ ਰਾਮ ਹੋਰੀਂ ਵੀ ਇੱਕ ਮਸ਼ਹੂਰ ਆਰਕੀਟੈਕਟ ਹਨ, ਜੀਹਨਾਂ ਲਹੌਰ ਦੀਆਂ ਮਸ਼ਹੂਰ ਇਮਾਰਤਾਂ ਵਿਉਂਤੀਆਂ। ਉਹਨਾਂ ਪਟਿਆਲਾ ਤੇ ਅੰਮ੍ਰਿਤਸਰ ਵਿਚ ਵੀ ਕਈ ਇਮਾਰਤਾਂ ਵਿਉਂਤੀਆਂ ਪਰ ਗੰਗਾ ਰਾਮ ਫਾਊਂਡੇਸ਼ਨ ਵੱਲੋਂ ਡਾਕਟਰ ਅੰਬੇਦਕਰ ਤੇ ਸੈਮੀਨਾਰ ਕਰਾਉਣ ਦੀ ਮੈਨੂੰ ਕਾਈ ਸਮਝ ਨਾ ਆਈ, ਮੁੜ ਮੈਂ ਦਾਅਵਤ ਚਾ ਕਬੂਲੀ। ਆਪਣਾ ਲੇਖ ਤਿਆਰ ਕਰ ਕੇ ਵੇਲੇ ਸਿਰ ਘੱਲ ਛੋੜਿਆ। ਇੰਡੀਆ ਤੋਂ ਦੂਜਾ ਪਰਾਹੁਣਾ ਬੰਗਲੌਰ ਦੇ 'ਦਲਤ ਵੁਆਇਸ' ਦਾ ਅਡੀਟਰ ਵੀ.ਟੀ. ਰਾਜ ਸ਼ੇਖਰ ਸੀ। ਪਾਕਿਸਤਾਨ, ਨਿਪਾਲ ਤੇ ਯੂ. ਕੇ ਤੋਂ ਵੀ ਪਰਾਹੁਣੇ ਆਏ। ਲਹੌਰ ਅੱਪੜ ਕੇ ਇਹ ਵੀ ਪਤਾ ਲੱਗਾ ਕਿ ਛੜਾ ਲਹੌਰ ਈ ਨਹੀਂ ਸਗੋਂ ਡਾਕਟਰ ਹੋਰਾਂ ਤੇ ਇੱਕ ਸੈਮੀਨਾਰ 14 ਅਪਰੈਲ ਨੂੰ ਕਰਾਚੀ ਵਿਚ ਵੀ ਸੀ। ਕਰਾਚੀ ਸੈਮੀਨਾਰ ਵਿਚ ਵੀ ਇੰਡੀਅਨ ਦਲਤ ਸਕਾਲਰਾਂ ਸੀਰ ਪਾਇਆ।

Academy of the Punjab in North America: http://www.apnaorg.com

ਮੈਂ ਇੰਡੀਅਨ ਪੰਜਾਬੇ ਜੰਮਿਆਂ ਪਲਿਆ ਤੇ ਉਹ ਵੀ ਵੰਡ ਮਗਰੋਂ। ਮੇਰੇ ਵੱਡੇ ਜ਼ਿਲ੍ਹਾ ਬਠਿੰਡਾ ਦੇ ਇੱਕ ਪਿੰਡ ਮਾਅਰਾਜ ਦੇ ਰਹਿਣ ਆਲੇ ਹਨ। ਇਸ ਵਾਸਤੇ ਮੇਰੇ ਲਈ ਲਹੌਰ ਜਾਂ ਲਹਿੰਦੇ ਪੰਜਾਬ ਜਾਣ ਦੇ ਚਾਅ ਦੀ ਕੋਈ ਖ਼ਾਸ਼ ਵਜਾਹ ਨਹੀਂ ਸੀ। ਮੈਂ ਨਾਸਤਕ ਹਾਂ ਤੇ ਪਾਕਿਸਤਾਨ ਜਾਵਣ ਦੀ ਕਾਈ ਮਜ਼ਹਬੀ ਵਜਾਹ ਵੀ ਨਹੀਂ ਸੀ। ਪਰ ਫ਼ੇਰ ਵੀ ਇੱਕ ਚਾਅ ਜਿਹਾ ਸੀ। ਇਹ ਦੇ ਖ਼ਵਰੇ ਦੋ ਕਾਰਨ ਹਨ। ਪਹਿਲਾ ਇਹ ਕਿ ਮੈਂ ਭਗਤ ਸਿੰਘ ਤੇ ਉਹਦੀ ਗ਼ਦਰ ਤਹਰੀਕ ਉੱਤੇ ਸਟਡੀ ਵਿਚ ਸ਼ਾਮਲ ਰਿਹਾ ਸਾਂ ਤੇ ਕਰਤਾਰ ਸਿੰਘ ਸਰਾਭਾ ਵੀ ਮੇਰੀ ਤਵੱਜੋ ਦਾ ਮਰਕਜ਼ ਰਿਹਾ ਸੀ। ਇਹ ਦੋਵੇਂ ਕੌਮੀ ਹੀਰੋ ਲਹੌਰ ਜ਼ੇਲ੍ਹੇ ਫਾਹੇ ਲਾਏ ਗਏ। ਭਗਤ ਸਿੰਘ ਦਾ ਜੀਵਨ ਤੇ ਕਰਨੀ ਚੋਖੀ ਲਹੌਰ ਈ ਸੀ ਤੇ ਮੈਂ ਉਹਦੀ ਕਰਨੀ ਦੀਆਂ ਥਾਵਾਂ ਤੇ ਜਾਣਾ ਚਾਹੁੰਦਾ ਸਾਂ। ਦੂਜੇ ਮੈਂ ਲਹੌਰ ਬਾਰੇ ਇਹ ਵੀ ਪੜ੍ਹਿਆ ਅਤੇ ਸੁਣਿਆਂ ਏ ਕਿ "ਜਿਸ ਲਹੌਰ ਨਹੀਂ ਤੱਕਿਆ, ਉਹ ਜੰਮਿਆਂ ਈ ਨਹੀਂ"। ਇਹ ਮਸ਼ਹੂਰ ਮੁਹਾਵਰਾ ਅਸਗ਼ਰ ਵਜਾਹਤ ਦੇ ਹਿੰਦੀ ਡਰਾਮੇ ਦਾ ਟਾਈਟਲ ਏ, ਜਿਹੜਾ ਦੋ ਵਾਰੀ ਲਹੌਰ ਵਿਚ ਖੇਡਿਆ ਗਿਆ ਏ। ਪਹਿਲੀ ਵਾਰੀ ਮੁਲਕੋਂ ਬਾਹਰ ਜਾਣ ਦਾ ਚਾਅ ਵੀ ਇੱਕ ਵਜ੍ਹਾ ਸਮਝੀ ਜਾ ਸਕਦੀ ਏ। ਪਰ ਬਾਅਦੋਂ ਜਿਓਂ ਗੱਲ ਨਿਕਲ਼ੀ ਮੈਨੂੰ ਇਸ ਮੁਲਕ ਅੰਦਰ ਇੱਕ ਵਾਰੀ ਵੀ ਓਪਰਾਪਣ ਮਹਿਸੂਸ ਨਹੀਂ ਹੋਇਆ, ਜਿੱਥੇ ਕਿ ਮੈਂ ਇੱਕ ਬਾਹਰਲੇ ਬੰਦੇ ਤਰਹਾਂ ਇਹਤਿਆਤ ਨਾਲ਼ ਟੁਰਾਂ। ਖ਼ਾਸ਼ ਕਰ ਜਦੋਂ ਦੋਹਾਂ ਦੇਸਾਂ ਵਿਚ ਸਬੰਧ ਭਾਂਵੇਂ ਅੱਜ ਕੱਲ੍ਹ ਕੁੱਝ ਵੱਲ ਈ ਨੇਂ ਪਰ ਇੱਡੇ ਗੂੜ੍ਹੇ ਯਾਰਾਨੇ ਵੀ ਕਾਈ ਨਹੀਂ।

ਸੱਚੀ ਗੱਲ ਏ ਕਿ ਇਹ ਸਾਂਗੀਆਂ ਵਾਲੀ ਗੱਲ ਲਹੌਰ ਵਿਚ ਤਾਂ ਬਿਲਕੁਲ ਵੀ ਨਾ ਚੱਲੀ ਤੇ ਮੈਂ ਕਿਸੇ ਵੀ ਲਹੌਰੀਏ ਹਾਰ ਦਿਨੇਂ ਜਾਂ ਰਾਤੀਂ ਕਿਸੇ ਵੀ ਵੇਲ਼ੇ ਖੁੱਲ੍ਹਾ ਡੁਲ੍ਹਾ ਤੁਰਦਾ ਫਿਰਦਾ ਰਿਹਾ। ਭਾਂਵੇਂ ਲਹੌਰ ਏਅਰ ਪੋਰਟ ਤੇ ਲਹਿੰਦਿਆਂ ਸਾਰ ਈ ਮੈਨੂੰ ਇੱਕ ਨਿੱਕਾ ਜਿਹਾ ਵਖ਼ਤ ਪੈ ਗਿਆ। ਵਸਾਖੀ ਦੇ ਜੱਥੇ ਦੀਆਂ ਵੀ ਤਰੀਖ਼ਾਂ ਇਹੋ ਈ ਸਨ ਤੇ ਮੈਨੂੰ ਸਿੱਖ ਯਾਤਰੀ ਦੀ ਕੈਟੀਗਰੀ ਵਿਚ ਵੀਜ਼ਾ ਦਿੱਤਾ ਗਿਆ ਸੀ। ਪਰ ਵੀਜ਼ੇ ਫ਼ਾਰਮ ਦੀਆਂ ਚਾਰ ਕਾਪੀਆਂ ਜਿਹੜੀਆਂ ਮੈਂ ਆਪ ਭਰੀਆਂ ਸਨ, ਉਹਨਾਂ ਵਿਚ ਮੈਂ ਅਪਣੇ ਜਾਣ ਦੀਆਂ ਅੱਠ ਠਹਿਰਾਂ ਲਿਖੀਆਂ ਸਨ, ਜੀਹਨਾਂ ਵਿਚ ਟੈਕਸਲਾ, ਭਗਤ ਸਿੰਘ ਦੀ ਜੰਮਣ ਭੋਇੰ ਫ਼ੈਸਲਾਬਾਦ, ਅਸਲਾਮਾਬਾਦ ਤੇ ਪਸ਼ਾਵਰ ਵਗ਼ੈਰਾ ਸਨ। ਦਿੱਲੀ ਵਿਚ ਪਾਕਿਸਤਾਨ ਦੇ ਹਾਈ ਕਮਿਸ਼ਨ ਨੇ ਦੋ ਕਾਪੀਆਂ ਮੈਨੂੰ ਪਰਤਾਈਆਂ ਕੋਈ ਨਾ, ਜਿਹੜੀਆਂ ਆਵਾਜਾਈ ਵੇਲ਼ੇ ਏਅਰ ਪੋਰਟ ਤੇ ਜਮ੍ਹਾ ਕਰਾਉਣਾ ਜ਼ਰੂਰੀ ਸਨ। ਮੇਰੇ ਪਾਸਪੋਰਟ ਤੇ ਇੱਕ ਸਿੱਖ ਯਾਤਰੀ ਦੀ ਮੁਹਰ ਲੱਗੀ ਹੋਈ ਸੀ। ਮੈਂ ਇਸ ਬਾਰੇ ਜ਼ਰਾ ਡਰਿਆ ਹੋਇਆ ਸਾਂ ਤੇ ਮੈਂ ਪਾਕਸਤਾਨੀ ਹਾਈ ਕਮਿਸ਼ਨ ਦੇ ਮੁਤੱਲਕਾ ਅਫ਼ਸਰ ਤੋਂ ਦੋ ਵਾਰੀ ਪਤਾ ਕੀਤਾ ਤੇ ਓਸ ਮੈਨੂੰ ਪੱਕ ਕਰਾਇਆ ਬਈ ਕੋਈ ਮਸਲਾ ਨਹੀਂ। ਏਅਰ ਪੋਰਟ ਤੇ ਡਿਊਟੀ ਦੇਣ ਆਲੀ ਕੁੜੀ ਜੀਹਨੂੰ ਦਿੱਲੀ ਏਅਰ ਪੋਰਟ ਤੋਂ ਇਸੇ ਗੱਲੋਂ ਪਰਤਾ ਦਿੱਤਾ ਗਿਆ ਸੀ, ਜ਼ਿੱਦ ਕਰਦੀ ਪਈ ਸੀ, ਕਿ ਇਹਨਾਂ ਦੋ ਕਾਗ਼ਜ਼ਾਂ ਤੋਂ ਬਗ਼ੈਰ ਮੈਨੂੰ ਦੂਜੀ ਫ਼ਲਾਈਟ 'ਚ ਮੋੜ ਦਿੱਤਾ ਜਾਏ। ਪਰ ਇਸ ਗੱਲ ਤੇ ਵੀ ਮੈਂ ਘਾਬਰਿਆ ਨਹੀਂ। ਓਸ ਅਪਣੇ ਸੀਨੀਅਰ ਅਫ਼ਸਰ ਨਾਲ਼ ਗੱਲ ਕੀਤੀ, ਜੀਹਨੂੰ ਮੈਂ ਦੱਸਿਆ ਜੇ ਮੈਨੂੰ ਮੋੜਨਾ ਚਾਹੁੰਦੇ ਓ ਤਾਂ ਮੋੜ ਦਿਓ। ਮੇਰੀ ਟਿਕਟ ਮੇਰੇ ਮਿਜ਼ਮਾਨਾਂ ਘੱਲੀ ਸੀ ਜਿਹੜੇ ਬਾਹਰ ਲਹੌਰ ਦੀ ਪਰਾਹੁਣਚਾਰੀ ਰੀਤ ਮੁਜਬ ਫੁੱਲਾਂ ਦੇ ਹਾਰ ਲਈ ਉਡੀਕਦੇ ਪਏ ਹਨ। ਉਹ ਮੇਰੇ ਤੋਂ ਵੱਧ ਪਰੇਸ਼ਾਨ ਸਨ। ਮੈਨੂੰ ਤੇ ਉਹਨਾਂ ਇੱਕ ਸਕਿਊਰਿਟੀ ਆਲੇ ਹੱਥ ਸਨੇਹਾ ਘੱਲਿਆ। ਮੈਂ ਉਹਨਾਂ ਨੂੰ ਆਖਿਆ

Academy of the Punjab in North America: http://www.apnaorg.com

ਕਿ ਫ਼ਿਕਰ ਨਾ ਕਰੋ। ਮੈਨੂੰ ਇੱਕ ਅਜੀਬ ਜਿਹਾ ਹੌਸਲਾ ਸੀ ਕਿ ਮਾਮਲਾ ਨਬੇੜ ਲਾਂਗਾ।

ਮੈਂ ਏਅਰਪੋਰਟ ਦੇ ਅਫ਼ਸਰ ਤੇ ਡਿਊਟੀ ਆਲੀ ਕੁੜੀ ਨੂੰ ਬੇਟਾ ਕਰ ਕੇ ਕੂਆਇਆ ਤੇ ਆਖਿਆ, ਮੈਂ ਇੱਕ ਸੈਮੀਨਾਰ ਵਜੋਂ ਆਇਆਂ ਤੇ ਉਹਨਾਂ ਵਿਚੋਂ ਹਾਂ ਜਿਹੜੇ ਚਾਹੁੰਦੇ ਹਨ ਦੋਹਾਂ ਪਾਸਿਆਂ ਦੇ ਪੰਜਾਬੀ ਚੋਖਾ ਮੇਲ ਜੋਲ ਰੱਖਣ ਤੇ ਲੋਕਾਂ ਦੇ ਸਾਂਝੇ ਵਧਣ। ਮੈਂ ਉਹਨਾਂ ਨੂੰ ਸੱਦੇ ਦੇ ਕਾਗ਼ਜ਼ ਵੀ ਵਖਾਏ। ਨਾਲੇ ਮੈਂ ਉਰਦੂ ਜਾਂ ਅੰਗਰੇਜ਼ੀ ਦੀ ਥਾਂ ਠੇਠ ਪੰਜਾਬੀ ਵਿਚ ਗੱਲ ਕੀਤੀ। ਅਫ਼ਸਰ ਨੂੰ ਮੇਰੀ ਗੱਲ ਦਾ ਇਤਬਾਰ ਆ ਗਿਆ। ਕੁੜੀ ਵੀ ਹੁਣ ਪਹਿਲੇ ਜਿੰਨੀ ਔਖੀ ਨਹੀਂ ਸੀ ਲੱਗਦੀ ਤੇ ਮੈਂ ਸਮਝੋ ਪੰਤਾਲੀ ਕੁ ਮਿਨਟਾਂ ਮਗਰੋਂ ਏਅਰ ਪੋਰਟੋਂ ਬਾਹਰ ਆਇਆ ਤੇ ਮੇਰੇ ਮਿਜ਼ਮਾਨਾਂ ਦੀ ਖ਼ੁਲਾਸੀ ਹੋਈ। ਉਹਨਾਂ ਮੈਨੂੰ ਖਿੜੇ ਮੱਥੇ ਜੀ ਆਇਆਂ ਆਖਿਆ।

ਸਾਨੂੰ ਹੋਟਲ ਵਿਚ ਠਹਿਰਾਇਆ ਗਿਆ, ਜਿਹੜਾ ਸ਼ਾਇਦ ਲਹੌਰ ਦਾ ਤਰੀਜਾ ਵੱਡਾ ਹੋਟਲ ਏ ਤੇ ਸੈਮੀਨਾਰ ਵੀ ਇਸੇ ਹੋਟਲ ਵਿਚ ਹੋਣਾ ਸੀ। ਮੈਂ 12 ਅਪਰੈਲ ਦੀ ਰਾਤੀਂ ਅੱਪੜਿਆ ਤੇ ਸੈਮੀਨਾਰ 13 ਅਪਰੈਲ ਨੁਮਾਇਸ਼ੀ ਪੰਜ ਵਜੇ ਸੀ।

ਅਪਣੀ ਆਦਤ ਮੁਜਬ ਮੈਂ 13 ਅਪਰੈਲ ਨੂੰ ਸਵੇਰੇ ਸੈਰ ਲਈ ਨਿਕਲਿਆ। ਮੇਰੀ ਭਾਰਤੀ ਸ਼ਹਿਰਾਂ ਵਿਚ ਵੀ ਇਹੋ ਈ ਆਦਤ ਸੀ। ਨਿਕਲਣ ਥੀਂ ਪਹਿਲਾਂ ਮੈਂ ਹੋਟਲ ਵਾਲ਼ਿਆਂ ਨੂੰ ਪੁੱਛਿਆ ਕਿ ਮੈਂ ਆਪਣਾ ਪਾਸਪੋਰਟ ਨਾਲ਼ ਖੜਾਂ? ਉਹਨਾਂ ਮੈਨੂੰ ਪੱਕ ਕਰਾਇਆ ਕਿ ਇਹ ਦੀ ਕਾਈ ਲੋੜ ਨਹੀਂ ਤੇ ਜੇ ਕੋਈ ਪੁੱਛੇ ਤਾਂ ਹੋਟਲ ਦਾ ਨਾਂ ਦੱਸ ਦੇਣਾ। ਬਾਅਦੋਂ ਹੋਇਆ ਇੰਜ ਬਈ ਪੂਰੇ ਅੱਠ ਦਿਹਾੜੀਆਂ ਵਿਚ ਕਿਸੇ ਪੁਲਸੀਏ ਜਾਂ ਸਕਿਉਰਿਟੀ ਦੇ ਬੰਦੇ ਇੱਕ ਵਾਰੀ ਵੀ ਨਹੀਂ ਪੁੱਛਿਆ। ਤੇ ਮੈਂ ਫ਼ਿਰੋਜ਼ਪੁਰ ਰੋਡ ਚੜ੍ਹ ਕੇ ਲਕਸ਼ਮੀ ਚੌਂਕ ਜਾ ਨਿਕਲਿਆ। ਭਾਂਵੇਂ ਮੈਨੂੰ ਥਾਵਾਂ ਦਾ ਪਤਾ ਨਹੀਂ ਸੀ। ਮੈਂ ਪੰਜਾਬ ਅਸੰਬਲੀ ਤੋਂ ਪਰਤਿਆ ਤੇ ਪਤਾ ਮੈਨੂੰ ਇਹ ਦਾ ਵੀ ਕੋਈ ਨਹੀਂ ਸੀ। ਅਲਾਮਾ ਇਕਬਾਲ ਦੀ ਯਾਦਗਾਰੀ ਸੋਹਣੀ ਇਮਾਰਤ ਹੋਟਲ ਮੂਹਰੇ ਸੀ ਤੇ ਅੱਜ ਦੇ ਲਹੌਰ ਦਾ ਕਲਚਰਲ ਮਰਕਜ਼ ਅਲਹਮਰਾ ਵੀ ਚੰਦ ਕਰਮਾਂ ਦੀ ਵਿੱਥ ਤੇ ਸੀ। ਮਾਲ ਰੋਡ ਤੇ ਲਾਰੈਂਸ ਗਾਰਡਨ ਜਾਂ ਕੰਪਨੀ ਬਾਗ਼ ਜੀਹਨੂੰ ਹੁਣ ਬਾਗ਼ਿ-ਜਨਾਹ ਆਖਿਆ ਜਾਂਦਾ ਏ ਵੀ ਨੇੜੇ ਈ ਸਨ। ਲਹੌਰ ਤੇ ਅੰਮ੍ਰਿਤਸਰ ਦੋਹਾਂ ਥਾਂਈਂ ਲਾਰੈਂਸ ਗਾਰਡਨ ਦੇ ਨਾਂ ਦੇ ਇੱਕੋ ਜਿਹੇ ਬਾਗ਼ ਸਨ, ਜੀਹਨਾਂ ਨੂੰ ਆਮ ਜ਼ਬਾਨ ਚ ਕੰਪਨੀ ਬਾਗ਼ ਆਖਦੇ ਨੇਂ। ਸੈਮੀਨਾਰ ਕਿਓਂ ਜੇ ਸ਼ਾਮੀਂ ਹਾਈ ਇਸ ਲਈ ਮੈਂ ਝਟ ਕੁ ਬਾਹਰ ਜਾਣਾ ਚਾਹੁੰਦਾ ਸੀ ਪਰ ਮੈਂ ਜਾ ਨਾ ਸਕਿਆ। ਅਗਲਾ ਚੰਗਾ ਕੰਮ ਜਿਹੜਾ ਮੈਂ ਕੀਤਾ ਉਹ ਇਹ ਸੀ ਕਿ ਮੈਂ ਅਪਣੇ ਮੁਬਾਇਲ ਦੀ ਸਿਮ ਬਦਲ ਲਈ ਤੇ ਆਰਜ਼ੀ ਤੌਰ ਤੇ ਪਾਕਸਤਾਨੀ ਸਿਮ ਪਾ ਲਈ ਤਾਂ ਜੇ ਲਹੌਰ ਤੇ ਦੂਜੀਆਂ ਥਾਵਾਂ ਤੇ ਅਪਣੇ ਜਾਣੂੰਆਂ ਨਾਲ਼ ਰਾਬਤਾ ਰੱਖ ਸਕਾਂ। ਕਰੰਸੀ ਦਾ ਕੋਈ ਮਸਲਾ ਨਹੀਂ ਸੀ। ਮੈਂ ਭਾਂਵੇਂ ਦਿੱਲੀ ਏਅਰਪੋਰਟ ਤੋਂ ਕੁੱਝ ਡਾਲਰ ਲੈ ਲਏ ਸਨ ਪਰ ਸਾਰਿਆਂ ਮੈਨੂੰ ਇਹੋ ਦੱਸਿਆ ਕਿ ਇੰਡੀਅਨ ਰੁਪੱਈਆ ਵੀ ਪਾਕਿਸਤਾਨ ਵਿਚ ਲੈ ਲਿਆ ਜਾਂਦਾ ਏ। ਇਹ ਗੱਲ ਸੱਚ ਸਾਬਤ ਹੋਈ ਤੇ ਮੈਂ ਓਥੇ ਹੁੰਦਿਆਂ ਇੱਕ ਵੀ ਡਾਲਰ ਨਾ ਖ਼ਰਚਿਆ ਤੇ ਉਹ ਸਾਰੇ ਪੈਸੇ ਮੁੜਨ ਵੇਲ਼ੇ ਦਿੱਲੀ ਡਿਊਟੀ ਫ਼ਰੀ ਸ਼ਾਪ ਤੇ ਵਰਤੇ।

ਮਲਵਿੰਦਰਜੀਤ ਸਿੰਘ ਵੜੈਚ ਨੇ ਮੈਨੂੰ ਅਪਣੇ ਗਰਾਈਂ ਵਾਸਾਅ ਖ਼ਾਨ ਦਾ ਫ਼ੋਨ ਦਿੱਤਾ ਸੀ ਜਿਹੜਾ ਉਹਦੇ ਜੱਦੀ ਪਿੰਡ ਲੱਧੇਵਾਲ ਵੜੈਚ (ਪਾਕਿਸਤਾਨ) ਦਾ ਸੀ। ਇਹ ਬੰਦਾ ਮੇਰੀ ਕਾਲ ਸੁਣ ਕੇ ਇੱਡਾ ਖ਼ੁਸ਼ ਹੋਇਆ ਕਿ ਸੈਮੀਨਾਰ ਵਿਚ ਅੱਪੜਨ ਲਈ ਦੋ ਘੰਟੇ ਕਾਰ ਚਲਾ ਕੇ ਆਇਆ। ਉਹ ਮੈਨੂੰ ਆਪਣਾ ਤੇ ਵੜੈਚ ਸਾਹਬ ਦਾ ਪਿੰਡ ਵਖਾਉਣਾ ਚਾਹੁੰਦਾ ਸੀ ਪਰ ਮੈਂ ਜਾ ਨਾ ਸਕਿਆ। ਸੈਮੀਨਾਰ ਦੇ ਉਚੇਚੇ ਪਰਾਹੁਣੇ ਗਵਰਨਰ ਪੰਜਾਬ ਖ਼ਾਲਦ ਮਕਬੂਲ ਹੋਰੀਂ ਸਨ।

Academy of the Punjab in North America: http://www.apnaorg.com

ਪਰੋਗਰਾਮ ਤਕਰੀਬਨ ਵੇਲ਼ੇ ਸਿਰ ਸ਼ੁਰੂ ਹੋਇਆ ਤੇ ਗਵਰਨਰ ਓਸ ਵੇਲ਼ੇ ਅੱਪੜਿਆ ਜਦ ਮੈਂ ਤਕਰੀਰ ਪਿਆ ਕਰਦਾ ਸਾਂ। ਸੈਮੀਨਾਰ ਦਾ ਪਹਿਲਾ ਬੁਲਿਆਰ ਕਰਾਚੀਓਂ ਸੁਰਿੰਦਰ ਵਲਾਸਾਈ ਸੀ ਜਿਹੜਾ ਸ਼ਡਿਊਲਡ ਕਾਸਟ ਫ਼ੈਡਰੇਸ਼ਨ ਆਫ਼ ਪਾਕਿਸਤਾਨ ਦਾ ਸਦਰ ਏ। ਉਹਨੇ ਪਾਕਿਸਤਾਨ ਵਿਚ ਦਲਤਾਂ ਦੀ ਹਾਲਤ ਬਾਰੇ ਵਿਸਥਾਰ ਨਾਲ ਦੱਸਿਆ, ਜੀਹਨਾਂ ਨੂੰ ਇੱਕ ਜ਼ਮਾਨੇ ਇੰਡੀਆ ਹਾਰ ਈ ਨੌਕਰੀਆਂ ਵਿਚ ਕੋਟਾ ਦਿੱਤਾ ਜਾਂਦਾ ਸੀ। ਇਹ ਹਿੱਸਾ ਇੱਕ ਵੇਲ਼ੇ ਵਾਪਸ ਲੈ ਲਿਆ ਗਿਆ ਸੀ ਤੇ ਪਾਕਸਤਾਨੀ ਦਲਤ ਇਸ ਹਿੱਸੇ ਦੀ ਮੁੜਕੇ ਮੰਗ ਕਰਦੇ ਪਏ ਨੇਂ।

ਡਾਕਟਰ ਅੰਬੇਦਕਰ ਪਾਕਸਤਾਨੀ ਦਲਤਾਂ ਵਿਚ ਜੀਹਨਾਂ 'ਚ ਬਹੁਤੇ ਹਿੰਦੂ ਤੇ ਈਸਾਈ ਨੇਂ, ਚੰਗੇ ਚਾਹੇ ਜਾਂਦੇ ਨੇਂ। ਅਗਲੀ ਬੁਲਿਆਰ ਲਹੌਰ ਦੀ ਇੱਕ ਸਕਾਲਰ ਰੁਖ਼ਸਾਨਾ ਸਦੀਕੀ ਸੀ। ਓਸ ਤੋਂ ਬਾਅਦ ਅਸਲਾਮਾਬਾਦ ਵਿਚ ਯੂ ਐੱਨ ਓ ਦਾ ਨਮਾਇੰਦਾ ਸੁਲੇਮਾਨ ਆਸਫ਼ ਬੋਲਿਆ। ਆਸਫ਼ ਨੇ ਪਿਛਲੀ ਰਾਤ ਡਿਨਰ ਵੇਲ਼ੇ ਮੈਨੂੰ ਆਪਣੀ ਸ਼ੁੱਧ ਹਿੰਦੀ ਨਾਲ਼ ਹੈਰਾਨ ਕਰ ਦਿੱਤਾ ਸੀ। ਉਹ ਹਿੰਦੀ ਤੇ ਸੰਸਕਰਿਤ ਅਦਬ ਦਾ ਇਤਨਾ ਜਾਣੂੰ ਸੀ ਕਿ ਮੈਂ ਸੋਚਿਆ ਅਸੀਂ ਪਾਕਸਤਾਨੀ ਲੋਕਾਂ ਬਾਰੇ ਕਿੰਨਾਂ ਘੱਟ ਜਾਣਦੇ ਹਾਂ। ਅਗਲਾ ਬੁਲਿਆਰ ਟਰਾਈ ਭਵਨ ਯੂਨੀਵਰਸਟੀ ਤੋਂ ਡਾਕਟਰ ਸ਼ਿਆਮ ਕਟਵਾਲ ਸੀ। ਮੇਰੇ ਤੋਂ ਬਾਅਦ ਯੂ. ਕੇ ਤੋਂ ਇੱਕ ਪਾਕਸਤਾਨੀ ਇਤਹਾਸਕਾਰ ਡਾਕਟਰ ਫ਼ਕੀਰ ਮੁਹੰਮਦ ਭੱਟੀ ਬੋਲਿਆ ਤੇ ਗਵਰਨਰ ਤੋਂ ਪਹਿਲੋਂ ਵੀ. ਟੀ. ਰਾਜ ਸ਼ੇਖਰ ਬੋਲਿਆ।

ਪਹਿਲੋਂ ਗੰਗਾ ਰਾਮ ਫਾਊਂਡੇਸ਼ਨ ਦੇ ਡਾਇਰੈਕਟਰ ਡਾਕਟਰ ਯੂਸਫ਼ ਬਖ਼ਾਰੀ ਨੇ ਪਰਚਾ ਪੜ੍ਹਨ ਵਾਲ਼ਿਆਂ ਨੂੰ ਜੀ ਆਇਆਂ ਆਖਿਆ ਤੇ ਫਾਊਂਡੇਸ਼ਨ ਦੇ ਟੀਚਿਆਂ ਬਾਰੇ ਦੱਸ ਪਾਈ। ਵੀ. ਟੀ. ਰਾਜ, ਸ਼ੇਖਰ ਤੇ ਮੈਂ ਦੋਹਾਂ ਮੁਲਕਾਂ ਦੇ ਲੋਕਾਂ ਦੇ ਗੂੜ੍ਹੇ ਸਾਂਝੀਆਂ ਬਾਰੇ ਗੱਲ ਕੀਤੀ। ਮੈਂ ਲਹੌਰ ਸ਼ਹਿਰ ਤੇ ਭਗਤ ਸਿੰਘ ਬਾਰੇ ਕੁੱਝ ਜਜ਼ਬਾਤੀ ਗੱਲ ਕੀਤੀ। ਡਾਕਟਰ ਅੰਬੇਦਕਰ ਦੇ ਇਨਸਾਨ ਦੋਸਤ ਫ਼ਲਸਫ਼ੇ ਬਾਰੇ ਗੱਲ ਕਰਨ ਤੋਂ ਵੱਖ ਮੈਂ ਸੁਣਨ ਆਲਿਆਂ ਨੂੰ ਦੱਸਿਆ ਕਿ ਲਹੌਰ ਦੀ ਮਿੱਟੀ ਮੇਰੇ ਲਈ ਵੀ ਓਨੀ ਹੀ ਪਵਿੱਤਰ ਹੈ ਜਿਤਨੀ ਉਹਨਾਂ ਲਈ ਕਿਓਂ ਜੇ ਇਸ ਧਰਤੀ ਵਿਚ ਭਗਤ ਸਿੰਘ ਤੇ ਕਰਤਾਰ ਸਿੰਘ ਸਰਾਭਾ ਵਰਗਿਆਂ ਦਾ ਲਹੂ ਵੀ ਰਲਿਆ ਹੋਇਆ ਏ। ਮੈਂ ਇਹ ਵੀ ਆਖਿਆ ਬਈ ਜੱਲ੍ਹਿਆਂਵਾਲਾ ਬਾਗ਼ ਦੀ ਮਿੱਟੀ ਉਹਨਾਂ ਲਈ ਵੀ ਓਨੀ ਹੀ ਮੁਕੱਦਸ ਏ ਜਿੰਨੀ ਸਾਡੇ ਲਈ ਕਿਓਂ ਜੇ ਉਹਦੇ ਵਿਚ ਹਿੰਦੂ ਮੁਸਲਮਾਨ ਤੇ ਸਿੱਖ ਤਿੰਨਾਂ ਦਾ ਲਹੂ ਰਲਿਆ ਹੋਇਆ ਏ। ਮੈਂ ਸੁਣਨ ਆਲਿਆਂ ਨੂੰ ਇਹ ਵੀ ਆਖਿਆ ਕਿ ਭਗਤ ਸਿੰਘ ਤੁਹਾਡਾ ਵੀ ਓਨਾ ਈ ਲੱਗਦਾ ਏ ਜਿਨਾ ਸਾਡਾ ਕਿਓਂ ਜੇ ਉਹ ਇੱਥੇ ਜੰਮਿਆਂ, ਇੱਥੇ ਈ ਓਸ ਚੋਖਾ ਕੰਮ ਕੀਤਾ ਤੇ ਲਹੌਰ ਵਿਚ ਈ ਸ਼ਹੀਦ ਹੋਇਆ। ਮੈਂ ਉਹਨਾਂ ਨੂੰ ਆਖਿਆ ਕਿ ਉਹ ਭਗਤ ਸਿੰਘ ਨੂੰ ਆਪਣਾ ਕਿਓਂ ਨਹੀਂ ਮੰਨਦੇ ਜਦ ਅਸੀਂ ਤੇ ਉਹਨੂੰ ਆਪਣਾ ਕੌਮੀ ਹੀਰੋ ਮੰਨਿਆਂ ਹੋਇਆ ਏ। ਮੈਂ ਸਨਤਾਲੀ ਵਿਚ ਸਿਆਸੀ ਲੋੜਾਂ ਨਾਲ ਬੇਅਕਲ ਮੁਜਰਮਾਨਾ ਢੰਗ ਨਾਲ਼ ਭਖ਼ਾਏ ਗਏ ਮਜ਼ਹਬੀ ਪਾਗਲਪੁਣੇ ਤੇ ਵਹਸ਼ੀਪੁਣੇ ਦਾ ਜ਼ਿਕਰ ਵੀ ਕੀਤਾ, ਜੀਹਦੇ ਵਿਚ ਹਰ ਮਜ਼ਹਬ ਦੇ ਲੱਖਾਂ ਬੰਦਿਆਂ, ਨਾ ਦੱਸਣ ਜੋਗ, ਮੁਸੀਬਤਾਂ ਭੋਗੀਆਂ।

ਮਾਜ਼ੀ ਭਾਂਵੇਂ ਭੁੱਲਿਆ ਤੇ ਨਹੀਂ ਜਾ ਸਕਦਾ ਪਰ ਇਹ ਦੇ ਤੋਂ ਕੁੱਝ ਸਿੱਖਿਆ ਤੇ ਜਾ ਸਕਦਾ ਏ ਤੇ ਸਰਹੱਦ ਪਾਰ ਵਸਣ ਵਾਲੇ ਪੰਜਾਬੀ ਭੈਣਾਂ ਭਰਾਵਾਂ ਨੂੰ ਮੇਰੀ ਇਹ ਈ ਮਿੰਨਤ ਸੀ। ਗਵਰਨਰ ਖ਼ਾਲਦ ਮਕਬੂਲ ਬੜੀਆਂ ਸਮਝ ਵਾਲ਼ੀਆਂ ਗੱਲਾਂ ਕੀਤੀਆਂ ਤੇ ਡਾਕਟਰ ਅੰਬੇਦਕਰ ਨੂੰ ਸਰਾਹਿਆ। ਪਰੋਗਰਾਮ ਮਗਰੋਂ ਢੇਰ ਸਾਰੇ ਲੋਕ ਮੇਰੇ ਕੋਲ਼ ਆਏ ਤੇ ਮੈਨੂੰ ਜੱਫਾ ਪਾ ਕੇ ਮਿਲੇ। ਸਾਡੀ ਕਲਚਰਲ ਸਾਂਝ ਬਾਰੇ ਮੇਰੀਆਂ

Academy of the Punjab in North America: http://www.apnaorg.com

ਗੱਲਾਂ ਉਹਨਾਂ ਦੇ ਦਿਲ ਲੱਗੀਆਂ ਸਨ। ਡਿਨਰ ਤੇ ਮੈਂ ਪਾਕਸਤਾਨੀ ਦਲਤਾਂ ਦੇ ਨਮਾਇੰਦਿਆਂ ਨਾਲ ਮਿਲਿਆ। ਉਹਨਾਂ ਵਿਚੋਂ ਚੋਖੇ ਕਰਿਸਚੀਅਨ ਸਨ ਤੇ ਪੰਜਾਬ ਜਾਂ ਜ਼ਿਲ੍ਹਾਈ ਅਸੰਬਲੀਆਂ ਦੇ ਮੈਂਬਰ ਹਨ। ਪਾਕਿਸਤਾਨ ਨੇ ਤਹਿਸੀਲ ਤੋਂ ਕੌਮੀ ਅਸੰਬਲੀ ਤੀਕ ਅਸੰਬਲੀਆਂ ਦਾ ਇੱਕ ਨਵਾਂ ਨਜ਼ਾਮ ਬਣਾਇਆ ਏ। ਲੈਫਟੀਨੈਂਟ ਜਨਰਲ (ਰੀਟਾਇਰਡ) ਜੁਲਫ਼ਕਾਰ ਅਲੀ ਖ਼ਾਨ ਵੀ ਇਸ ਮੌਕੇ ਮੌਜੂਦ ਸਨ। ਉਹ ਮਤਰੂਕਾ ਅਮਲਾਕ ਟਰਸਟ ਬੋਰਡ ਦੇ ਚੇਅਰਮੈਨ ਨੇ। ਇਹ ਜਾਨਣਾ ਦਿਲਚਸਪ ਏ ਕਿ ਪਾਕਿਸਤਾਨ ਸਰਕਾਰ ਨੇ ਗੰਗਾ ਰਾਮ ਫਾਊਂਡੇਸ਼ਨ ਤੇ ਦਿਆਲ ਸਿੰਘ ਰੀਸਰਚ ਐਂਡ ਕਲਚਰਲ ਫਾਊਂਡੇਸ਼ਨ ਨੂੰ ਬਨਾਵਣ ਦੀ ਮਨਜ਼ੂਰੀ ਪਿਛਲੇ ਦੋ ਵਰ੍ਹਿਆਂ ਵਿਚ ਈ ਦਿੱਤੀ ਏ। ਗੰਗਾ ਰਾਮ ਫਾਊਂਡੇਸ਼ਨ ਅਗਰਵਾਲ ਸਟਰੀਟ, ਅਗਰਵਾਲ ਧਰਮਸ਼ਾਲਾ ਵਿਚ ਬਣੀ ਏ। ਧਰਮ ਸ਼ਾਲਾ ਦਾ ਮੰਦਾ ਹਾਲ ਸੀ ਪਰ ਹੁਣ ਇਹ ਨੂੰ ਠੀਕ ਕੀਤਾ ਜਾ ਰਿਹਾ ਏ। ਸਿੱਖ ਜੱਥੇ ਦੇ ਕਈ ਮੈਂਬਰ ਉਹਨਾਂ ਦਿਨਾਂ 'ਚ ਇਸ ਧਰਮਸ਼ਾਲਾ ਵਿਚ ਟਿਕੇ ਹੋਏ ਸਨ।

ਵਸਾਖੀ ਦੇ ਮੇਲੇ ਦੀਆਂ ਤਰਕੀਬਾਂ ਦਿਆਲ ਸਿੰਘ ਫਾਊਂਡੇਸ਼ਨ ਨੇ ਉਚੇਚੇ ਤੌਰ ਲਹੌਰ ਕਰਾਈਆਂ ਤੇ ਓਥੇ ਪਾਕਿਸਤਾਨ ਸਰਕਾਰ ਐਲਾਨ ਕੀਤਾ ਕਿ ਟੈਕਸਲਾ ਜਾਂ ਨਨਕਾਣਾ ਸਾਹਿਬ ਵਿਚ ਗੁਰੂ ਨਾਨਕ ਯੂਨੀਵਰਸਟੀ ਬਨਾਈ ਜਾਸੀ। ਗਵਰਨਰ ਪੰਜਾਬ ਆਪ ਵੀ ਮੇਲੇ 'ਚ ਆਏ ਜਿੱਥੇ ਇੰਡੀਅਨ ਜੱਥਾ ਵੀ ਆਇਆ ਸੀ।

ਮੈਂ 21 ਅਪਰੈਲ ਦੁਪਹਿਰ ਆਪਣੀ ਵਾਪਸ ਦਿੱਲੀ ਫ਼ਲਾਈਟ ਤੱਕ ਲਹੌਰ ਵਿਚ ਈ ਰਹਿਣਾ ਸੀ ਤੇ ਮੈਂ ਆਪਣਾ ਵੇਲਾ ਚੋਖੇ ਤੋਂ ਚੋਖਾ ਫਾਇਦੇਵੰਦ ਢੰਗ ਨਾਲ ਗੁਜ਼ਾਰਨਾ ਚਾਹੁੰਦਾ ਸਾਂ। ਮੇਰਾ ਮਕਸਦ ਸੀ ਕਿ ਮੈਂ ਲਿਖਾਰੀਆਂ, ਆਲਮਾਂ ਤੇ ਆਪਣੀ ਸੋਚ ਦੇ ਬੰਦਿਆਂ ਨੂੰ ਮਿਲਾਂ ਤੇ ਤਵਾਰੀਖ਼ੀ ਥਾਵਾਂ ਵੇਖਾਂ। ਮੈਂ ਸਭ ਥੀਂ ਪਹਿਲਾਂ ਫਿਰਨ ਟੁਰਨ ਵਾਲਾ ਕੰਮ ਕੀਤਾ। ਸਭ ਤੋਂ ਪਹਿਲਾਂ ਲਹੌਰ ਦੇ ਅਜਾਇਬ ਘਰ ਗਿਆ। ਇੱਥੇ ਜਿਸ ਹਿੱਸੇ ਸਭ ਤੋਂ ਬਾਹਲਾ ਮੈਨੂੰ ਆਪਣੇ ਅੱਲ ਛਿਕਿਆ ਉਹ ਅਜ਼ਾਦੀ ਦੀ ਤਹਰੀਕ ਦੀਆਂ ਬਲੈਕ ਐਂਡ ਵ੍ਹਾਈਟ ਤਸਵੀਰਾਂ ਸਨ। ਲਹੌਰ ਵਿਚ ਇਹ ਅਜ਼ਾਦੀ ਦੀ ਤਹਰੀਕ ਸੀ, ਮੇਰੇ ਲਈ ਇਹ ਰਲੀ ਮਿਲੀ ਤਹਰੀਕ ਸੀ। ਮੈਂ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਸੁਭਾਸ਼ ਚੰਦਰ ਬੋਸ ਤੇ ਬਲਦੇਵ ਸਿੰਘ ਵਰਗੇ ਕੌਮੀ ਆਗੂਆਂ ਨਾਲ ਜਨਾਹ, ਲਿਆਕਤ ਅਲੀ ਖ਼ਾਨ ਤੇ ਖ਼ਾਨ ਅਬਦੁਲ ਗ਼ੁਫ਼ਾਰ ਖ਼ਾਨ ਵਗੈਰਾ ਦੀਆਂ ਫੋਟਵਾਂ ਤਕੀਆਂ। ਜਨਾਹ ਦੀ ਪਾਰਸੀ ਤੀਵੀਂ ਰੱਤੀ ਤੇ ਉਹਨਾਂ ਦੀ ਧੀ ਦੇਣਾ ਦੀਆਂ ਮੂਰਤਾਂ ਮੇਰਾ ਧਿਆਨ ਬਓਂ ਛਿਕਿਆ। ਮੁੜ ਗੰਧਾਰਾ ਆਰਟ ਦਾ ਪੂਰਾ ਸੈਕਸ਼ਨ ਸੀ, ਜੀਹਦੇ ਵਿਚ ਸੂਬਾ ਸਰਹੱਦ ਦੀ ਬੁੱਧ ਰੀਤ ਦਾ ਆਰਟ ਸੀ। ਹੁਣ ਸਿੱਖ ਆਰਟ ਉੱਤੇ ਵੀ ਪੂਰਾ ਸੈਕਸ਼ਨ ਏ। ਪੁਰਾਣੀਆਂ ਡਿਉਢੀਆਂ ਵੀ ਇੰਨੀਆਂ ਮਨ ਛਿਕਵੀਆਂ ਸਨ ਕਿ ਉਹਨਾਂ ਨੂੰ ਘਸਾਇਆ ਨਾ ਜਾ ਸਕਦਾ।

ਮਸ਼ਹੂਰ ਨੈਸ਼ਨਲ ਕਾਲਜ ਆਫ਼ ਆਰਟਸ ਅਜਾਇਬ ਘਰ ਦੇ ਨਾਲ ਏ। ਪਰ ਉਹ ਤਾਂ ਮੈਂ ਫ਼ੇਰ ਵੀ ਵੇਖ ਸਕਦਾ ਸੀ। ਮੈਂ ਕਾਲਜ ਵੱਲੋਂ ਹੁਣੇ ਈ ਛਾਪੀਆਂ ਤਰੈ ਕਿਤਾਬਾਂ ਡਿੱਠੀਆਂ, ਦੋ ਸਰ ਗੰਗਾ ਰਾਮ ਤੇ ਭਾਈ ਰਾਮ ਸਿੰਘ ਬਾਰੇ ਹਨ। ਇਓਂ ਲੱਗਦਾ ਏ ਜਿਓਂ ਪਾਕਿਸਤਾਨ ਤੇ ਖ਼ਾਸ ਕਰ ਲਹੌਰ ਆਪਣੀ ਰੀਤ ਦਾ ਧਨ ਭਾਂਵੇਂ ਹੌਲੀ ਹੌਲੀ ਪਰ ਪੱਕੇ ਪੈਰੀਂ ਸਾਂਭ ਰਿਹਾ ਏ। ਰੀਤ ਜਿਹੜੀ ਭਾਂਵੇਂ ਇਸਲਾਮੀ ਨਾਹੀਂ।

ਬਜ਼ਾਰ ਵਿਚ ਦੋਪਹਿਰ ਦੀ ਰੋਟੀ ਖਾਣ ਲਈ ਤੁਹਾਨੂੰ ਚੰਗੀ ਰਿਧੀ ਸਬਜ਼ੀ ਕਦੀ ਨਾ ਲੱਭਸੀ। ਨਿਰੀ ਸਬਜ਼ੀ ਨਾ ਖਾਣ ਆਲਿਆਂ ਲਈ ਲਹੌਰ ਜੰਨਤ ਏ ਜਿੱਥੇ ਅਨਾਰ ਕਲੀ ਤੇ ਗਵਾਲਮੰਡੀ ਦੀਆਂ ਫ਼ੂਡ ਸਟਰੀਟ ਫਿਰ ਕੇ ਦੋ ਵਜੇ ਬਾਗ਼ਿ-ਜਨਾਹ ਦੀ ਸ਼ਿਮਲਾ ਪਹਾੜੀ ਅੱਪੜੇ, ਜਿੱਥੇ ਰਾਤ

Academy of the Punjab in North America: http://www.apnaorg.com

ਦੋ ਵਜੇ ਕਲਾਸੀਕੀ ਮੌਸੀਕੀ ਦਾ ਪਰੋਗਰਾਮ ਚੱਲ ਰਿਹਾ ਸੀ। ਫ਼ਰੀਦਾ ਖ਼ਾਨਮ ਓਸ ਵੇਲ਼ੇ ਆਪਣਾ ਗਾਉਣ ਮੁਕਾਇਆ ਹਾ। ਲਹੌਰ ਕਲਚਰ ਵੱਲੋਂ ਇਤਨਾ ਜਿਉਂਦਾ ਸ਼ਹਿਰ ਏ ਜੇ ਬੰਦਾ ਹੈਰਾਨ ਰਹਿ ਜਾਂਦਾ ਏ। ਮੈਨੂੰ ਜੇ. ਐੱਨ. ਯੂ ਵਿਚ ਆਪਣੀ ਪੜ੍ਹਾਈ ਦਾ ਜ਼ਮਾਨਾ ਯਾਦ ਆ ਗਿਆ। ਜਿੱਦਣ ਅਸੀਂ ਕਲਾਸੀਕੀ ਪਰੋਗਰਾਮ ਸੁਣਨ ਵਾਸਤੇ ਰਾਤੀਂ ਚਿਰਕੇ ਮੋਲਨਕਰ ਹਾਲ ਜਾਂਦੇ ਸਾਂ। ਦਿੱਲੀ ਵਿਚ ਉਹ ਵੇਲਾ ਗੁਜਰ ਗਿਆ ਪਰ ਲਹੌਰ ਵਿਚ ਨਹੀਂ।

ਸ਼ਾਹੀ ਕਿਲਾ ਫਿਰਨ ਦਾ ਕੋਈ ਇੱਡਾ ਸਵਾਦ ਨਹੀਂ, ਇਹ ਨੂੰ ਇੱਡਾ ਕੋਈ ਸਾਂਭ ਕੇ ਨਹੀਂ ਰੱਖਿਆ ਗਿਆ ਪਰ ਰਣਜੀਤ ਸਿੰਘ ਦੀ ਸਮਾਧੀ ਜਿਸ ਇਸ ਕਿਲੇ ਬਹਿ ਕੇ ਹਕੂਮਤ ਕੀਤੀ ਇਸ ਕਿਲੇ ਦਾ ਸਮਝੋ ਹਿੱਸਾ ਈ ਏ। ਇੰਜੇ ਪੰਜਵੇਂ ਗੁਰੂ ਦਾ ਗੁਰਦਵਾਰਾ ਵੀ। ਕੋਲ ਈ ਮੀਨਾਰੇ ਪਾਕਿਸਤਾਨ ਏ ਜਿਹੜਾ 1947 ਤੋਂ ਬਾਅਦ ਬਣਿਆ। ਇਹ ਦੀਆਂ ਕੰਧਾਂ ਉੱਤੇ 23 ਮਾਰਚ 1940 ਨੂੰ ਪਾਸ ਕੀਤੀ ਪਾਕਿਸਤਾਨ ਰੈਜ਼ੂਲਿਊਸ਼ਨ ਲਿਖੀ ਹੋਈ ਏ ਇਹ ਕਰਾਰਦਾਦ ਉਰਦੂ, ਪੰਜਾਬੀ, ਅੰਗਰੇਜ਼ੀ, ਤੇ ਬੰਗਾਲੀ ਜ਼ਬਾਨ ਵਿਚ ਖੁਦੀ ਹੋਈ ਏ।

ਭਗਤ ਸਿੰਘ ਨਾਲ਼ ਜੁੜੀਆਂ ਥਾਵਾਂ ਵੇਖਣਾਂ ਲਹੌਰ ਦੀ ਇੱਕ ਹੋਰ ਛਿਕ ਏ। ਪੰਜਾਬੀ ਦੇ ਮਸ਼ਹੂਰ ਤਰੱਕੀ ਪਸੰਦ ਕਹਾਣੀਕਾਰ ਜ਼ੁਬੈਰ ਨਾਲ਼ ਮੈਂ ਬਰੇਡਲਾ ਹਾਲ ਗਿਆ, ਜੀਹਨੂੰ ਕਿ ਹੁਣ ਕੋਈ ਕੋਈ ਜਾਂਦਾ ਏ। ਹਾਲ ਦਾ ਹੁਣ ਮੰਦਾ ਹਾਲ ਏ ਤੇ ਇੱਥੇ ਇੱਕ ਟਰੇਨਿੰਗ ਸਕੂਲ ਚਲਾਇਆ ਜਾ ਰਿਹਾ ਏ। ਉਂਜ ਲੱਗਦਾ ਸੀ ਕਿ ਕਦੇ ਇਹ ਬੜੀ ਸੋਹਣੀ ਇਮਾਰਤ ਹੋਵੇਗੀ। ਨੀਂਹ ਪੱਥਰ ਖ਼ੁਸ਼ ਕਿਸਮਤੀ ਨਾਲ਼ ਕਾਇਮ ਏ। ਅਜ਼ਾਦੀ ਦੀ ਤਹਰੀਕ ਦੇ ਇਸ ਹੈੱਡ ਕਵਾਰਟਰ ਦੀ ਨੀਂਹ 1900 ਵਿਚ ਸੁਰਿੰਦਰ ਨਾਥ ਸੈਨ ਧਰੀ। ਚੰਗਾ ਤੇ ਇਹ ਏ ਜੇ ਹਿੰਦੋਸਤਾਨੀ ਸਰਕਾਰ ਪਾਕਿਸਤਾਨ ਸਰਕਾਰ ਤੇ ਭਾਰ ਪਾਵੇ ਜੇ ਇਸ ਬਿਲਡਿੰਗ ਨੂੰ ਵਿਰਸਾ ਮਿਥਿਆ ਜਾਵੇ। ਲਹੌਰ ਦਾ ਲਾਲਾ ਲਾਜਪਤ ਰਾਏ ਹਾਲ ਜੀਹਦੇ 'ਚ ਹਿਕ ਵਕਤ ਚੰਦੀਗੜ੍ਹ ਆਲੀ ਮਸ਼ਹੂਰ ਦਵਾਰਕਾਦਾਸ ਲਾਇਬਰੇਰੀ ਵੀ ਰਹੀ ਏ, ਹੁਣ ਪੰਜਾਬ ਪੁਲਸ ਦੇ ਫ਼ਿੰਗਰ ਪਰਿੰਟ ਬਿਊਰਿਓ ਦੇ ਕਬਜ਼ੇ ਵਿਚ ਏ। ਮੈਂ ਓਥੇ ਨਾ ਜਾ ਸਕਿਆ ਤੇ ਨਾ ਈ ਮੈਂ ਉਹ ਨੈਸ਼ਨਲ ਕਾਲਜ ਲੱਭ ਸਕਿਆ ਜਿੱਥੇ ਭਗਤ ਸਿੰਘ 1922 ਈਸਵੀ ਤੋਂ 1926 ਈਸਵੀ ਤੀਕ ਪੜ੍ਹਦਾ ਰਿਹਾ। ਮੈਂ ਲਹੌਰ ਨੇੜੇ ਖ਼ਵਾਸਰੀਆਂ ਪਿੰਡ ਵੀ ਨਾ ਲੱਭ ਸਕਿਆ ਜਿੱਥੇ ਭਗਤ ਸਿੰਘ ਦਾ ਟੱਬਰ ਕਈ ਸਾਲ ਰਿਹਾ।

ਰਾਵੀ ਦੀ ਕੰਧੀ ਤੇ ਉਹ ਥਾਂ ਵੀ ਨਾ ਲਭੀ ਜਿੱਥੇ ਲਾਲਾ ਲਾਜਪਤ ਰਾਏ ਤੇ ਬਾਅਦੋਂ ਭਗਤ ਸਿੰਘ, ਰਾਜ ਗੁਰੂ, ਤੇ ਸੁਖਦੇਵ ਦੀਆਂ ਲਾਸ਼ਾਂ ਸਾੜੀਆਂ ਗਈਆਂ ਤੇ ਭਗਵਤੀ ਚਰਨ ਵੋਹਰਾ ਆਪਣੀ ਜਾਨ ਵੀ ਦਿੱਤੀ ਜਦੋਂ ਟੈਸਟ ਕਰਨ ਲੱਗਿਆਂ ਬੰਬ ਪਾਟ ਗਿਆ। ਰਾਵੀ ਸੁੱਕ ਗਿਆ ਏ ਤੇ ਲੋਕ ਆਂਹਦੇ ਹਨ ਇਹ ਹੁਣ ਨਾਲ਼ਾ ਬਣ ਗਿਆ ਏ। ਉਹ ਇਹ ਵੀ ਆਹਦੇ ਨੇਂ ਕਿ ਇੰਡੀਆ ਰਾਵੀ ਦਾ ਪਾਨੀ ਡੱਕ ਲਿਆ ਏ। ਪਰ ਸੁੰਦਰ ਦਾਸ ਦੇ ਕਤਲ ਦੀ ਥਾਂ ਤੇ ਨਾਲ਼ ਈ ਡੀ. ਏ. ਵੀ ਕਾਲਜ ਦਾ ਹੋਸਟਲ ਮੈਨੂੰ ਸੌਖੇ ਈ ਲੱਭ ਗਏ। ਇਸ ਥਾਂ ਵਿਚ ਕੋਈ ਚੋਖੀ ਤਬਦੀਲੀ ਨਹੀਂ ਆਈ ਪਰ ਡੀ. ਏ. ਵੀ ਕਾਲਜ ਤੇ ਹੋਸਟਲ ਹੁਣ ਗਵਰਨਮੈਂਟ ਅਸਲਾਮੀਆ ਕਾਲਜ ਤੇ ਹੋਸਟਲ ਬਣ ਗਏ ਨੇਂ। ਐੱਸ. ਐੱਸ. ਪੀ ਆਫ਼ਿਸ ਹੁਣ ਵੀ ਉਹੀ ਏ ਜਿਹੜਾ ਸਕਾਟ ਦੇ ਜ਼ਮਾਨੇ ਸੀ। ਮੈਂ ਲਹੌਰ ਜ਼ੇਲ੍ਹ ਦੇ ਫਾਂਸੀ ਘਾਟ ਆਲੀ ਥਾਂ ਵੀ ਗਿਆ ਜਿਹੜਾ ਹੁਣ ਢਾਹ ਦਿੱਤਾ ਗਿਆ ਏ ਤੇ ਉਹਦੀ ਥਾਂ ਸ਼ਾਦਮਾਨ ਚੌਕ ਜਾਂ ਫ਼ਵਾਰਾ ਚੌਕ ਬਣ ਗਿਆ ਏ। ਇਹ ਹੁਣ ਰਿਹਾਇਸ਼ੀ ਕਾਲੋਨੀ ਏ ਤੇ ਜ਼ੇਲ੍ਹ ਜਾਂ ਇਹ ਦੀ ਤਵਾਰੀਖ਼ ਦਾ ਕੋਈ ਨਸ਼ਾਨ ਨਹੀਂ ਜਿੱਥੇ ਸੈਂਕੜੇ ਅਜ਼ਾਦੀ ਦੇ ਮਜਾਹਦ ਫਾਹੇ ਲੱਗੇ। ਪਾਕਿਸਤਾਨ ਦੇ ਜਮਹੂਰੀ ਕਾਮੇ 23 ਮਾਰਚ ਨੂੰ ਸ਼ਾਦਮਾਨ ਚੌਕ

Academy of the Punjab in North America: http://www.apnaorg.com

ਇਕੱਠੇ ਹੋ ਕੇ ਮੋਮ ਬੱਤੀਆਂ ਬਾਲਦੇ ਨੇਂ। ਇਸ ਥਾਂ ਦੀ ਤਰੀਖ਼ ਬਾਰੇ ਇੱਥੇ ਇੱਕ ਤਖ਼ਤੀ ਜਾਂ ਪੱਥਰ ਵੀ ਲਾਵਨਾ ਚਾਹੁੰਦੇ ਨੇਂ। ਭਗਤ ਸਿੰਘ ਜਦੋਂ ਰੂਹਪੋਸ਼ ਸੀ ਤੇ ਉਹ ਲਹੌਰ ਦੇ ਕਈ ਘਰਾਂ ਵਿਚ ਰਿਹਾ ਜੀਹਨਾਂ ਬਾਰੇ ਲੋਕ ਅੱਜ ਵੀ ਗੱਲ ਕਰਦੇ ਨੇਂ। ਇੱਕ ਘਰ ਜ਼ੇਲ੍ਹ ਰੋਡ ਤੇ ਵੀ ਦੱਸਿਆ ਜਾਂਦਾ ਏ। ਪੰਜਾਬੀ ਦੇ ਮਸ਼ਹੂਰ ਲਿਖਾਰੀ ਨਜ਼ਮ ਹੁਸੈਨ ਸੱਈਅਦ ਜ਼ੇਲ੍ਹ ਰੋਡ ਤੇ ਰਹਿੰਦੇ ਨੇਂ ਪਰ ਉਹਨਾਂ ਨੂੰ ਓਸ ਘਰ ਬਾਰੇ ਕੋਈ ਪਤਾ ਨਹੀਂ। ਮੈਂ ਭਗਤ ਸਿੰਘ ਦੀ ਜੰਮਣ-ਭੋਇੰ ਵੀ ਗਿਆ ਜੀਹਦੇ ਲਈ ਮੇਰੇ ਕੁੱਝ ਨਵੇਂ ਮੁਕਾਮੀ ਸੱਜਣਾਂ ਕਾਰ ਦਾ ਬੰਦੋਬਸਤ ਕੀਤਾ ਤੇ ਪਹਿਲੇ ਅਸੀਂ ਵਾਰਸ਼ ਸ਼ਾਹ ਦੇ ਮਜ਼ਾਰ ਜੰਡਿਆਲੇ ਸ਼ੇਰ ਖ਼ਾਨ ਗਏ। ਅਸੀਂ ਮਸ਼ਹੂਰ ਕਸਬੇ ਸ਼ੇਖ਼ੂਪੁਰੇ ਵਿਚੋਂ ਲੰਘੇ ਤੇ ਮੈਨੂੰ ਦੂਰੋਂ ਹਰਨ ਮਿਨਾਰ ਵਖਾਇਆ ਗਿਆ ਜਿਹੜਾ ਸ਼ਹਿਜ਼ਾਦਾ ਸਲੀਮ ਦੇ ਸ਼ਿਕਾਰ ਦੌਰਾਨ ਮਾਰੇ ਜਾਣ ਵਾਲੇ ਹਰਨ ਦੀ ਯਾਦ ਵਿਚ ਬਣਾਈ ਗਈ ਇੱਕ ਸੋਹਣੀ ਥਾਂ ਏ। ਵਾਰਸ਼ ਸ਼ਾਹ ਦੇ ਮਜ਼ਾਰ ਜਾਣਾ ਇੱਕ ਅਜੀਬ ਤਜਰਬਾ ਸੀ। ਇੱਥੇ ਹਰ ਸਾਲ ਹੀਰ ਪੜ੍ਹਨ ਦਾ ਮੁਕਾਬਲਾ ਹੁੰਦਾ ਏ। ਜਿਹੜਾ ਅਮ੍ਰਿਤਾ ਪ੍ਰੀਤਮ ਦੀ ਨਜ਼ਮ "ਅੱਜ ਆਖਾਂ ਵਾਰਸ਼ ਸ਼ਾਹ ਨੂੰ" ਗਾ ਕੇ ਸ਼ੁਰੂ ਕੀਤਾ ਜਾਂਦਾ ਏ। ਜੰਡਿਆਲੇ ਤੋਂ ਅਸੀਂ ਨਨਕਾਣਾ ਸਾਹਿਬ ਗਏ। ਇਹ ਇੱਕ ਛੋਟਾ ਜਿਹਾ ਕਸਬਾ ਏ ਪਰ ਇੱਥੇ ਆਣ ਜਾਣ ਆਲੀ ਸੜਕ ਬਹੁੰ ਵੱਡੀ ਏ ਪਾਕਿਸਤਾਨ ਆਪਣੀਆਂ ਸੜਕਾਂ ਤੇ ਕਾਫ਼ੀ ਧਿਆਨ ਦਿੱਤਾ ਏ ਤੇ ਲਹੌਰ ਤੋਂ ਪਿਸ਼ਾਵਰ ਤੋੜੀ ਅਪਣੇ ਮੋਟਰ ਵੇ ਬਾਰੇ ਠੀਕ ਈ ਮਾਣ ਕਰਦਾ ਏ। ਪਰ ਰੇਲਵੇ ਸਰਵਸ ਵੱਲੋਂ ਇਹ ਦੇਸ ਕੁੱਝ ਪਿੱਛੇ ਏ। ਨਨਕਾਣਾ ਸਾਹਿਬ ਵਿਚ ਵੱਡੇ ਗੁਰਦਵਾਰੇ ਸਮੇਤ ਅੱਠ ਗੁਰਦਵਾਰੇ ਨੇਂ।

ਫ਼ਰਵਰੀ 1921 ਈਸਵੀ ਵਿਚ ਗੁਰਦਵਾਰੇ, ਮਹੰਤਾਂ ਦੇ ਖ਼ਿਲਾਫ਼ ਮੋਰਚਾ ਲੱਗਾ ਜਿਹੜੇ ਅੰਗਰੇਜ਼ਾਂ ਦੇ ਥਾਪੜੇ ਤੇ ਇਸ ਪਾਕ ਥਾਂ ਨੂੰ ਪਲੀਤ ਕਰਦੇ ਪਏ ਸਨ ਤੇ ਉਹਨਾਂ ਗੁਰਦਵਾਰ ਛੱਡਣ ਤੋਂ ਪਹਿਲਾਂ ਦੋ ਸੌ ਸਿੱਖ ਮਾਰ ਘੱਤੇ। ਗੁਰਦਵਾਰੇ ਦੇ ਅੰਦਰ ਸ਼ਹੀਦ ਜੰਡ ਏ ਜਿੱਥੇ ਇੱਕ ਇਹਤਜਾਜ ਕਰਨ ਵਾਲੇ ਲਛਮਨ ਸਿੰਘ ਨੂੰ ਜੀਂਵਦੇ ਸਾੜ ਦਿੱਤਾ ਗਿਆ। ਨਨਕਾਣੇ ਦੇ ਬਹੁਤੇ ਗੁਰਦਵਾਰੇ ਗੁਰੂ ਨਾਨਕ ਦੇ ਬਾਲਪਨ ਦੇ ਵਾਕਿਆਂ ਬਾਰੇ ਹਨ। ਕਿੱਥੇ ਉਹ ਜੰਮੇ, ਕਿੱਥੇ ਉਹ ਖੇਡੇ, ਕਿੱਥੇ ਪੜ੍ਹੇ ਵਗੈਰਾ। ਮੈਂ ਅਪਣੇ ਮੁਸਲਮਾਨ ਸੱਜਣਾਂ ਨਾਲ ਲੰਗਰ ਖਾਹਦਾ ਜਿਹੜੇ ਲਹੌਰੋਂ ਮੇਰੇ ਨਾਲ ਆਏ ਸਨ।

ਨਨਕਾਣਿਓਂ, ਜੰਡਿਆਲੇ ਸਿੱਧਾ ਰਾਹ ਏ। ਪਰ ਕੁੱਝ ਕਿਲੋ ਮੀਟਰ ਸੜਕ ਦਾ ਟੋਟਾ ਬਹੁੰ ਖ਼ਰਾਬ ਸੀ। ਜੜ੍ਹਾਂਵਾਲਾ ਜਿਹੜਾ ਇੱਕ ਤਹਿਸ਼ੀਲ ਟਾਊਨ ਏ ਲੰਘ ਕੇ ਅਸੀਂ ਚੱਕ ਨੰਬਰ 105 ਜਾਣ ਆਲੀ ਸੜਕ ਤੇ ਆ ਗਏ। ਇਸ ਤੋਂ ਪਹਿਲੇ ਕਿ ਅਸੀਂ ਕਿਸੇ ਤੋਂ ਰਾਹ ਪੁੱਛਦੇ ਸਾਡੇ ਲਈ ਇੱਕ ਚੰਗੀ ਖ਼ਬਰ ਉਡੀਕ ਰਹੀ ਸੀ। ਸੜਕ ਤੇ ਇੱਕ ਟੀਨ ਦਾ ਬੋਰਡ ਲੱਗਾ ਸੀ ਜੀਹਦੇ ਉੱਤੇ ਜ਼ੇਲ੍ਹ ਦੇ ਸਰੀਆਂ ਪਿੱਛੇ ਭਗਤ ਸਿੰਘ ਦੀ ਮੂਰਤ ਪੇਂਟ ਕੀਤੀ ਹੋਈ ਸੀ। ਫ਼ੈਸਲਾਬਾਦ (ਲਾਇਲ ਪੁਰ) ਦੇ ਕਿਸੇ ਜਸਬੀਰ ਸਿੰਘ ਇਹ ਬੋਰਡ ਲਾਇਆ ਸੀ ਤੇ ਉੱਤੇ ਆਪਣਾ ਈ. ਮੇਲ ਐਡਰੈੱਸ ਵੀ ਦਿੱਤਾ ਸੀ। ਸਾਡਾ ਕੰਮ ਸੌਖਾ ਹੋ ਗਿਆ। ਜਦੋਂ ਅਸੀਂ ਇਹ ਬੋਰਡ ਪੜ੍ਹ ਰਹੇ ਸਾਂ ਤਾਂ ਆਸੇ ਪਾਸੇ ਦੇ ਕੁੱਝ ਲੋਕ ਸਾਡੇ ਨੇੜੇ ਆ ਗਏ ਤੇ ਭਗਤ ਸਿੰਘ ਵਿਚ ਸਾਡੀ ਦਿਲਚਸਪੀ ਵੇਖ ਕੇ ਸਾਨੂੰ ਉਹਦੇ ਪਿੰਡ ਦਾ ਰਾਹ ਦੱਸਿਆ। ਕਿਸੇ ਮਸ਼ਵਰਾ ਦਿੱਤਾ ਜੇ ਪਿੰਡ ਜਾਣ ਤੋਂ ਪਹਿਲਾਂ ਸਾਨੂੰ ਨੇੜੇ ਈ ਇੱਕ ਫ਼ਰਹਾਨ ਖ਼ਾਨ ਨੂੰ ਮਿਲਣਾ ਚਾਹੀਦਾ ਏ। ਪਤਾ ਲੱਗਾ ਬਈ ਫ਼ਰਹਾਨ ਬਿਆਸੀ ਵਰ੍ਹਿਆਂ ਦਾ ਇੱਕ ਰੀਟਾਇਰਡ ਐਕਸਾਈਜ਼ ਅਫ਼ਸਰ ਸੀ ਤੇ ਓਸ ਆਪਣੀ ਫ਼ੈਕਟਰੀ ਦਾ ਨਾਂ ਗੁਲਾਬ ਫ਼ਾਰਮ ਰੱਖਿਆ ਹੋਇਆ ਸੀ ਜੀਹਦੇ ਬੋਰਡ ਉੱਤੇ 'ਭਗਤ ਸਿੰਘ ਟਾਊਨ' ਵੀ ਲਿਖਵਾਇਆ ਹੋਇਆ ਏ। ਉਹ ਲਾਗੇ ਈ ਚੱਕ ਨੰਬਰ 107 ਪਠਾਨਕੋਟ ਦਾ ਸੀ।

Academy of the Punjab in North America: http://www.apnaorg.com

ਅਸੀਂ ਉਹਦੇ ਕੋਲ ਅੱਪੜੇ ਤੇ ਓਸ ਸਾਨੂੰ ਖਿੜੇ ਮੱਥੇ ਜੀ ਆਇਆਂ ਆਖਿਆ। ਉਹਦੀ ਬੈਠਕ ਵਿਚ ਫ਼ਰੇਮ ਵਿਚ ਲੱਗੀ ਭਗਤ ਸਿੰਘ ਦੀ ਇੱਕ ਬਲੈਕ ਐਂਡ ਵ੍ਹਾਈਟ ਮੂਰਤ ਸੀ। ਫ਼ਰੇਮ ਦਾ ਸ਼ੀਸ਼ਾ ਟੁੱਟਾ ਹੋਇਆ ਸੀ। ਹੈਟ ਵਾਲੀ ਮਸ਼ਹੂਰ ਮੂਰਤ ਸੀ। ਫ਼ਰਹਾਨ ਖ਼ਾਨ ਭਗਤ ਸਿੰਘ ਦੇ ਟੱਬਰ ਬਾਰੇ ਗੱਲ ਬਾਤ ਬਹੁੰ ਖ਼ੁਸ਼ ਹੋ ਕੇ ਕਰ ਰਿਹਾ ਸੀ। ਜਿਸ ਦਿਨ ਭਗਤ ਸਿੰਘ ਸ਼ਹੀਦ ਹੋਇਆ ਓਦਨ ਫ਼ਰਹਾਨ ਖ਼ਾਨ ਸਿਰਫ਼ ਪੰਜ ਵਰ੍ਹਿਆਂ ਦਾ ਸੀ ਤੇ ਭਗਤ ਸਿੰਘ ਦੇ ਨਿੱਕੇ ਵੀਰ ਜੀਹਨਾਂ ਦੇ ਨਾਂ ਉਹ ਭੁਲ ਗਿਆ ਸੀ, ਉਹਨੂੰ ਮਿਲਦੇ ਰਹਿੰਦੇ ਸੀ (ਜ਼ਾਹਰ ਏ ਉਹ ਕੁਲਬੀਰ ਸਿੰਘ ਤੇ ਕੁਲਤਾਰ ਸਿੰਘ ਦੀ ਗੱਲ ਕਰਦਾ ਪਿਆ ਸੀ)।

ਉਹ ਭਗਤ ਸਿੰਘ ਦਾ ਇੱਡਾ ਚਾਹਣ ਆਲਾ ਸੀ ਕਿ ਮੈਂ ਉਹਨੂੰ ਉਹਦੀਆਂ ਲਿਖਤਾਂ ਦੀ ਇੱਕ ਕਾਪੀ ਦੇਣਾ ਚਾਹੁੰਦਾ ਸਾਂ। ਪਰ ਮੇਰੇ ਕੋਲ ਵਾਧੂ ਕਾਪੀ ਨਹੀਂ ਸੀ। ਮੈਂ ਲੈਫ਼ਟ ਵਰਡ ਤੇ ਐੱਨ. ਬੀ. ਟੀ ਦੀਆਂ ਅੰਗਰੇਜ਼ੀ ਵਿਚ ਹਣੇ ਈ ਛਾਪੀਆਂ ਕੁੱਝ ਕਾਪੀਆਂ ਲਈਆਂ ਹੋਈਆਂ ਸਨ। ਫ਼ਰਹਾਨ ਸਾਡੇ ਕੋਲੋਂ ਘੱਟੋਘੱਟ ਇੱਕ ਘੰਟੇ ਲਈ ਇਹ ਮੰਗ ਕੇ ਇਹ ਦੀ ਫ਼ੋਟੋ ਕਾਪੀ ਕਰਵਾ ਲਈ।

ਅਸੀਂ ਇਹ ਵੇਲਾ ਭਗਤ ਸਿੰਘ ਦੇ ਘਰ ਗੁਜ਼ਾਰਿਆ। ਫ਼ਰਹਾਨ ਦੇ ਬੰਦੇ ਨਾਲ ਚੱਕ ਨੰਬਰ 105 ਗਏ। ਸੜਕ ਬਹੁੰ ਚੰਗੀ ਨਹੀਂ ਸੀ। ਜਦੋਂ ਅਸੀਂ ਓਥੇ ਅੱਪੜੇ ਤੇ ਇਹ ਉਹ ਪੁਰਾਣਾ ਘਰ ਨਹੀਂ ਸੀ ਤੇ ਤਿੰਨ ਵਿਰਕ ਭਰਾ ਰਲ ਕੇ ਇੱਥੇ ਰਹਿੰਦੇ ਸਨ। ਪਾਕਿਸਤਾਨ ਵਿਚ ਵੀ ਵਿਰਕ, ਰੰਧਾਵੇ, ਸਹਿਗਲ, ਭੱਟੀ, ਚੀਮੇ, ਵੜੈਚ, ਗਿੱਲ ਤੇ ਸੰਧੂ ਵਗੈਰਾ ਉਤਨੇ ਈ ਹੁੰਦੇ ਨੇਂ ਜਿਤਨੇ ਸਾਡੇ ਪਾਸੇ ਚੜ੍ਹਦੇ ਪੰਜਾਬ ਵਿਚ। ਇਹ ਘੱਟੋ-ਘੱਟ ਚਾਰ ਕਨਾਲ ਦਾ ਰਕਬਾ ਏ ਜਿੱਥੇ ਤਿੰਨ ਭਰਾਵਾਂ, ਇਕਬਾਲ ਵਿਰਕ, ਸਾਦਿਕ ਵਿਰਕ ਤੇ ਮੁਸ਼ਤਾਕ ਵਿਰਕ ਦੇ ਟੱਬਰ ਰਹਿੰਦੇ ਹਨ, ਜੀਹਨਾਂ ਨੂੰ ਵੰਡ ਮਗਰੋਂ ਇਹ ਅਲਾਟ ਹੋਇਆ ਸੀ। ਉਹ ਅੰਮ੍ਰਿਤਸਰ ਦੇ ਵਿਰਕ ਪਿੰਡ ਤੋਂ ਆਏ ਸਨ। ਤਿੰਨਾਂ ਵਿਚੋਂ ਸਾਦਿਕ ਗੁਜ਼ਰ ਗਿਆ ਹੋਇਆ ਏ ਪਰ ਉਹਦਾ ਟੱਬਰ ਇੱਥੇ ਈ ਰਹਿੰਦਾ ਏ। ਜਦੋਂ ਅਸੀਂ ਓਥੇ ਅੱਪੜੇ ਤੇ ਕੁੱਝ ਸਵਾਣੀਆਂ ਚੁੱਲ੍ਹੇ ਕੋਲ ਕੰਮ ਕਰ ਰਹੀਆਂ ਸਨ। ਬਾਅਦੋਂ ਅਸੀਂ ਮੁਸ਼ਤਾਕ ਵਿਰਕ ਦੇ ਪੁੱਤਰ ਅਖ਼ਤਰ ਵਿਰਕ ਨੂੰ ਮਿਲੇ ਜਿਹੜਾ ਫ਼ੈਸਲਾਬਾਦ ਵਿਚ ਵਕੀਲ ਏ। ਉਹਨੇ ਦੱਸਿਆ ਕਿ ਸਿਰਫ਼ ਘਰ ਈ ਨਹੀਂ ਉਹਨਾਂ ਭਗਤ ਸਿੰਘ ਦੇ ਬਾਪੂ ਕਿਸ਼ਨ ਸਿੰਘ ਦਾ 17 ਕਿੱਲੇ ਅੰਬਾਂ ਦਾ ਬਾਗ਼ ਵੀ ਲਿਆ ਸੀ, ਜਦੋਂ ਜ਼ਮੀਨ ਦੀ ਕੀਮਤ ਬਾਰੇ ਪੁੱਛਿਆ ਤੇ ਉਹਨੇ ਦੱਸਿਆ ਬਈ, ਹੁਣ ਇਹ ਦੀ ਕੀਮਤ ਛੇ ਲੱਖ ਫ਼ੀ ਏਕੜ ਏ ਜੀਹਦਾ ਮਤਲਬ ਏ ਕਿ ਇਹ ਹੁਣ ਇੱਕ ਕਰੋੜ ਤੋਂ ਵੱਧ ਦਾ ਏ। ਭਾਂਵੇਂ ਚੱਕ 105 ਵਿਚ ਭਗਤ ਸਿੰਘ ਦੇ ਬਾਗ਼ ਦਾ ਸਾਨੂੰ ਪਹਿਲੋਂ ਪਤਾ ਨਹੀਂ ਸੀ ਪਰ ਇਹ ਸਾਡੇ ਲਈ ਕੋਈ ਇੱਡੀ ਓਪਰੀ ਗੱਲ ਨਹੀਂ ਸੀ। ਜਿਸ ਜੱਜ ਕਰਤਾਰ ਸਿੰਘ ਸਰਾਭਾ ਨੂੰ ਫ਼ਾਹ ਦੇਣ ਦਾ ਫ਼ੈਸਲਾ ਕੀਤਾ ਸੀ ਓਸ ਸਾਫ਼ ਲਿਖਿਆ ਸੀ ਕਿ ਕਿਸ਼ਨ ਸਿੰਘ (ਭਗਤ ਦੇ ਪਿਤਾ) ਨੇ 1914 ਜਾਂ 1915 ਈਸਵੀ ਵਿਚ ਗ਼ਦਰ ਪਾਰਟੀ ਲਈ ਇੱਕ ਹਜ਼ਾਰ ਰੁਪੱਈਆ (ਜਿਹੜਾ ਅਜੋਕਾ ਲੱਖ ਸਮਝੋ) ਚੰਦਾ ਦਿੱਤਾ ਸੀ। ਭਗਤ ਸਿੰਘ ਤੇ ਉਹਦੇ ਟੱਬਰ ਦੀ ਕਹਾਣੀ ਬਹੁੰ ਮਨ-ਖਿੱਚਵੀਂ ਹੋ ਜਾਂਦੀ ਏ ਕਿਓਂ ਜੇ ਉਹਨਾਂ ਲਈ ਕੌਮ ਨਾਲ ਜੁੜਤ ਜੀਵਨ ਦੇ ਸੁੱਖ ਤੋਂ ਵੱਧ ਸੀ। ਇਸ ਲਈ ਇਹ ਗੱਲ ਅਜੀਬ ਨਹੀਂ ਲੱਗਦੀ ਕਿ ਪਸ਼ਾਵਰ ਯੂਨੀਵਰਸਟੀ ਵਿਚ ਪੁਲਟੀਕਲ ਸਾਂਇੰਸ ਦਾ ਪੜ੍ਹਿਆਰ ਵਕਾਰ ਅਹਿਮਦ ਭਗਤ ਸਿੰਘ ਦੇ ਮੋਹ ਪਾਰੋਂ ਸਿਰਫ਼ ਉਹਦੇ ਬਾਰੇ ਹੋਰ ਜਾਣਕਾਰੀ ਲੈਣ ਲਈ ਮੈਨੂੰ ਈ ਮੇਲ ਤੇ ਰਾਬਤਾ ਕਰਦਾ ਏ। ਜਦੋਂ ਤੱਕ ਮੈਂ ਲਹੌਰ ਰਿਹਾ ਉਹ ਮੈਨੂੰ ਫ਼ੋਨ ਕਰਦਾ ਰਿਹਾ। ਉਹਨੂੰ ਆਸ ਸੀ ਕਿ ਉਹ ਮੈਨੂੰ ਪਸ਼ਾਵਰ ਮਿਲੇਗਾ ਕਿਓਂ ਜੇ ਪਸ਼ਾਵਰ ਯੂਨੀਵਰਸਟੀ ਟੀਚਰ ਐਸੋਸੀਏਸ਼ਨ ਮੇਰੇ ਪਸ਼ਾਵਰ ਆਉਣ ਲਈ ਵੀਜ਼ੇ ਦੀ ਇਜਾਜ਼ਤ

Academy of the Punjab in North America: http://www.apnaorg.com

ਲਈ ਬਹੁਤ ਕੋਸ਼ਿਸ਼ਾਂ ਕਰ ਰਹੀ ਸੀ। ਅਸੀਂ ਕੁੱਝ ਅਰਸਾ ਪਹਿਲੇ ਈ ਪਸ਼ਾਵਰ ਯੂਨੀਵਰਸਟੀ ਟੀਚਰ ਐਸੋਸੀਏਸ਼ਨ ਦੇ ਵਫ਼ਦ ਨੂੰ ਜੇ.ਐੱਨ.ਯੂ ਵਿਚ ਜੀ ਆਇਆਂ ਨੂੰ ਆਖਿਆ ਸੀ।

ਮੇਰੇ ਲਹੌਰ ਹੁੰਦਿਆਂ ਈ ਡਾਨ ਦੇ ਕਾਲਮ ਨਗਾਰ ਰਜ਼ਾ ਨਈਮ ਨੇ ਵੀ ਮੈਨੂੰ ਈ ਮੇਲ ਤੇ ਰਾਬਤਾ ਕੀਤਾ। ਉਹ ਡਾਨ ਵਿਚ ਰੀਵੀਊ ਲਈ ਭਗਤ ਸਿੰਘ ਦੀ 'ਜ਼ੇਲ੍ਹ ਨੋਟ ਬੁੱਕ ਤੇ ਦੂਜੀਆਂ ਲਿਖਤਾਂ' ਦੀ ਕਾਪੀ ਚਾਹੁੰਦਾ ਸੀ, ਜਿਹੜੀ ਮੈਂ ਇਕੱਠੀ ਕੀਤੀ ਤੇ ਤੁਆਰਫ਼ ਲਿਖਿਆ ਸੀ ਤੇ ਲੈੱਫ਼ਟ ਵਰਡ ਨੇ ਇਹ 23 ਮਾਰਚ ਨੂੰ ਛਾਪੀ ਸੀ। ਫ਼ੋਨ ਤੇ ਕਈ ਵਾਰੀ ਗੱਲ ਬਾਤ ਕਰਨ ਤੋਂ ਵੱਖ ਮੈਂ ਲਹੌਰ ਵਿਚ ਉਹਦੇ ਲਈ ਇੱਕ ਕਾਪੀ ਛੱਡੀ। ਰਜ਼ਾ ਕਰਾਚੀ ਵਿਚ ਭਗਤ ਸਿੰਘ ਬਾਰੇ ਗੱਲ ਬਾਤ ਕਰਵਾਉਣੀ ਚਾਹੁੰਦਾ ਸੀ।

ਲਾਇਲਪੁਰ ਅੰਗਰੇਜ਼ ਅਫ਼ਸਰਾਂ ਇੱਕ ਵਿਉਂਤਵਾਂ ਸ਼ਹਿਰ ਵਸਾਇਆ ਸੀ। ਇਸ ਇਲਾਕੇ ਦੀ ਜ਼ਮੀਨ ਬੜੀ ਜ਼ਰਖ਼ੇਜ਼ ਏ ਤੇ ਪੰਜਾਬ ਦੇ ਦੂਜੇ ਇਲਾਕਿਆਂ ਦੇ ਕਿਸਾਨਾਂ ਨੂੰ ਇੱਥੇ ਜ਼ਮੀਨਾਂ ਖ਼ਰੀਦਣ ਲਈ ਹਲਾਸ਼ੇਰੀ ਦਿੱਤੀ ਗਈ ਸੀ। ਇੰਜ ਈ ਜਿਓਂ ਪੰਜਾਬੀ ਕਿਸਾਨ ਤਰਾਈ ਦੇ ਇਲਾਕੇ ਜ਼ਮੀਨਾਂ ਖ਼ਰੀਦਣ ਗਏ ਹਨ। ਦਿਲਚਸਪ ਗੱਲ ਏ ਬਈ ਜ਼ਿਆਦਾ ਤਰ ਦੁਆਬੇ ਤੋਂ ਲੋਕ ਓਥੇ ਗਏ। ਉਹਨਾਂ ਨੂੰ ਚੱਕ ਨੰਬਰ ਨਾਵਾਂ ਦੇ ਪਿੰਡਾਂ 'ਚ ਜ਼ਮੀਨਾਂ ਅਲਾਟ ਕੀਤੀਆਂ ਗਈਆਂ। ਇੱਥੇ ਆਵਣ ਆਲੇ ਲੋਕਾਂ ਚੱਕ ਨੰਬਰ ਦੇ ਨਾਲ਼ ਅਪਣੇ ਪਿਛਲੇ ਪਿੰਡਾਂ ਜਾਂ ਇਲਾਕਿਆਂ ਦੇ ਨਾਂ ਲਾ ਲਏ। ਇਸ ਲਈ ਚੱਕ ਨੰਬਰ 65 ਮਕਨ ਪੁਰ ਏ, ਚੱਕ ਨੰਬਰ 67 ਗਿਦੜ ਪਿੰਡੀ ਤੇ ਚੱਕ ਨੰਬਰ 104 ਸਮਰਾ ਸਦਾਂਵਦਾ ਏ। ਚੱਕ ਨੰਬਰ 105 ਬਾਗੇ ਏ (ਦੁਆਬੇ ਦੇ ਬੰਗਾ ਤੋਂ) ਚੱਕ ਨੰਬਰ 106 ਖ਼ੁਰਲਾ ਏ। ਚੱਕ ਨੰਬਰ 107 ਪਠਾਨਕੋਟ ਏ ਤੇ ਚੱਕ ਨੰਬਰ 109 ਬਜਾਜਾਂ ਵਾਲਾ ਏ ਤੇ ਇੰਜੇ ਈ ਹੋਰ ਵੀ ਨੇਂ। ਇਹ ਨਾਂ ਵੰਡ ਤੋਂ ਮਗਰੋਂ ਵੀ ਚਲਦੇ ਪਏ ਨੇਂ। ਸਾਨੂੰ ਦੱਸਿਆ ਗਿਆ ਕਿ 1965 ਤੋਂ ਪਹਿਲੋਂ ਕਾਫ਼ੀ ਖੁੱਲ੍ਹ ਸੀ ਤੇ ਕਈਂ ਲੋਕ ਇਹ ਥਾਵਾਂ ਵੇਖਣ ਆਉਂਦੇ ਰਹਿੰਦੇ ਸਨ। 1965 ਈਸਵੀ ਮਗਰੋਂ ਸਖ਼ਤੀ ਹੋ ਗਈ ਤੇ ਹੁਣ ਕੁੱਝ ਸਾਲਾਂ ਤੋਂ ਫ਼ੇਰ ਕੁੱਝ ਖੁੱਲ੍ਹ ਹੋਈ ਏ ਤੇ ਲੋਕ ਇਹ ਥਾਵਾਂ ਵੇਖਣ ਮੁੜ ਆਉਂਦੇ ਪਏ ਹਨ। ਉਹਨਾਂ ਮੂਜਬ ਪਿਛਲੇ ਸਾਲ ਕੈਨੇਡਾ ਵਸਦਿਆਂ ਪੰਜਾਬੀਆਂ ਦੀ ਪੂਰੀ ਬਸ ਇੱਥੇ ਆਈ ਸੀ।

ਵੰਡ ਮਗਰੋਂ ਲਾਇਲਪੁਰ ਦਾ ਨਾਂ ਵਟਾ ਕੇ ਫ਼ੈਸਲਾਬਾਦ ਕਰ ਦਿੱਤਾ ਗਿਆ ਤੇ ਇਹ ਟੈਕਸਟਾਈਲ ਇੰਡਸਟਰੀ ਦਾ ਗੜ੍ਹ ਬਣ ਗਿਆ। ਇਹ ਹੁਣ ਲਹੌਰ ਤੇ ਕਰਾਚੀ ਤੋਂ ਬਾਅਦ ਪਾਕਿਸਤਾਨ ਦਾ ਤਰੀਜਾ ਵੱਡਾ ਸ਼ਹਿਰ ਬਣ ਗਿਆ ਏ, ਪਰ ਖ਼ਵਰੇ ਇਸ ਸ਼ਹਿਰ ਨੂੰ ਲੁਧਿਆਣੇ ਵਾਲੇ ਮਸਲੇ ਈ ਜਰਨੇ ਪਏ। ਫ਼ੈਸਲਾਬਾਦ ਦਾ ਕਪੜਾ ਏਸ਼ੀਆ ਦੀ ਮਾਰਕੀਟ ਵਿਚ ਚੰਗਾ ਗਿਣਿਆਂ ਜਾਂਦਾ ਏ।

ਚੱਕ ਨੰਬਰ 105 ਤੋਂ ਅਸੀਂ ਫ਼ੈਸਲਾਬਾਦ ਗਏ। ਹੁਣ ਰਾਤ ਹੋ ਚੁੱਕੀ ਸੀ। ਕੁੱਝ ਚਿਰ ਬਾਅਦ ਅਸੀਂ ਮੋਟਰ ਵੇ ਰਾਹੀਂ ਤਕਰੀਬਨ ਦੋ ਘੰਟੇ ਵਿਚ ਫ਼ੈਸ਼ਲਾਬਾਦੋਂ ਲਹੌਰ ਆ ਗਏ। ਸਾਰੀਆਂ ਗੱਡੀਆਂ ਮੋਟਰ ਵੇ ਚੜ੍ਹਨ ਦੀ ਇਜਾਜ਼ਤ ਨਹੀਂ ਇਸ ਲਈ ਟਰੈਫ਼ਿਕ ਤੈਅ, ਇਕਸਾਰ ਤੇ ਮਹਫ਼ੂਜ਼ ਏ।

ਮੈਂ ਘੱਟੋ-ਘੱਟ ਟੈਕਸਲਾ ਤੇ ਅਸਲਾਮਾਬਾਦ ਜ਼ਰੂਰ ਜਾਣਾ ਚਾਹੁੰਦਾ ਸਾਂ ਪਰ ਵੇਲਾ ਘੱਟ ਸੀ ਤੇ ਮੈਂ ਅਜੇ ਲਹੌਰ ਵਿਚ ਵੀ ਲੋਕਾਂ ਨੂੰ ਮਿਲਣਾ ਸੀ। ਇਸ ਲਈ ਮੈਂ ਬਾਕੀ ਦਿਹਾੜੇ ਲਹੌਰ ਈ ਰਿਹਾ। ਮੈਂ ਫ਼ਾਈਵ ਸਟਾਰ ਹੋਟਲ ਤੋਂ ਬਾਅਦ ਵੱਖੋ ਵੱਖ ਥਾਵਾਂ ਤੇ ਸ਼ਿਫ਼ਟ ਹੁੰਦਾ ਰਿਹਾ। ਇੱਕ ਰਾਤ ਮੈਂ ਕੁੱਝ ਨੌਜੁਆਨ ਪੜ੍ਹਿਆਰਾਂ ਨਾਲ਼ ਗੁਜ਼ਾਰੀ ਜੀਹਨਾਂ ਚੋਂ ਇੱਕ ਅਮਰਾਨ ਗਵਰਨਮੈਂਟ ਕਾਲਜ ਨਨਕਾਣਾ ਸ਼ਾਹਬ ਵਿਚ ਉਰਦੂ ਪੜ੍ਹਾਂਵਦਾ ਸੀ। ਇੱਕ ਰਾਤ ਮੈਂ ਇੱਕ ਐੱਨ. ਜੀ. ਓ 'ਸਾਊਥ ਏਸ਼ੀਅਨ ਪਾਰਟਨਰਸ਼ਿੱਪ' ਦੇ ਗੈਸਟ ਹਾਊਸ ਗੁਜ਼ਾਰੀ ਜੀਹਨਾਂ ਅਪਣੇ ਸਟਾਫ਼ ਤੇ ਖੋਜਕਾਰਾਂ

Academy of the Punjab in North America: http://www.apnaorg.com

ਨਾਲ ਗੱਲ ਬਾਤ ਦਾ ਬੰਦੋਬਸਤ ਵੀ ਕੀਤਾ। ਇਹ ਦੇ ਡਿਪਟੀ ਡਾਇਰੈਕਟਰ ਅਬਦੁਲ ਮੁਫ਼ਤੀ ਇੱਕ ਸ਼ਾਮ ਮੈਨੂੰ ਬੁਲ੍ਹੇ ਸ਼ਾਹ ਦੇ ਮਜ਼ਾਰ ਕਸੂਰ ਲੈ ਜਾਣ ਦੀ ਆਫ਼ਰ ਕੀਤੀ। ਇਹ ਇੱਕ ਚੰਗੀ ਦਾਅਵਤ ਸੀ ਜਿਹੜੀ ਮੈਂ ਖ਼ੁਸ਼ੀ ਨਾਲ ਮੰਨ ਲਈ। ਭਾਂਵੇਂ ਕਸੂਰ ਆਲੀ ਸੜਕ ਬਣ ਰਹੀ ਸੀ ਤੇ ਸਫ਼ਰ ਖ਼ਵਾਰੀ ਈ ਸੀ ਤੇ ਅਸੀਂ 60 ਕਿਲੋਮੀਟਰ ਦਾ ਸਫ਼ਰ ਕਾਰ ਤੇ ਸਮਝੋ ਤਰੇ ਘੰਟਿਆਂ 'ਚ ਕੀਤਾ। ਮਜ਼ਾਰ ਦੇ ਮਾਹੌਲ ਨੇ ਇਹ ਸਾਰਾ ਭੁਲਾ ਦਿੱਤਾ। ਰਾਤ ਦੇ ਤਕਰੀਬਨ 11 ਵਜੇ ਸਨ ਤੇ ਮਜ਼ਾਰ ਲੋਕਾਂ ਨਾਲ ਭਰਿਆ ਹੋਇਆ ਸੀ ਜਿਹੜੇ ਮਜ਼ਾਰ ਦੇ ਅੰਦਰ ਤੇ ਬਾਹਰ ਨੱਚ ਗਾ ਰਹੇ ਸਨ। ਲੋਕ ਫੁਲ ਚਾੜ੍ਹ ਰਹੇ ਸਨ ਪਰ ਔਰਤਾਂ ਨੂੰ ਕਬਰ ਤੇ ਜਾਣ ਦੀ ਇਜਾਜ਼ਤ ਨਹੀਂ ਸੀ। ਉਹ ਫੁਲ ਮਜਾਵਰ ਨੂੰ ਦਿੰਦੀਆਂ ਤੇ ਬਾਰੀ ਚੋਂ ਅੰਦਰ ਝਾਤੀ ਮਾਰ ਲੈਂਦੀਆਂ। ਇਹ ਬੁਲ੍ਹੇ ਸ਼ਾਹ ਆਲੀ ਗੱਲ ਨਹੀਂ ਸੀ ਪਰ ਬਾਕੀ ਸਾਰਾ ਬੁਲ੍ਹੇ ਸ਼ਾਹ ਆਲਾ ਈ ਰੰਗ ਸੀ। ਬੰਦੇ ਝੁੰਮਰ ਵਰਗੇ ਲੋਕ ਰਕਸ ਕਰ ਰਹੇ ਸਨ ਤੇ ਬਹੁਤ ਮਿੱਠੇ ਸੁਰਾਂ ਤੇ ਦਿਲ ਵਿਚ ਖੁਭ ਜਾਣ ਆਲੀ ਆਵਾਜ਼ ਵਿਚ ਬੁਲ੍ਹੇ ਦੀਆਂ ਕਾਫ਼ੀਆਂ ਗਾ ਰਹੇ ਸਨ।

ਨਨਕਾਣਾ ਸਾਹਬ ਤੇ ਵਾਰਸ ਤੇ ਬੁਲ੍ਹੇ ਦੇ ਮਜ਼ਾਰ ਵੇਖਣ ਤੇ ਹਰ ਤਰਹਾਂ ਦੇ ਬੰਦਿਆਂ ਨਾਲ ਗੱਲ ਬਾਤ ਕਰ ਕੇ ਮੈਨੂੰ ਇੰਜ ਲੱਗਾ ਜਿਓਂ ਵੰਡ ਨੇ ਪੰਜਾਬੀ ਕਲਚਰ ਦੀ ਖੁੱਲ੍ਹ ਨੂੰ ਬੇਜਾਨ ਕਰ ਛੱਡਿਆ ਏ। ਦੋਹਾਂ ਪਾਸੇ ਪੰਜਾਬੀ ਇੱਕ ਦੂਜੇ ਦੀ ਅਜੀਬ ਜੀਹੀ ਸਿੱਕ ਰਖਦੇ ਨੇਂ, ਜੀਹਦਾ ਪਤਾ ਮੈਨੂੰ ਲਹੌਰ ਵਿਚ ਲੱਗਾ। ਦੋਵੇਂ ਪਾਸੇ ਦੂਜੇ ਪਾਸੇ ਦੀ ਥੋੜ ਦਿਸਦੀ ਏ ਤੇ ਦੋਵੇਂ ਪਾਸੇ ਅਪਣੇ ਨੂੰ ਦੂਜੇ ਪਾਸੇ ਬਿਨਾਂ ਪੂਰਾ ਨਹੀਂ ਸਮਝਦੇ। ਦੋਹਾਂ ਪਾਸਿਆਂ ਦੀ ਇੱਕ ਦੂਜੇ ਲਈ ਖਿੱਚ (ਲਹਿੰਦੇ ਪੰਜਾਬ ਵਿਚ ਖ਼ਵਰੇ ਚੋਖੀ) ਓਸ ਤਹਜ਼ੀਬੀ ਨੁਕਸਾਨ ਬਾਰੇ ਬਹੁੰ ਕੁੱਝ ਦਸਦੀ ਏ ਜਿਹੜਾ ਹਿੰਦੂ, ਮੁਸਲਮਾਨ ਤੇ ਸਿੱਖਾਂ ਦੇ ਇੱਕ ਕਲਚਰਲ ਯੂਨਿਟ ਦੀ ਬਿਲਕੁਲ ਬੇਸੁਰੀ ਤਕਸੀਮ ਪਾਰੋਂ ਪੰਜਾਬ ਦੇ ਦੋਹਾਂ ਹਿੱਸਿਆਂ ਭੁਗਤਿਆ ਏ। ਵੰਡ ਜਿਹੜੀ ਸਿਆਸੀ ਤਾਕਤ ਲਈ ਖ਼ਾਲਸ ਸਿਆਸੀ ਵਜਾਹ ਤੋਂ ਕੀਤੀ ਗਈ। ਮੇਰਾ ਖ਼ਿਆਲ ਏ ਬੰਗਾਲੀ ਤੇ ਪੰਜਾਬੀ ਬਾਰਡਰ ਦੇ ਹਰ ਪਾਸੇ ਦੇ ਸਿਆਸਤਦਾਨਾਂ ਨੂੰ ਰੋ ਰਹੇ ਹੁੰਦੇ ਨੇਂ, ਜੀਹਨਾਂ ਸਿਆਸੀ ਤਾਕਤ ਲੈਣ ਲਈ ਉਹਨਾਂ ਦੇ ਕਲਚਰਲ ਯੂਨਿਟਾਂ ਨੂੰ ਕੁਰਬਾਨੀ ਦਾ ਬੱਕਰਾ ਬਣਾਇਆ।

ਇਧਰਲਾ ਪੰਜਾਬ ਇੰਡੀਅਨ ਪੰਜਾਬ ਤੋਂ ਤਕਰੀਬਨ ਤਿੰਨ ਗੁਣਾ ਵੱਡਾ ਏ। ਇਧਰਲੇ ਪੰਜਾਬ ਦੀ ਅਬਾਦੀ 9 ਕਰੋੜ ਏ ਜਿਹੜੀ ਇਸ ਦੇਸ ਦੀ ਕੁੱਲ ਅਬਾਦੀ ਦੇ ਅੱਧ ਤੋਂ ਚੋਖੀ ਏ। ਇਹ ਸਹੀ ਏ ਕਿ ਪੰਜਾਬੀ ਜ਼ੁਬਾਨ ਤੇ ਅਦਬ ਪੰਜਾਬ ਦੇ ਇੰਡੀਅਨ ਹਿੱਸੇ ਵਿਚ ਚੋਖੇ ਪੁੰਗਰੇ ਹਨ ਪਰ ਪੰਜਾਬੀ ਕਲਚਰ ਪਾਕਸਤਾਨੀ ਪੰਜਾਬ ਵਿਚ ਚੋਖਾ ਜਿਉਂਦਾ ਦਿਸਦਾ ਏ। ਪੰਜਾਬ ਦੇ ਕਲਚਰ ਬਾਰੇ ਇਹ ਖਿੱਚ ਕਿ ਇਹ ਸਿਰਫ਼ ਵਾਹੀ ਬੀਜੀ ਦਾ ਕਲਚਰ ਏ, ਵੰਡ ਮਗਰੋਂ ਇੰਡੀਅਨ ਪੰਜਾਬ ਤੋਂ ਆਈ ਏ। ਜਿੱਥੇ ਕੋਈ ਆਪਣੀ ਪੀਢੀ ਰਹਤਲ ਨਹੀਂ ਬਣ ਸਕੀ ਜਦ ਕਿ ਲਹੌਰ ਹਮੇਸ਼ਾ ਇਕੱਠੇ ਹਿੰਦੋਸਤਾਨ ਦੇ ਵੱਡੇ ਰਹਤਲੀ ਸ਼ਹਿਰਾਂ ਵਿਚੋਂ ਇੱਕ ਰਿਹਾ ਏ। ਇਹ ਰੀਤ ਅਜੇ ਵੀ ਲਹੌਰ ਵਿਚ ਜੀਂਵਦੀ ਏ। ਵੰਡ ਮਗਰੋਂ ਲਹੌਰ ਨੇ ਬੜੀ ਤਰੱਕੀ ਕੀਤੀ ਤੇ ਇਹ ਦੀ ਅਬਾਦੀ ਇੱਕ ਕਰੋੜ ਦੇ ਨੇੜੇ ਅੱਪੜ ਗਈ ਏ। ਵੰਡ ਤੋਂ ਪਹਿਲਾਂ ਲਹੌਰ ਤੇ ਅੰਮ੍ਰਿਤਸਰ ਇੱਕੋ ਜਿੱਡੇ ਜੁੜਵੇਂ ਸ਼ਹਿਰ ਸਮਝੇ ਜਾਂਵਦੇ ਸਨ। ਵੰਡ ਮਗਰੋਂ ਮਜ਼ਹਬੀ ਹਵਾਲੇ ਨੂੰ ਛੱਡ ਕੇ ਅੰਮ੍ਰਿਤਸਰ ਸੁੰਗੜ ਗਿਆ ਏ ਤੇ ਇਸ ਆਪਣੀ ਸ਼ਾਨ ਗਵਾ ਦਿੱਤੀ ਏ।

ਮੈਂ ਅੰਦਰੋਂ ਲਹੌਰ ਘੁੰਮ ਕੇ ਇਹ ਦੇ ਮਸ਼ਹੂਰ ਬਾਰਾਂ ਦਰਵਾਜ਼ੇ ਨਾ ਵੇਖ ਸਕਿਆ। ਯਸ਼ ਪਾਲ ਅਪਣੇ ਵੱਡੇ ਤਵਾਰੀਖ਼ੀ ਹਿੰਦੀ ਨਾਵਲ "ਝੂਠਾ ਸੱਚ" ਵਿਚ ਸ਼ਾਹ ਆਲਮੀ ਦਰਵਾਜ਼ੇ (ਜਿੱਥੇ 1947 ਈਸਵੀ ਵਿਚ ਬਦਤਰੀਨ ਮਜ਼ਹਬੀ

Academy of the Punjab in North America: http://www.apnaorg.com

ਫ਼ਸਾਦ ਹੋਏ) ਮੋਚੀ ਗੇਟ, ਭਾਟੀ ਗੇਟ, ਹਾਥੀ ਗੇਟ ਤੇ (ਜਲੰਧਰ ਦੇ ਦੋ ਮੋਰੀਆ ਪੁਲ ਵਰਗੇ) ਦੋ ਮੋਰੀ ਗੇਟ ਨੂੰ ਬੜਾ ਸੋਹਣਾ ਬਿਆਨ ਕੀਤਾ ਏ। ਮੇਰੇ ਆਖ਼ਰੀ ਤਿੰਨ ਦਿਨ ਪੰਜਾਬ ਯੂਨੀਵਰਸਟੀ ਲਹੌਰ ਦੇ ਗੈੱਸਟ ਹਾਊਸ ਗੁਜ਼ਰੇ ਤੇ ਮੈਨੂੰ ਪੰਜਾਬ ਯੂਨੀਵਰਸਟੀ ਚੰਡੀਗੜ੍ਹ ਵਿਚ 1971, 1972 ਦਾ ਆਪਣਾ ਪੜ੍ਹਾਈ ਦਾ ਜ਼ਮਾਨਾ ਚੇਤੇ ਆ ਗਿਆ। ਨਿਊ ਕੈਂਪਸ ਦੀ ਨਿੱਕੀ ਜੇਹੀ ਮਾਰਕੀਟ ਵਿਚ ਕੁੱਝ ਚੰਡੀਗੜ੍ਹ ਮਾਰਕੀਟ ਵਰਗਾ ਈ ਰੰਗ ਏ। ਪਰ ਚੰਡੀਗੜ੍ਹ ਮਾਰਕੀਟ 'ਚੋਖੀ ਤਰੱਕੀ ਜ਼ਾਫ਼ਤਾ ਏ। ਹੋਸਟਲ ਜਿੱਥੇ ਮੈਂ ਸਵੇਰੇ ਚਾਹ ਨਾਸ਼ਤਾ ਲਿਆ ਤਕਰੀਬਨ ਪੰਜਾਬ ਯੂਨੀਵਰਸਟੀ ਚੰਡੀਗੜ੍ਹ ਦੇ ਹੋਸਟਲਾਂ ਵਰਗੇ ਈ ਨੇਂ। ਵੰਡ ਮਗਰੋਂ ਯੂਨੀਵਰਸਟੀ ਦਾ ਨਾਂ ਬਦਲ ਕੇ "ਯੂਨੀਵਰਸਟੀ ਆਫ਼ ਪੰਜਾਬ ਲਹੌਰ" ਰੱਖ ਦਿੱਤਾ ਗਿਆ ਪਰ ਲਾਇਬਰੇਰੀ ਤੇ ਕੈਫ਼ੇਟੇਰੀਆ ਵਰਗੀਆਂ ਇਮਾਰਤਾਂ ਤੇ ਪੁਰਾਣਾ ਨਾਂ "ਪੰਜਾਬ ਯੂਨੀਵਰਸਟੀ ਲਹੌਰ" ਈ ਨਜ਼ਰ ਆਂਦਾ ਏ। ਚੜ੍ਹਦੇ ਪੰਜਾਬ ਵਿਚ ਯੂਨੀਵਰਸਟੀ ਦੇ ਸਪੈਲਿੰਗ ਪੰਜਾਬ ਯੂਨੀਵਰਸਟੀ ਲਹੌਰ ਤੋਂ ਨਖੇੜਨ ਲਈ PANJAB ਕਰ ਦਿੱਤੇ ਗਏ। ਓਲਡ ਕੈਂਪਸ ਵਿਚ ਓਰੈਂਟੀਅਲ ਕਾਲਜ ਜਿੱਥੇ, ਉਰਦੂ, ਫ਼ਾਰਸੀ, ਪੰਜਾਬੀ ਤੇ ਹੁਣ ਇੱਕ ਵਾਰੀ ਫ਼ੇਰ ਹਿੰਦੀ ਡਿਪਾਰਟਮੈਂਟ ਹਨ ਜਾਣਾ ਵੀ ਦਿਲਚਸਪ ਸੀ।

ਪੰਜਾਬੀ ਡਿਪਾਰਟਮੈਂਟ ਦੇ ਦਫ਼ਤਰ ਵਿਚ ਡਾਕਟਰ ਮੋਹਨ ਸਿੰਘ ਦੀਵਾਨਾ ਜਾਂ ਭਾਈ ਸੰਤੋਖ ਸਿੰਘ ਤੋਂ ਸਾਧੂ ਦਿੱਤ ਸਿੰਘ ਤੋੜੀ ਦੇ ਨਾਂ ਵੇਖ ਕੇ ਵੀ ਇੱਕ ਅਜੀਬ ਅਹਿਸਾਸ ਹੋਇਆ। ਪੰਜਾਬ ਯੂਨੀਵਰਸਟੀ ਦਾ ਪੰਜਾਬੀ ਡਿਪਾਰਟਮੈਂਟ 1879 ਦਾ ਕਾਇਮ ਏ ਜੀਹਦਾ ਖ਼ਵਰੇ ਇਸ ਪਾਸੇ ਦੇ ਪੰਜਾਬ ਵਿਚ ਪਤਾ ਈ ਨਹੀਂ। ਪੰਜਾਬ ਯੂਨੀਵਰਸਟੀ ਦੇ ਹਿੰਦੀ ਸ਼ੋਅਬੇ ਵਿਚ ਇੱਕੋ ਟੀਚਰ ਜਿਹੜੀ ਕਿ ਆਰਜ਼ੀ ਤੌਰ ਤੇ ਕੰਮ ਕਰ ਰਹੀ ਏ, ਉਹ ਪੰਜਾਬੀ ਯੂਨੀਵਰਸਟੀ ਪਟਿਆਲਾ ਦੀ ਮੇਰੀ ਸਟੂਡੈਂਟ ਨਿਕਲੀ। ਉਹ ਸ਼ਬਨਮ ਰਿਆਜ਼ ਏ ਜਿਹੜੀ ਵਿਆਹ ਮਗਰੋਂ ਪਟਿਆਲਿਓਂ ਐੱਮ. ਏ ਕਰਨ ਤੋਂ ਬਾਅਦ ਮਾਲੇਰ ਕੋਟਲਾ ਤੋਂ ਲਹੌਰ ਆ ਗਈ। ਲਹੌਰ ਅਪਣੇ ਤਾਅਲੀਮੀ ਅਦਾਰਿਆਂ ਪਾਰੋਂ ਵੀ ਮਸ਼ਹੂਰ ਏ। ਪਰਾਈਵੇਟਾਈਜ਼ੇਸ਼ਨ ਦੇ ਅਟੜੇ ਚੜ੍ਹ ਕੇ ਹੁਣ 25 ਯੂਨੀਵਰਸਟੀਆਂ ਸਿਰਫ਼ ਲਹੌਰ ਵਿਚ ਨੇਂ ਜਿਨ੍ਹਾਂ ਵਿਚ ਇੱਕ ਜ਼ਨਾਨਾ ਯੂਨੀਵਰਸਟੀ ਵੀ ਏ। ਗਵਰਨਮੈਂਟ ਕਾਲਜ ਵੀ "ਗਵਰਨਮੈਂਟ ਕਾਲਜ ਯੂਨੀਵਰਸਟੀ" ਦੇ ਅਜੀਬ ਜਿਹੇ ਨਾਂ ਨਾਲ ਯੂਨੀਵਰਸਟੀ ਬਣ ਗਿਆ ਏ।

ਲੋਕਾਂ ਨੂੰ ਮਿਲਣਾ ਬੜਾ ਭਰਵਾਂ ਤਜਰਬਾ ਸੀ। ਮੇਰੇ ਕੋਲ ਪਹਿਲੇ ਈ ਕਈਂ ਰਾਬਤੇ ਤੇ ਰੈਫ਼ਰੈਂਸਿਜ਼ ਸਨ। ਮੈਂ ਮਸ਼ਹੂਰ ਸ਼ਾਇਰ ਫ਼ੈਜ਼ ਅਹਿਮਦ ਫ਼ੈਜ਼ ਦੀ ਧੀ ਸਲੀਮਾ ਹਾਸ਼ਮੀ ਨੂੰ ਮਿਲਣਾ ਚਾਹੁੰਦਾ ਸੀ। ਉਹਨੇ ਤੇ ਫ਼ਕੀਰ ਅਜ਼ੀਜ਼ੁਲਦੀਨ ਜਿਹੜੇ ਦੋਵੇਂ ਮਸ਼ਹੂਰ ਆਰਟਿਸਟ ਤੇ ਆਰਟ ਸਕਾਲਰ ਨੇਂ ਹੁਣੇ ਈ ਇੱਕ ਸੈਮੀਨਾਰ ਦੇ ਸਿਲਸਿਲੇ ਵਿਚ ਪੰਜਾਬੀ ਯੂਨੀਵਰਸਟੀ ਪਟਿਆਲਾ ਦੇ ਫ਼ਾਈਨ ਆਰਟ ਡਿਪਾਰਟਮੈਂਟ ਦਾ ਦੌਰਾ ਕੀਤਾ ਸੀ। ਤੇ ਮੁੜ ਇੱਕ ਸ਼ਾਮ ਮੈਂ ਮਾਡਲ ਟਾਊਨ ਵਿਚ ਹਾਸ਼ਮੀਆਂ ਨਾਲ ਓਸ ਘਰ ਵਿਚ ਗੁਜ਼ਾਰੀ ਜਿੱਥੇ ਕਦੀ ਫ਼ੈਜ਼ ਰਹਿੰਦਾ ਸੀ। ਸਲੀਮਾ ਹਾਸ਼ਮੀ ਮਸ਼ਹੂਰ ਨੈਸ਼ਨਲ ਕਾਲਜ ਆਫ਼ ਆਰਟਸ ਦੀ ਪਰਿੰਸੀਪਲ ਦੇ ਤੌਰ ਤੋਂ ਰੀਟਾਇਰ ਹੋ ਕੇ ਅੱਜ ਕੱਲ੍ਹ ਬੇਕਨ ਹਾਊਸ ਯੂਨੀਵਰਸਟੀ ਲਹੌਰ ਵਿਚ Visual Arts ਦੀ ਡੀਨ ਏ। ਉਹਦਾ ਬੰਦਾ ਸ਼ੋਐਬ ਹਾਸ਼ਮੀ ਇਕਨਾਮਕਸ ਦਾ ਰੀਟਾਇਰਡ ਪਰੋਫ਼ੈਸਰ ਤੇ ਕੁੱਝ ਅਖ਼ਬਾਰਾਂ ਦਾ ਕਾਲਮਨਿਸਟ ਏ ਤੇ ਇੱਕ ਹੱਸਮੁਖ ਬੰਦਾ ਏ।

ਉਹਨਾਂ ਦੀ ਧੀ ਦਾ ਨਾਂ ਮੀਰਾ ਤੇ ਦੋਹਤਰੀ ਦਾ ਨਾਂ ਆਨੀਆ ਏ। ਸਲੀਮਾ ਦੱਸਿਆ ਕਿ ਫ਼ੈਜ਼ ਨੇ ਸਾਂਡਰਸ ਤੇ ਫ਼ਾਇਰਿੰਗ ਦੀ ਅਵਾਜ਼ ਸੁਣੀ ਸੀ ਕਿਓਂ ਜੇ ਉਹ ਓਸ ਦਿਨ ਡੀ. ਏ. ਵੀ ਕਾਲਜ ਦੇ

Academy of the Punjab in North America: http://www.apnaorg.com

ਕਿਧਰੇ ਨੇੜੇ ਸੀ। ਇਹ ਗੋਲੀਆਂ ਪਾਕਿਸਤਾਨ ਦੇ ਮਸ਼ਹੂਰ ਕੌਮਿਊਨਿਸਟ ਆਗੂ ਮਜ਼ਹਰ ਅਲੀ ਖ਼ਾਨ ਨੇ ਵੀ ਸੁਣੀਆਂ ਸਨ। ਇਹ ਗੱਲ ਉਹਦੀ ਬੀਵੀ ਤੇ ਮਸ਼ਹੂਰ ਲਿਖਾਰੀ ਤਾਰਕ ਅਲੀ ਦੀ ਮਾਂ ਨੇ ਵੀ ਕਨਫ਼ਰਮ ਕੀਤੀ, ਜੀਹਨੂੰ ਮੈਂ ਉਹਦੇ ਘਰ ਜਾ ਕੇ ਮਿਲਿਆ ਤੇ ਭਗਤ ਸਿੰਘ ਦੀਆਂ ਲਿਖਤਾਂ ਪੇਸ਼ ਕੀਤੀਆਂ। ਤਾਹਰਾ ਉਹਨਾਂ ਲੋਕਾਂ ਵਿਚੋਂ ਏ ਜਿਹੜੇ ਪਾਕਿਸਤਾਨ ਵਿਚ ਭਗਤ ਸਿੰਘ ਦੀ ਯਾਦ ਮਨਆਉਂਦੇ ਨੇਂ।

ਬਿਆਸੀ ਸਾਲਾਂ ਦੀ ਤਾਹਰਾ ਮਜ਼ਹਰ ਅਲੀ ਤੇ ਸਲੀਮਾ ਹਾਸ਼ਮੀ ਪਾਕਿਸਤਾਨ ਦੀ ਜਮਹੂਰੀ ਲਹਿਰ ਵਿਚ ਐਕਟਿਵ ਨੇਂ। ਸਲੀਮਾ ਮੇਰੇ ਓਥੇ ਹੁੰਦਿਆਂ ਜ਼ਨਾਨੀਆਂ ਦੇ ਇੱਕ ਜਲੂਸ ਵਿਚ ਗਈ। ਖੱਬੇ ਧੜੇ ਦੇ ਕਾਮਿਆਂ ਨੂੰ ਪਾਕਿਸਤਾਨ ਵਿਚ ਆਮ ਜ਼ੁਬਾਨ ਵਿਚ ਸੁਰਖ਼ੇ ਆਖਿਆ ਜਾਂਦਾ ਏ। ਲਹੌਰ ਦੇ ਇੱਕ ਤਰੱਕੀ ਪਸੰਦ ਪਬਲਸ਼ਿਰ ਤੇ ਕਿਤਾਬਾਂ ਵੇਚਣ ਵਾਲੇ ਅਦਾਰੇ ਫ਼ਿਕਸ਼ਨ ਹਾਊਸ ਤੇ ਮੈਨੂੰ ਸਬੱਬੋਂ ਇੰਜ ਦਾ ਇੱਕ ਸੁਰਖ਼ਾ ਮਿਲ ਗਿਆ। ਫ਼ਿਕਸ਼ਨ ਹਾਊਸ ਨੇ ਉਰਦੂ ਤੇ ਅੰਗਰੇਜ਼ੀ ਵਿਚ ਮਸ਼ਹੂਰ ਤਾਰੀਖ਼ ਦਾਨ ਡਾਕਟਰ ਮੁਬਾਰਕ ਅਲੀ ਦੀਆਂ ਸੱਭੇ ਕਿਤਾਬਾਂ ਛਾਪੀਆਂ ਨੇਂ। ਮੈਂ ਲਹੌਰ ਵਿਚ ਵੰਡਣ ਲਈ ਭਗਤ ਸਿੰਘ ਤੇ ਡਾਕਟਰ ਅੰਬੇਦਕਰ ਦੇ ਕੁੱਝ ਫ਼ੋਟੋ ਕਾਰਡ ਲੈ ਗਿਆ ਸੀ। ਮੈਂ ਉਹਨਾਂ ਚੋਂ ਇੱਕ ਕਾਰਡ ਫ਼ਿਕਸ਼ਨ ਹਾਊਸ ਦੇ ਮਾਲਕ ਨੂੰ ਦਿੱਤਾ ਤੇ ਓਥੇ ਇੱਕ ਬਜ਼ੁਰਗ ਬੰਦੇ ਵੀ ਇੱਕ ਕਾਰਡ ਦੀ ਫ਼ਰਮਾਇਸ਼ ਕੀਤੀ। ਫ਼ੇਰ ਉਹਨੇ ਆਪਣਾ ਤੁਆਰਫ਼ ਕਰਾਇਆ ਉਹ ਕੌਮਿਊਨਿਸਟ ਪਾਰਟੀ ਆਫ਼ ਪਾਕਿਸਤਾਨ ਦਾ ਕਾਮਾ ਅਸਲਮ ਰਹੀਲ ਮਿਰਜ਼ਾ ਸੀ। ਓਸ ਦੱਸਿਆ ਕਿ ਉਹ ਹਰ ਸਾਲ ਭਗਤ ਸਿੰਘ ਦਿਹਾੜਾ ਮਨਆਉਂਦੇ ਨੇਂ। ਅੱਜ ਕੱਲ੍ਹ ਪਾਕਿਸਤਾਨ ਵਿਚ ਕੌਮਿਊਨਿਸਟ ਪਾਰਟੀ ਤੇ ਕੋਈ ਪਾਬੰਦੀ ਨਹੀਂ ਪਰ ਖੱਬਿਆਂ ਵਿਚ ਆਪ ਈ ਹੁਣ ਕੋਈ ਸਾਹ ਸੱਤ ਨਹੀਂ ਰਹਿ ਗਿਆ। ਇਹ ਕੌਮਿਊਨਿਸਟ ਪਾਰਟੀ ਦੇ ਨਾਲ਼ ਨਾਲ਼ ਨੈਸ਼ਨਲ ਵਰਕਰਜ਼ ਪਾਰਟੀ, ਮਜ਼ਦੂਰ ਕਿਸਾਨ ਪਾਰਟੀ ਤੇ ਲੇਬਰ ਪਾਰਟੀ ਵਰਗਿਆਂ ਧੜਿਆਂ 'ਚ ਵੰਡੇ ਹੋਏ ਨੇਂ। ਕੌਮਿਊਨਿਸਟ ਪਾਰਟੀ ਹੈਦਰਾਬਾਦ ਸਿੰਧ ਵਿਚ ਕਾਫ਼ੀ ਤਗੜੀ ਏ।

ਕੌਮਿਊਨਿਸਟ ਲਹਿਰ ਦੇ ਸ਼ੁਰੂਅ ਬਾਰੇ ਮੈਂ ਪਰੋਫ਼ੈੱਸਰ ਮਨਜ਼ੂਰ ਅਹਿਮਦ, ਪਰੋਫ਼ੈੱਸਰ ਅਜ਼ੀਜ਼ੁਲਦੀਨ ਅਹਿਮਦ ਤੇ ਤਹਿਸੀਨ ਅਹਿਮਦ ਕੋਲੋਂ ਬੜੀਆਂ ਗੱਲਾਂ ਸੁਣੀਆਂ, ਜਿਹੜੀਆਂ ਜ਼ਿਆਦਾ ਤਰ ਸੱਚੀਆਂ ਸਨ। ਮੈਨੂੰ ਤਹਿਸੀਨ ਇਸ ਮਹਫ਼ਿਲ ਵਿਚ ਲਿਆਇਆ ਸੀ। ਬਿਆਸੀ ਵਰ੍ਹਿਆਂ ਦੇ ਮਨਜ਼ੂਰ ਅਹਿਮਦ ਨੂੰ ਉਹਦੇ ਬੇਲੀ ਗਾਂਧੀ ਦਾ ਮੰਨਣ ਆਲਾ ਸਮਝਦੇ ਨੇਂ। ਭਾਂਵੇਂ ਕੋਈ ਵੀ ਉਹਦੀ ਗਾਂਧੀ ਦੀ ਅਹਮੀਅਤ ਨੂੰ ਠੀਕ ਨਹੀਂ ਮੰਨਦਾ ਪਰ ਹਰ ਕੋਈ ਇਸ ਹਸਮੁੱਖ ਤੇ ਨਰਮ ਬੰਦੇ ਨਾਲ਼ ਪਿਆਰ ਕਰਦਾ ਏ।

ਮੈਂ ਲਹੌਰ ਦੇ ਇੱਕ ਸੱਨਅਤ ਕਾਰ ਪਰਾਨ ਨਾਥ ਸੇਠ ਦੀ ਬੜੀ ਮਨ ਖਿੱਚਵੀਂ ਕਹਾਣੀ ਸੁਣੀ, ਜੀਹਨੇ 1947 ਈਸਵੀ ਵਿਚ ਲਹੌਰ ਛੱਡਣ ਤੋਂ ਇਨਕਾਰ ਕਰ ਦਿੱਤਾ ਸੀ। ਪਰਾਨ ਨਾਥ ਸੇਠ ਲਾਲਾ ਹਰੀ ਕਿਸ਼ਨ ਲਾਲ ਦਾ ਜਵਾਈ ਸੀ ਜਿਹੜਾ ਫ਼ਜ਼ਲ ਹਸੈਨ ਦੀ ਹਕੂਮਤ ਵਿਚ ਪਹਿਲੀ ਵਾਰੀ ਵਜ਼ੀਰ ਬਣਿਆ। ਪਰਾਨ ਸੇਠ ਨੂੰ 65 ਈਸਵੀ ਦੀ ਜੰਗ ਵਿਚ ਥੋੜ੍ਹੇ ਅਰਸੇ ਲਈ ਗਰਿਫ਼ਤਾਰ ਕਰ ਲਿਆ ਗਿਆ। ਉਹ ਕੁੱਝ ਵੇਲੇ ਲਈ ਇੰਡੀਆ ਆਇਆ ਤੇ ਬਿਮਾਰ ਪੈ ਗਿਆ। ਉਹਨੇ ਐਲਾਨ ਕੀਤਾ ਕਿ ਉਹ ਲਹੌਰ ਬਿਨਾਂ ਨਹੀਂ ਰਹਿ ਸਕਦਾ। ਉਹ ਲਹੌਰ ਪਰਤ ਗਿਆ ਤੇ ਵੱਲ ਹੋ ਗਿਆ। ਮਸ਼ਹੂਰ ਲਿਖਾਰੀ ਸਜਾਦ ਜ਼ਹੀਰ ਜਿਹੜੇ 47 ਈਸਵੀ ਵਿਚ ਕੌਮਿਊਨਿਸਟ ਲਹਿਰ ਆਰਗਨਾਈਜ਼ ਕਰਨ ਪਾਕਿਸਤਾਨ ਗਏ ਆਪਣੀ ਰੂਹਪੋਸ਼ੀ ਦੇ ਜ਼ਮਾਨੇ ਨਾਂ ਬਦਲ ਕੇ ਪਰਾਨ ਨਾਥ ਦੇ ਘਰ ਲੁਕੇ ਰਹੇ। ਇੱਕ ਵਾਰੀ ਪੁਲਸ ਨੇ ਸਜਾਦ ਨੂੰ ਫੜਨ ਲਈ

Academy of the Punjab in North America: http://www.apnaorg.com

ਪਰਾਨ ਨਾਥ ਦੇ ਘਰ ਛਾਪਾ ਮਾਰਿਆ। ਸਜਾਦ ਤੇ ਨਿਕਲ ਗਿਆ ਹੋਇਆ ਸੀ ਪਰ ਪਰਾਨ ਨਾਥ ਜੀਹਦੀਆਂ ਆਦਤਾਂ ਪੁਰਾਣੇ ਖ਼ਾਨਦਾਨੀ ਲੋਕਾਂ ਵਾਲ਼ੀਆਂ ਸੀ ਪੁਲਸ ਤੇ ਬਹੁੰ ਔਖਾ ਹੋਇਆ ਕਿ ਉਹਨਾਂ ਬਿਨਾਂ ਦੱਸੇ ਉਹਦੇ ਘਰ ਛਾਪਾ ਕਿਓਂ ਮਾਰਿਆ ਕਿਓਂ ਜੋ ਡੀ. ਆਈ. ਜੀ ਉਹਦਾ ਯਾਰ ਸੀ ਤੇ ਫ਼ੇਰ ਉਹਨੂੰ ਦੱਸਿਆ ਗਿਆ ਕਿ ਜਿਹੜਾ ਪਰੋਫ਼ੈੱਸਰ ਓਸ ਅਪਣੇ ਘਰ ਦੀ ਅਨੈਕਸੀ ਵਿਚ ਰੱਖਿਆ ਹੋਇਆ ਏ ਅਸਲ ਵਿਚ ਕੌਮਿਊਨਿਸਟ ਲੀਡਰ ਏ। ਇਹ ਉਹ ਦਿਨ ਸਨ ਜਦੋਂ ਸਾਹਿਰ ਲੁਧਿਆਨਵੀ ਵੀ ਪਾਕਿਸਤਾਨ ਕੌਮਿਊਨਿਸਟ ਪਾਰਟੀ 'ਚ ਕੰਮ ਕਰਨ ਆਇਆ ਤੇ ਲਿਖਾਰੀ ਅਹਿਮਦ ਰਾਹੀ ਕੋਲ਼ ਰਿਹਾ।

ਮੈਂ ਇਹਨਾਂ ਬਾਬਿਆਂ ਤੋਂ ਵੰਡ ਤੋਂ ਪਹਿਲੇ ਤੇ ਮਗਰੋਂ ਦੀਆਂ ਕਹਾਣੀਆਂ ਸੁਣ ਕੇ ਬੜਾ ਸਵਾਦ ਲਿਆ। ਡਾਕਟਰ ਮੁਬਾਰਕ ਅਲੀ ਨੂੰ ਮਿਲ ਕੇ ਬਹੁਤ ਸਿੱਖਿਆ, ਜਿਹੜਾ ਜਨਾਹ ਬਾਰੇ ਵੀ ਸੱਚ ਬੋਲ ਕੇ ਲੋਕਾਂ ਦੀ ਨਾਰਾਜ਼ਗੀ ਸਹਿ ਸਕਦਾ ਸੀ। ਪਾਕਿਸਤਾਨ ਦੇ ਪਹਿਲੇ ਫ਼ੋਟੋ ਜਰਨਲਿਸਟ ਅਠਾਨਵੇ ਵਰ੍ਹਿਆਂ ਦੇ ਐਫ਼. ਈ. ਚੌਧਰੀ ਨਾਲ਼ ਮੁਲਾਕਾਤ ਵੀ ਬਹੁੰ ਮਨ ਖਿੱਚਵੀਂ ਸੀ। ਚੌਧਰੀ ਨੇ ਫ਼ੈਜ਼ ਅਹਿਮਦ ਫ਼ੈਜ਼ ਨਾਲ਼ ਵੀ ਕੰਮ ਕੀਤਾ ਸੀ ਜਿਹੜਾ ਟਰਬਿਊਨ ਦੀ ਥਾਂ ਮੰਲਣ ਵਾਲੇ 'ਪਾਕਿਸਤਾਨ ਟਾਈਮਜ਼' ਦਾ ਅਡੀਟਰ ਸੀ।

ਪਾਕਿਸਤਾਨ ਦੇ ਸ਼ੁਰੂ ਦੇ ਲੀਡਰਾਂ ਦੇ ਫ਼ੋਟੋ, ਐਫ਼. ਈ. ਚੌਧਰੀ, ਇੱਕ ਕਰਿਸਚੀਅਨ, ਛਿੱਕੇ। ਇਹ ਉਹੀ ਏ ਜਿਸ ਸੈਂਟਰਲ ਜ਼ੇਲ੍ਹ ਲਹੌਰ ਦੇ ਫ਼ੋਟੋ ਵੀ ਛਿੱਕੇ। ਜਦ 1960 ਈਸਵੀ ਵਿਚ ਇਹ ਢਾਈ ਜਾ ਰਹੀ ਸੀ। ਉਹਦੇ ਕੋਲ਼ ਫੋਟਵਾਂ ਦੀ ਫ਼ਾਈਲ ਏ ਜੀਹਦੇ ਵਿਚ ਓਸ ਫਾਂਸੀ ਘਾਟ ਦੀ ਫ਼ੋਟੋ ਵੀ ਏ ਜਿੱਥੇ ਭਗਤ ਸਿੰਘ, ਸਰਾਭਾ ਤੇ ਹੋਰ ਕਈ ਅਜ਼ਾਦੀ ਦੇ ਮਜਾਹਦ ਟੰਗੇ ਗਏ। ਮੈਂ ਅਪਣੇ ਆਮ ਕੈਮਰੇ ਨਾਲ ਇਹਨਾਂ ਫੋਟਵਾਂ ਦੀ ਫੋਟਵਾਂ ਛਿਕਨੇ ਦਾ ਹੀਲਾ ਕੀਤਾ ਪਰ ਇਹ ਹੋ ਨਾ ਸਕਿਆ। ਪਰ ਮੇਰੇ ਖ਼ਿਆਲ ਵਿਚ ਕੁੱਝ ਦਿਹਾੜੇ ਪਹਿਲੋਂ ਈ ਦਲਜੀਤ ਐਮੀ ਨੇ ਅਪਣੇ ਵੀਡੀਓ ਕੈਮਰੇ ਨਾਲ਼ ਇਹ ਫੋਟਵਾਂ ਮਹਿਫ਼ੂਜ਼ ਕਰ ਲਈਆਂ ਹਨ।

ਚੌਧਰੀ ਅਪਣੇ ਪੁੱਤਰ ਜਿਹੜਾ ਕਿ ਲਹੌਰ ਦੇ ਇੱਕ ਕਰਿਸਚੀਅਨ ਸਕੂਲ ਦਾ ਪਰਿੰਸੀਪਲ ਏ ਨਾਲ਼ ਰਹਿੰਦਾ ਏ ਤੇ ਉਹਦੇ ਨਾਲ਼ ਗੱਲ ਕਰਨ ਦਾ ਬੜਾ ਸਵਾਦ ਆਂਵਦਾ ਏ। ਚੌਧਰੀ ਦੀ ਖ਼ਵਾਹਸ਼ ਕੀਹ ਏ? ਉਹ ਵੰਡ ਤੋਂ ਪਹਿਲੋਂ ਦੇ ਅਪਣੇ ਸੱਜਣਾਂ ਨੂੰ ਢੂੰਡਣਾ ਚਾਹੁੰਦਾ ਏ ਜਿਹੜੇ ਬਹੁਤੇ ਫ਼ੋਟੋ ਗਰਾਫ਼ਰ ਸਨ ਤੇ ਦਿੱਲੀ ਸਧਾਰ ਗਏ। ਇੱਕ ਦਾ ਨਾਂ ਓਸ ਦੱਸਿਆ ਸੀ: ਸੀ. ਐਲ. ਸਾਅਮਰਨੀ ਐਂਡ ਕੰਪਨੀ ਤੇ ਦੂਜੇ ਦਾ ਸ਼ੰਕਰ ਦਾਸ ਐਂਡ ਕੰਪਨੀ। ਇਸ ਟੱਬਰ ਦੇ ਤਰੈ ਭਰਾ ਹਨ। ਸੁੰਦਰ ਦਾਸ, ਹਰੀਸ਼ ਤੇ ਜਗਦੀਸ਼ ਇੱਕ ਫ਼ੋਟੋ ਗਰਾਫ਼ੀ ਕਰਦਾ ਤੇ ਦੂਜੇ ਕੋਈ ਹੋਰ ਕੰਮ।

ਚੌਧਰੀ ਆਪਣੀ ਜਵਾਨੀ ਦੇ ਕਿੱਸੇ ਸੁਣਾਉਂਦਾ ਏ। ਜਿਸ ਦਿਨ ਲਹੌਰ ਵਿਚ ਹਿੰਦੂ, ਸਿੱਖ, ਮੁਸਲਮਾਨ ਤੇ ਕਰਿਸਚੀਅਨ ਦੁਕਾਨਦਾਰਾਂ ਰਲ ਮਲ ਕੇ ਰਹਿੰਦੇ ਆਹਨ ਤੇ ਉਹਨਾਂ ਦੇ ਡੂੰਘੇ ਯਰਾਨੇ ਹਨ। ਬਹੁਤੀਆਂ ਯਾਦਾਂ ਲਹੌਰ ਵਿਚ ਅਜੇ ਵੀ ਹੈਨ ਤੇ ਅਗਲੀ ਪੀੜ੍ਹੀ ਨੂੰ ਵੀ ਜਾ ਰਹੀਆਂ ਨੇਂ, ਜੀਹਨਾਂ ਇਹ ਗੱਲਾਂ ਅਪਣੇ ਵਡਕਿਆਂ ਤੋਂ ਨਿਰੀਆਂ ਸੁਣੀਆਂ ਈ ਨੇਂ।

ਲੁਧਿਆਣੇ ਤੋਂ ਆਇਆ ਇੱਕ ਪਠਾਨ ਟੱਬਰ ਦਾ ਮੁੰਡਾ ਮੇਰਾ ਵਾਹਵਾ ਸੱਜਣ ਬਣ ਗਿਆ। ਉਹ ਹੋਟਲ ਵਿਚ ਵੇਟਰ ਸੀ ਤੇ ਅਪਣੇ ਵਡਕਿਆਂ ਦੇ ਲੁਧਿਆਣਿਓਂ ਆਵਣ ਦੀ ਗੱਲ ਕਰਦਾ ਏਡਾ ਜਜ਼ਬਾਤੀ ਹੋ ਗਿਆ ਕਿ ਆਪਣਾ ਮੋਹ ਦੱਸਣ ਲਈ ਪੇਸਟਰੀ ਤੇ ਫਲ਼ਾਂ ਦੀ ਭਰੀ ਪੂਰੀ ਟੋਕਰੀ ਲੈ ਆਇਆ। ਅਖੇ "ਆਪ ਹਮਾਰੇ ਮਹਿਮਾਨ ਹੈਂ।" ਇਹ ਵਰਤਾਰਾ ਲਹੌਰ ਇਤਨਾ ਆਮ ਏ ਜੇ ਬੰਦਾ ਸ਼ਰਮਿੰਦਾ ਹੋ ਜਾਂਦਾ ਏ ਜੇ ਅਸੀਂ ਬਾਰਡਰ ਪਾਰੋਂ ਆਇਆਂ ਦੀ ਇਤਨੀ ਮੇਜ਼ਵਾਨੀ ਤੇ ਸੇਵਾ ਨਹੀਂ ਕਰਦੇ ਜਿਤਨੀ ਲਹੌਰੀ

Academy of the Punjab in North America: http://www.apnaorg.com

ਕਰਦੇ ਨੇਂ। ਹੋਰ ਵੀ ਕਈ ਗੱਲਾਂ ਨੇਂ, ਜਿਓਂ ਜੁਮੇ ਨੂੰ ਜ਼ੇਲ੍ਹ ਰੋਡ ਤੇ ਨਜਮ ਹਸੀਨ ਸੀਦ ਦੇ ਘਰ ਸੰਗਤ ਵਿਚ ਰਲਣਾ। ਵੀਹੀਆਂ ਤੋਂ ਕੁੱਝ ਵੱਧ ਸਕਾਲਰ ਤੇ ਲਿਖਾਰੀ ਜੀਹਨਾਂ ਵਿਚ ਚਾਰ ਪੰਜ ਜ਼ਨਾਨੀਆਂ ਵੀ ਨੇਂ ਹਰ ਜੁਮੇ ਨੂੰ ਓਥੇ ਇਕੱਠੇ ਹੋ ਕੇ ਗੁਰਬਾਣੀ ਪੜ੍ਹਦੇ ਨੇਂ ਤੇ ਨਜਮ ਉਹਦੀ ਤਸ਼ਰੀਹ ਕਰਦਾ ਏ। ਫ਼ੇਰ ਉਹ ਇਕੱਠੇ ਸ਼ਾਮ ਦਾ ਖਾਣਾ ਖਾਂਦੇ ਨੇਂ ਤੇ ਨਿੱਖੜ ਜਾਂਦੇ ਨੇਂ। ਨਜਮ ਆਪਣੀਆਂ ਤਰੱਕੀ ਪਸੰਦ ਲਿਖਤਾਂ ਪਾਰੋਂ ਚੜ੍ਹਦੇ ਪੰਜਾਬ ਵਿਚ ਵੀ ਜਾਣਿਆਂ ਜਾਂਦਾ ਏ। ਨਜਮ ਉਹ ਬੰਦਾ ਏ ਜਿਸ 2004 ਈਸਵੀ ਵਿਚ "ਸ਼ਰੋਮਨੀ ਪੰਜਾਬੀ ਸਾਹਿਤਕਾਰ (ਵਦੇਸ਼ੀ) ਅਵਾਰਡ" ਲੈਣ ਤੋਂ ਨਾ ਕਰ ਦਿਤੀ ਸੀ। ਓਸ ਵੇਲ੍ਹੇ 'ਆਲਮੀ ਪੰਜਾਬੀ ਕਾਨਫ਼ਰੰਸ' ਲਈ ਪਾਕਸਤਾਨੀ ਪੰਜਾਬ ਦੇ ਵੱਡੇ ਵਜ਼ੀਰ ਪਰਵੇਜ਼ ਇਲਾਹੀ ਵੀ ਪਟਿਆਲਾ ਯੂਨੀਵਰਸਟੀ ਆਏ ਹੋਏ ਸਨ। ਇਨਕਾਰ ਸਿਰਫ਼ ਅਸੂਲਾਂ ਦੀ ਬੁਨਿਆਦ ਤੇ ਸੀ, ਹੋਰ ਕੋਈ ਵਜਾਹ ਨਹੀਂ ਸੀ। ਨਜਮ ਦੀ ਬੀਵੀ ਸਮੀਨਾ ਸੂਫ਼ੀ ਕਲਾਮ ਬਹੁੰ ਸੋਹਣਾ ਗਾਇਆ ਏ। ਲਹੌਰ ਬਾਰੇ ਬੰਦਾ ਸਾਰੀ ਉਮਰ ਗੱਲਾਂ ਕਰ ਸਕਦਾ ਏ ਪਰ ਮੈਂ ਇੱਕ ਅਜੀਬ ਇਤਫ਼ਾਕ ਤੇ ਕਹਾਣੀ ਮਕਾਵਨਾਂ।

ਨਵਾਬ ਮੁਹੰਮਦ ਅਹਿਮਦ ਖ਼ਾਨ ਭਗਤ ਸਿੰਘ ਤੇ ਉਹਦੇ ਸੰਗੀਆਂ ਦੇ ਖ਼ਿਲਾਫ਼ ਲਹੌਰ ਸਾਜ਼ਸ਼ ਕੇਸ ਵਿਚ ਸਰਕਾਰੀ ਗਵਾਹ ਸੀ। ਉਹ ਪਾਕਿਸਤਾਨ ਵਿਚ ਆਨਰੇਰੀ ਮਜਿਸਟਰੇਟ ਦੇ ਅਹੁਦੇ ਤੱਕ ਅੱਪੜਿਆ। ਸੱਤਰ ਦੇ ਦਹਾਕੇ ਵਿਚ ਉਹ ਉਸੇ ਸ਼ਾਦਮਾਨ ਚੌਕ ਵਿਚ ਕਤਲ ਹੋਇਆ, ਜਿੱਥੇ ਭਗਤ ਸਿੰਘ ਫਾਹੇ ਲੱਗਾ ਸੀ। ਅਗਲਾ ਇਤਫ਼ਾਕ ਇਹ ਸੀ ਕਿ ਜ਼ੁਲਫ਼ਕਾਰ ਅਲੀ ਭੁੱਟੋ ਨੂੰ ਜ਼ੀਆ-ਉਲ-ਹੱਕ ਇਸੇ ਨਵਾਬ ਦੇ ਕਤਲ ਵਿਚ ਫਸਾ ਕੇ 1979 ਈਸਵੀ ਵਿਚ ਪਿੰਡੀ ਜ਼ੇਲ੍ਹ ਵਿਚ ਫਾਹੇ ਲਾ ਦਿੱਤਾ। ਇਸ ਵੇਲ੍ਹੇ ਪਾਕਿਸਤਾਨੀ ਸਮਾਜ ਜਾਗ ਪਿਆ ਏ ਤੇ ਜ਼ੀਆ ਸ਼ਾਹੀ ਦੇ ਜ਼ਹਿਰ ਦੇ ਅਸਰ ਤੋਂ ਨਿਕਲਣ ਦੀ ਕੋਸ਼ਿਸ਼ ਕਰ ਰਿਹਾ ਏ ਤੇ ਸਾਡੀ ਖ਼ਵਾਹਿਸ਼ ਤੇ ਆਸ ਏ ਜੇ ਉਹ ਇਹਦੇ ਵਿਚ ਕਾਮਯਾਬ ਹੋ ਜਾਵੇ।

■

Academy of the Punjab in North America: http://www.apnaorg.com

ਲੇਖ

ਬੋਲੀਆਂ ਦੇ ਵਟਾਂਦਰੇ : ਪੰਜਾਬੀ ਬੋਲੀ ਰਾਹੀਂ

ਉਲਥਾਕਾਰ:
ਮੁਹਮਦ ਅਫ਼ਜ਼ਲ ਸ਼ਾਹਿਦ

ਫ਼ਾਖ਼ਿਰਾ ਰਿਆਜ਼

(ਨੋਟ : ਇਸ ਲਿਖਤ ਵਿਚ ਅੰਗਰੇਜ਼ੀ ਲਫ਼ਜ਼ ਲੈਂਗੁਏਜ Language ਦਾ ਪੰਜਾਬੀ ਉਲਥਾ ਜ਼ਬਾਨ ਦੀ ਥਾਂ ਬੋਲੀ ਕੀਤਾ ਗਿਆ ਏ)

ਝਾਤ : ਹਥਲਾ ਖੋਜ ਪਰਚਾ ਇਸਲਾਮ ਆਬਾਦ (ਪਾਕਿਸਤਾਨ) ਦੇ ਪੰਜਾਬੀ ਵਸਨੀਕਾਂ ਦੀ ਮਾਂ ਬੋਲੀ ਦੇ ਵਟਾਂਦਰੇ (ਯਾ ਬਦਲਣ) ਬਾਰੇ ਹੈ। ਪਰਚੇ ਵਿਚ ਇਹ ਖੋਜ ਲਾਵਣ ਦੀ ਕੋਸ਼ਿਸ਼ ਕੀਤੀ ਗਈ ਏ ਪਈ ਪੰਜਾਬੀਆਂ ਦੀ ਮਾਂ ਬੋਲੀ ਦੇ ਵਟਾਂਦਰੇ ਦਾ ਸਬੱਬ ਕੀਹ ਏ। ਬਾਕੀ ਸ਼ਹਿਰਾਂ ਵਿਚ ਵੀ ਪਾਕਿਸਤਾਨੀ ਪੰਜਾਬੀਆਂ ਵਿਚ ਉਹਨਾਂ ਦੀ ਮਾਂ ਬੋਲੀ ਪੰਜਾਬੀ ਦੀ ਵਰਤੋਂ ਕਿਉਂ ਘੱਟ ਰਹੀ ਏ। ਇਸ ਖੋਜ ਦਾ ਮਵਾਦ ਲੋਕਾਂ ਨਾਲ ਗੱਲ ਬਾਤ ਤੇ ਇੰਟਰਵਿਊ ਕਰਕੇ ਇਕੱਠਾ ਕੀਤਾ ਗਿਆ ਏ। ਇਸ ਖੋਜ ਦਾ ਇਕ ਸਿੱਟਾ ਇਹ ਹੈ ਪਈ ਪਾਕਿਸਤਾਨ ਦੇ ਸਾਰਿਆਂ ਵਸੇਬਾਂ ਤੇ ਵਸਤੀਆਂ ਵਿਚ ਸਾਰੀਆਂ ਦੇਸੀ ਬੋਲੀਆਂ ਉੱਤੇ ਆਮ ਤੌਰ ਤੇ ਪਰ ਪੰਜਾਬੀ ਬੋਲੀ ਉੱਤੇ ਖ਼ਾਸ ਕਰਕੇ ਕਈਆਂ ਵੰਡਾਂ ਦਾ ਦੱਬਦਬਾ, ਸਖ਼ਤੀ ਤੇ ਭਾਰ ਏ ਜਿਸ ਪਾਰੋਂ ਪੰਜਾਬੀ ਲੋਕ ਆਪਣੀ ਮਾਂ ਬੋਲੀ ਛੱਡੀ ਜਾਂਦੇ ਨੇ ਤੇ ਇਹਦੀ ਥਾਂ ਪਾਕਿਸਤਾਨ ਦੀ ਕੌਮੀ ਤੇ ਸਰਕਾਰੀ ਬੋਲੀ ਉਰਦੂ ਲਈ ਜਾਂਦੀ ਏ। ਇਸ ਖੋਜ ਨੇ ਇਹ ਵੀ ਦੱਸ ਪਾਈ ਏ ਪਈ ਪੰਜਾਬੀ ਬੋਲੀ ਦੀ ਹੋਂਦ ਤੇ ਵਰਤੋਂ ਨੂੰ ਸੱਜਰੀ ਤਾਜ਼ੀ ਤੇ ਜਿਊਂਦੀ ਰੱਖਣ ਲਈ ਹੋਰ ਚੋਖੀ ਦੇਰ ਕੀਤਿਉਂ ਬਗ਼ੈਰ ਪੱਕੇ, ਪੀਡੇ ਤੇ ਸਿੱਕੇਵੰਦ ਆਹਰ ਕਰਨ ਦੀ ਉਚੇਚੀ ਤੇ ਸਖ਼ਤ ਲੋੜ ਏ।

1. ਖੋਜ ਦਾ ਮਕਸਦ ਤੇ ਮੁਤਾਲਏ ਦੀ ਗੋਹ :

ਪਿਛਲੀ ਸਦੀ ਦੇ ਛੇਕੜਲੇ ਅੱਧ ਵਿਚ ਕਈ ਆਲਮਾਂ ਦਾ ਧਿਆਨ ਬੋਲੀਆਂ ਦੇ ਵਟਾਂਦਰੇ ਜਿਹੇ ਮਜ਼ਮੂਨ ਵੱਲ ਗਿਆ ਤੇ ਉਹਨਾਂ ਇਸ ਵਿਚ ਖੁੱਭ ਕੇ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ। ਹੱਥਲੇ ਮੁਤਾਲਏ ਦਾ ਮਕਸਦ ਪੰਜਾਬੀਆਂ ਵਿਚ ਉਹਨਾਂ ਦੀ ਮਾਂ ਬੋਲੀ ਪੰਜਾਬੀ ਦੇ ਵਟਾਂਦਰੇ ਬਾਰੇ ਜਾਨਣਾ

Academy of the Punjab in North America: http://www.apnaorg.com

ਸੀ। ਇਸ ਲਈ ਇਸ ਖੋਜ ਵਿਚ ਇਕ ਸਰਵੇ ਰਾਹੀਂ ਸਿੱਟਾ ਕੱਢਣ ਦਾ ਤਰੀਕਾ ਮਿਥਿਆ ਗਿਆ ਹੈ। ਮੁਤਾਲਏ ਨੂੰ ਮੁਨਾਸਬ ਹੱਦ ਵਿਚ ਰੱਖਣ ਲਈ ਇਸਲਾਮ ਆਬਾਦ ਤੋਂ ਈ ਨਮੂਨੇ ਇਕੱਠੇ ਕੀਤੇ ਗਏ ਨੇ। ਇਸ ਆਹਰ ਵਿਚ ਗੌਹ ਇਸ ਚੀਜ਼ ਤੇ ਰਹੇਗਾ ਪਈ ਉਹ ਕੀਹ ਸਬੱਬ ਤੇ ਵਜ੍ਹਾਂ ਹਨ, ਜਿਨ੍ਹਾਂ ਪਾਰੋਂ ਆਪਣੀ ਜੱਦੀ ਪੁਸ਼ਤੀ ਰਹਿਤਲ ਤੇ ਵਸੇਬ, ਪੰਜਾਬ ਵਿਚ ਇਹਦੇ ਅਸਲੀ ਵਸਨੀਕ ਆਪਣੀ ਮਾਂ ਬੋਲੀ ਪੰਜਾਬੀ ਨੂੰ ਛੱਡ ਕੇ ਬਿਨਾਂ ਸੋਚੇ ਸਮਝੇ ਕਿਸੇ ਦੂਜੀ ਤਗੜੀ, ਪਰਧਾਨ ਤੇ ਸਾਨ੍ਹ ਬੋਲੀ ਵੱਲ ਤੁਰੀ ਜਾਂਦੇ ਨੇ। ਉਮੀਦ ਕੀਤੀ ਜਾਂਦੀ ਏ ਪਈ ਇਸ ਮੁਤਾਲਏ ਦੇ ਸਿੱਟਿਆਂ ਤੇ ਕੀਤੀਆਂ ਗਈਆਂ ਸਫ਼ਾਰਸ਼ਾਂ ਪੰਜਾਬੀ ਬੋਲੀ ਵਟਾਂਦਰੇ ਨੂੰ ਠੱਲ੍ਹਣ ਤੇ ਰੋਕਣ ਦੇ ਨਾਲ ਨਾਲ ਇਸ ਬੋਲੀ ਵਟਾਂਦਰੇ ਨੂੰ ਪਿਛਾਂਹ ਮੋੜਨ ਦੇ ਕੰਮ ਵੀ ਆਸਨ। ਵਿਚਾਰ ਇਹ ਵੀ ਏ ਪਈ ਇਹੋ ਈ ਸਲਾਹਾਂ ਪੰਜਾਬੀ ਬੋਲੀ ਦੇ ਵਧਾਅ ਤੇ ਚੜ੍ਹਾਅ ਵਿਚ ਵੀ ਮਦਦ ਕਰਸਨ ।

2. ਮੁੱਢਲੇ ਸਵਾਲ :

ਇਸ ਖੋਜ ਤੇ ਮੁਤਾਲਏ ਵਿਚ ਥੱਲੇ ਲਿਖੇ ਚਹੁੰ ਸਵਾਲਾਂ ਦੇ ਪਰਤਾਅ ਲੱਭਣ ਦਾ ਆਹਰ ਕੀਤਾ ਗਿਆ ਹੈ:

ੳ. ਹਾਲ ਘੜੀ ਪਾਕਿਸਤਾਨ ਵਿਚ ਉਰਦੂ ਤੇ ਅੰਗਰੇਜ਼ੀ ਦੇ ਸਾਹਮਣੇ ਪੰਜਾਬੀ ਬੋਲੀ ਦੀ ਹੈਸੀਅਤ ਤੇ ਔਕਾਤ ਕੀਹ ਏ ?

ਅ. ਪੰਜਾਬੀ ਬੋਲੀ ਦੇ ਵਟਾਂਦਰੇ ਨੂੰ ਵਧਾਉਣ ਪਿਛੇ ਕਿਹੜੇ ਸਬੱਬ ਤੇ ਵਜ੍ਹਾਂ ਹਨ ?

ੲ. ਪੰਜਾਬੀ ਬਾਰੇ ਪਾਕਿਸਤਾਨੀ ਪੰਜਾਬੀ ਤੇ ਦੂਜੇ ਵਸਨੀਕਾਂ ਦਾ ਰਵੱਈਆ ਕੀਹ ਏ ?

ਸ. ਪੰਜਾਬੀ ਬੋਲੀ ਦੇ ਵਟਾਂਦਰੇ ਦੀ ਵਾਅ ਦਾ ਪਾਸਾ ਮੋੜਨ ਲਈ ਕੀਹ ਕੀਤਾ ਜਾ ਸਕਦਾ ਏ ?

3. ਖੋਜ ਦਾ ਪਿਛੋਕੜ :

ਬੋਲੀ ਇਨਸਾਨਾਂ ਦੀ ਮੁੱਢੋਂ ਨਿਵੇਕਲੀ ਸਿਫ਼ਤ ਤੇ ਹਢੋਂ ਉਚੇਚਾ ਗੁਣ ਏਂ। ਬੋਲੀ ਬਿਨਾਂ ਕੋਈ ਵੀ ਵਸੇਬ ਨਹੀਂ ਫਲ ਫੁੱਲ ਸਕਦਾ। ਸਾਡੀ ਹੋਂਦ ਹਵਾਂਦ ਦੀ ਨੀਂਹ ਸਾਡੀ ਬੋਲੀ ਈ ਏ। ਦੁਨੀਆ ਦੀ ਹਰ ਨੁੱਕਰ ਤੇ ਕੋਨੇ ਤੇ ਕੋਈ ਨਾ ਕੋਈ ਬੋਲੀ ਮੌਜੂਦ ਏ। ਬੋਲੀ ਇਨਸਾਨੀ ਕਰਨ ਧਰਨ, ਰਹਿਤਲ ਤੇ ਵਸੇਬ ਦਾ ਇਕ ਲਾਜ਼ਮੀ ਹਿੱਸਾ ਏ। ਬੋਲੀ ਦਾ ਸਭ ਤੋਂ ਵੱਡਾ ਮਕਸਦ ਇਕ ਦੂਜੇ ਦੀ ਜਾਣਕਾਰੀ ਤੇ ਖ਼ਬਰਗੀਰੀ ਹੈ। ਬੋਲੀ ਉਹ ਤਾਕੀ ਹੈ ਜਿਹੜੀ ਓਸ ਦੇ ਬੁਲਾਰਾਂ ਦੇ ਵਸੇਬ ਤੇ ਰਹਿਤਲ ਵੱਲ ਖੁਲ੍ਹਦੀ ਏ ਤੇ ਅਸੀਂ ਓਸ ਵਿਚੋਂ ਓਸ ਵਸੇਬ ਤੇ ਰਹਿਤਲ ਦੀਆਂ ਕਦਰਾਂ , ਲਾਭਾਂ ਤੇ ਲੀਹਾਂ ਨੂੰ ਝਾਤ ਸਕਦੇ ਹਾਂ। ਸਭ ਤੋਂ ਵੱਡੀ ਤੇ ਉਚੇਚੀ ਗੱਲ ਇਹ ਹੈ ਪਈ ਬੋਲੀ ਈ ਇਨਸਾਨਾਂ ਤੇ ਜਨੌਰਾਂ ਦਾ ਫ਼ਰਕ ਦੱਸਦੀ ਏ। ਫ਼ਿਲਿਪ ਲੀਬਰਮੈਨ ਦੇ ਆਖਣ ਮੂਜਬ –

> ਸਾਡਾ ਬੋਲਣ ਗੁਣ ਸਾਡੀ ਅਕਲ, ਸਮਝ ਤੇ ਬੁੱਧ ਲਈ ਨਿਰਾ ਲਾਜ਼ਮ ਈ ਨਹੀਂ ਸਗੋਂ ਇਹ ਕੱਲਾ ਗੁਣ ਈ ਇਨਸਾਨ ਹੋਣ ਦੇ ਬਰਾਬਰ ਹੈ। ਬੋਲਣ ਕੂਣ ਵਾਲੇ ਜਨੌਰ ਈ ਇਨਸਾਨ ਨੇ। ਕਿਉਂ ਜੇ ਜਨੌਰਾਂ ਤੇ ਇਨਸਾਨਾਂ ਵਿਚ ਫ਼ਰਕ ਤੇ ਨਿਤਾਰੇ ਦਾ ਫ਼ੈਸਲਾ ਬੋਲੀ ਈ ਏ।

ਦੁਨੀਆ ਦੀ ਹਰ ਬੋਲੀ ਇਕ ਦੂਜੀ ਤੋਂ ਵੱਖਰੀ ਤੇ ਨਿਵੇਕਲੀ ਹੋਣ ਦੇ ਨਾਲ ਨਾਲ ਅੱਤ ਜ਼ਰੂਰੀ ਤੇ ਆਪਣੇ ਆਪਣੇ ਉਚੇਚੇ ਗੁਣ ਵਾਲ਼ੀ ਏ। ਬੋਲੀਆਂ ਦੇ ਉਚੇਚੇ ਤੇ ਨਿਵੇਕਲੇ ਹੋਣ ਦੇ ਚਹੁੰ ਅੰਗਾਂ ਦੀ ਦੱਸ ਮਾਈਕਲ ਕਰਾਓਸ ਇੰਜ ਪਾਉਂਦਾ ਏ: ਪਹਿਲਾ ਅੰਗ, ਸੋਹਣ ਤੇ ਸੁਨੱਖ ਦਾ ਅੰਗ ਹੈ। ਹਰ ਬੋਲੀ ਦੀ ਆਪਣੀ ਖ਼ੂਬਸੂਰਤੀ ਹੈ। ਦੁਨੀਆ ਵਿਚ ਜਿੰਨੀਆਂ ਘਟ ਬੋਲੀਆਂ ਹੁੰਦੀਆਂ, ਦੁਨੀਆ ਓਨੀ ਈ ਘੱਟ ਸੋਹਣੀ ਤੇ ਮਨਮੋਹਣੀ ਹੁੰਦੀ। ਦੂਜੇ ਅੰਗੀਂ ਬੋਲੀਆਂ ਦਾ ਖਿਲਾਰ ਸਾਇੰਸੀ ਬੁਨਿਆਦ ਲਈ ਵੀ ਜ਼ਰੂਰੀ ਏ। ਦੁਨੀਆ ਦੀ ਹਰ ਬੋਲੀ ਵਿਚ ਇਲਮ ਤੇ ਇਰਫ਼ਾਨ ਲੁਕਿਆ ਹੋਇਆ ਏ। ਇਸੇ ਲਈ ਕੋਈ ਵੀ ਬੋਲੀ ਨਹੀਂ ਗਵਾਚਣੀ ਚਾਹੀਦੀ ਜਿਵੇਂ ਬੂਟਿਆਂ ਵਿਚ ਤਿੱਬੀ ਇਲਮ, ਕਿਸ ਰੁੱਖ ਦੀ ਛਿੱਲ ਯਾ ਕਿਸ ਜੜੀ ਬੂਟੀ ਦੇ ਪੱਤੇ ਕੈਂਸਰ ਯਾ ਕੋੜ੍ਹ ਨੂੰ ਜੜ੍ਹੋਂ ਮੁਕਾ ਦਿੰਦੇ ਨੇ। ਪਰ ਬੋਲੀ ਗਵਾਚਣ ਪਾਰੋਂ ਓਸ ਰੁੱਖ ਦਾ ਨਾਂ ਵੀ ਗਵਾਚ

Academy of the Punjab in North America: http://www.apnaorg.com

ਜਾਂਦਾ ਏ। ਬੋਲੀਆਂ ਦੇ ਖਿਲਾਰ ਦਾ ਇਕ ਪੱਖ ਇਹ ਵੀ ਏ ਪਈ ਹਰ ਬੋਲੀ ਦੁਨੀਆ ਤੇ ਦੁਨੀਆ ਦੀ ਹੋਂਦ ਨੂੰ ਆਪਣੇ ਖ਼ਾਸ ਤੇ ਉਚੇਚੇ ਅੰਗੀਂ ਵੇਖਦੀ ਏ। ਕਿਸੇ ਬੋਲੀ ਦੇ ਮੁੱਕਣ ਨਾਲ ਦੁਨੀਆ ਨੂੰ ਵੱਖਰੇ ਅੰਗੀਂ ਵੇਖਣ ਦੀ ਸਾਡੀ ਇਹ ਸਿਫ਼ਤ ਤੇ ਤਾਕਤ ਵੀ ਮੁੱਕ ਜਾਂਦੀ ਏ।

ਤੀਜਾ ਅੰਗ, ਅਖ਼ਲਾਕੀ ਅੰਗ ਏ। ਉਹ ਇਸ ਲਈ ਪਈ ਹਰ ਬੋਲੀ ਦੇ ਬੁਲਾਰਾਂ ਦੀ ਫ਼ਰਦੀ ਤੇ ਕੌਮੀ ਸਿੰਞਾਣ ਤੇ ਪਛਾਣ ਉਹਨਾਂ ਦੀ ਆਪਣੀ ਮਾਂ ਬੋਲੀ ਨਾਲ ਜੁੜੀ ਹੁੰਦੀ ਏ। ਸਾਰਿਆਂ ਤੋਂ ਵੱਡਾ ਤੇ ਅੱਤ ਜ਼ਰੂਰੀ ਅੰਗ ਇਹ ਹੈ ਪਈ ਅਸੀਂ ਹੁਣ ਦੁਨੀਆ ਨੂੰ ਚੰਗੀ ਤਰ੍ਹਾਂ ਜਾਣਨ ਪਛਾਣਨ ਲੱਗੇ ਹਾਂ। ਹਯਾਤੀ ਦੇ ਜਿਸ ਗੋਲ ਚੱਕਰ ਵਿਚ ਅਸੀਂ ਰਹਿਨੇ ਵੱਸਨੇ ਹਾਂ ਉਹ ਅਸਲ ਵਿਚ ਜ਼ਿੰਦਗੀ ਤੇ ਜੀਵਨ ਦਾ ਈ ਇਕ ਫੇਰ ਏ। ਦੇਸੀ ਬੋਲੀਆਂ ਨੂੰ ਮਰਨ ਤੋਂ ਬਚਾਉਣ ਤੇ ਜ਼ਿੰਦਾ ਰੱਖਣ ਲਈ ਸਾਡੀ ਘੋਲ ਤੇ ਬੇ-ਧਿਆਨੀ ਦਾ ਮਤਲਬ ਇਹ ਹੋਵੇਗਾ ਜਿਵੇਂ ਹੁਣ ਅਸੀਂ ਜ਼ਹਾਨਤ ਦੇ ਬਾਬਲ ਮੁਨਾਰੇ ਦੀ ਟੀਸੀ ਤੇ ਅੱਪੜ ਗਏ ਹੋਈਏ, ਜਿਸ ਪਾਰੋਂ ਸਾਨੂੰ ਹੁਣ ਕਿਸੇ ਹੋਰ ਬੋਲੀ ਦੀ ਲੋੜ ਈ ਨਹੀਂ ਰਹੀ ਤੇ ਇਸ ਤਰ੍ਹਾਂ ਅਸੀਂ ਬਿਨਾਂ ਸੋਚੇ ਸਮਝੇ ਪਚਾਨਵੇਂ ਤੋਂ ਲੈ ਕੇ ਨਤ੍ਰਿਨਵੇਂ ਫ਼ੀਸਦੀ ਦੇਸੀ ਬੋਲੀਆਂ ਨੂੰ ਉੱਕਾ ਈ ਮਾਰ ਮੁਕਾ ਦੇਈਏ।

ਇਹਨਾਂ ਉਤਲੀਆਂ ਗੱਲਾਂ ਤੇ ਨੁਕਤਿਆਂ ਤੋਂ ਦੁਨੀਆ ਦੀ ਹਰ ਬੋਲੀ ਦੇ ਉਚੇਚੇ ਤੇ ਅੱਤ ਜ਼ਰੂਰੀ ਹੋਵਣ ਦੀ ਸਾਫ਼ ਸਾਫ਼ ਦੱਸ ਪੈਂਦੀ ਏ।

4. ਬੋਲੀ ਤੇ ਵਸੇਬ ਦਾ ਜੋੜ ਤੇ ਰਿਸ਼ਤਾ:

ਬੋਲੀਆਂ ਹਾਰ ਇਕ ਸਵਾਦਲੀ ਤੇ ਪੱਕੀ ਗੱਲ ਇਹ ਵੀ ਏ ਪਈ ਦੂਜਿਆਂ ਤੀਕਰ ਮਤਲਬ ਪੁਚਾਉਣ ਲਈ ਬੋਲੀ ਈ ਨਿਰਾ ਨਰੋਲ ਢੰਗ ਤੇ ਹਥਿਆਰ ਨਹੀਂ। ਬੋਲੀ ਕਿਸੇ ਰਹਿਤਲ ਤੇ ਵਸੇਬ ਦਾ ਅਟੁੱਟ ਅੰਗ ਹੋਣ ਦੇ ਨਾਲ ਨਾਲ ਦੂਜੀਆਂ ਤਾਈਂ ਵਸੇਬ ਰੰਗ ਦੱਸਣ ਤੇ ਅਪੜਾਉਣ ਦਾ ਇਕ ਹਥਿਆਰ ਏ। ਹਰਮੀਤ ਤੇ ਬਲਾਂਗ ਦੇ ਆਖਣ ਮੁਜਬ :

ਵਸੇਬਾਂ ਦੇ ਸਾਰੇ ਮਾਅਨੇ ਇਹੋ ਈ ਦੱਸਦੇ ਹਨ ਪਈ ਬੋਲੀ ਕਿਸੇ ਵੀ ਵਸੇਬ ਦਾ ਇਕ ਲਾਜ਼ਮੀ ਹਿੱਸਾ ਏ। ਇਸ ਗੱਲ ਤੇ ਵੀ ਸਾਰਿਆਂ ਦਾ ਏਕਾ ਏ ਪਈ ਵਸੇਬ ਸਿੱਧੀ ਸਾਧੀ ਸ਼ੈਅ ਨਹੀਂ ਸਗੋਂ ਬਹੁਤ ਵੱਡਾ ਗੋਰਖ ਧੰਦਾ ਤੇ ਅੱਤ ਗੁੰਝਲਦਾਰ, ਇਹੋ ਜਿਹੀ ਚੀਜ਼ ਏ ਜਿਹੜੀ ਇਕ ਮਿਸਾਲੀ ਬੰਦੋਬਸਤ ਨਾਲ ਈ ਬਣ ਸਕਦੀ ਹੈ ਜਿਸ ਵਿਚ ਇਲਮ, ਲੀਹਾਂ, ਕਦਰਾਂ, ਯਕੀਨ, ਬੋਲੀ, ਆਰਟ ਤੇ ਰੀਤ ਰਿਵਾਜ ਦੇ ਨਾਲ ਨਾਲ ਲੋਕਾਂ ਦੀਆਂ ਆਦਤਾਂ ਤੇ ਵਸੇਬਾਂ ਦੇ ਮੇਲਾਂ ਜੋਲਾਂ ਤੇ ਤਜਰਬਿਆਂ ਤੋਂ ਸਿੱਖੇ ਗੁਰ ਤੇ ਜਾਚਾਂ ਵੀ ਸ਼ਾਮਲ ਨੇ। ਬੋਲੀ ਵਸੇਬ ਤੇ ਰਹਿਤਲ ਦੇ ਦੂਜੇ ਹੋਰ ਜੀਆਂ ਜਿਵੇਂ ਲੀਹਾਂ, ਕਦਰਾਂ ਤੇ ਦੀਨ ਧਰਮ ਦੇ ਨਾਲ ਨਾਲ ਵਸੇਬ ਤੇ ਰਹਿਤਲ ਦਾ ਇਕ ਜੀਅ ਏ। ਬੋਲੀ ਵਸੇਬ ਤੋਂ ਈ ਫੁੱਟਦੀ ਏ ਤੇ ਮੇਲ ਜੋਲ ਰਾਹੀਂ ਇਕ ਨਸਲ ਤੋਂ ਦੂਜੀ ਨਸਲ ਨੂੰ ਨਿਰੀ ਅੱਪੜਦੀ ਈ ਨਹੀਂ ਸਗੋਂ ਵਸੇਬ ਤੇ ਰਹਿਤਲ ਨੂੰ ਘੜਦੀ ਵੀ ਏ। ਇੰਜ ਕਹਿ ਲੋ ਪਈ ਵਸੇਬ ਦਾ ਲਿਸ਼ਕਾਰਾ ਬੋਲੀ ਨੇ ਈ ਡੌਲਿਆ ਤੇ ਮਾਂਜਿਆ ਹੁੰਦਾ ਏ। ਪਰ ਵਸੇਬ ਦੇ ਦੂਜਿਆਂ ਜੀਆਂ ਤੋਂ ਅੱਡ ਬੋਲੀ ਤੇ ਵਸੇਬ ਦਾ ਜੋੜ ਖ਼ਾਸ ਵੰਡੀਂ ਉਚੇਚਾ ਵੀ ਏ ਕਿਉਂ ਜੋ ਬੋਲੀ ਵਸੇਬ ਦੀ ਦੱਸ ਪਾਉਂਦੀ ਏ। ਸਭ ਤੋਂ ਵੱਡੀ ਗੱਲ ਤੇ ਇਹ ਹੈ ਪਈ ਇਹ ਬੋਲੀ ਈ ਹੁੰਦੀ ਏ ਜਿਹੜੀ ਵਸੇਬ ਵਿਚ ਰਹਿੰਦੇ ਬੁਲਾਰਾਂ ਵਿਚ ਓਸ ਵਸੇਬ ਦੀਆਂ ਰੀਤਾਂ, ਰਿਵਾਜਾਂ ਤੇ ਕਦਰਾਂ ਰਚਾਉਂਦੀ ਏ। ਭਾਵੇਂ ਵਸੇਬ ਤੇ ਬੋਲੀ ਇਕ ਦੂਜੇ ਤੋਂ ਅੱਡ ਨਹੀਂ ਰਹਿ ਸਕਦੇ ਪਰ ਇਹ ਜਾਨਣਾ ਬਹੁਤ ਜ਼ਰੂਰੀ ਏ ਪਈ ਇਹ ਦੋਵੇਂ ਇੱਕੋ ਚੀਜ਼ ਨਹੀਂ।

ਹੁਣ ਅਸੀਂ ਇਹ ਕਹਿ ਸਕਦੇ ਹਾਂ ਪਈ ਬੋਲੀ ਉਹ ਚਾਬੀ ਏ ਜਿਹੜੀ ਆਪਣੇ ਵਸੇਬ ਦੀਆਂ ਰਵਾਇਤਾਂ, ਇਲਮਾਂ ਤੇ ਵੱਸੋਂ ਦੇ ਗੱਲੇ ਤੇ ਖ਼ਜ਼ਾਨੇ ਖੋਲ੍ਹਦੀ ਏ।

5. ਬੋਲੀ ਵਟਾਂਦਰੇ ਦੀਆਂ ਵਫ਼ਡਾਂ ਤੇ ਸਬੱਬ :

ਪਿਛਲੀ ਸਦੀ ਦੇ ਛੇਕੜਲੇ ਅੱਧ ਤੋਂ ਲੈ ਕੇ ਹੁਣ ਤੀਕਰ ਕਈ ਆਲਮਾਂ ਤੇ ਸੂਝਵਾਨਾਂ ਨੇ ਬੋਲੀਆਂ ਦੇ ਵਟਾਂਦਰੇ ਤੇ ਇਹਨਾਂ ਵਟਾਂਦਰਿਆਂ ਦਿਆਂ ਸਬੱਬਾਂ ਨੂੰ ਚੰਗੀ ਤਰ੍ਹਾਂ ਝਾਗਿਆ ਤੇ ਖੰਘਾਲਿਆ ਏ। ਇਹਨਾਂ ਬੋਲੀਆਂ ਵਿਚ ਡੱਚ, ਟੋਇੰਗਨ, ਯੂਨਾਨੀ, ਪੋਲਿਸ਼, ਇਤਾਲਵੀ, ਫ਼ਿੱਜੀ

Academy of the Punjab in North America: http://www.apnaorg.com

ਹਿੰਦੀ, ਕੁਕ ਆਈਲੈਂਡ ਸਮੋਅਨ, ਗੁਜਰਾਤੀ ਤੇ ਸਮੋਅਨ ਅਤੇ ਜਾਪਾਨੀ ਬੋਲੀਆਂ ਸ਼ਾਮਲ ਨੇ।

ਫ਼ਾਸੋਲਡ ਦੇ ਆਖਣ ਮੂਜਬ :

ਬੋਲੀ ਵਟਾਂਦਰਾ ਉਹ ਜਨੂਨ ਏ ਜਿਸ ਵਿਚ ਕਿਸੇ ਵਸੇਬ ਦੇ ਵਸਨੀਕ ਕਿਸੇ ਓਪਰੀ ਬੋਲੀ ਦੇ ਹੱਕ ਵਿਚ ਆਪਣੀ ਮਾਂ ਬੋਲੀ ਨੂੰ ਉੱਕਾ ਈ ਛੱਡ ਦੇਣ ਯਾ ਫਿਰ ਉਹ ਇਕ ਮੁੱਠ ਹੋ ਕੇ ਆਪਣੀ ਮਾਂ ਬੋਲੀ ਦੀ ਥਾਂ ਕੋਈ ਦੂਜੀ ਬੋਲੀ ਚੁਣ ਲੈਣ'।

ਦੂਜੇ ਬੰਨੇ ਹਾਫ਼ਮੈਨ ਆਖਦਾ ਏ :

ਜਦੋਂ ਕਿਸੇ ਧਰਤੀ ਦੇ ਵਸਨੀਕ ਆਪਣੀ ਮਾਂ ਬੋਲੀ ਨੂੰ ਸੱਜਰੀ, ਤਾਜ਼ੀ ਤੇ ਜਿਊਂਦੀ ਨਾ ਰੱਖਣ ਦੇ ਨਾਲ ਨਾਲ ਉਹ ਕਿਸੇ ਦੂਜੀ ਬੋਲੀ ਨੂੰ ਮੰਨਣ ਤੇ ਕਬੂਲਣ ਲਗ ਪੈਣ ਤਾਂ ਇਹ ਹਾਲਤ ਬੋਲੀ ਦੇ ਵਟੀਵਣ ਤੇ ਵਟਾਂਦਰੇ ਦੀ ਦੱਸ ਪਾਏਗੀ।

ਉਤਲੀਆਂ ਗੱਲਾਂ ਤੋਂ ਸਾਫ਼ ਪਤਾ ਲਗਦਾ ਏ ਪਈ ਕਿਸੇ ਇਕ ਮਾੜੀ ਬੋਲੀ ਦੇ ਕਿਸੇ ਦੂਜੀ ਤਗੜੀ ਬੋਲੀ ਦੇ ਨਾਲ ਵਟਾਂਦਰੇ ਪਿੱਛੇ ਕੁੱਝ ਸਿਆਸੀ, ਸਮਾਜੀ ਤੇ ਮਾਲੀ ਕਾਰਨ ਤੇ ਸਬੱਬ ਹੁੰਦੇ ਨੇ। ਆਮ ਤੌਰ ਤੇ ਲੋਕ ਆਪਣੀ ਮਾਂ ਬੋਲੀ ਨੂੰ ਮਾੜੀ ਸਮਝਦਿਆਂ ਹੋਇਆਂ ਛੱਡ ਕੇ ਕਿਸੇ ਦੂਜੀ ਬੋਲੀ ਨੂੰ ਤਗੜੀ ਸਮਝਦੇ ਹੋਏ ਓਦੋਂ ਕਬੂਲ ਕਰਦੇ ਨੇ, ਜਦੋਂ ਉਹਨਾਂ ਨੂੰ ਇਸ ਬੋਲੀ ਵਟਾਂਦਰੇ ਨਾਲ ਚੌਧਰ ਤੇ ਸ਼ਾਨ ਸ਼ੌਕਤ ਦੇ ਨਾਲ ਨਾਲ ਮੋਟੀਆਂ ਮੋਟੀਆਂ ਨੌਕਰੀਆਂ ਤੀਕਰ ਪਹੁੰਚਣ ਦੀ ਰਸਾਈ ਤੇ ਉਮੀਦ ਹੋਵੇ।

ਇਸ ਹਾਲਤ ਬਾਰੇ ਡੋਰਯਨ ਦਾ ਖ਼ਿਆਲ ਇਹ ਏ ਪਈ:

ਜਦੋਂ ਤੀਕਰ ਮਾਲੀ ਤੇ ਸਮਾਜੀ ਮਤਲਬ ਨਿਕਲਦੇ ਰਹਿਣ ਮਾਂ ਬੋਲੀ ਨਾਲ ਵਸਨੀਕਾਂ ਦਾ ਸੱਚਾ ਤੇ ਪੱਕਾ ਜੋੜ ਜੁੜਿਆ ਰਹਿੰਦਾ ਏ। ਪਰ ਜੇ ਕੋਈ ਦੂਜੀ ਬੋਲੀ ਇਹਨਾਂ ਖੇਤਰਾਂ ਵਿਚ ਮਾਂ ਬੋਲੀ ਤੋਂ ਵਧ ਫ਼ੈਦੇਵੰਦ ਸਾਬਤ ਹੁੰਦੀ ਨਜ਼ਰ ਆਵੇ ਤੇ ਓਸ ਦੂਜੀ ਓਭੜ ਬੋਲੀ ਦੇ ਹੱਕ ਵਿਚ ਬੋਲੀ ਦਾ ਵਟਾਂਦਰਾ ਸ਼ੁਰੂ ਹੋ ਜਾਂਦਾ ਏ'

ਆਮ ਖ਼ਿਆਲ ਵਿਚ ਬੋਲੀ ਵਟਾਂਦਰੇ ਦੀਆਂ ਦੋ ਵੰਡਾਂ ਹਨ ਤੇ ਇਹਨਾਂ ਬਾਰੇ ਹੋਮਜ਼ ਨੇ ਖੁੱਲ੍ਹ ਕੇ ਬਹਿਸ ਕੀਤੀ ਏ। ਹੋਮਜ਼ ਦੇ ਖ਼ਿਆਲ ਮੂਜਬ , ਬੋਲੀ ਵਟਾਂਦਰੇ ਦਾ ਇਕ ਪੱਖ ਇਹ ਹੈ ਜਿਹਦੇ ਵਿਚ ਦੇਸੀ ਲੋਕ ਆਪਣੀ ਮਾਂ ਬੋਲੀ ਕਿਸੇ ਦੂਜੀ ਤਗੜੀ ਬੋਲੀ ਦੇ ਹੱਕ ਵਿਚ ਛੱਡ ਦਿੰਦੇ ਨੇ। ਇਸ ਕਿਸਮ ਦੀ ਬੋਲੀ ਵਟਾਂਦਰੇ ਦੀ ਮਿਸਾਲ ਨਿਊਜ਼ੀਲੈਂਡ ਵਿਚ ਮਾਓਰੀ ਤੇ ਸ਼ੁਮਾਲੀ ਅਮਰੀਕਾ ਵਿਚ ਰੈੱਡ ਇੰਡੀਅਨ ਕਬੀਲਿਆਂ ਦੀਆਂ ਬੋਲੀਆਂ ਹਨ। ਦੂਜੀਆਂ ਓਭੜ ਬੋਲੀਆਂ ਨਾਲ ਵਟਾਂਦਰੇ ਮੂਜਬ ਇਹਨਾਂ ਦੇਸਾਂ ਦੀਆਂ ਇਹ ਦੇਸੀ ਬੋਲੀਆਂ ਆਪੋ ਉੱਕਾ ਈ ਮਰ ਖੱਪ ਗਈਆਂ ਹਨ।

ਬੋਲੀ ਵਟਾਂਦਰੇ ਦੀ ਦੂਜੀ ਵੰਡ ਤੇ ਸਬੱਬ ਇਸ ਤਰ੍ਹਾਂ ਏ ਪਈ ਕਿਸੇ ਵਸੇਬ ਵਿਚ ਓਸ ਵਸੇਬ ਦੇ ਦੇਸੀ ਵਸਨੀਕ ਕਿਸੇ ਦੂਜੇ ਓਭੜ, ਤਗੜੇ ਤੇ ਜ਼ੋਰਾਵਰ ਟੋਲੇ ਯਾ ਕੌਮ ਦੀ ਬੋਲੀ ਨੂੰ ਚੰਗੀ ਤਰ੍ਹਾਂ ਜਾਨਣ, ਸਿੱਖਣ ਤੇ ਸਮਝਣ ਤੇ ਮਜਬੂਰ ਹੋ ਜਾਵਣ। ਇਸ ਕਿਸਮ ਦੇ ਬੋਲੀ ਵਟਾਂਦਰੇ ਵਿਚ ਦੇਸੀ ਵਸਨੀਕਾਂ ਨੂੰ ਆਪਣੀ ਮਾਂ ਬੋਲੀ ਨੂੰ ਪੂਰੀ ਤਰ੍ਹਾਂ ਨਹੀਂ ਛੱਡਣਾ ਪੈਂਦਾ। ਵੇਖਣ ਵਿਚ ਇਹੋ ਈ ਆਇਆ ਏ ਪਈ ਇਹੋ ਜਿਹਾ ਬੋਲੀ ਵਟਾਂਦਰਾ ਜ਼ਿਆਦਾਤਰ ਧੱਕੋ ਮੱਲੀ ਤੇ ਜ਼ੋਰਾਵਰੀ ਨਾਲ ਮਜਬੂਰ ਕਰਨ ਪਾਰੋਂ ਈ ਹੁੰਦਾ ਏ ਤੇ ਮੁਆਸ਼ਰੇ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਨ ਲਈ ਇੱਕੋ ਵੇਲੇ ਦੋ ਬੋਲੀਆਂ ਵਰਤੀਆਂ ਜਾਂਦੀਆਂ ਨੇ। (ਇਕ ਲਿਹਾਜ਼ ਨਾਲ ਪਾਕਿਸਤਾਨੀ ਸੂਬਿਆਂ ਵਿਚ ਦੇਸੀ ਵਸਨੀਕਾਂ ਤੇ ਪੰਜਾਬੀਆਂ ਦੀ ਮਾਂ ਬੋਲੀ ਪੰਜਾਬੀ ਦੇ ਵਟਾਂਦਰੇ ਦਾ ਮਸਲਾ ਇਸੇ ਅਟਕਲ ਵਿਚ ਫ਼ਿੱਟ ਹੋਂਦਾ ਏ)।

6. ਬੋਲੀ ਵਟਾਂਦਰੇ ਦੇ ਅਫ਼ਜਾਮ ਤੇ ਨਤੀਜੇ :

ਛੁੱਟੜ ਬੋਲੀ ਨੂੰ ਕਈ ਨਤੀਜੇ ਤੇ ਅੰਜਾਮ ਭੁਗਤਣੇ ਪੈਂਦੇ ਹਨ। ਛੁੱਟੜ ਬੋਲੀ ਨੂੰ ਸਭ ਤੋਂ ਵੱਡਾ ਨੁਕਸਾਨ ਤੇ ਇਹ ਹੁੰਦਾ ਏ ਪਈ ਉਹ ਬੋਲੀ ਆਪੂੰ ਮਰ ਮੁੱਕ ਜਾਂਦੀ ਏ। ਇਸ ਬਾਰੇ ਜੇਮਜ਼ ਫ਼ੋਰਡ ਆਖਦਾ ਏ :

Academy of the Punjab in North America: http://www.apnaorg.com

ਅਕਸਰ ਔਕਾਤ ਜਦੋਂ ਅੰਦਰਲੇ ਤੇ ਬਾਹਰਲੇ ਦੱਬ ਦਬਾ ਤੇ ਭਾਰ ਮੁਜਬ ਕਿਸੇ ਵਸੇਬ ਦੇ ਵਸਨੀਕ ਕਿਸੇ ਓਭੜ ਬੋਲੀ ਨੂੰ ਕਬੂਲ ਕਰਨ ਤੇ ਮਜਬੂਰ ਹੋ ਜਾਵਣ ਤੇ ਇਹੋ ਜਿਹੇ ਬੋਲੀ ਵਟਾਂਦਰੇ ਦਾ ਸਿੱਟਾ, ਅੰਤ, ਨਤੀਜਾ ਤੇ ਅੰਜਾਮ ਉਹਨਾਂ ਦੀ ਆਪਣੀ ਮਾਂ ਬੋਲੀ ਦੀ ਮੌਤ ਈ ਹੁੰਦਾ ਏ। ਦੇਸੀ ਵਸਨੀਕਾਂ ਦੀਆਂ ਇਹ ਮਜਬੂਰੀਆਂ ਜ਼ੋਰਾਵਰਾਂ ਨਾਲੋਂ ਉਹਨਾਂ ਦੀਆਂ ਆਪਣੀਆਂ ਰਹਿਤਲੀ ਕਦਰਾਂ ਤੇ ਰਵਾਇਤਾਂ ਯਾ ਮਾਲੀ ਤੇ ਸਿਆਸੀ ਜ਼ਿੰਦਗੀਆਂ ਵਿਚ ਵਿੱਥ ਤੇ ਫ਼ਰਕ ਹੈ ਜੋ ਤਿਜਾਰਤ, ਹਿਜਰਤ, ਇਕ ਦੂਜੇ ਨਾਲ ਵਿਆਹ ਸ਼ਾਦੀਆਂ, ਮਜ਼ਹਬ ਤੇ ਧਰਮ ਦੀ ਤਬਦੀਲੀ ਯਾ ਫ਼ੌਜੀ ਜਿੱਤਾਂ ਹੋ ਸਕਦੀਆਂ ਹਨ।

ਬੋਲੀਆਂ ਦੇ ਆਲਮਾਂ ਤੇ ਸੂਝਵਾਨਾਂ ਇਸ ਸੱਤ ਨੂੰ ਉਤਾਂਹ ਚੁੱਕਿਆ ਹੈ ਪਈ ਕਿਸੇ ਬੋਲੀ ਦਾ ਖੁੱਸ ਜਾਣਾ, ਇਕ ਉਚੇਚੀ ਤੇ ਨਿਵੇਕਲੀ ਤਾਕੀ ਯਾ ਬਾਰੀ ਬੰਦ ਹੋਵਣ ਦੇ ਬਰਾਬਰ ਹੈ ਜਿਹੜੀ ਇਨਸਾਨੀ ਦਿਮਾਗ਼ ਵੱਲ ਖੁਲ੍ਹਦੀ ਹੈ। ਇਸ ਵੰਡੀਂ ਬੋਲੀਆਂ ਦਾ ਖਿਲਾਰ ਚੋਖਾ ਫ਼ੈਦੇਵੰਦ ਹੈ ਇਸ ਲਈ ਪਈ ਇਹ ਖਿਲਾਰ ਇਲਮਦਾਰੀ ਤੇ ਸਮਝਦਾਰੀ ਦਾ ਖਿਲਾਰ ਈ ਏ। ਦੁਨੀਆ ਦੀ ਹਰ ਬੋਲੀ ਆਪਣੀ ਆਪਣੀ ਥਾਂ ਤੇ ਇਕ ਨਿਵੇਕਲਾ ਤੇ ਉਚੇਚਾ ਹਥਿਆਰ ਤੇ ਸੰਦ ਹੈ, ਜਿਸ ਵਿਚ ਓਸ ਬੋਲੀ ਦੇ ਬੁਲਾਰਾਂ ਦੇ ਇਲਮ , ਇਰਫ਼ਾਨ ਤੇ ਤਜਰਬਿਆਂ ਦੇ ਖ਼ਜ਼ਾਨੇ ਦੱਬੇ ਹੋਏ ਨੇ। ਤਾਂ ਈ ਇਸ ਹਥਿਆਰ ਦਾ ਖੁੱਸਣਾ ਇੰਜੇ ਈ ਏ ਜਿਵੇਂ ਉਸਾਰਨ ਵਾਲੀ ਉਹ ਹਕੀਕਤ ਈ ਖੁੱਸ ਜਾਵੇ ਜਿਹਨੂੰ ਡੌਲਣ ਤੇ ਸੰਭਾਲਣ ਵਿਚ ਕਈਆਂ ਨਸਲਾਂ ਦੇ ਹਰ ਤਰ੍ਹਾਂ ਦੇ ਆਹਰ ਤੇ ਖ਼ਜ਼ਾਨੇ ਖ਼ਰਚ ਹੋਏ ਹੋਵਣ।

ਜੌਨ ਰਾਇਨਰ ਅਪਣੇ ' ਦੇਸੀ ਬੋਲੀਆਂ ਨੂੰ ਸਹਾਰਾ ਦੇਣ ਦੇ ਜਵਾਜ਼ ਤੇ ਲੋੜਾਂ ' ਸਿਰਨਾਵੇਂ ਵਾਲੇ ਪਰਚੇ ਵਿਚ ਇਸ ਬਾਰੇ ਇੰਜ ਲਿਖਦਾ ਏ:

ਦੁਨੀਆ ਵਿਚ ਇਨਸਾਨੀ ਨਫ਼ਸਿਆਤੀ ਵਸੇਬ ਤੇ ਕੁਦਰਤੀ ਹੋਂਦ ਦੀਆਂ ਕਿੰਨੀਆਂ ਈ ਚਾਬੀਆਂ ਨਿੱਕੀਆਂ ਨਿੱਕੀਆਂ ਦੇਸੀ ਬੋਲੀਆਂ ਦੇ ਬੁਲਾਰਾਂ ਕੋਲ ਹਨ। ਜੇ ਇਹ ਬੋਲੀਆਂ ਮਰ ਮੁੱਕ ਜਾਵਣ ਤੇ ਇਹਨਾਂ ਦੇ ਨਾਲ ਇਹ ਚਾਬੀਆਂ ਵੀ ਗਵਾਚ ਜਾਂਦੀਆਂ ਨੇ। ਸਾਡੀਆਂ ਬੋਲੀਆਂ ਉਹ ਸਾਂਝੀਆਂ ਤਖ਼ਲੀਕੀ ਪੈਦਾਵਾਰ ਹਨ ਜਿਨ੍ਹਾਂ ਵਿਚ ਹਰ ਨਸਲ ਤੇ ਹਰ ਵਸੇਬ ਦੇ ਵਸਨੀਕਾਂ ਨੇ ਆਪਣਾ ਆਪਣਾ ਸੀਰ ਪਾਇਆ ਹੋਇਆ ਏ। ਸਾਡੀਆਂ ਬੋਲੀਆਂ ਵਿਚ ਦੁਨੀਆ ਭਰ ਦੇ ਇਲਮ ਦਾ ਚੋਖਾ ਹਿੱਸਾ ਉਹ ਹੈ ਜਿਹੜਾ ਮੁੱਢ ਕਦੀਮਾਂ ਤੋਂ ਇਨਸਾਨਾਂ ਦੀ ਕੁੱਖ ਦੇ ਵਿਚ ਸਮਾਇਆ ਹੋਇਆ ਸੀ ਤੇ ਹੁਣ ਵੀ ਹੈ। ਜਦੋਂ ਇਕ ਬੋਲੀ ਖ਼ਤਮ ਹੋ ਜਾਵੇ ਤੇ ਉਹਦੇ ਨਾਲ ਈ ਓਸ ਬੋਲੀ ਦਾ ਆਪਣਾ ਉਚੇਚਾ ਇਲਮ ਤੇ ਇਰਫ਼ਾਨ ਵੀ ਮੁੱਕ ਜਾਂਦਾ ਏ। ਨਾਲੇ ਬੋਲੀਆਂ ਰਾਹੀਂ ਕਿਸੇ ਇੱਕੋ ਗੱਲ ਤੇ ਦਿੱਖ ਨੂੰ ਦੱਸਣ, ਆਖਣ ਤੇ ਸਮਝਾਉਣ ਦੇ ਤਰੀਕੇ ਤੇ ਅੰਗ ਹਰ ਵਸੇਬ ਦੇ ਵਸਨੀਕਾਂ ਦੇ ਆਪਣੇ ਆਪਣੇ , ਉਚੇਚੇ ਤੇ ਵੱਖਰੇ ਵੱਖਰੇ ਹਨ। ਇਸੇ ਪਾਰੋਂ ਅਸੀਂ ਅਪਣੇ ਅਪਣੇ ਵੱਖੋ ਵੱਖ ਤਰੀਕਿਆਂ ਤੇ ਢੰਗਾਂ ਨਾਲ ਰਹਿਨੇ ਹਾਂ, ਸੋਚਦੇ ਹਾਂ ਅਤੇ ਆਹਰ ਤੇ ਕੋਸ਼ਸ਼ਾਂ ਕਰਦੇ ਹਾਂ।

ਜੋਸ਼ੂਆ ਫ਼ਿਸ਼ਮੈਨ ਬੋਲੀ ਵਟਾਂਦਰੇ ਖੇਤਰ ਦਾ ਇਕ ਮਸ਼ਹੂਰ ਆਲਮ ਏ। ਉਹਦਾ ਆਖਣਾ ਏ ਪਈ, ਕਿਸੇ ਬੋਲੀ ਦੀ ਮੌਤ ਇਕ ਬੁਨਿਆਦੀ ਹਕੀਕਤ ਦੀ ਮੌਤ ਹੁੰਦੀ ਏ। ਉਹ ਆਖਦਾ ਏ :

ਬੋਲੀ ਤੇ ਵਸੇਬ ਦਾ ਰਿਸ਼ਤਾ ਤੇ ਜੋੜ ਡਾਢਾ ਗੂੜ੍ਹਾ ਏ ਤੇ ਜਦੋਂ ਇਕ ਬੋਲੀ ਮੁੱਕ ਜਾਵੇ ਤੇ ਓਸ ਬੋਲੀ ਵਿਚ ਰਚਿਆ ਵਸਿਆ ਵਸੇਬ ਵੀ ਮੁੱਕ ਵੈਂਦਾ ਏ। ਜੇ ਤੁਸੀਂ ਓਸ ਬੋਲੀ ਨੂੰ ਓਸ ਵਸੇਬ ਤੋਂ ਕੱਢ ਦਿਓ ਤੇ ਤੁਸੀਂ ਓਸ ਵਸੇਬ ਦੀ ਦੁਆ ਸਲਾਮ, ਖ਼ੈਰ ਸੱਲਾ, ਦੁਆਵਾਂ ਤੇ ਬੱਦ-ਦੁਆਵਾਂ, ਬੱਲੇ ਬੱਲੇ ਤੇ ਹੱਲਾਸ਼ੇਰੀ, ਅਸੂਲ ਤੇ ਰੱਖ ਰਖਾਅ, ਅਦਬ ਅਦਾਬ, ਗੀਤ ਗਾਣੇ, ਬੁਝਾਰਤਾਂ ਤੇ ਪਹੇਲੀਆਂ, ਅਖਾਣ ਤੇ ਮੁਹਾਵਰੇ, ਦਵਾਵਾਂ ਤੇ ਇਲਾਜ ਮੁਆਲਜੇ, ਮੱਤ ਤੇ ਅਕਲ ਅਤੇ ਇਬਾਦਤਾਂ ਵੀ ਮੁਕਾ ਦਿੰਦੇ ਜੇ। ਬਾਕੀ ਕੁੱਝ ਨਹੀਂ ਬਚਦਾ। ਸੋਚੋ ਤੇ ਦੱਸੋ ਕੁਝ ਬਚਦਾ ਏ ? ਜਦੋਂ ਤੁਸੀਂ ਕਿਸੇ ਬੋਲੀ ਦੀ ਗੱਲ ਕਰਦੇ ਓ ਤੇ ਹਕੀਕਤ ਵਿਚ ਤੁਸੀਂ ਓਸ ਬੋਲੀ ਦਿਆਂ ਬੁਲਾਰਾਂ ਤੇ ਉਹਨਾਂ ਦੇ ਵਸੇਬ ਦੀ ਗੱਲ ਈ ਕਰਦੇ ਓ। ਮਤਲਬ ਇਹ ਹੈ ਪਈ ਕਿਸੇ ਬੋਲੀ ਦੇ ਛੁੱਟਣ ਨਾਲ ਤੁਸੀਂ ਪੱਕੀ ਤਰ੍ਹਾਂ ਓਸ ਵਸੇਬ ਦਾ ਜੀਵਨ, ਹਯਾਤੀ, ਜ਼ਿੰਦਗੀ, ਸੋਚ ਵਿਚਾਰ ਦੇ ਤਰੀਕੇ, ਕਦਰਾਂ ਕੀਮਤਾਂ ਜਾਚਣ ਤੇ ਨਿਭਾਉਣ ਦੇ ਅੰਗਾਂ ਦੀ ਈ

Academy of the Punjab in North America: http://www.apnaorg.com

ਨਹੀਂ ਅਸਲ ਵਿਚ ਇਨਸਾਨੀ ਹਕੀਕਤ ਤੇ ਇਨਸਾਨੀ ਹੋਂਦ ਦੀ ਗੱਲ ਕਰਦੇ ਓ।'

ਡੇਵਿਡ ਕ੍ਰਿਸਟਲ ਇਕ ਪਾਹੜੂ ਤੇ ਆਲਮ ਏ। ਬੋਲੀਆਂ ਦੀ ਮੌਤ ਦੇ ਖੇਤਰ ਵਿਚ ਉਹ ਇੰਜ ਕਹਿੰਦਾ ਏ:

ਹਰ ਕਿਸੇ ਨੂੰ ਇਹ ਚਿੰਤਾ ਤੇ ਫ਼ਿਕਰ ਹੋਣੀ ਚਾਹੀਦੀ ਏ ਪਈ ਕਿਸੇ ਵੀ ਬੋਲੀ ਦੇ ਮੁੱਕਣ ਤੇ ਮਰਨ ਵਿਚ ਹਰ ਇਕ ਦਾ ਨੁਕਸਾਨ ਏ। ਇਸ ਲਈ ਪਈ ਸਾਡੇ ਵਿਚੋਂ ਹਰ ਕੋਈ ਸੈਂਕੜਿਆਂ ਦੇਸੀ ਬੋਲੀਆਂ ਤੋਂ ਫ਼ੈਦਾ ਜੋ ਲੈਂਦਾ ਏ ਇਸ ਲਈ ਹਰ ਕੋਈ ਇਹਨਾਂ ਸਾਰੀਆਂ ਦੇਸੀ ਬੋਲੀਆਂ ਦੇ ਇਸ ਅਣਮੁੱਲੇ ਖ਼ਜ਼ਾਨੇ ਦਾ ਰਾਖਾ ਤੇ ਚੌਕੀਦਾਰ ਵੀ ਹੋਣਾ ਚਾਹੀਦਾ ਏ। ਕਈ ਦੇਸੀ ਬੋਲੀਆਂ ਸਾਡੀਆਂ ਅੱਖਾਂ ਸਾਹਮਣੇ ਹੌਲੀ ਹੌਲੀ ਸਹਿਕ ਸਹਿਕ ਕੇ ਮਰ ਮੁੱਕ ਰਹੀਆਂ ਨੇ। ਵਸੇਬਾਂ ਤੇ ਕੌਮਾਂ ਵਾਸਤੇ ਨਿਰਾ ਇਹ ਕਾਫ਼ੀ ਨਹੀਂ ਪਈ ਉਹ ਆਪਣੇ ਵਿਚ ਰਹਿਣ ਵਾਲੇ ਦੇਸੀ ਲੋਕਾਂ ਨੂੰ ਉਹਨਾਂ ਦੀ ਵਿਰਾਸਤੀ ਹੋਂਦ ਅੱਗੇ ਵਧਾਉਣ ਵਿਚ ਈ ਉਹਨਾਂ ਦਾ ਹੱਥ ਵੰਡਾਉਣ ਤੇ ਮਦਦ ਕਰਨ। ਸਗੋਂ ਵਸੇਬਾਂ ਤੇ ਕੌਮਾਂ ਦਾ ਇਹ ਵੀ ਜ਼ਿੰਮਾ ਤੇ ਫ਼ਰਜ਼ ਹੈ ਪਈ ਉਹ ਆਪਣੇ ਵਸੇਬੀ ਵਿਰਸੇ ਦੇ ਬਚਾਅ ਤੇ ਸਾਂਭ ਲਈ ਦੇਸੀ ਬੋਲੀਆਂ ਦੀ ਦੇਖ ਭਾਲ ਤੇ ਸਾਂਭ ਵੀ ਕਰਨ। ਆਉਂਦੇ ਵੇਲੇ ਇਸੇ ਵਿਰਸੇ ਦੀ ਘਣੀ ਤੇ ਚੋਖੀ ਕਦਰ ਤੇ ਕੀਮਤ ਹੋਸੀ। ਜਿਸ ਵਸੇਬ ਯਾ ਹਕੂਮਤ ਕੋਲੋਂ ਐਸੀ ਸਾਂਭ ਤੋਂ ਘੋਲ ਤੇ ਗ਼ਫ਼ਲਤ ਹੋਈ ਆਉਣ ਵਾਲਾ ਵੇਲ਼ਾ ਉਹਨਾਂ ਨਾਲ਼ ਸਖ਼ਤੀ ਤੇ ਕਾਵੜ ਨਾਲ ਨਜਿੱਠਸੀ ਤੇ ਕਦੇ ਨਾ ਬਖ਼ਸ਼ਸੀ।

ਮੁੱਕਦੀ ਗੱਲ ਇਹ ਹੈ ਪਈ ਕਿਸੇ ਵੀ ਬੋਲੀ ਦੇ ਮੁੱਕਣ ਦੇ ਨੁਕਸਾਨ ਤੇ ਘਾਟੇ ਪੂਰੀ ਦੁਨੀਆ ਦੇ ਵਸਨੀਕਾਂ ਨੂੰ ਸਹਿਣੇ ਪੈਂਦੇ ਨੇ।

7. ਅਜੋਕੇ ਖੋਜ ਦਾ ਵੇਰਵਾ:

ਪੰਜਾਬੀ ਦੁਨੀਆ ਦੀਆਂ ਵੀਹ (20) ਮੁੱਖ ਬੋਲੀਆਂ ਵਿਚੋਂ ਇਕ ਬੋਲੀ ਗਿਣੀ ਜਾਂਦੀ ਏ। ਇਸ ਹਕੀਕਤ ਦਾ ਵੇਰਵਾ ਜ਼ਰੂਰੀ ਏ ਪਈ ਪਾਕਿਸਤਾਨ ਵਿਚ ਪੰਜਾਬੀ ਬੋਲਣ ਵਾਲੇ ਲੋਕਾਂ ਦੀ ਗਿਣਤਰੀ ਸਭ ਤੋਂ ਚੋਖੀ (ਪਾਕਿਸਤਾਨ ਦੀ ਆਬਾਦੀ ਦਾ ਕੋਈ 56 ਫ਼ੀਸਦੀ) ਏ। ਪਾਕਿਸਤਾਨੀ ਪੰਜਾਬ ਦੀ ਪੰਜਾਬੀ ਬੋਲੀ ਦਿਆਂ ਇਲਾਕਿਆਂ ਮੂਜਬ ਬੋਲੜੀਆਂ ਵਿਚ ਪੋਠੋਹਾਰੀ, ਧਨੀ, ਛਾਛੀ, ਜਾਂਗਲੀ, ਮਾਝੀ, ਸਰਾਇਕੀ, ਮੁਲਤਾਨੀ ਤੇ ਹੋਰ ਬੋਲੜੀਆਂ ਹਨ। ਉੱਕਾ ਈ ਨਿਹੱਕੀ ਤੇ ਨਿਥਵੀਂ ਗੱਲ ਤੇ ਇਹ ਹੈ ਪਈ ਪਾਕਿਸਤਾਨ ਵਿਚ ਉਰਦੂ ਤੇ ਅੰਗਰੇਜ਼ੀ ਪਰਧਾਨ ਬੋਲੀਆਂ ਨੇ। ਇਹ ਦੋਵੇਂ ਬੋਲੀਆਂ ਸਰਕਾਰੀ ਤੇ ਤਾਲੀਮੀ ਬੋਲੀਆਂ ਮਿੱਥੀਆਂ ਗਈਆਂ ਹਨ। ਪਾਕਿਸਤਾਨੀ ਹਕੂਮਤ ਦੀ ਅਨਿਆਈਂ ਬੋਲੀ ਪਾਲਿਸੀ ਇੰਜ ਘੜੀ ਗਈ ਏ ਪਈ ਸਰਕਾਰੀ ਪੱਧਰ ਤੇ ਹਕੂਮਤ ਨਿਰਾ ਉਰਦੂ ਤੇ ਅੰਗਰੇਜ਼ੀ ਬੋਲੀਆਂ ਈ ਉਤਾਂਹ ਕਰਦੀ ਏ ਪਰ ਹਜ਼ਾਰਾਂ ਵਰ੍ਹੇ ਪੁਰਾਣੀਆਂ ਦੇਸੀ ਬੋਲੀਆਂ ਨੂੰ ਨਿੰਦਦੀ ਏ। ਇਸੇ ਬੇਥਵ੍ਹੀ ਹਕੂਮਤੀ ਪਾਲਿਸੀ ਪਾਰੋਂ ਪਾਕਿਸਤਾਨ ਦੇ ਵਸਨੀਕ ਇਕ ਅਵੱਲੇ ਈ ਵਸੇਬੀ ਦਰਜਿਆਂ ਵਿਚ ਵੰਡੀਜੇ ਹੋਏ ਨੇ। ਇਸ ਨਵੇਂ ਸਮਾਜ ਦੀ ਦਰਜਾਵੰਦੀ ਦੇ ਰੁੱਖ ਦੀ ਟੀਸੀ ਤੇ ਸਭ ਤੋਂ ਉੱਤੇ ਅੰਗਰੇਜ਼ੀ ਏ, ਓਸ ਤੋਂ ਹੇਠਾਂ ਉਰਦੂ, ਫਿਰ ਥੱਲੇ ਦੇਸੀ ਬੋਲੀਆਂ ਤੇ ਸਭ ਤੋਂ ਨੀਚ ਪੰਜਾਬੀ ਬੋਲੀ ਏ ਜਿਹੜੀ ਆਪੋਂ ਪਾਕਿਸਤਾਨ ਦੇ ਸਭ ਤੋਂ ਚੋਖੇ ਬੁਲਾਰਾਂ ਦੀ ਮਾਂ ਬੋਲੀ ਏ। ਇਸੇ ਹਕੂਮਤੀ ਅਨਿਆਈਂ ਲੈਂਗੁਏਜ ਪਾਲਿਸੀ ਪਾਰੋਂ ਦੇਸੀ ਬੋਲੀਆਂ ਅਨਪੜ੍ਹ , ਜਾਹਲ, ਜੰਗਲੀ ਤੇ ਗੰਵਾਰ ਦਿਹਾਤੀਆਂ ਦਾ ਨਿਸ਼ਾਨ ਨੇ।

ਵਸੇਬੀ ਨਮੋਸ਼ੀ, ਸ਼ਰਮਿੰਦਗੀ, ਸੁਸਤੀ ਤੇ ਪਛੜਈ ਦੇਸੀ ਬੋਲੀਆਂ ਦਾ ਦੂਜਾ ਨਾਂ ਬਣ ਗਈਆਂ ਨੇ, ਜਿਨ੍ਹਾਂ ਵਿਚ ਪੰਜਾਬੀ ਬੋਲੀ ਸਭ ਤੋਂ ਵਧ ਬਦਨਾਮ ਏ। ਸਰਕਾਰੀ ਬੇ-ਧਿਆਨੀ ਤੇ ਬੇ-ਹਿੱਸੀ ਪਾਰੋਂ ਕਈ ਦੇਸੀ ਬੋਲੜੀਆਂ ਮਰ ਮਿਟਣ ਦੇ ਕੋਲ ਅੱਪੜ ਗਈਆਂ ਨੇ। ਸ਼ਹਿਰਾਂ ਵਿਚ ਰਹਿਣ ਵਾਲੇ ਦੇਸੀ ਪੰਜਾਬੀ ਬੁਲਾਰ ਹੌਲੀ ਹੌਲੀ ਉਰਦੂ ਤੇ ਅੰਗਰੇਜ਼ੀ ਬੋਲੀਆਂ ਵਲ ਖਿਸਕਦੇ ਜਾਂਦੇ ਨੇ। ਤੇ ਇਹ ਮੁਆਮਲਾ ਉਹਨਾਂ ਦੀ ਮਾਂ ਬੋਲੀ ਪੰਜਾਬੀ ਲਈ ਚੋਖਾ ਭੈੜਾ ਤੇ ਗੰਭੀਰ ਏ। ਪਾਕਿਸਤਾਨ ਦੀਆਂ ਮੋਟੀਆਂ ਮੋਟੀਆਂ ਬੋਲੀਆਂ ਤੇ ਉਹਨਾਂ ਦੇ ਬੁਲਾਰਾਂ ਦਾ ਹਿਸਾਬੀ

Academy of the Punjab in North America: http://www.apnaorg.com

ਵੇਰਵਾ ਇੰਜ ਏ:
ਪੰਜਾਬੀ (ਸਰਾਇਕੀ ਰਲਾ ਕੇ) : ਛਪੰਜਾ ਫ਼ੀਸਦ (56%) ਪਸ਼ਤੋ : ਸੋਲਾਂ ਫ਼ੀਸਦ (16%); ਸਿੰਧੀ : ਪੰਦਰਾਂ ਫ਼ੀਸਦ (15%); ਉਰਦੂ : ਛੇ ਫ਼ੀਸਦ (6%) ; ਬਲੋਚੀ : ਚਾਰ ਫ਼ੀਸਦ (4%); ਦੂਜੀਆਂ ਬੋਲੀਆਂ ਰਲਾ ਮਿਲਾ ਕੇ ਤਿੰਨ ਫ਼ੀਸਦ (3%)।

ਇਸ ਪਰਚੇ ਦੀ ਖੋਜ ਵਿਚ ਇਸਲਾਮ ਆਬਾਦ (ਪਾਕਿਸਤਾਨ) ਵਿਚ ਰਹਿਣ ਵਾਲੇ ਪਚਵੰਜਾ (55) ਪੰਜਾਬੀਆਂ ਨਾਲ ਗੱਲ ਬਾਤ ਤੇ ਇੰਟਰਵਿਊ ਕੀਤੇ ਗਏ । ਇਹਨਾਂ ਵਿਚੋਂ ਸੋਲਾਂ (16) ਫ਼ੌਜੀ, ਪੰਦਰਾਂ(15) ਲੈਕਚਰਾਰ, ਬਾਰਾਂ (12) ਇੰਜੀਨੀਅਰ ਤੇ ਬਾਰਾਂ (12) ਸਕੂਲ ਉਮਰ ਦੇ ਬਾਲਾਂ ਦੇ ਮਾਪੇ ਸਨ। ਇਹ ਖੋਜ ਪਹਿਲੀ ਅਪ੍ਰੈਲ ਤੋਂ ਪਹਿਲੀ ਮਈ 2007 ਦੇ ਅਰਸੇ ਵਿਚ ਪੂਰੀ ਕੀਤੀ ਗਈ। ਇੰਟਰਵਿਊਆਂ ਦਾ ਸਾਰਾ ਗੋਹ ਥੱਲੇ ਦਿੱਤੇ ਚਹੁੰ ਸਵਾਲਾਂ ਉੱਤੇ ਈ ਸੀ:

1. ਉਰਦੂ ਤੇ ਅੰਗਰੇਜ਼ੀ ਦੇ ਮੁਕਾਬਲੇ ਵਿਚ ਪੰਜਾਬੀ ਬੋਲੀ ਦਾ ਮੁਕਾਮ, ਹੈਸੀਅਤ ਤੇ ਔਕਾਤ ਕੀਹ ਏ ?
2. ਪੰਜਾਬੀ ਦੇ ਵਟਾਂਦਰੇ ਪਿਛੇ ਸਬੱਬ ਤੇ ਵਜ੍ਹਾਂ ਕੀ ਹਨ?
3. ਪੰਜਾਬੀ ਬੋਲੀ ਬਾਰੇ ਪਾਕਿਸਤਾਨੀਆਂ ਦਾ ਰਵੱਈਆ ਕੀਹ ਏ ?
4. ਪੰਜਾਬੀ ਬੋਲੀ ਦੇ ਵਟਾਂਦਰੇ ਦੀ ਲਹਿਰ ਦਾ ਪਾਸਾ ਪਰਤਣ ਲਈ ਕੀਹ ਕੀਤਾ ਜਾ ਸਕਦਾ ਏ ?

ਇਸ ਸਚ ਦੇ ਹੁੰਦਿਆਂ ਸੁੰਦਿਆਂ ਪਈ ਪਾਕਿਸਤਾਨੀ ਪੰਜਾਬ ਦੇ ਘਟੋ ਘੱਟ ਸਾਰੇ ਵਸਨੀਕਾਂ ਦੀ ਮਾਂ ਬੋਲੀ ਪੰਜਾਬੀ ਏ, ਫਿਰ ਵੀ ਸਾਰਿਆਂ ਪੁਛਿਆਰਾਂ ਦਾ ਪਹਿਲੇ ਸਵਾਲ ਦਾ ਪਰਤਾਅ ਤੇ ਜਵਾਬ ਇਹ ਈ ਸੀ ਪਈ ਪਾਕਿਸਤਾਨ ਦੀਆਂ ਦੂਜੀਆਂ ਸਾਰੀਆਂ ਬੋਲੀਆਂ ਸਾਹਵੇਂ ਆਮ ਤੌਰ ਤੇ, ਉਰਦੂ ਤੇ ਅੰਗਰੇਜ਼ੀ ਦੇ ਮੁਕਾਬਲੇ ਵਿਚ ਖ਼ਾਸ ਕਰ ਪੰਜਾਬੀ ਬੋਲੀ ਦੀ ਔਕਾਤ, ਹੈਸੀਅਤ ਤੇ ਥਾਹਰ ਹੱਡੋਂ ਨੀਵੀਂ ਤੇ ਨੀਚ ਏ। ਪੰਜਾਬੀ ਉੱਤੇ ਸਾਰੀਆਂ ਪਾਕਿਸਤਾਨੀ ਬੋਲੀਆਂ ਤੋਂ ਵਧ ਦੱਬ ਦਬਾਅ ਤੇ ਭਾਰ ਏ।

ਸੰਤਾਲੀ ਲੋਕਾਂ ਦਾ ਪਰਤਾਅ ਸੀ ਪਈ ਪੰਜਾਬੀ ਬੋਲੀ ਦੀ ਇੰਨੀ ਮੰਦਹਾਲੀ ਦੀ ਸਾਰਿਆਂ ਤੋਂ ਵੱਡੀ ਵਜ੍ਹਾ ਪਾਕਿਸਤਾਨੀ ਤੇ ਪੰਜਾਬ ਸੂਬੇ ਦੀਆਂ ਸਰਕਾਰਾਂ ਦਾ ਪੰਜਾਬੀ ਬੋਲੀ ਬਾਰੇ ਮਤਰੇਈ ਮਾਂ ਜਿਹਾ ਰਵੱਈਆ ਹੈ। ਸਰਕਾਰੀ ਪੱਧਰਾਂ ਪੰਜਾਬੀ ਬੋਲੀ ਦੇ ਸਿਰ ਉੱਤੇ ਹੱਥ ਰੱਖਣਾ ਤੇ ਇਕ ਪਾਸੇ ਪੰਜਾਬੀ ਨੂੰ ਵੱਖਰੀ ਬੋਲੀ ਮੰਨਣ ਤੇ ਇਸ ਬੋਲੀ ਨੂੰ ਉਤਾਂਹ ਚੁੱਕਣ ਤੋਂ ਉੱਕਾ ਈ ਵਾਂਝੀਆਂ ਨੇ। ਸਰਕਾਰ ਦੇ ਪੰਜਾਬੀ ਲਈ ਇਸ ਮਨਫ਼ੀ ਵਰਤਾਰੇ ਪਾਰੋਂ ਪੰਜਾਬੀ ਬੋਲੀ ਨੂੰ ਸਹੂਲਤਾਂ ਸਹਾਇਤਾ ਤੇ ਉਹ ਮਵਾਦ ਨਹੀਂ ਲੱਭਦੇ ਜੋ ਕਿਸੇ ਵੀ ਬੋਲੀ ਦੇ ਸੱਜਰੇ ਤਾਜ਼ੇ ਰਹਿਣ ਤੋਂ ਅੱਡ, ਬੋਲੀ ਦੇ ਵਧਾਅ, ਚੜ੍ਹਾਅ ਤੇ ਅਗਾਂਹ ਵਧਣ ਲਈ ਅੱਤ ਜ਼ਰੂਰੀ ਹੁੰਦੇ ਨੇ।

ਸਗੋਂ ਪਾਕਿਸਤਾਨ ਵਿਚ ਪੰਜਾਬੀ ਪੜ੍ਹਾਈ ਦੀ ਬੋਲੀ ਵੀ ਨਹੀਂ ਤੇ ਨਾ ਈ ਕੋਈ ਪੰਜਾਬੀ ਸਕੂਲ ਨੇ। ਦੂਜੇ ਪਾਸੇ ਅੰਗਰੇਜ਼ੀ ਤੇ ਉਰਦੂ ਦੇ ਲੱਖਾਂ ਸਕੂਲ ਨੇ ਤੇ ਇਹਨਾਂ ਨੂੰ ਸਰਕਾਰ ਵੱਲੋਂ ਹਰ ਕਿਸਮ ਦੀ ਸਹੂਲਤ ਤੇ ਸਹਾਇਤਾ ਮਿਲਦੀ ਨੇ। ਸੂਬੇ ਸਿੰਧ ਵਿਚ ਸਿੰਧੀ ਸਕੂਲ ਵੀ ਹਜ਼ਾਰਾਂ ਦੀ ਗਿਣਤੀ ਵਿਚ ਨੇ ਪਰ ਪੰਜਾਬੀ ਨਾਲ ਇਹ ਧਰੋਹ ਏ ਪਈ ਪੰਜਾਬੀ ਦਾ ਇਕ ਸਕੂਲ ਵੀ ਪਾਕਿਸਤਾਨ ਦੇ ਕਿਸੇ ਥਾਂ ਵੀ ਨਹੀਂ।

ਚੌਤਾਲੀ ਪੁਛਿਆਰਾਂ ਦੇ ਮੂਜਬ ਪੰਜਾਬੀ ਆਲਮਾਂ ਲਈ ਕੋਈ ਮਾਲੀ ਰਾਹ ਨਹੀਂ ਖੁਲ੍ਹਦੇ। ਸਰਕਾਰੀ ਨੌਕਰੀਆਂ ਯਾ ਪ੍ਰਾਈਵੇਟ ਕੰਮ ਕਾਰ ਪੰਜਾਬੀ ਪੜ੍ਹਿਆਂ ਲਈ ਕੋਈ ਥਾਂ ਨਹੀਂ ਬਣਾਉਂਦੇ। ਜ਼ਾਹਿਰ ਏ ਪਈ ਜੇ ਕੋਈ ਮਾਲੀ ਖਿੱਚ ਨਾ ਹੋਵੇ ਤੇ ਕਿਹੜੇ ਮਾਪੇ ਆਪਣੀ ਤਾਂ ਆਪਣੇ ਬਾਲਾਂ ਦੀ ਪੰਜਾਬੀ ਪੜ੍ਹਾਈ ਲਈ ਉਮਰ, ਵਕਤ ਤੇ ਪੈਸਾ ਖ਼ਰਚ ਕਰਨ ਦੀ ਹਿੰਮਤ ਕਰਨਗੇ।

Academy of the Punjab in North America: http://www.apnaorg.com

ਪਚਵੰਜਾ ਵਿਚੋਂ 48 ਪਰਤਾਅ ਇਹ ਸਨ ਪਈ ਹੋਰਾਂ ਨੂੰ ਤੇ ਛੱਡੋ, ਪਾਕਿਸਤਾਨ ਵਿਚ ਪੰਜਾਬੀਆਂ ਦਾ ਆਪਣੀ ਮਾਂ ਬੋਲੀ ਪੰਜਾਬੀ ਨਾਲ ਵਰਤਾਰਾ ਚੰਗਾ ਤੇ ਸਲਾਹੁਣ ਜੋਗ ਨਹੀਂ। ਖ਼ਾਸ ਕਰ ਪੜ੍ਹੇ ਲਿਖੇ ਪੰਜਾਬੀ, ਪੰਜਾਬੀ ਬੋਲੀ ਨੂੰ ਏਨੇ ਕ੍ਰੋਧ ਤੇ ਨਫ਼ਰਤ ਨਾਲ ਵੇਖਦੇ ਨੇ ਪਈ ਉਹ ਆਪਣੀ ਔਲਾਦ ਨੂੰ ਵੀ ਪੰਜਾਬੀ ਵੱਲ ਜਾਵਣ ਤੋਂ ਵਰਜਦੇ ਨੇ। ਹੁਣ ਜੇ ਪੜ੍ਹੇ ਲਿਖੇ ਪੰਜਾਬੀ ਈ ਆਪਣੀ ਮਾਂ ਬੋਲੀ ਤੋਂ ਅਵਾਜ਼ਾਰ ਹੋਣਗੇ ਤਾਂ ਪੰਜਾਬੀ ਬੋਲੀ ਦਾ ਵਟਾਂਦਰਾ ਤਾਂ ਹੋਣਾ ਈ ਏ। ਇਹ ਮੁਆਮਲਾ ਤੇ ਮਸਲਾ ਪੰਜਾਬੀਆਂ ਦੇ ਆਪਣੀ ਮਾਂ ਬੋਲੀ ਨਾਲ ਰਵੱਈਏ ਤੇ ਵਰਤਾਰੇ ਨਾਲ ਜੁੜਿਆ ਹੋਇਆ ਏ। ਜੇ ਪੰਜਾਬੀ ਆਪ ਆਪਣੀ ਮਾਂ ਬੋਲੀ ਨੂੰ ਨਿੰਦਣ ਤਾਂ ਹੋਰਨਾਂ ਨੂੰ ਪੰਜਾਬੀ ਬੋਲੀ ਦਾ ਕੀਹ ਸੋਕ ਏ।

ਆਖ਼ਰੀ ਸਵਾਲ ਬਾਰੇ ਸਾਰਿਆਂ ਪੁਛਿਆਰਾਂ ਦਾ ਠੁਕਵਾਂ ਪਰਤਾਅ ਇਹ ਸੀ ਪਈ ਜਿੰਨਾਂ ਚਿਰ ਪਾਕਿਸਤਾਨੀ ਸਰਕਾਰ ਆਪਣੀ ਬੇਤੁਕੀ ਤੇ ਬੇ-ਬੁਨਿਆਦ ਲਿਸਾਨੀ ਪਾਲਿਸੀ ਨਹੀਂ ਬਦਲਦੀ ਉਦੋਂ ਤੀਕਰ ਪਾਕਿਸਤਾਨ ਦੀਆਂ ਦੇਸੀ ਸੂਬਾਈ ਬੋਲੀਆਂ ਤੇ ਖ਼ਾਸ ਕਰ ਪੰਜਾਬੀ ਦਾ ਅਗੇਤਰ ਹਨੇਰਾ ਈ ਹਨੇਰਾ ਏ। ਪਾਕਿਸਤਾਨੀ ਤੇ ਪੰਜਾਬੀ ਸਰਕਾਰਾਂ ਦਾ ਇਹ ਫ਼ਰਜ਼ ਤੇ ਡੀਊਟੀ ਹੈ ਪਈ ਉਹ ਪੰਜਾਬੀ ਸਕੂਲ ਖੋਲ੍ਹਣ ਦੇ ਨਾਲ ਨਾਲ ਪੰਜਾਬੀ ਪੜ੍ਹਿਆਂ ਲਈ ਨੌਕਰੀਆਂ ਦੇ ਮੌਕੇ ਬਣਾਏ। ਇਸ ਖੇਤਰ ਵਿਚ ਸਰਕਾਰੀ ਦਫ਼ਤਰਾਂ, ਅਦਾਲਤਾਂ ਤੇ ਅਦਾਰਿਆਂ ਵਿਚ ਪੰਜਾਬੀ ਬੋਲੀ ਵਿਚ ਸਰਕਾਰੀ ਲਿਖਤਾਂ ਤੇ ਹਵਾਲੇ ਪੈਦਾ ਕਰਨ ਦੇ ਨਾਲ ਨਾਲ ਪੰਜਾਬੀ ਵਿਚ ਕਾਰੋਬਾਰ ਕਰਨ ਦੀ ਲੋੜ ਏ। ਇਹਦੇ ਨਾਲ ਨਾਲ ਪੰਜਾਬੀਆਂ ਨੂੰ ਆਪਣੀ ਮਾਂ ਬੋਲੀ ਬਾਰੇ ਆਪਣਾ ਰਵੱਈਆ ਬਦਲਨਾ ਚਾਹੀਦਾ ਏ ਤੇ ਹਰ ਪੱਧਰ ਤੇ ਖੇਤਰ ਉੱਤੇ ਪੰਜਾਬੀ ਨੂੰ ਇਕ ਸਿੱਕੇਵੰਦ ਬੋਲੀ ਮੰਨਵਾਣ ਦੀ ਮੰਗ ਕਰਨੀ ਚਾਹੀਦੀ ਏ ਤਾਂ ਜੋ ਪਾਕਿਸਤਾਨ ਦੇ ਹਰ ਸੂਬੇ ਵਿਚ ਦੋ ਬੋਲੀਆਂ ਲਾਗੂ ਹੋਵਣ: ਸੂਬੇ ਦੀ ਮਾਂ ਬੋਲੀ ਤੇ ਸਾਂਝੇ ਜੋੜ ਲਈ ਕੌਮੀ ਬੋਲੀ (ਉਰਦੂ ਯਾ ਅੰਗਰੇਜ਼ੀ ਯਾ ਕੋਈ ਹੋਰ ਇਕੋ ਬੋਲੀ, ਮਸਲਨ ਅਰਬੀ)। ਇਸ ਦੇ ਦੋ ਫ਼ੈਦੇ ਹੋਸਨ। ਸਰਕਾਰੀ ਮਾਨਤਾ ਪਾਰੋਂ ਸੂਬਿਆਂ ਦੀਆਂ ਬੋਲੀਆਂ (ਪੰਜਾਬ ਵਿਚ ਪੰਜਾਬੀ) ਬਾਰੇ ਸਾਰਿਆਂ ਦੇ ਰਵੱਈਏ ਬਦਲਣਗੇ ਤੇ ਹਾਲ ਮੌਜੂਦ ਨਫ਼ਸਿਆਤੀ ਖਿੱਚਾਤਾਣੀ, ਨਫ਼ਰਤਾਂ, ਕਦੂਰਤਾਂ ਤੇ ਅਜੋੜ ਮੁੱਕਣਗੇ।

ਇਹ ਸਾਰੇ ਸਿੱਟੇ ਨਵੇਂ ਨਹੀਂ ਪਰ ਫਿਰ ਵੀ ਇਸ ਗੱਲ ਤੇ ਇਕ ਵਾਰੀ ਫਿਰ ਚਾਨਣ ਪੈਂਦਾ ਏ ਪਈ ਪਾਕਿਸਤਾਨੀ ਪੰਜਾਬੀ ਮਜਬੂਰਨ ਪੰਜਾਬੀ ਬੋਲੀ ਦੇ ਵਟਾਂਦਰੇ ਦੀ ਚੱਕੀ ਵਿਚ ਫਸੇ ਹੋਏ ਨੇ। ਮਜਬੂਰੀ ਨਾ ਹੋਵੇ ਤਾਂ ਪਾਕਿਸਤਾਨੀ ਪੰਜਾਬੀ ਦੁਨੀਆ ਦੀਆਂ ਦੂਜੀਆਂ ਸੁਣੱਖੀਆਂ ਤੇ ਪੁਰਾਣੀਆਂ ਕੌਮਾਂ ਹਾਰ ਪੰਜਾਬੀ ਨੂੰ ਈ ਆਪਣੀ ਰਹਿਤਲ, ਵਸੇਬ, ਇਲਮ, ਇਰਫ਼ਾਨ ਤੇ ਹਯਾਤੀ ਦੀ ਪਛਾਣ ਬਨਾਉਣ।

8. ਸਿੱਟਾ:

ਹਰ ਦੇਸੀ ਬੋਲੀ ਸਦੀਆਂ ਕਦੀਮਾਂ ਦੀਆਂ ਹੱਡ-ਵਰਤੀਆਂ, ਤਜਰਬਿਆਂ ਤੇ ਦਿੱਖਾਂ ਦੇ ਨਿਚੋੜਾਂ ਪਾਰੋਂ ਧਰਤੀ ਦੇ ਸਾਰੇ ਵਸਨੀਕਾਂ ਲਈ ਲਾਜ਼ਮੀ ਤੇ ਅਮਰ ਏ। ਹਰ ਬੋਲੀ ਆਪਣੇ ਵਸੇਬ ਦੇ ਹਰ ਵਸਨੀਕ ਦੀ ਹੋਂਦ ਦੀ ਦੱਸ ਤੇ ਨਿਸ਼ਾਨ ਏ। ਕਿਸੇ ਵੀ ਵਸੇਬ ਤੇ ਉਹਦੇ ਵਸਨੀਕਾਂ ਦੀ ਹੋਂਦ ਨਹੀਂ ਮੁੱਕਣੀ ਚਾਹੀਦੀ ਤੇ ਇਹ ਨਿਰਾ ਹਰ ਦੇਸੀ ਬੋਲੀ ਨੂੰ ਸੱਜਰੀ ਤਾਜ਼ੀ ਤੇ ਜਿਊਂਦੀ ਰੱਖਣ ਨਾਲ ਈ ਹੋ ਸਕਦਾ ਏ।

ਇਕ ਨਾਉ ਜੋ ਵਡੇਰੇ ਦੇ ਆਖਣਹਾਰ

ਜੇ ਸਾਹ ਨਾ ਲੈਂ, ਤੇ ਵਾਅ ਕੋਈ ਨਹੀਂ
ਨਾ ਪੁੱਟੋਂ ਪੈਰ, ਭੋਏਂ ਕੋਈ ਨਹੀਂ
ਜੇ ਬੋਲੇ ਈ ਨਾ, ਤੇ ਕੁੱਝ ਵੀ ਨਹੀਂ

■

Academy of the Punjab in North America: http://www.apnaorg.com

ਕਹਾਣੀ

ਗੁਰਮੁਖ ਸਿੰਘ ਦੀ ਵਸੀਅਤ

ਉਲਥਾਕਾਰ:
ਫ਼ਾਲਕਨ

ਸਆਦਤ ਹਸਨ ਮੰਟੋ

ਪਹਿਲਾਂ ਤੇ ਛੁਰਾ ਖੋਭਣ ਦੀ ਇੱਕ ਅੱਧੀ ਵਾਰਦਾਤ ਹੁੰਦੀ ਸੀ। ਪਰ ਹੁਣ ਦੋਹਾਂ ਧਿਰਾਂ ਵਿਚ ਲੜਾਈ ਦੀਆਂ ਖ਼ਬਰਾਂ ਆਉਣ ਲੱਗ ਪਈਆਂ ਸਨ। ਇਹਨਾਂ ਲੜਾਈਆਂ ਵਿਚ ਚਾਕੂ ਛੁਰੀਆਂ ਦੇ ਨਾਲ਼ ਨਾਲ਼ ਕਿਰਪਾਨਾਂ, ਤਲਵਾਰਾਂ ਤੇ ਬੰਦੂਕਾਂ ਆਮ ਵਰਤੀਆਂ ਜਾਂਦੀਆਂ। ਕਦੀ ਕਦੀ ਦੇਸੀ ਬੰਬ ਪਾਟਣ ਦੀ ਸੂਹ ਵੀ ਲਗਦੀ।

ਅੰਮ੍ਰਿਤਸਰ ਵਿਚ ਨੇੜੇ ਤੇੜੇ ਹਰ ਇੱਕ ਦਾ ਇਹੋ ਈ ਗਵੇੜ ਸੀ ਪਈ ਇਹ ਫ਼ਿਰਕੂ ਫ਼ਸਾਦ ਬਹੁਤਾ ਚਿਰ ਨਹੀਂ ਚੱਲਣਗੇ। ਐਵੇਂ ਤਾਅ ਏ। ਜਿਵੇਂ ਈ ਠਰਿਆ ਰੁੱਤ ਫਿਰ ਸੰਵਰ ਜਾਸੀ। ਇਸ ਤੋਂ ਪਹਿਲਾਂ ਵੀ ਇੰਜ ਦੇ ਕਈ ਰੱਫੜ ਅੰਮ੍ਰਿਤਸਰ ਵਿਚ ਹੋਏ ਸਨ। ਦੋਹ ਪੰਦਰਾਂ ਦਿਹਾੜੇ ਕੁੱਟ-ਮਾਰ ਦਾ ਰੌਲ਼ਾ ਰਹਿੰਦਾ ਫਿਰ ਆਪਣੇ ਆਪ ਮੁੱਕ ਸੁੱਕ ਜਾਂਦਾ। ਸੋ ਪੁਰਾਣੇ ਤਜਰਬਿਆਂ ਪਾਰੋਂ ਲੋਕਾਂ ਦਾ ਗਵੇੜ ਸੀ ਪਈ ਇਹ ਅੱਗ ਆਪਣਾ ਜ਼ੋਰ ਮੁਕਾ ਕੇ ਕੁੱਝ ਚਿਰ ਮਗਰੋਂ ਆਪੇ ਈ ਠਰ ਜਾਸੀ। ਪਰ ਇੰਜ ਨਾ ਹੋਇਆ, ਬਲਵਿਆਂ ਦਾ ਰੱਫੜ ਦਿਨੋਂ-ਦਿਨੀਂ ਵਧਦਾ ਈ ਗਿਆ।

ਹਿੰਦੂਆਂ ਦੇ ਮੁਹੱਲੇ ਜਿਹੜੇ ਮੁਸਲਮਾਨ ਰਹਿੰਦੇ ਸਨ, ਉਹ ਓਥੋਂ ਨੱਠਣ ਲੱਗ ਪਏ। ਇੰਜ ਈ ਉਹ ਹਿੰਦੂ ਜਿਹੜੇ ਮੁਸਲਮਾਨਾਂ ਦੇ ਮੁਹੱਲੇ ਵਿਚ ਸਨ ਆਪਣੀ ਟਿੰਡ-ਫੌੜੀ ਛੱਡ ਕੇ ਸ਼ਾਂਤ ਥਾਵਾਂ ਵੱਲ ਮੂੰਹ ਕਰ ਗਏ। ਪਰ ਇਹ ਸਰਬੰਧ ਸਾਰਿਆਂ ਲਈ ਐਵੇਂ ਡੰਗ ਟਪਾਊ ਈ ਸੀ। ਜਦ ਤਾਈਂ ਰੱਫੜ ਰੌਲ਼ਾ ਮੁੱਕ ਨਹੀਂ ਜਾਂਦਾ, ਬਸ ਓਦੋਂ ਤਾਈਂ।

ਮੀਆਂ ਅਬਦੁੱਲਹਈ ਰਿਟਾਇਰਡ (ਸਬ-ਜੱਜ) ਨੂੰ ਪੱਕ ਸੀ ਪਈ ਇਹ ਹਾਲਾਤ ਛੇਤੀ ਠੀਕ ਹੋ ਜਾਸਨ। ਇਸੇ ਲਈ ਉਹ ਬੁਹਤੇ ਫ਼ਿਕਰਵੰਦ ਨਹੀਂ ਸਨ ਲਗਦੇ। ਉਹਨਾਂ ਦਾ ਇੱਕ ਮੁੰਡਾ ਸੀ, ਗਿਆਰਾਂ ਵਰ੍ਹਿਆਂ ਦਾ। ਇੱਕ ਕੁੜੀ ਸੀ, ਸਤਾਰ੍ਹਾਂ ਵਰ੍ਹਿਆਂ ਦੀ ਤੇ ਇੱਕ ਪੁਰਾਣਾ ਨੌਕਰ

Academy of the Punjab in North America: http://www.apnaorg.com

ਅਕਬਰ ਸੀ, ਕੋਈ ਸੱਤਰਾਂ ਦੇ ਗੇੜ ਵਿਚ। ਨਿੱਕਾ ਜਿਹਾ ਟੱਬਰ ਸੀ। ਜਦੋਂ ਰੌਲੇ ਪਏ, ਮੀਆਂ ਸਾਹਬ ਨੇ ਚੋਖਾ ਰਾਸ਼ਨ ਇਕੱਠਾ ਕਰ ਲਿਆ ਸੀ ਘਰ ਵਿਚ। ਇਸ ਪਾਸਿਓਂ ਉਹ ਬੇਫ਼ਿਕਰ ਸਨ ਪਈ ਰੱਬ ਨਾ ਕਰੇ ਜੇ ਖ਼ਰਾਬਾ ਵਧ ਗਿਆ, ਹੱਟੀਆਂ ਬੰਦ ਹੋ ਗਈਆਂ ਤੇ ਖਾਣ ਪੀਣ ਲਈ ਉਹਨਾਂ ਨੂੰ ਖੇਚਲ ਨਾ ਕਰਨੀ ਪਵੇਗੀ। ਪਰ ਉਹਨਾਂ ਦੀ ਜਵਾਨ ਕੁੜੀ ਸੁਗ਼ਰਾਂ ਬਹੁਤ ਘਾਬਰੀ ਹੋਈ ਸੀ। ਉਹਨਾਂ ਦਾ ਘਰ ਤਰੈ-ਮੰਜ਼ਲਾ ਸੀ। ਦੂਜਿਆਂ ਘਰਾਂ ਨਾਲੋਂ ਚੋਖਾ ਉੱਚਾ। ਓਸ ਦੇ ਚਬਾਰਿਓਂ ਅੱਧੋਂ ਬਹੁਤਾ ਸ਼ਹਿਰ ਸੌਖਾ ਪਿਆ ਦਿਸਦਾ ਸੀ। ਸੁਗ਼ਰਾਂ ਹੁਣ ਕਈ ਦਿਹਾੜਿਆਂ ਤੋਂ ਪਈ ਵਿੰਹਦੀ ਸੀ ਜੋ ਨੇੜੇ ਜਾਂ ਦੂਰ ਕਿਧਰੇ ਨਾ ਕਿਧਰੇ ਅੱਗ ਲੱਗੀ ਹੁੰਦੀ। ਪਹਿਲਾਂ ਪਹਿਲਾਂ ਤੇ ਫ਼ਾਇਰ ਬ੍ਰਿਗੇਡ ਦੀ ਟੱਲੀ ਦੀ ਟਨ ਟਨ ਸੁਣਾਈ ਦਿੰਦੀ, ਹੁਣ ਉਹ ਵੀ ਮੁੱਕ ਗਈ। ਇਸੇ ਲਈ ਅੱਗ ਥਾਂ ਥਾਂ ਭੜਕਣ ਲੱਗ ਪਈ ਸੀ।

ਰਾਤੀਂ ਹੁਣ ਹੋਰ ਈ ਸਮਾਂ ਹੁੰਦਾ। ਹਨੇਰ-ਘੁੱਪ ਵਿਚ ਅੱਗ ਦੇ ਲਾਂਬੂਆਂ ਦੀਆਂ ਲਾਟਾਂ ਉਠਦੀਆਂ ਜਿਵੇਂ ਦਿਉਆਂ ਦੇ ਮੂੰਹੋਂ ਅੱਗ ਦੇ ਫ਼ਵਾਰੇ ਛੁਟਦੇ ਹੋਣ। ਫਿਰ ਵੰਨ ਸਵੰਨੀਆਂ ਵਾਜਾਂ ਆਉਂਦੀਆਂ, ਜਿਹੜੀਆਂ 'ਹਰ ਹਰ ਮਹਾਦੇਵ' ਤੇ 'ਅੱਲਾ ਅਕਬਰ' ਦਿਆਂ ਨਾਅਰਿਆਂ ਨਾਲ ਰਲ ਕੇ ਹੋਰ ਵੀ ਡਰਾਉਣੀਆਂ ਲਗਦੀਆਂ।

ਸੁਗ਼ਰਾਂ ਆਪਣੇ ਡਰ-ਖ਼ੌਫ਼ ਬਾਰੇ ਆਪਣੇ ਪਿਓ ਨੂੰ ਨਹੀਂ ਸੀ ਦਸਦੀ ਕਿਓਂ ਜੋ ਇੱਕ ਵਾਰੀ ਉਹਦੇ ਪਿਓ ਨੇ ਆਖਿਆ ਸੀ ਪਈ ਡਰਨ ਦੀ ਕੋਈ ਲੋੜ ਨਹੀਂ, ਸਬ ਠੀਕ-ਠਾਕ ਹੋ ਜਾਸੀ। ਮੀਆਂ ਸਾਹਬ ਦੀਆਂ ਅਕਸਰ ਗੱਲਾਂ ਠੀਕ ਹੁੰਦੀਆਂ ਸਨ। ਸੁਗ਼ਰਾਂ ਨੂੰ ਇਸੇ ਲਈ ਤਸੱਲੀ ਜਿਹੀ ਸੀ। ਪਰ ਜਦ ਬਿਜਲੀ ਬੰਦ ਹੋਈ, ਟੂਟੀਆਂ ਸੁੱਕ ਗਈਆਂ, ਤੇ ਉਹਨੇ ਮੀਆਂ ਸਾਹਬ ਨੂੰ ਆਪਣੀ ਚਿੰਤਾ ਬਾਰੇ ਦੱਸਿਆ, ਨਾਲੇ ਡਰਿਆਂ ਡਰਿਆਂ ਸਲਾਹ ਦਿੱਤੀ ਪਈ ਕੁੱਝ ਦਿਹਾੜੇ ਸ਼ਰੀਫ਼ਪੁਰੇ ਤੁਰ ਚਲੀਏ, ਆਂਢ ਗਵਾਂਢ ਦੇ ਸਾਰੇ ਮੁਸਲਮਾਨ ਵੀ ਹੌਲੀ ਹੌਲੀ ਓਥੇ ਈ ਪਏ ਜਾਂਦੇ ਸਨ। ਮੀਆਂ ਸਾਹਬ ਨੇ ਆਪਣਾ ਫ਼ੈਸਲਾ ਨਾ ਬਦਲਿਆ ਤੇ ਆਖਿਆ, ਐਵੇਂ ਈ ਘਾਬਰਨ ਦੀ ਕੋਈ ਲੋੜ ਨਹੀਂ। ਹਾਲਾਤ ਛੇਤੀ ਠੀਕ ਹੋ ਜਾਸਨ।

ਪਰ ਹਾਲਾਤ ਛੇਤੀ ਠੀਕ ਨਾ ਹੋਏ, ਸਗੋਂ ਦਿਨੋਂ-ਦਿਨੀਂ ਵਿਗੜਦੇ ਗਏ। ਉਹ ਮੁਹੱਲਾ ਜੀਹਦੇ ਵਿਚ ਮੀਆਂ ਅਬਦੁੱਲਹਈ ਹੋਰਾਂ ਦਾ ਮਕਾਨ ਸੀ, ਮੁਸਲਮਾਨਾਂ ਤੋਂ ਵਿਹਲਾ ਹੋ ਗਿਆ। ਉੱਤੋਂ ਰੱਬ ਦੀ ਕਰਨੀ ਇਹ ਹੋਈ ਪਈ ਇੱਕ ਦਿਹਾੜੇ ਮੀਏਂ ਹੋਰਾਂ ਨੂੰ ਫ਼ਾਲਜ ਹੋ ਗਿਆ ਤੇ ਉਹਨਾਂ ਮੰਜਾ ਮੱਲ ਲਿਆ। ਉਹਨਾਂ ਦਾ ਪੁੱਤਰ ਬਸ਼ਾਰਤ ਵੀ ਜਿਹੜਾ ਪਹਿਲਾਂ ਘਰ ਵਿਚ ਉਪਰ ਹੇਠਾਂ ਵੰਨ ਸਵੰਨੀਆਂ ਖੇਡਾਂ ਵਿਚ ਰੁੱਝਾ ਰਹਿੰਦਾ ਸੀ, ਹੁਣ ਪਿਓ ਦੇ ਮੰਜੇ ਨਾਲ ਲੱਗ ਕੇ ਬਹਿ ਗਿਆ ਤੇ ਵੇਲ਼ੇ ਦੀ ਬਰੀਕੀ ਨੂੰ ਬੁੱਝਣ ਲੱਗ ਪਿਆ।

ਉਹਨਾਂ ਦੇ ਮਕਾਨ ਦੇ ਨਾਲ ਲਗਵਾਂ ਬਜ਼ਾਰ ਵੀ ਸੁੰਜਾ ਪਿਆ ਸੀ। ਡਾਕਟਰ ਗ਼ੁਲਾਮ ਮੁਸਤਫ਼ਾ ਹੋਰਾਂ ਦੀ ਡਿਸਪੈਂਸਰੀ ਚਰੋਕਨੀ ਬੰਦ ਪਈ ਸੀ। ਓਸ ਤੋਂ ਕੁੱਝ ਪਰ੍ਹਾਂ ਡਾਕਟਰ ਗੁਰਿੰਦਰ ਮੱਲ ਹੋਰੀ ਸਨ, ਸੁਗ਼ਰਾਂ ਨੇ ਚਬਾਰਿਓਂ ਵੇਖਿਆ ਪਈ ਉਹਨਾਂ ਦੀ ਹੱਟੀ ਨੂੰ ਵੀ ਜੰਦਰਾ ਵੱਜਿਆ ਹੋਇਆ ਏ।

ਮੀਆਂ ਸਾਹਬ ਦੀ ਹਾਲਤ ਅਸਲੋਂ ਈ ਖ਼ਰਾਬ ਸੀ। ਸੁਗ਼ਰਾਂ ਏਡੀ ਪਰੇਸ਼ਾਨ ਸੀ ਜੋ ਉਹਦੀ ਸੁਰਤ ਈ ਮਾਰੀ ਗਈ। ਉਹਨੇ ਬਸ਼ਾਰਤ ਨੂੰ ਇੱਕ ਪਾਸੇ ਖੜ ਕੇ ਆਖਿਆ, "ਤੂੰ ਈ ਕੁੱਝ ਕਰ। ਮੈਨੂੰ ਪਤਾ ਏ ਬਾਹਰ ਨਿਕਲਣ ਵਿਚ ਬਹੁਤ ਖ਼ਤਰਾ ਏ, ਪਰ ਤੂੰ ਜਾ ...। ਕਿਸੇ ਨੂੰ ਵੀ ਸੱਦ ਲਿਆ ... ਅੱਬਾ ਜੀ ਦੀ ਤਬੀਅਤ ਡਾਢੀ ਖ਼ਰਾਬ ਏ।"

ਬਸ਼ਾਰਤ ਟੁਰ ਗਿਆ ਪਰ ਛੇਤੀ ਪਰਤ ਆਇਆ। ਉਹਦਾ ਰੰਗ ਹਲਦੀ ਵਰਗਾ ਹੋਇਆ ਪਿਆ ਸੀ। ਚੌਕ ਵਿਚ ਉਹਨੇ ਇੱਕ ਲਾਸ਼ ਤੱਕੀ ਸੀ, ਲਹੂ ਪਿਆ ਚੋਂਦਾ ਸੀ ... ਤੇ

Academy of the Punjab in North America: http://www.apnaorg.com

ਕੋਲ ਈ ਚੋਖੇ ਸਾਰੇ ਬੰਦੇ ਠਾਠੇ ਬੰਨ੍ਹੀਂ ਇੱਕ ਹੱਟੀ ਪਏ ਲੁਟਦੇ ਸਨ। ਸੁਗ਼ਰਾਂ ਨੇ ਆਪਣੇ ਡਰੇ ਹੋਏ ਭਰਾ ਨੂੰ ਹਿੱਕ ਨਾਲ ਲਾ ਲਿਆ ਤੇ ਸਬਰ ਸ਼ੁਕਰ ਕਰ ਕੇ ਬਹਿ ਗਈ। ਪਰ ਉਹਦੇ ਕੋਲੋਂ ਆਪਣੇ ਪਿਓ ਦੀ ਹਾਲਤ ਵੇਖੀ ਨਹੀਂ ਸੀ ਜਾਂਦੀ। ਮੀਆਂ ਸਾਹਬ ਦੇ ਜੁੱਸੇ ਦਾ ਸੱਜਾ ਪਾਸਾ ਅਸਲੋਂ ਈ ਬੇਜਾਨ ਹੋ ਗਿਆ ਸੀ। ਬੋਲਣ ਵਿਚ ਵੀ ਫ਼ਰਕ ਪੈ ਗਿਆ ਸੀ। ਹੁਣ ਉਹ ਬਹੁਤੀਆਂ ਗੱਲਾਂ ਇਸ਼ਾਰਿਆਂ ਨਾਲ਼ ਕਰਦੇ ਸਨ। ਮਤਲਬ ਉਹਨਾਂ ਦਾ ਇਹ ਹੁੰਦਾ, "ਸੁਗ਼ਰਾਂ ਘਬਰਾਉਣ ਦੀ ਕੋਈ ਲੋੜ ਨਹੀਂ, ਰੱਬ ਦੇ ਫ਼ਜ਼ਲ ਨਾਲ਼ ਹਰ ਸ਼ੈ ਠੀਕ ਹੋ ਜਾਸੀ।"

ਕੁੱਝ ਵੀ ਠੀਕ ਨਾ ਹੋਇਆ। ਰੋਜ਼ੇ ਮੁੱਕਣ ਵਾਲੇ ਸਨ, ਸਿਰਫ਼ ਦੋ ਰਹਿੰਦੇ ਸਨ। ਮੀਆਂ ਸਾਹਬ ਦਾ ਗਵੇਂਢ ਸੀ ਪਈ ਈਦੋਂ ਪਹਿਲਾਂ ਪਹਿਲਾਂ ਈ ਹਾਲਾਤ ਠੀਕ ਹੋ ਜਾਸਨ। ਪਰ ਹੁਣ ਇੰਜ ਜਾਪਦਾ ਸੀ ਖ਼ਬਰੇ ਈਦ ਦੇ ਦਿਹਾੜੇ ਈ ਕਿਆਮਤ ਹੋਸੀ। ਕਿਓਂ ਜੋ ਹੁਣ ਕੋਠੇ ਤੋਂ ਸ਼ਹਿਰ ਦੇ ਹਰ ਪਾਸਿਓਂ ਧੂੰਏਂ ਦੇ ਬੱਦਲ ਉਠਦੇ ਦਿਸਦੇ ਸਨ। ਰਾਤਾਂ ਨੂੰ ਬੰਬ ਪਾਟਣ ਦੀਆਂ ਏਡੀਆਂ ਏਡੀਆਂ ਹੌਲਨਾਕ ਵਾਜਾਂ ਆਉਂਦੀਆਂ ਕਿ ਸੁਗ਼ਰਾਂ ਤੇ ਬਸ਼ਾਰਤ ਦੀ ਇੱਕ ਪਲ ਵੀ ਅੱਖ ਨਾ ਲਗਦੀ। ਸੁਗ਼ਰਾਂ ਨੂੰ ਉਂਜ ਵੀ ਪਿਓ ਦੀ ਸਾਂਭ ਸੰਭਾਲ਼ ਲਈ ਜਾਗਣਾ ਪੈਂਦਾ ਸੀ। ਪਰ ਇਹ ਖੜਾਕ ਇੰਜ ਲਗਦੇ ਸਨ ਜਿਵੇਂ ਉਹਦੀ ਖੋਪੜੀ ਵਿਚ ਹੁੰਦੇ ਪਏ ਹੋਣ। ਕਦੀ ਉਹ ਆਪਣੇ ਬਿਮਾਰ ਪਿਓ ਵੱਲ ਤੱਕਦੀ ਤੇ ਕਦੀ ਆਪਣੇ ਡਰੇ ਹੋਏ ਭਰਾ ਵੱਲ। ਸੱਤਰ੍ਹਾਂ ਵਰ੍ਹਿਆਂ ਦਾ ਬੁੱਢਾ ਨੌਕਰ ਸੀ। ਉਹਦਾ ਹੋਣਾ ਨਾ ਹੋਣਾ ਇੱਕੋ ਜਿਹਾ ਸੀ। ਉਹ ਦਿਨ ਰਾਤ ਆਪਣੀ ਕੋਠੜੀ ਵਿਚ ਪਿਆ ਖੰਘਦਾ ਤੇ ਖੰਘਾਰ ਥੁੱਕਦਾ ਰਹਿੰਦਾ। ਇੱਕ ਦਿਹਾੜੇ ਅੱਕ ਕੇ ਸੁਗ਼ਰਾਂ ਉਹਦੇ ਤੇ ਵਰ੍ਹ ਪਈ। "ਤੂੰ ਕਿਸ ਰੋਗ ਦਾ ਦਾਰੂ ਏਂ? ... ਵਿੰਹਦਾ ਨਹੀਂ ਮੀਆਂ ਸਾਹਬ ਦਾ ਹਾਲ ਕੀਹ ਏ, ਤੂੰ ਅਸਲੋਂ ਵੱਡਾ ਹੱਡ ਹਰਾਮ ਏਂ। ਹੁਣ ਸੇਵਾ ਦਾ ਵੇਲ਼ਾ ਆਇਆ ਏ ਤੇ ਦਮੇ ਦਾ ਪੱਜ ਲਾ ਕੇ ਇੱਥੇ ਪਿਆ ਰਹਿਨਾ ਏਂ। ਇੱਕ ਉਹ ਚਾਕ ਹੁੰਦੇ ਨੇਂ ਜਿਹੜੇ ਮਾਲਕਾਂ ਤੋਂ ਜਿੰਦ ਵਾਰ ਛਡਦੇ ਨੇਂ।"

ਸੁਗ਼ਰਾਂ ਆਪਣੇ ਜੀ ਦਾ ਭਾਰ ਹੌਲ਼ਾ ਕਰ ਕੇ ਤੁਰ ਗਈ। ਮਗਰੋਂ ਹਿਰਖ ਆਇਆ ਪਈ ਧਗਾਣੇ ਓਸ ਗ਼ਰੀਬ ਨੂੰ ਨਿੰਦਿਆ। ਰਾਤੀਂ ਟੁਕਰ ਛਾਬੇ ਤੇ ਧਰ ਕੇ ਉਹਦੀ ਕੋਠੜੀ ਵਿਚ ਗਈ ਤੇ ਉਹ ਵਿਹਲੀ ਪਈ ਹੋਈ ਸੀ। ਬਸ਼ਾਰਤ ਨੇ ਸਾਰੇ ਘਰ ਵਿਚ ਏਧਰ ਓਧਰ ਲੱਭਿਆ ਪਰ ਉਹ ਕਿਧਰੇ ਨਾ ਲੱਭਾ। ਬਾਹਰਲੇ ਬੂਹੇ ਦੀ ਕੁੰਡੀ ਲੱਥੀ ਹੋਈ ਸੀ। ਇਹਦਾ ਮਤਲਬ ਸੀ ਪਈ ਉਹ ਮੀਆਂ ਸਾਹਬ ਲਈ ਕੁੱਝ ਕਰਨ ਗਿਆ ਏ। ਸੁਗ਼ਰਾਂ ਨੇ ਬੜੀਆਂ ਦੁਆਵਾਂ ਮੰਗੀਆਂ ਕਿ ਰੱਬ ਉਹਨੂੰ ਕਾਮਿਆਬ ਕਰੇ। ਪਰ ਦੋ ਦਿਹਾੜੇ ਲੰਘ ਗਏ, ਉਹ ਨਾ ਪਰਤਿਆ।

ਸ਼ਾਮ ਦਾ ਵੇਲ਼ਾ ਸੀ, ਇਹੋ ਜਿਹੀਆਂ ਬਥੇਰੀਆਂ ਸ਼ਾਮਾਂ ਬਸ਼ਾਰਤ ਤੇ ਸੁਗ਼ਰਾਂ ਨੇ ਤੱਕੀਆਂ ਸਨ। ਜਦੋਂ ਈਦ ਦੀਆਂ ਰੌਨਕਾਂ ਲੱਗ ਜਾਂਦੀਆਂ ਸਨ, ਤੇ ਚੰਨ ਵੇਖਣ ਲਈ ਉਹਨਾਂ ਦੀਆਂ ਅੱਖਾਂ ਅੰਬਰੀਂ ਲਗੀਆਂ ਹੁੰਦੀਆਂ।

ਦੂਜੇ ਦਿਹਾੜੇ ਈਦ ਸੀ। ਬਸ ਚੰਨ ਨੇ ਤੇ ਉਹਦੀ ਸਿਰਫ਼ ਡੌਂਡੀ ਪਿੱਟਣੀ ਸੀ। ਕਦੇ ਦੋਹਾਂ ਨੂੰ ਇਸ ਡੌਂਡੀ ਦੀ ਕਿੰਨੀ ਉਡੀਕ ਹੁੰਦੀ ਸੀ। ਜੇ ਕਦੀ ਚੰਨ ਵਾਲੀ ਥਾਂ ਤੇ ਕੋਈ ਅੜ੍ਹਬ ਬੱਦਲ ਟਿਕ ਜਾਂਦਾ ਤੇ ਕਿੰਨੀ ਅਵਾਜ਼ਾਰੀ ਹੁੰਦੀ ਸੀ ਉਹਨਾਂ ਨੂੰ। ਪਰ ਹੁਣ ਚਾਰ ਚੁਫੇਰੇ ਧੂੰਏਂ ਦੇ ਬੱਦਲ ਸਨ। ਸੁਗ਼ਰਾਂ ਤੇ ਬਸ਼ਾਰਤ ਦੋਵੇਂ ਕੋਠੇ ਤੇ ਆਏ, ਦੂਰ ਕਿਧਰੇ ਕਿਧਰੇ ਲੋਕਾਂ ਦੇ ਪਰਛਾਵੇਂ ਦਿਸਦੇ ਪਏ ਸਨ। ਪਰ ਪਤਾ ਨਹੀਂ ਉਹ ਚੰਨ ਪਏ ਵਿੰਹਦੇ ਸਨ ਜਾ ਧੁਖਦੀ ਤੇ ਭੜਕਦੀ ਅੱਗ?

ਚੰਨ ਵੀ ਕੁੱਝ ਏਡਾ ਢੀਠ ਸੀ ਕਿ ਧੂੰ ਦੀ ਚਾਦਰ ਵਿਚੋਂ ਵੀ ਝਾਕਦਾ ਪਿਆ ਸੀ। ਸੁਗ਼ਰਾਂ ਨੇ ਹੱਥ ਚੁੱਕ ਕੇ ਦੁਆ ਮੰਗੀ ਪਈ ਰੱਬ ਆਪਣਾ ਫ਼ਜ਼ਲ ਕਰੇ ਤੇ ਉਹਦਾ ਪਿਓ ਵੱਲ ਹੋ ਜਾਏ। ਬਸ਼ਾਰਤ ਆਪਣੇ ਜੀ ਵਿਚ ਖਿਝਦਾ ਪਿਆ ਸੀ

Academy of the Punjab in North America: http://www.apnaorg.com

ਪਈ ਰੌਲ਼ਿਆਂ ਕਰਕੇ ਚੰਗੀ ਭਲੀ ਈਦ ਦਾ ਸਤਿਆਨਾਸ ਹੋ ਗਿਆ ਏ।

ਦਿਨ ਹਾਲੇ ਚੰਗੀ ਤਰ੍ਹਾਂ ਨਹੀਂ ਸੀ ਢਲ਼ਿਆ। ਯਾਨੀ ਸ਼ਾਮ ਦਾ ਹਨੇਰਾ ਅਜੇ ਗੂੜ੍ਹਾ ਨਹੀਂ ਸੀ ਹੋਇਆ। ਵਿਹੜੇ ਵਿਚ ਤਰੌਂਕਾ ਲੱਗਿਆ ਹੋਇਆ ਸੀ ਤੇ ਮੀਆਂ ਸਾਹਬ ਦੀ ਮੰਜੀ ਡੱਠੀ ਹੋਈ ਸੀ, ਉਹ ਉਹਦੇ ਤੇ ਆਕੜੇ ਹੋਏ ਲੰਮੇ ਪਏ ਸਨ ਤੇ ਦੂਰ ਅੰਬਰ ਵੱਲ ਤਾੜ ਲਾਈ ਖ਼ਬਰੇ ਕੀ ਪਏ ਸੋਚਦੇ ਸਨ। ਈਦ ਦਾ ਚੰਨ ਵੇਖ ਕੇ ਸੁਗ਼ਰਾਂ ਨੇ ਕੋਲ਼ ਆ ਕੇ ਉਹਨਾਂ ਨੂੰ ਸਲਾਮ ਕੀਤਾ ਤੇ ਉਹਨਾਂ ਨੇ ਇਸ਼ਾਰੇ ਨਾਲ਼ ਜਵਾਬ ਦਿਤਾ। ਸੁਗ਼ਰਾਂ ਨੇ ਸਿਰ ਨਿਵਾਇਆ ਤੇ ਉਹਨਾਂ ਨੇ ਆਪਣੀ ਸਿਹਤਮੰਦ ਬਾਂਹ ਚੁੱਕ ਕੇ ਉਹਦੇ ਸਿਰ ਤੇ ਸ਼ਫ਼ਕਤ ਨਾਲ਼ ਹੱਥ ਫੇਰਿਆ। ਸੁਗ਼ਰਾਂ ਦੀਆਂ ਅੱਖਾਂ ਵਿਚੋਂ ਟੱਪ ਟੱਪ ਹੰਝੂ ਡਿੱਗਣ ਲੱਗ ਪਏ। ਮੀਆਂ ਸਾਹਬ ਦੀਆਂ ਅੱਖਾਂ ਵੀ ਡੁੱਲ੍ਹ ਪਈਆਂ ਪਰ ਉਹਨਾਂ ਤਸੱਲੀ ਦੇਣ ਪਾਰੋਂ ਬੜੀ ਖੇਚਲ਼ ਨਾਲ਼ ਏਨਾਂ ਆਖਿਆ, "ਅੱਲਾ ਤਬਾਰਕ ਤਆਲਿਆ ਸਬ ਠੀਕ ਕਰ ਦੇਸੀ।"

ਐਨ ਉਸੇ ਵੇਲ਼ੇ ਬਾਹਰਲਾ ਬੂਹਾ ਖੜਕਿਆ। ਸੁਗ਼ਰਾਂ ਦਾ ਕਲੇਜਾ ਧੱਕ ਕਰਕੇ ਰਹਿ ਗਿਆ। ਉਹਨੇ ਬਸ਼ਾਰਤ ਵੱਲ ਤਕਿਆ, ਉਹਦਾ ਮੂੰਹ ਕਾਗ਼ਜ਼ ਨਾਲੋਂ ਵੀ ਚਿੱਟਾ ਹੋਇਆ ਪਿਆ ਸੀ। ਬੂਹਾ ਫਿਰ ਖੜਕਿਆ। ਮੀਆਂ ਸਾਹਬ ਨੇ ਸੁਗ਼ਰਾਂ ਨੂੰ ਆਖਿਆ, "ਵੇਖੋ ਕੌਣ ਏ?"

ਸੁਗ਼ਰਾਂ ਨੇ ਸੋਚਿਆ ਖ਼ਬਰੇ ਬੁੱਢਾ ਅਕਬਰ ਹੋਵੇ। ਇਸ ਖਿਆਲ ਨਾਲ਼ ਈ ਉਹਦੀਆਂ ਅੱਖਾਂ ਲਿਸ਼ਕ ਪਈਆਂ। ਬਸ਼ਾਰਤ ਦੀ ਬਾਂਹ ਫੜ ਕੇ ਉਹਨੇ ਆਖਿਆ, "ਜਾ ਵੇਖ ... ਮਤੇ ਅਕਬਰ ਆਇਆ ਹੋਵੇ।"

ਇਹ ਸੁਣ ਕੇ ਮੀਆਂ ਸਾਹਬ ਨੇ ਨਾਂ ਪਾਰੋਂ ਸਿਰ ਹਲਾਇਆ ਜਿਵੇਂ ਆਖਦੇ ਪਏ ਹੋਣ, ਨਹੀਂ ਨਹੀਂ ਇਹ ਅਕਬਰ ਨਹੀਂ ਏ।

ਸੁਗ਼ਰਾਂ ਨੇ ਪੁਛਿਆ, "ਤੇ ਫਿਰ ਹੋਰ ਕੌਣ ਹੋ ਸਕਦਾ ਏ ਅੱਬਾ ਜੀ ?"

ਮੀਆਂ ਅਬਦੁੱਲਹਈ ਨੇ ਆਪਣੀ ਪੂਰੀ ਵਾਹ ਲਾ ਕੇ ਕੁੱਝ ਆਖਣ ਦਾ ਚਾਰਾ ਕੀਤਾ। ਏਨੇ ਵਿਚ ਬਸ਼ਾਰਤ ਆ ਗਿਆ। ਬਹੁਤ ਡਰਿਆ ਹੋਇਆ ਸੀ ਉਹ। ਉਤਲਾ ਸਾਹ ਉੱਤੇ ਤੇ ਥਲੜਾ ਥੱਲੇ। ਸੁਗ਼ਰਾਂ ਨੂੰ ਮੀਆਂ ਸਾਹਬ ਦੀ ਮੰਜੀ ਤੋਂ ਇੱਕ ਪਾਸੇ ਖੜ ਕੇ ਉਹਨੇ ਹੌਲ਼ੀ ਜਿਹੀ ਆਖਿਆ, "ਇਕ ਸਿੱਖ ਏ।"

ਸੁਗ਼ਰਾਂ ਦੀ ਚੀਕ ਨਿਕਲ ਗਈ, "ਸਿੱਖ ... ਕੀਹ ਆਂਹਦਾ ਏ?"

ਬਸ਼ਾਰਤ ਨੇ ਜਵਾਬ ਦਿੱਤਾ, "ਆਂਹਦਾ ਏ ਬੂਹਾ ਖੋਲ।"

ਮੀਆਂ ਸਾਹਬ ਦੇ ਪਤਲੇ ਪਤਲੇ ਬੇਜਾਨ ਬੁਲ੍ਹਾਂ ਉੱਤੇ ਇੱਕ ਨਵੇਕਲ਼ੀ ਮੁਸਕਰਾਹਟ ਆਈ।

"ਜਾ ... ਗੁਰਮੁਖ ਸਿੰਘ ਏ।"

ਬਸ਼ਾਰਤ ਨੇ ਸਿਰ ਹਲੂਣਿਆਂ, "ਕੋਈ ਹੋਰ ਏ।"

ਮੀਆਂ ਸਾਹਬ ਨੇ ਠੋਕਵਾਂ ਆਖਿਆ, "ਜਾ ਸੁਗ਼ਰਾਂ ... ਉਹੀ ਏ।" ਸੁਗ਼ਰਾਂ ਤੁਰ ਪਈ ਉਹ ਗੁਰਮੁਖ ਸਿੰਘ ਨੂੰ ਸੰਜਾਣਦੀ ਸੀ। ਪੈਨਸ਼ਨ ਪਾਵਣ ਤੋਂ ਕੁੱਝ ਚਿਰ ਪਹਿਲਾਂ ਉਹਦੇ ਪਿਓ ਨੇ ਇਸ ਨਾਂ ਦੇ ਕਿਸੇ ਸਿੱਖ ਦਾ ਕੋਈ ਕੰਮ ਕੀਤਾ ਸੀ। ਸੁਗ਼ਰਾਂ ਨੂੰ ਚੰਗੀ ਤਰ੍ਹਾਂ ਚੇਤਾ ਨਹੀਂ ਸੀ। ਖ਼ਬਰੇ ਕਿਸੇ ਝੂਠੇ ਮੁਕੱਦਮੇ ਵਿਚੋਂ ਛੁਡਾਇਆ ਸੀ। ਓਦੋਂ ਦਾ ਉਹ ਹਰ ਨਿੱਕੀ ਈਦ ਤੋਂ ਇੱਕ ਦਿਹਾੜਾ ਪਹਿਲਾਂ ਰੁਮਾਲੀ ਸੇਵੀਆਂ ਦਾ ਲਫ਼ਾਫ਼ਾ ਲਿਆਉਂਦਾ ਹੁੰਦਾ ਸੀ। ਮੀਆਂ ਸਾਹਬ ਨੇ ਕਈ ਵਾਰੀਂ ਉਹਨੂੰ ਆਖਿਆਂ ਸੀ। "ਸਰਦਾਰ ਜੀ। ਤੁਸੀਂ ਇਹ ਖੇਚਲ਼ ਨਾ ਕਰਿਆ ਕਰੋ।" ਪਰ ਉਹ ਹੱਥ ਬੰਨ੍ਹ ਕੇ ਆਖਦਾ, "ਮੀਆਂ ਜੀ ਵਾਹਿਗੁਰੂ ਦੀ ਕਿਰਪਾ ਨਾਲ਼ ਤਹਾਡੇ ਕੋਲ਼ ਹਰ ਸ਼ੈ ਏ। ਇਹ ਤੇ ਇੱਕ ਸੌਗਾਤ ਏ ਜਿਹੜੀ ਮੈਂ ਵਰ੍ਹੇ ਦੇ ਵਰ੍ਹੇ ਤਹਾਡੀ ਸੇਵਾ ਵਿਚ ਲੈ ਕੇ ਆਉਨਾਂ। ਤੁਸੀਂ ਮੇਰੇ ਉੱਤੇ ਜਿਹੜਾ ਕਰਮ ਕੀਤਾ ਸੀ ਉਹਦੀ ਦੇਣ ਤੇ ਮੇਰੀ ਸੌ ਪੀੜ੍ਹੀ ਵੀ ਨਹੀਂ ਦੇ ਸਕਦੀ ... ਰੱਬ ਤੁਹਾਨੂੰ ਰਾਜ਼ੀ ਰੱਖੇ।"

Academy of the Punjab in North America: http://www.apnaorg.com

ਸਰਦਾਰ ਗੁਰਮੁਖ ਸਿੰਘ ਏਨੇ ਚਿਰ ਤੋਂ ਈਦੋਂ ਇੱਕ ਦਿਹਾੜੇ ਪਹਿਲਾਂ ਸੇਵੀਆਂ ਲਿਆਉਂਦਾ ਪਿਆ ਸੀ। ਇੱਕ ਵਾਰੀ ਤਾਂ ਸੁਗ਼ਰਾਂ ਨੂੰ ਵੀ ਬੜੀ ਹੈਰਾਨੀ ਹੋਈ, ਕਿ ਬੂਹੇ ਦਾ ਖੜਾਕ ਸੁਣ ਕੇ ਉਹਨੂੰ ਉਹਦਾ ਚੇਤਾ ਕਿਓਂ ਨਾ ਆਇਆ। ਪਰ ਬਸ਼ਾਰਤ ਵੀ ਤਾਂ ਉਹਨੂੰ ਕਈ ਵਾਰੀਂ ਤਕਿਆ ਹੋਇਆ ਸੀ, ਫਿਰ ਉਹਨੇ ਕਿਓਂ ਆਖਿਆ ਸੀ ਕਿ ਕੋਈ ਹੋਰ ਏ। ਹੋਰ ਕੌਣ ਹੋ ਸਕਦਾ ਏ? ਇਹਨਾਂ ਸੋਚਾਂ ਵਿਚ ਖੁੱਬੀ ਉਹ ਡਿਉੜੀ ਤਾਈਂ ਅੱਪੜੀ। ਬੂਹਾ ਲਾਹੇ ਜਾਂ ਅੰਦਰੋਂ ਈ ਪੁੱਛੇ ਪਈ ਕੌਣ ਏ। ਉਹ ਹਾਲੇ ਇਸੇ ਭੰਭਲ ਭੂਸੇ ਵਿਚ ਈ ਸੀ ਕਿ ਬੂਹਾ ਮੁੜ ਖੜਕਿਆ। ਸੁਗ਼ਰਾਂ ਦਾ ਦਿਲ ਧੜਕੂੰ ਧੜਕੂੰ ਕਰਨ ਲੱਗ ਪਿਆ। ਬੜੀ ਔਖਿਆਈ ਨਾਲ਼ ਉਹਦੇ ਸੰਘ ਵਿਚੋਂ ਫਸੀ ਜਿਹੀ ਵਾਜ ਨਿਕਲੀ। 'ਕੌਣ ਏ ...'

ਬਸ਼ਾਰਤ ਕੋਲ਼ ਈ ਖਲੋਤਾ ਸੀ, ਉਹਨੇ ਬੂਹੇ ਦੀ ਝੀਤ ਵੱਲ ਸੈਨਤ ਮਾਰੀ ਤੇ ਸੁਗ਼ਰਾਂ ਨੂੰ ਆਖਿਆ, "ਇਹਦੇ ਵਿਚੋਂ ਵੇਖ।"

ਸੁਗ਼ਰਾਂ ਨੇ ਝੀਤ ਵਿਚੋਂ ਵੇਖਿਆ। ਗੁਰਮੁਖ ਸਿੰਘ ਤੇ ਨਹੀਂ ਸੀ। ਉਹ ਤੇ ਬਹੁਤ ਬੁੱਢਾ ਸੀ। ਪਰ ਬਾਹਰ ਜਿਹੜਾ ਖੜੇ ਤੇ ਖਲੋਤਾ ਸੀ ਇਹ ਜਵਾਨ ਸੀ। ਸੁਗ਼ਰਾਂ ਅਜੇ ਝੀਤ ਨਾਲ਼ ਅੱਖ ਲਾਈ ਉਹਨੂੰ ਤੱਕਦੀ ਪਈ ਸੀ ਕਿ ਉਹਨੇ ਮੁੜ ਬੂਹਾ ਖੜਕਾਇਆ। ਸੁਗ਼ਰਾਂ ਨੇ ਵੇਖਿਆ ਪਈ ਉਹਦੇ ਹੱਥ ਵਿਚ ਕਾਗ਼ਜ਼ ਦਾ ਲਫ਼ਾਫ਼ਾ ਸੀ, ਇੰਜ ਦਾ ਈ ਜਿਹੋ ਜਿਹਾ ਗੁਰਮੁਖ ਸਿੰਘ ਲਿਆਉਂਦਾ ਹੁੰਦਾ ਸੀ। ਸੁਗ਼ਰਾਂ ਝੀਤ ਤੋਂ ਲਾਂਭੇ ਹੋਈ ਤੇ ਪੁੱਛਿਆ, "ਕੌਣ ਓ ਤੁਸੀਂ?

ਬਾਹਰੋਂ ਵਾਜ ਆਈ, "ਜੀ ... ਜੀ ਮੈਂ ... ਮੈਂ ਸਰਦਾਰ ਗੁਰਮੁਖ ਸਿੰਘ ਦਾ ਪੁੱਤਰ ਆਂ ... ਸੰਤੋਖਾ।"

ਸੁਗ਼ਰਾਂ ਦਾ ਡਰ ਚੋਖਾ ਘਟ ਗਿਆ। ਉਹਨੇ ਬੜੇ ਲਿਹਾਜ਼ ਨਾਲ਼ ਪੁਛਿਆ, "ਕਿਵੇਂ ਆਏ ਜੇ?"

ਬਾਹਰੋਂ ਵਾਜ ਆਈ, "ਜੀ ... ਜੱਜ ਸਾਹਬ ਕਿੱਥੇ ਨੇਂ ?"

ਸੁਗ਼ਰਾਂ ਨੇ ਜਵਾਬ ਦਿੱਤਾ, "ਬਿਮਾਰ ਨੇਂ"

ਸਰਦਾਰ ਸੰਤੋਖਾ ਸਿੰਘ ਨੇ ਬੜੇ ਹਿਰਖ ਨਾਲ਼ ਆਖਿਆ, " ਉਹ ਹੋ ..." ਫਿਰ ਉਹਨੇ ਕਾਗ਼ਜ਼ ਦਾ ਲਫ਼ਾਫ਼ਾ ਖੜਕਾਇਆ, "ਇਹ ... ਜੀ ਸੇਵੀਆਂ ਨੇਂ। ਸਰਦਾਰ ਜੀ ਦਾ ਦਿਹਾਂਤ ਹੋ ਗਿਆ ਏ ... ਉਹ ... ਉਹ ਮਰ ਗਏ ਨੇਂ। "ਸੁਗ਼ਰਾਂ ਨੇ ਕਾਹਲ਼ੀ ਨਾਲ਼ ਪੁੱਛਿਆ, "ਮਰ ਗਏ ਨੇ ?"

ਬਾਹਰੋਂ ਵਾਜ ਆਈ, "ਆਹੋ ਜੀ ... ਮਹੀਨਾ ਹੋ ਗਿਆ ਏ। ਮਰਨ ਤੋਂ ਪਹਿਲਾਂ ਉਹਨਾਂ ਮੈਨੂੰ ਪੱਕੀ ਕੀਤੀ ਸੀ ਪਈ ਵੇਖ ਪੁੱਤਰ, ਮੈਂ ਦਸਾਂ ਵਰ੍ਹਿਆਂ ਤੋਂ ਜੱਜ ਸਾਹਬ ਲਈ ਨਿੱਕੀ ਈਦ ਤੇ ਸੇਵੀਆਂ ਪਿਆ ਖੜਦਾਂ ... ਇਹ ਕੰਮ ਮੇਰੇ ਮਰਨ ਤੋਂ ਪਿਛੋਂ ਤੈਨੂੰ ਕਰਨਾ ਪੈਣਾਂ ਏ ...। ਮੈਂ ਉਹਨਾਂ ਨੂੰ ਵਚਨ ਦਿੱਤਾ ਸੀ। ਹੁਣ ਮੈਂ ਉਹ ਵਚਨ ਪੂਰਾ ਪਿਆ ਕਰਨਾਂ ... ਇਹ ਲਵੋ ਸੇਵੀਆਂ ..." ਸੁਗ਼ਰਾਂ ਤੇ ਏਨਾ ਅਸਰ ਹੋਇਆ ਕਿ ਉਹਦੀਆਂ ਅੱਖਾਂ ਵਿਚ ਅੱਥਰੂ ਆ ਗਏ। ਉਹਨੇ ਥੋੜਾ ਜਿਹਾ ਬੂਹਾ ਖੋਲਿਆ। ਸਰਦਾਰ ਗੁਰਮੁਖ ਸਿੰਘ ਦੇ ਮੁੰਡੇ ਨੇ ਸੇਵੀਆਂ ਦਾ ਲਫ਼ਾਫ਼ਾ ਅਗਾਂਹ ਕੀਤਾ, ਸੁਗ਼ਰਾਂ ਨੇ ਫੜ ਲਿਆ, "ਰੱਬ ਸਰਦਾਰ ਜੀ ਨੂੰ ਜੱਨਤ ਨਸੀਬ ਕਰੇ।"

ਗੁਰਮੁਖ ਸਿੰਘ ਦੇ ਪੁੱਤਰ ਨੇ ਝੱਟ ਅਟਕ ਕੇ ਆਖਿਆ, "ਜੱਜ ਸਾਹਬ ਬਿਮਾਰ ਨੇਂ ...?"

ਸੁਗ਼ਰਾਂ ਨੇ ਜਵਾਬ ਦਿਤਾ। "ਆਹੋ ਜੀ। "

"ਕੀ ਬਿਮਾਰੀ ਏ"

"ਫ਼ਾਲਜ"

"ਉਹ ...। ਸਰਦਾਰ ਜੀ ਜਿਉਂਦੇ ਹੁੰਦੇ ਤੇ ਉਹਨਾਂ ਨੂੰ ਇਹ ਸੁਣ ਕੇ ਬੜਾ ਦੁਖ ਹੁੰਦਾ। ਮਰਦੇ ਦਮ ਤਾਈਂ ਉਹਨਾਂ ਨੂੰ ਜੱਜ ਸਾਹਬ ਦਾ ਅਹਿਸਾਨ ਚੇਤੇ ਸੀ। ਆਖਦੇ ਸਨ ਕਿ ਉਹ ਤੇ ਦੇਵਤਾ ਨੇਂ, ਕੋਈ ਇਨਸਾਨ ਥੋੜ੍ਹੇ ਨੇਂ ...। ਅੱਲਾ ਮੀਆਂ ਉਹਨਾਂ ਨੂੰ ਹਿਆਤੀ ਦੇਵੇ ... ਉਹਨਾਂ ਨੂੰ ਮੇਰਾ ਸਲਾਮ ਆਖੀਂ।"

Academy of the Punjab in North America: http://www.apnaorg.com

ਇਹ ਆਖ ਕੇ ਉਹ ਥੜੇ ਤੋਂ ਲਹਿ ਗਿਆ। ਸੁਗ਼ਰਾਂ ਸੋਚ ਦੀ ਈ ਰਹਿ ਗਈ ਪਈ ਉਹਨੂੰ ਡੱਕੇ ਤੇ ਆਖੇ ਕਿ ਉਹ ਜੱਜ ਸਾਹਬ ਲਈ ਕਿਸੇ ਡਾਕਟਰ ਨੂੰ ਸੱਦ ਲਿਆਵੇ।

ਸਰਦਾਰ ਗੁਰਮੁਖ ਸਿੰਘ ਦਾ ਪੁੱਤਰ ਸੰਤੋਖਾ ਥੜ੍ਹੇ ਤੋਂ ਲਹਿ ਕੇ ਕੁੱਝ ਕਦਮ ਅਗਾਂਹ ਵਧਿਆ ਤੇ ਠਾਠੇ ਬੰਨ੍ਹੀ ਚਾਰ ਬੰਦੇ ਉਹਦੇ ਕੋਲ਼ ਆਏ। ਦੋਹਾਂ ਕੋਲ਼ ਬਲਦੀਆਂ ਮਸ਼ਾਲਾਂ ਸਨ, ਤੇ ਦੋਹਾਂ ਕੋਲ਼ ਮਿੱਟੀ ਦੇ ਤੇਲ ਦੇ ਪੀਪੇ ਤੇ ਕੁੱਝ ਹੋਰ ਨਿੱਕ ਸੁੱਕ। ਇੱਕ ਨੇ ਸੰਤੋਖਾ ਕੋਲੋਂ ਪੁੱਛਿਆ। "ਕਿਉਂਜੇ ... ਸਰਦਾਰ ਜੀ ... ਕਰ ਆਏ ਓ ਕੰਮ ਆਪਣਾ?"

ਸੰਤੋਖੇ ਨੇ ਸਿਰ ਹਲੂਣਿਆਂ ਤੇ ਆਖਿਆ "ਆਹੋ ... ਕਰ ਆਇਆਂ।"

ਓਸ ਬੰਦੇ ਨੇ ਠਾਠੇ ਅੰਦਰੋਂ ਹੱਸ ਕੇ ਪੁੱਛਿਆ। "ਤਾਂ ਫਿਰ ਕਰ ਦਈਏ ਮਾਮਲਾ ਠੰਡਾ ਜੱਜ ਸਾਹਬ ਦਾ ... ?

"ਆਹੋ ...। ਜੋ ਥੋਡੀ ਮਨਸ਼ਾ" ਆਖ ਕੇ ਸਰਦਾਰ ਗੁਰਮੁਖ ਸਿੰਘ ਦਾ ਪੁੱਤਰ ਓਥੋਂ ਤੁਰ ਪਿਆ।

■

Academy of the Punjab in North America: http://www.apnaorg.com

ਕਹਾਣੀ

ਵੀਨਸ

ਇੰਦਰਜੀਤਪਾਲ ਕੌਰ ਭਿੰਡਰ

ਲਾਇਬਰੇਰੀ ਦੇ ਸਾਹਮਣੇ ਖੁੱਲ੍ਹੇ ਮੈਦਾਨ ਵਿਚ ਪੰਡਾਲ ਲਗਾ ਕੇ ਪਰਦਰਸ਼ਨੀ ਲਾਈ ਗਈ ਸੀ। ਜ਼ਿਆਦਾਤਰ ਸਟਾਲ ਵਿਗਿਆਨ ਦੀਆਂ ਕਿਤਾਬਾਂ ਦੇ ਹੀ ਸਨ। ਪਹਿਲੇ ਹੀ ਸਟਾਲ 'ਤੇ ਉਹ ਹੈਰਾਨ ਜਿਹੀ ਖੜ੍ਹੀ ਰਹਿ ਗਈ। ਸਟਾਲ ਦਾ ਇਕ ਵੱਡਾ ਹਿੱਸਾ ਜੀਵ-ਵਿਗਿਆਨ ਦੀਆਂ ਕਿਤਾਬਾਂ ਨਾਲ਼ ਸਜਿਆ ਹੋਇਆ ਸੀ। ਸੋਹਣੇ, ਚਮਕੀਲੇ, ਰੰਗ-ਬਰੰਗੇ ਸਰਵਰਕ ਕਿਤਾਬਾਂ ਦੇ ਵਿਸ਼ੇ-ਵਸਤੂ ਦੀ ਸਜੀਵਤਾ ਦਰਸਾ ਰਹੇ ਸਨ। ਉਹ ਇਸ ਤਰ੍ਹਾਂ ਕਿਤਾਬਾਂ ਨੂੰ ਵੇਖ ਰਹੀ ਸੀ ਜਿਵੇਂ ਉਸਦਾ ਮਨ ਕੀਲਿਆ ਗਿਆ ਹੋਵੇ।

ਐਨਟੋਮਾਲੋਜੀ, ਜੈਨਿਟਿਕਸ, ਫ਼ਿਸ਼ ਐਂਡ ਫ਼ਿਸ਼ਰੀ, ਵਰਟੀਬਰੇਟਸ, ਇਨਵਰਟੀਬਰੇਟਸ। ਉਨ੍ਹਾਂ ਕਿਤਾਬਾਂ ਨੂੰ ਵੇਖ ਕੇ ਉਸਨੂੰ ਇੰਝ ਲੱਗ ਰਿਹਾ ਸੀ ਜਿਵੇਂ ਵਰ੍ਹਿਆਂ ਬਾਅਦ ਵਿਛੜੇ ਮਿੱਤਰ ਅਚਾਨਕ ਮਿਲ ਪਏ ਹੋਣ। ਉਸ ਦੇ ਦਿਲ ਵਿਚੋਂ ਇਕ ਹੂਕ ਜਿਹੀ ਉੱਠੀ। ਸੁੱਤਾ, ਦਬਿਆ ਦਰਦ ਜਿਵੇਂ ਕਰਵਟ ਲੈ ਕੇ, ਤੜਫ਼ ਕੇ ਜਾਗ ਪਿਆ ਹੋਵੇ। ਇਕ ਸਵਾਲ ਉਸਦੇ ਦਿਮਾਗ਼ ਵਿਚ ਕੁੰਡਲੀ ਖੋਲਦੇ ਸੱਪ ਵਾਂਗ ਵਧਣ ਲੱਗ ਪਿਆ -

'ਕਿਉਂ ?'

ਪਰ ਜਵਾਬ ਤਾਂ ਸਾਲਾਂ ਪਹਿਲਾਂ ਕਿਤੇ ਗਵਾਚ ਚੁੱਕਾ ਸੀ। ਬਸ ਜ਼ਖ਼ਮੀ ਸੱਪ, ਜਿਸ ਵਿਚ ਅਜੇ ਵੀ ਥੋੜ੍ਹੇ ਸਾਹ ਬਾਕੀ ਸਨ, ਜ਼ਰਾ ਜਿਹਾ ਹੱਥ ਲਗਾਂਦਿਆਂ ਹੀ ਵਿਸ਼ ਘੋਲਣ ਲੱਗ ਪੈਂਦਾ ਸੀ।

ਉਸ ਨੂੰ ਇੰਝ ਲੱਗ ਰਿਹਾ ਸੀ ਜਿਵੇਂ ਉਸਦੇ ਸਾਹਮਣੇ ਅਮੁੱਲੇ ਰਤਨਾਂ ਦਾ ਖ਼ਜ਼ਾਨਾ ਪਿਆ ਹੋਵੇ। ਪਰ ਹੁਣ ਇਹ ਖ਼ਜ਼ਾਨਾ ਉਸ ਲਈ ਏਸ ਤਰ੍ਹਾਂ ਹੀ ਕਿਸੇ ਕੰਮ ਦਾ ਨਹੀਂ ਸੀ ਜਿਸ ਤਰ੍ਹਾਂ ਅੰਨ੍ਹੇ ਲਈ ਸਾਉਣ ਦੀ ਹਰਿਆਲੀ। ਉਸ ਦੇ ਮਨ ਤੇ ਗਹਿਰੀ ਉਦਾਸੀ ਘਿਰਣ ਲੱਗ ਪਈ।

ਕਿੰਨੀਆਂ ਅਨਮੋਲ ਘੜੀਆਂ ਉਸਨੇ ਇਹਨਾਂ ਕਿਤਾਬਾਂ ਸੰਗ ਗੁਜ਼ਾਰੀਆਂ ਸਨ। ਇਕ-ਇਕ ਸਫ਼ਾ, ਇਕ-ਇਕ ਡਾਇਆਗਰਾਮ

Academy of the Punjab in North America: http://www.apnaorg.com

ਵਾਰ-ਵਾਰ ਪੜ੍ਹਿਆ ਤੇ ਓਲੀਕਿਆ ਸੀ। ਜਦੋਂ ਉਹ ਪੜ੍ਹ ਕੇ ਉੱਠਦੀ ਤਾਂ ਉਸ ਦੀ ਮੇਜ਼ ਦੇ ਦੁਆਲੇ ਰੱਦੀ ਕਾਗ਼ਜ਼ਾਂ ਦਾ ਢੇਰ ਵੇਖ ਕੇ ਵਿਚਾਰਾ ਡਸਟਬਿਨ ਹੈਰਾਨ ਰਹਿ ਜਾਂਦਾ ਤੇ ਉਨ੍ਹਾਂ ਹੀ ਹੈਰਾਨ ਹੁੰਦਾ ਬੁੱਡਾ ਰਾਮਧਨ ਜਿਹੜਾ ਸਵੇਰੇ-ਸਵੇਰੇ ਉਨ੍ਹਾਂ ਕਾਗਜ਼ਾਂ ਨੂੰ ਅੱਗ ਬਾਲਣ ਦੇ ਕੰਮ ਲਿਆਂਦਾ ਹੁੰਦਾ ਸੀ।

"ਐਨਾ ਕੀ ਲਿਖਦੀ ਰਹਿੰਦੀ ਏ ਬੀਬੀ?" ਰਾਮਧਨ ਸੋਚਦਾ।

ਉਨ੍ਹਾਂ ਦੇ ਹੈਡ-ਆਫ਼-ਦਿ-ਡਿਪਾਰਟਮੈਂਟ ਡਾਕਟਰ ਨਈਅਰ ਕਿਹਾ ਕਰਦੇ ਸਨ - "ਸਪੀਡ ਇਜ਼ ਐਵਰੀ ਥਿੰਗ। ਲਿਖਣ ਦੀ, ਡਰਾਅ ਕਰਨ ਦੀ ਸਪੀਡ ਵਧਾਓ। ਡਾਇਆਗਰਾਮ ਬਣਾਉਣ ਵਾਸਤੇ ਲਾਲ-ਨੀਲੀ ਪੈਂਸਿਲ ਮੇਜ਼ 'ਤੇ ਨਹੀ, ਤੁਹਾਡੇ ਹੱਥ ਵਿਚ ਫ਼ੜੀ ਹੋਣੀ ਚਾਹੀਦੀ ਹੈ।"

ਉਹ ਸਾਰੇ ਘੜੀ ਵੇਖ ਕੇ ਡਾਇਆਗਰਾਮ ਡਰਾਅ ਕਰਦੇ ਸਨ। ਹਾਰਟ, ਕਿਡਨੀ, ਸਕਿਨ, ਸੈਲ, ਕਿਸੇ ਦਾ ਲਾਂਗੀਟਯੂਡਿਨਲ ਤੇ ਕਿਸੇ ਦਾ ਟਰਾਂਸਵਰਸ ਸੈਕਸ਼ਨ। ਸੈਂਕੜੇ ਡਾਇਆਗਰਾਮ। ਪ੍ਰੈਕਟਿਸ ਨਾਲ ਦੋ ਮਿੰਟ ਵਿਚ ਮੁਕੰਮਲ ਹੋਣ ਵਾਲਾ ਡਾਇਆਗਰਾਮ ਤੀਹ ਸੈਕਿੰਡ ਵਿਚ ਓਲੀਕਿਆ ਜਾਣ ਲੱਗ ਪੈਂਦਾ ਸੀ।

"ਸਮਾਂ ਹੋਰ ਘਟਾਓ। ਡਾਇਆਗਰਾਮ ਦੀ ਖ਼ੂਬਸੂਰਤੀ ਕੋਈ ਮਾਇਨੇ ਨਹੀਂ ਰੱਖਦੀ। ਸਿਰਫ਼ ਸਾਫ਼ ਤੇ ਸਹੀ ਡਾਇਆਗਰਾਮ ਬਨਾਓ।" ਡਾਕਟਰ ਸਾਹਿਬ ਉਨ੍ਹਾਂ ਨੂੰ ਬਾਰ-ਬਾਰ ਸਮਝਾਉਂਦੇ ਸਨ।

ਉਸਦੇ ਮੋਢੇ ਦੇ ਪਿਛੋਂ ਆਫ਼ਟਰ ਸ਼ੇਵ ਦੀ ਖ਼ੁਸ਼ਬੂ ਆ ਰਹੀ ਸੀ। ਉਸ ਨੇ ਮੁੜ ਕੇ ਵੇਖਿਆ। ਇਕ ਸਾਹਿਬ ਖੜ੍ਹੇ ਸਨ। ਸੂਟੇਡ-ਬੂਟੇਡ। ਲੰਬਾ ਕੱਦ, ਸਾਂਵਲਾ ਰੰਗ। ਰਿਮ-ਲੈਸ ਚਸ਼ਮੇ ਵਿਚੋਂ ਤਕਦੀਆਂ ਅੱਖਾਂ ਵਿਚ ਸਟੀਲ!

"ਗੁੱਡ ਮਾਰਨਿੰਗ ਸਰ ....." ਸਟਾਲ ਦੇ ਮਾਲਿਕ ਦਾ ਸਾਰਾ ਧਿਆਨ ਉਨ੍ਹਾਂ ਵੱਲ ਹੀ ਸੀ

"...ਤੁਸੀਂ ਸਨੇਹਾ ਘੱਲ ਦਿੰਦੇ ਸਰ! ਮੈਂ ਆਪੂ ਸਾਰੀਆਂ ਕਿਤਾਬਾਂ ਡਿਪਾਰਟਮੈਂਟ 'ਚ ਲੈ ਆਉਂਦਾ।"

"ਨੋ-ਨੋ ! ਆਈ ਜਸਟ ਵਾਨਟੇਡ ਟੂ ਹੈਵ ਏ ਲੁੱਕ।"

ਪਰਸਨੈਲਿਟੀ ਮੁਤਾਬਿਕ ਹੀ ਢੁਕਵੀਂ ਰੋਬ੍ਹੀਲੀ ਆਵਾਜ਼! ਇਕ ਨਜ਼ਰ ਉਸਦੇ ਚੇਹਰੇ ਤੇ ਵੀ ਠਹਿਰੀ! ਜਿਵੇਂ ਪੁੱਛ ਰਹੀ ਹੋਵੇ, "ਤੁਹਾਡੇ ਵਰਗੀ ਫ਼ੈਸ਼ਨੇਬਲ ਔਰਤ ਜ਼ੂਆਲੋਜੀ ਦੇ ਸਟਾਲ 'ਤੇ ਕੀ ਕਰ ਰਹੀ ਹੈ? ਤੁਹਾਨੂੰ ਤਾਂ ਕਿਸੇ ਫ਼ੈਸ਼ਨ ਮੈਗ਼ਜ਼ੀਨਾਂ ਦੇ ਸਟਾਲ ਅੱਗੇ ਹੋਣਾ ਚਾਹੀਦਾ ਹੈ।"

ਉਮਰ ਵਿਚ ਉਹ ਉਸ ਨਾਲੋਂ ਕੁਝ ਹੀ ਵੱਡੇ ਹੋਣਗੇ। ਪੁੜਪੜੀਆਂ ਵਿਚ ਅਜੇ ਚਾਂਦੀ ਬਹੁਤੀ ਨਹੀਂ ਸੀ ਉਤਰੀ। ਉਨ੍ਹਾਂ ਦੀਆਂ ਘੋਖਵੀਆਂ ਨਜ਼ਰਾਂ ਉਸਨੂੰ ਬਹੁਤ ਕੁਝ ਯਾਦ ਦਿਵਾ ਗਈਆਂ।

"ਜ਼ੂਆਲੋਜੀ ਦੇ ਹੈਡ-ਆਫ਼-ਦੀ-ਡਿਪਾਰਟਮੈਂਟ ਸਨ। ਕੁਝ ਕਿਤਾਬਾਂ ਕੱਢ ਕੇ ਰੱਖਾਂਗਾ। ਉਨ੍ਹਾਂ ਦੇ ਮੇਜ਼ 'ਤੇ ਰੱਖ ਆਈਂ।" ਸਟਾਲ ਦੇ ਮਾਲਕ ਨੇ ਆਪਣੇ ਇਕ ਕਰਮਚਾਰੀ ਨੂੰ ਕਿਹਾ।

"ਜ਼ੂਆਲੋਜੀ ਦੇ ਹੈਡ....." ਉਸਦੇ ਗੱਲ ਵਿਚ ਕੁਝ ਅਟਕ ਗਿਆ ਹੋਵੇ ਜਿਵੇਂ।

ਉਸ ਦੇ ਆਲੇ-ਦੁਆਲਿਓਂ ਪਤਾ ਨਹੀਂ ਕਿੰਨੇ ਲੋਕ ਉਨ੍ਹਾਂ ਕਿਤਾਬਾਂ 'ਤੇ ਸਰਸਰੀ ਨਿਗਾਹ ਮਾਰ ਕੇ ਲੰਘੀ ਜਾ ਰਹੇ ਸਨ। ਪਰ ਉਹਨੂੰ ਤਾਂ ਜਿਵੇਂ ਉਹਨਾਂ ਕਿਤਾਬਾਂ ਨੇ ਬੰਨ੍ਹ ਲਿਆ ਸੀ। ਪੈਰ ਅੱਗੇ ਵੱਧ ਹੀ ਨਹੀਂ ਰਹੇ ਸਨ। ਉਸਦੀ ਨਜ਼ਰ ਇਕ ਵੱਡੀ ਕਿਤਾਬ ਦੀ ਚਮਕਦੀ ਜਿਲਦ ਉੱਤੇ ਠਹਿਰ ਗਈ। ਅਮੀਬਾ ਦਾ ਐਨਾ ਸਜੀਵ ਚਿੱਤਰ ਉਸਨੇ ਅਜ ਤੱਕ ਨਹੀਂ ਸੀ ਵੇਖਿਆ।

ਪਲਾਜ਼ਮਾ ਮੈਂਬਰੇਨ, ਐਕਟੋਪਲਾਜ਼ਮ, ਐਂਡੋਪਲਾਜ਼ਮ ਨਿਊਕਲਿਅਸ, ਫ਼ੂਡ ਵੈਕਿਊਲਸ। ਲੱਗਦਾ ਸੀ ਜੇ ਕਿਤਾਬ ਨੂੰ ਜ਼ਰਾ ਜਿਹਾ ਟੇਡਾ ਕਰ ਦਿੱਤਾ ਜਾਏ ਤਾਂ ਅਮੀਬਾ

Academy of the Punjab in North America: http://www.apnaorg.com

ਆਪਣੇ ਸਯੂਡੋਪੋਡੀਆ (ਨਕਲੀ ਪੈਰ) ਦੀ ਸਹਾਇਤਾ ਨਾਲ਼ ਝੁਕੀ ਹੋਈ ਦਿਸ਼ਾ ਵਲ ਰੁੜ੍ਹ ਕੇ ਜਿਲਦ ਤੋਂ ਬਾਹਰ ਨਿਕਲ ਜਾਏਗਾ।

ਏਂਟੋਮਾਲੋਜੀ ਦੀ ਇਕ ਕਿਤਾਬ ਦੇ ਸਰਵਰਕ 'ਤੇ ਬਣੇ ਕੀੜੇ-ਮਕੌੜੇ ਇੰਝ ਲੱਗ ਰਹੇ ਸਨ ਜਿਵੇਂ ਹੱਥ ਲਾਉਂਦਿਆਂ ਹੀ ਉੱਡਣ ਲੱਗ ਪੈਣਗੇ।

ਔਲਡ ਸਪਾਈਸ ਦੀ ਸਾਲਾਂ ਪੁਰਾਣੀ ਭਿੰਨੀ-ਭਿੰਨੀ ਸੁਗੰਧ ਹੁਣ ਤੱਕ ਹਵਾ ਵਿਚ ਤੈਰ ਰਹੀ ਸੀ। ਉਸਦਾ ਮਨ ਯਾਦਾਂ ਦੇ ਖਿਲਰੇ ਧਾਗਿਆਂ ਵਿਚ ਉਲਝ ਗਿਆ।

*****

ਉਹ ਬਾਈਫੋਕਲ ਮਾਈਕਰੋਸਕੋਪ 'ਤੇ ਝੁਕੀ ਹੋਈ ਸੀ। ਡਾਕਟਰ ਨਈਅਰ ਆਪ ਉਸਨੂੰ ਸਲਾਈਡ ਵਿਖਾ ਕੇ ਸਮਝਾ ਰਹੇ ਸਨ।

"ਕੈਨ ਯੂ ਸੀ ਥਿਨ ਸਪਿੰਡਲੀ ਸਟ੍ਰਕਚਰ?"

"ਯੈਸ ਸਰ"

"ਸਪਲਿਟ ਹੋਣ ਨਾਲ਼ ਨਿਊਕਲਿਅਸ ਵਿਚ ਕਰੋਮੋਸੋਮ ਦਾ ਨੰਬਰ ਡਬਲ ਹੋ ਗਿਆ ਹੈ। ਇਸ ਤਰ੍ਹਾਂ ਨਵੇਂ ਬਨਣ ਵਾਲੇ ਸੈਲ ਦੇ ਨਿਊਕਲੀਅਸ ਵਿਚ ਕਰੋਮੋਸੋਮ ਦਾ ਨੰਬਰ ਉਹੀ ਰਹੇਗਾ ਜੋ ਓਰੀਜਨਲ ਸੈਲ ਦੇ ਨਿਊਕਲੀਅਸ ਵਿਚ ਸੀ।ਕੈਨ ਯੂ ਸੀ?" ਡਾਕਟਰ ਸਾਹਿਬ ਨੇ ਦੁਬਾਰਾ ਪੁੱਛਿਆ।

"ਜੀ ਸਰ"

ਉਸ ਨੇ ਆਖ ਤਾਂ ਦਿੱਤਾ, ਪਰ ਉਸ ਨੂੰ ਸਲਾਈਡ ਵਿਚ ਕੁਝ ਵੀ ਸਪਸ਼ਟ ਦਿਖ ਨਹੀਂ ਸੀ ਰਿਹਾ। ਜੇ ਅਗਲੇ ਦਿਨ ਟੈਸਟ ਵਿਚ ਇਹੀ ਸਲਾਈਡ ਆ ਗਈ ਤਾਂ ਕੀ ਹੋਵੇਗਾ? ਪਹਿਲਾ ਟੈਸਟ ਸੀ। ਸਾਰੇ ਵਿਦਿਆਰਥੀ ਡਾਕਟਰ ਸਾਹਿਬ 'ਤੇ ਚੰਗਾ ਇੰਪਰੈਸ਼ੱਨ ਪਾਉਣਾ ਚਾਹੁੰਦੇ ਸਨ।

ਲੈਬ ਵਿਚੋਂ ਬਾਹਰ ਨਿਕਲ ਕੇ ਜਦੋਂ ਉਸਨੇ ਦੂਜੇ ਵਿਦਿਆਰਥੀਆਂ ਕੋਲੋਂ ਪੁੱਛਿਆ ਕਿ ਉਨ੍ਹਾਂ ਨੂੰ ਮਾਈਟੋਸਿਸ (ਸੈਲਡਿਵੀਜ਼ਨ) ਸਾਫ਼ ਦਿਖਾਈ ਦਿੱਤਾ ਸੀ ਤਾਂ ਕਿਸੇ ਨੇ ਵੀ ਹਾਮੀਂ ਨਾ ਭਰੀ। ਉਸਦੇ ਵਾਂਗ ਹੀ ਸਾਰੇ ਡਾਕਟਰ ਸਾਹਿਬ ਤੋਂ ਡਰਦੇ ਹੋਏ, "ਯਸ ਸਰ - ਯਸ ਸਰ", ਕਹਿ ਕੇ ਲੈਬ ਵਿਚੋਂ ਬਾਹਰ ਆ ਰਹੇ ਸਨ ।

"ਮੈਂ ਦਸਦਾ ਹਾਂ, ਉਹ ਸਲਾਈਡ ਕਿਵੇਂ ਪਛਾਨਣੀ ਹੈ। ਮਾਈਕਰੋਸਕੋਪ ਦੇ ਥੱਲੇ ਰੱਖੀ ਸਲਾਈਡ ਜੇਕਰ ਉਪਰੀ ਸੱਜੇ ਕਿਨਾਰੇ ਤੋਂ ਜ਼ਰਾ ਟੁੱਟੀ ਹੋਵੇ ਤਾਂ ਉਸਨੂੰ ਵੇਖਣ ਵਿਚ ਵਕਤ ਬਰਬਾਦ ਨਾ ਕਰੋ। ਜਲਦੀ ਨਾਲ਼ ਡਾਈਗਰਾਮ ਬਣਾਓ ਤੇ ਲਿਖੋ - ਮਾਈਟੋਸਿਸ" ਅਰੁਣ ਜੇਤਲੀ ਨੇ ਉਹਦੇ ਕੋਲ ਆ ਕੇ ਹੌਲੀ ਜਿਹੀ ਕਿਹਾ। ਇਹ ਉਨ੍ਹਾਂ ਦੀ ਦੋਸਤੀ ਦੀ ਸ਼ੁਰੂਆਤ ਸੀ।

ਐਮ.ਐਸ.ਸੀ. ਵਿਚ ਉਸਦੀ ਸਾਰੇ ਮੱਧ ਪ੍ਰਦੇਸ਼ ਵਿਚੋਂ ਤੀਜੀ ਪੋਜ਼ੀਸ਼ਨ ਸੀ ।

ਮੱਧ-ਪ੍ਰਦੇਸ ਦੇ ਕਈ ਉੱਚ ਵਿਦਿਆਲਿਆਂ ਤੋਂ ਉਸ ਨੂੰ ਇੰਟਰਵਿਊ ਲਈ ਬੁਲਾਇਆ ਗਿਆ ਸੀ। ਉਹ ਦੋ ਜਗ੍ਹਾ ਇੰਟਰਵਿਊ ਦੇਣ ਵੀ ਗਈ। ਪਰ ਦੋਵੇਂ ਜਗ੍ਹਾ ਪਹਿਲਾ ਪ੍ਰਸ਼ਨ ਸੀ, "ਕੀ ਤੁਸੀਂ ਕਸ਼ਮੀਰੀ ਹੋ?"

"ਨਹੀਂ ਜੀ ! ਮੈਂ ਪੰਜਾਬ ਤੋਂ ਹਾਂ।"

ਜਵਾਬ ਸੁਣ ਕੇ ਇੰਟਰਵਿਊ ਲੈਣ ਵਾਲੇ ਇਕ ਦੂਜੇ ਵੱਲ ਵੇਖਣ ਲੱਗ ਪੈਂਦੇ ਸਨ। ਗੋਰਾ ਰੰਗ ਉਸਦਾ ਦੁਸ਼ਮਣ ਹੋ ਗਿਆ ਸੀ।

ਪੰਜਾਬ ਦੇ ਕੁਝ ਕਾਲਜਾਂ ਤੋਂ ਵੀ ਉਸ ਨੂੰ ਇੰਟਰਵਿਊ ਲਈ ਬੁਲਾਇਆ ਗਿਆ। ਪਰ ਉਥੇ ਹਿੰਦੀ ਬੋਲਣਾ ਉਸ ਦੇ ਆੜੇ ਆ ਗਿਆ।

ਇੰਟਰਵਿਊ ਵੇਲੇ 'ਪਲੀਜ਼ ਸਿੱਟ' ਕਹਿਣ 'ਤੇ ਜਦ ਉਸ ਨੇ 'ਥੈਂਕਯੂ ਸਰ' ਦੀ ਜਗ੍ਹਾ 'ਧੰਨਵਾਦ' ਆਖਿਆ ਤਾਂ ਉਸ ਨੂੰ ਬੈਠਣ ਲਈ ਕਹਿਣ ਵਾਲੇ ਪੁਰਖ ਦੇ ਸੰਘਣੇ ਭਰਵੱਟੇ ਹੋਰ ਸੁੰਗੜ ਗਏ ।

"ਤੁਸੀਂ ਕਿਸ ਪ੍ਰਾਂਤ ਤੋਂ ਹੋ ?"

"ਜੀ ਮੈਂ ਪੰਜਾਬ ਤੋਂ ਹਾਂ ।"

Academy of the Punjab in North America: http://www.apnaorg.com

"ਬਟ ਯੂ ਆਰ ਆਨਸਰਿੰਗ ਇੰਨ ਹਿੰਦੀ"

ਸਲੈਕਸ਼ਨ ਕਮੇਟੀ ਵਿਚ ਬੈਠੀ ਮਹਿੰਦੀ ਰੰਗੇ ਵਾਲਾਂ ਵਾਲੀ ਔਰਤ ਨੇ ਉਸ ਵੱਲ ਗੌਰ ਨਾਲ ਤੱਕਦਿਆਂ ਆਖਿਆ।

"ਮੇਰੇ ਵਾਲਿਦ ਫ਼ੌਜੀ ਅਫ਼ਸਰ ਹਨ। ਉਨ੍ਹਾਂ ਦੀ ਬਦਲੀ ਭਾਰਤ ਦੇ ਅਲਗ-ਅਲਗ ਪ੍ਰਾਂਤਾਂ ਵਿਚ ਹੁੰਦੀ ਰਹਿੰਦੀ ਹੈ। ਸ਼ਾਇਦ ਇਸ ਲਈ ਮੈਨੂੰ ਹਿੰਦੀ ਬੋਲਣ ਦੀ ਆਦਤ ਹੈ।"

"ਤੁਹਾਡੀ ਮਾਂ-ਬੋਲੀ?"

"ਜੀ - ਪੰਜਾਬੀ।"

"ਤੁਹਾਨੂੰ ਪੰਜਾਬੀ ਪੜ੍ਹਨੀ ਆਉਂਦੀ ਹੈ?"

"ਜੀ - ਆਉਂਦੀ ਹੈ।"

ਪੰਜਾਬੀ ਦੀ ਇਕ ਪੁਸਤਕ ਵਿਚੋਂ ਉਸਨੂੰ ਇਕ ਪੈਰਾ ਪੜ੍ਹਨ ਲਈ ਦਿੱਤਾ ਗਿਆ ।

"ਸਾਡਾ ਭਾਰਤ ਇਕ ਸੈਕੂਲਰ ਦੇਸ਼ ਹੈ। ਇਥੇ ਕਈ ਧਰਮਾਂ ਦੇ ਲੋਕ ਮਿਲ ਜੁਲ ਕੇ ਰਹਿੰਦੇ ਹਨ। ਸਾਡੀ ਅਨੇਕਤਾ ਵਿਚ ਵੀ ਏਕਤਾ ....."

"ਨੋ ! ਸਟਾਪ !"

ਵਾਕ ਦੇ ਮੱਧ ਵਿਚ ਹੀ ਉੱਚੀ ਅਵਾਜ਼ ਵਿਚ ਕਹੇ ਗਏ 'ਨੋ' ਦਾ ਅਰਥ ਉਸ ਨੂੰ ਸਮਝ ਨਾ ਆਇਆ। ਸ਼ਾਇਦ ਉਸ 'ਨੋ' ਦਾ ਅਰਥ ਸੀ - 'ਤੁਹਾਡਾ ਕੋਈ ਪ੍ਰਾਂਤ ਨਹੀਂ ਹੈ। ਜਾਂ ਤੁਹਾਨੂੰ ਨਹੀਂ ਰੱਖਣਾ।'

ਅਗਲਾ ਪ੍ਰਸ਼ਨ ਸੀ, "ਕੀ ਤੁਸੀਂ ਪੰਜਾਬੀ ਲਿਖ ਸਕਦੇ ਹੋ ?"

"ਜੀ ਨਹੀਂ"

"ਠੀਕ ਹੈ। ਤੁਸੀਂ ਜਾ ਸਕਦੇ ਹੋ। ਤੁਹਾਨੂੰ ਸੂਚਿਤ ਕਰ ਦਿੱਤਾ ਜਾਵੇਗਾ।"

ਉਸ ਦੇ ਮਨ ਤੇ ਘੋਰ ਨਿਰਾਸ਼ਾ ਘਿਰਣ ਲੱਗ ਪਈ। ਉਹ ਸਾਰੀ ਰਾਤ ਆਪਣੇ ਨੋਟਸ ਵੇਖਦੀ ਰਹੀ ਸੀ। ਪਰ ਏਥੇ ਵੀ, ਉਸਦੇ ਸਬਜੈਕਟ ਦਾ ਇਕ ਵੀ ਪ੍ਰਸ਼ਨ ਨਹੀਂ ਸੀ ਪੁੱਛਿਆ ਗਿਆ!

** ** **

ਏਂਪਲਾਏਮੈਂਟ ਏਕਸਚੇਂਜ ਦੀ ਲੰਬੀ ਕਤਾਰ ਵਿਚ ਖਲੋਤਿਆਂ ਉਸਦੇ ਪੈਰ ਦੁੱਖਣ ਲੱਗ ਪਏ ਸਨ। ਅਜੇ ਉਸ ਦੇ ਅੱਗੇ ਪੰਦਰਾਂ-ਵੀਹ ਲੜਕੀਆਂ ਖੜੀਆਂ ਸਨ। ਲੜਕਿਆਂ ਦੀ ਲਾਇਨ ਵੱਖਰੀ ਸੀ।

ਉਸ ਨੇ ਆਪਣੀ ਘੜੀ ਵੇਖੀ। ਪੌਣਾ ਇੱਕ। ਵਕਤ ਹੌਲੀ-ਹੌਲੀ ਲੰਗੜਾਂਦਾ ਜਿਹਾ ਤੁਰ ਰਿਹਾ ਸੀ। ਦਸੰਬਰ ਦੀ ਠੰਡੀ ਧੁੱਪ ਕਿਯੂ ਤੋੜ ਚੁੱਕੀ ਸੀ। ਉਸ ਦੇ ਸਾਹਮਣੇ ਖੜੀ ਲੜਕੀ ਨੂੰ ਸ਼ਾਇਦ ਏਹੋ ਜਿਹੀਆਂ ਲਾਈਨਾਂ ਵਿਚ ਖਲੋਣ ਦਾ ਅਭਿਆਸ ਸੀ। ਉਸ ਨੇ ਮੋਢੇ 'ਤੇ ਲਟਕਦੀ ਥਰਮੋਸ ਦਾ ਢੱਕਣ ਖੋਲ ਕੇ ਉਸ ਵਿਚ ਦੁੱਧ ਪਾਇਆ। ਗਰਮ ਦੁੱਧ ਵਿਚੋਂ ਉੱਠਦੀ ਮਹਿਕ ਉਸ ਨੂੰ ਵੀ ਕੁਝ ਯਾਦ ਦਿਵਾ ਗਈ।

ਐਮ.ਐਸ.ਸੀ.ਫ਼ਾਈਨਲ ਦੀ ਪ੍ਰੀਖਿਆ ਤੋਂ ਕੁਝ ਦਿਨ ਪਹਿਲਾਂ ਉਹ ਰਾਤ ਦੇਰ ਤਕ ਪੜ੍ਹ ਰਹੀ ਸੀ। ਤਾਂ ਹੀ ਕਿਸੇ ਨੇ ਪਿਆਰ ਨਾਲ ਉਸਦਾ ਸਿਰ ਪਲੋਸਿਆ।

"ਹੁਣ ਸੌਂ ਜਾਓ ਬੇਟਾ। ਬੜੀ ਰਾਤ ਹੋ ਗਈ ਹੈ।" ਉਸ ਨੇ ਕਿਤਾਬ ਤੋਂ ਸਿਰ ਚੁੱਕ ਕੇ ਵੇਖਿਆ। ਤਾਈ ਜੀ ਦੁੱਧ ਦਾ ਗਲਾਸ ਲਈ ਖੜੇ ਸਨ।

"ਤੁਸੀਂ ਕਦੋਂ ਆਏ?" ਉਸ ਨੇ ਤਾਈ ਜੀ ਦੇ ਹੱਥ ਵਿਚੋਂ ਗਲਾਸ ਫ਼ੜ ਲਿਆ।

"ਹੋ ਗਏ ਪੰਜ-ਸਤ ਮਿੰਟ। ਤੂੰ ਪੜ੍ਹਨ ਵਿਚ ਐਨੀ ਰੁੱਝੀ ਹੋਈ ਸੈਂ ਕਿ ਤੈਨੂੰ ਮੇਰੇ ਆਉਣ ਦਾ ਪਤਾ ਨਹੀਂ ਲੱਗਿਆ।"

"ਤੁਸਾਂ ਮੈਨੂੰ ਦੱਸਿਆ ਕਿਉਂ ਨਹੀਂ" ਉਸਨੇ ਲਾਡ ਨਾਲ ਆਖਿਆ ।

"ਮੈਂ ਵੇਖਣਾ ਚਾਹੁੰਦੀ ਸਾਂ ਕਿ ਕਿੰਨੀ ਦੇਰ ਬਾਅਦ ਤੈਨੂੰ ਮੇਰੇ ਇਥੇ ਖੜੇ ਰਹਿਣ ਦਾ ਪਤਾ ਲਗਦਾ ਏ।"

"ਤਾਈ ਜੀ! ਤੁਸੀਂ ਕਿਉਂ ਮੇਰੇ ਲਈ ਆਪਣੀ ਨੀਂਦ ਖ਼ਰਾਬ ਕਰਦੇ ਹੋ!" ਉਸਨੇ ਉਠ ਕੇ ਤਾਈ ਜੀ ਨੂੰ ਗਲਵਕੜੀ ਪਾ ਲਈ!

"ਬੇਟਾ! ਤੂੰ ਪੜ੍ਹਨ ਵਿਚ ਦਿਨ ਰਾਤ ਇਕ ਕਰ ਰਹੀ ਏਂ। ਤਾਂ ਕੀ ਮੈਂ ਤੈਨੂੰ ਦੁੱਧ ਵੀ ਗਰਮ

Academy of the Punjab in North America: http://www.apnaorg.com

ਨਹੀਂ ਕਰਕੇ ਦੇ ਸਕਦੀ।" ਤਾਈ ਜੀ ਨੇ ਫ਼ੇਰ ਪਿਆਰ ਨਾਲ਼ ਉਸਦੇ ਸਿਰ 'ਤੇ ਹੱਥ ਫ਼ੇਰਿਆ।

ਤਾਇਆ ਜੀ ਉਸ ਦੇ ਪਿਤਾ ਦੇ ਚਚੇਰੇ ਭਰਾ ਸਨ ਤੇ ਨਾਲ਼ੇ ਉਸ ਦੇ ਲੋਕਲ-ਗਾਰਡੀਅਨ ਵੀ। ਇਮਤਿਹਾਨ ਦੀ ਤਿਆਰੀ ਦੀਆਂ ਛੁੱਟੀਆਂ ਵਿਚ ਤਾਈ ਜੀ ਉਸਨੂੰ ਹੋਸਟਲ ਤੋਂ ਘਰ ਲੈ ਆਏ ਸਨ।

ਯਾਦਾਂ ਦੇ ਵਰਕੇ ਖੁਲ੍ਹਦੇ ਚਲੇ ਗਏ।

ਫ਼ਿਸ਼ਫ਼ਾਨਾ ਬਣਾਉਣਾ ਸੀ। ਸੈਂਕੜੇ ਮੱਛੀਆਂ ਦੇ ਡਾਈਆਗਰਾਮ ਡਰਾਅ ਕਰਨੇ ਸਨ। ਇਕ-ਇਕ ਨੂੰ ਓਲੀਕਣ ਵਿਚ ਕਈ-ਕਈ ਘੰਟੇ ਲੱਗ ਜਾਂਦੇ ਸਨ। ਹਰ ਇਕ ਸਪੀਸੀ ਦੇ ਡਾਰਸਲ, ਵੈਂਨਟਰਲ, ਪੈਕਟੋਰਲ, ਕਾਡਲ ਫ਼ਿਨ ਵਿਚ ਗਿਣ-ਗਿਣ ਕੇ 'ਰੇ' ਬਣਾਂਦਿਆ ਅੱਖਾਂ ਵਿਚ ਵੀ ਕੰਡੇ ਜਿਹੇ ਚੁੱਭਣ ਲੱਗ ਪੈਂਦੇ। ਇਕ ਵੀ 'ਰੇ' ਘੱਟ ਜਾਂ ਵੱਧ ਬਣ ਜਾਏ ਤਾਂ ਸਪੀਸੀ ਬਦਲ ਜਾਏਗੀ।

ਲੋਬਿਓਕਾਲਬਸ ਦੇ ਡਾਰਸਲ ਫ਼ਿਨ ਵਿਚ ਸਤਾਰਾਂ 'ਰੇ' ਹਨ ਤਾਂ ਲੋਬਿਓਗੋਨਿਅਸ ਦੇ ਫ਼ਿਨ ਵਿਚ ਸੋਲ੍ਹਾਂ। ਮਿਸਟਸ ਕਾਵੀਸ਼ਿਅਸ ਦੇ ਸੋਲ੍ਹਾਂ 'ਰੇ' ਵਾਲੇ 'ਕਾਡਲ ਫ਼ਿਨ' ਵਿਚ ਜੇ ਇਕ 'ਰੇ' ਹੋਰ ਜੋੜ ਦਿੱਤੀ ਜਾਵੇ ਤਾਂ ਉਹ ਮਿਸਟਸਸੀਨਘਾਲਾ ਹੋ ਜਾਏਗੀ।

"ਤਾਈ ਜੀ ਮੇਰੇ ਸਿਰ ਵਿਚ ਤੇਲ ਲਗਾ ਦਿਉ। ਦੋ ਰਾਤਾਂ ਤੋਂ ਨੀਂਦ ਨਹੀਂ ਆ ਰਹੀ। ਅੱਖਾਂ ਬੰਦ ਕਰਦੀ ਹਾਂ ਤਾਂ ਅੱਖਾਂ ਸਾਹਮਣੇ ਮੱਛੀਆਂ ਘੁੰਮਣ ਲੱਗ ਪੈਂਦੀਆਂ ਹਨ..." ਇੱਕ ਦਿਨ ਉਸ ਨੇ ਤਾਈ ਜੀ ਨੂੰ ਕਿਹਾ।

ਕੋਲ ਹੀ ਬੈਠੇ ਤਾਇਆ ਜੀ ਨੇ ਅਖ਼ਬਾਰ ਤੋਂ ਨਜ਼ਰ ਚੁੱਕ ਕੇ ਉਸ ਵੱਲ ਵੇਖਿਆ। ਮੁਰਝਾਇਆ ਮੂੰਹ, ਰੁੱਖੇ ਕੇਸ, ਅੱਖਾਂ ਦੇ ਚਾਰੇ ਪਾਸੇ ਪੈ ਗਏ ਕਾਲੇ ਘੇਰੇ ਗੋਰੇ ਰੰਗ ਕਰਕੇ ਹੋਰ ਗੂੜ੍ਹੇ ਲੱਗ ਰਹੇ ਸਨ।

"ਏਧਰ ਆ ਬੇਟਾ ਕਿੰਨੇ ਘੰਟੇ ਲਗਾਤਾਰ ਪੜ੍ਹਦੀ ਰਹੀ ਏਂ?"

"ਜੀ....." ਉਸ ਨੇ ਯਾਦ ਕਰਨ ਦੀ ਕੋਸ਼ਿਸ਼ ਕੀਤੀ - "..... ਉਨ੍ਹੀਂ ਘੰਟੇ"

"ਓਏ ਤੁਹਾਡਾ ਭਲਾ ਹੋ ਜਾਏ। ਤਾਇਆ ਜੀ ਦੀ ਆਵਾਜ਼ ਵਿਚ ਹੈਰਾਨੀ ਤੇ ਚਿੰਤਾ ਦੋਵੇਂ ਸਨ।

"ਸ਼ਰਨ ਜੀ। ਏਹਦੇ, ਕਮਰੇ ਨੂੰ ਤਾਲਾ ਲਾ ਦਿਓ। ਅੱਜ ਇਹ ਸਾਰਾ ਦਿਨ ਕੁਝ ਨਹੀਂ ਪੜ੍ਹੇਗੀ। ਦਿਨ ਰਾਤ ਪੜ੍ਹਨ ਨਾਲ਼ ਇਸਦਾ ਦਿਮਾਗ਼ ਖ਼ਰਾਬ ਹੋ ਗਿਆ ਤਾਂ ਮੈਂ ਮਹਿੰਦਰ ਨੂੰ ਕੀ ਜਵਾਬ ਦੇਵਾਂਗਾ?"

ਸੋਲ੍ਹਾਂ-ਸਤਾਰ੍ਹਾਂ ਘੰਟੇ ਪੜ੍ਹਨਾ ਤਾਂ ਆਮ ਸੀ। ਸਾਰੀ ਰਿਵੀਜ਼ਨ ਕਰਨ ਦੇ ਇਲਾਵਾ ਸਕੈਲਟਨ ਵੀ ਬਣਾਉਣਾ ਸੀ।

ਮੱਛੀ ਦੀਆਂ ਹੱਡੀਆਂ ਦਾ ਸਬੂਤਾ ਢਾਂਚਾ ਬਣਾਉਣ ਲਈ ਚਾਰ-ਪੰਜ ਦਿਨ ਕਈ-ਕਈ ਘੰਟੇ ਮਿਹਨਤ ਕਰਨੀ ਪੈਂਦੀ ਸੀ। ਛੋਟੀ ਚਿਮਟੀ ਨਾਲ਼ ਹੌਲੀ-ਹੌਲੀ ਮੱਛੀ ਦਾ ਸੜਿਆ ਹੋਇਆ ਮਾਸ ਹੱਡੀਆਂ ਤੋਂ ਅਲੱਗ ਕਰਨਾ ਪੈਂਦਾ। ਇਕ ਵੀ ਹੱਡੀ ਟੁੱਟ ਗਈ ਤਾਂ ਸਾਰੀ ਮਿਹਨਤ ਬੇਕਾਰ। ਨਵੇਂ ਸਿਰੇ ਤੋਂ ਕੰਮ ਸ਼ੁਰੂ ਕਰੋ। ਬਾਜ਼ਾਰ ਜਾ ਕੇ ਮੱਛੀ ਖਰੀਦੋ। ਫ਼ੇਰ ਉਸ ਦੇ ਸੜਨ ਦਾ ਇੰਤਜ਼ਾਰ ਕਰੋ ਤੇ ਫ਼ੇਰ ਸੜਿਆ ਹੋਇਆ ਮਾਸ ਉਤਾਰੋ।

ਜਿਨ੍ਹੀਂ ਦਿਨੀ ਉਹ ਸਕੈਲਟਨ ਬਣਾਉਂਦੀ ਸਨ ਉਹਨੀ ਦਿਨੀਂ ਜੇ ਉਸਦੀ ਕਲਾਸ ਦਾ ਕੋਈ ਵੀ ਵਿਦਿਆਰਥੀ ਲੋਕਲ ਬੱਸ ਵਿਚ ਚੜ੍ਹਦਾ ਤਾਂ ਉਸ ਦੇ ਹੱਥਾਂ 'ਤੇ ਕਪੜਿਆਂ ਵਿਚੋਂ ਉਠਦੀ ਤੇ ਬਦਬੋ ਲੋਕਾਂ ਨੂੰ ਉਸ ਦੇ ਨਾਲ਼ ਵਾਲੀ ਸੀਟ ਛੱਡ 'ਤੇ ਮਜ਼ਬੂਰ ਕਰ ਦਿੰਦੀ।

ਉਸ ਨੂੰ ਯਾਦ ਆਇਆ ਪ੍ਰੈਕਟੀਕਲ ਇਮਤਿਹਾਨ ਵਾਲੇ ਦਿਨ ਉਸਦੇ ਘਰ ਦੇ ਸਾਹਮਣੇ ਰੌਸ਼ਨਪੁਰਾ ਨਾਕੇ ਦੀ ਸੜਕ ਤੋਂ ਜਲੂਸ ਨਿਕਲ ਰਿਹਾ ਸੀ। ਸਾਰੀ ਆਵਾਜਾਈ ਰੁਕੀ ਹੋਈ ਸੀ। ਬੱਸ ਲੈਣ ਲਈ ਉਸ ਨੂੰ ਕਾਫ਼ੀ ਦੂਰ ਪੈਦਲ ਚੱਲ ਜਾਣਾ ਪਿਆ। ਜਦੋਂ ਉਹ ਕਾਲਜ ਪੁੱਜੀ ਤਾਂ ਅ

Academy of the Punjab in North America: http://www.apnaorg.com

ਵੱਜ ਕੇ ਤਿੰਨ ਮਿੰਟ ਹੋ ਚੁੱਕੇ ਸਨ। ਡਾਕਟਰ ਨਈਅਰ ਪ੍ਰੀਖਿਆ ਭਵਨ ਦੇ ਬਾਹਰ ਗਲਿਆਰੇ ਵਿਚ ਇੰਝ ਘੁੰਮ ਰਹੇ ਸਨ ਜਿਵੇਂ ਜੱਚਾ ਦੇ ਕਮਰੇ ਦੇ ਬਾਹਰ ਉਸਦਾ ਪਤੀ ਘੁੰਮਦਾ ਹੈ। ਡਾਕਟਰ ਸਾਹਿਬ ਨੂੰ ਦੇਖ ਕੇ ਉਸ ਦਾ ਖ਼ੂਨ ਸੁੱਕ ਗਿਆ। ਪਰ ਉਹਨਾਂ ਨੇ ਸਿਰਫ਼ 'ਹਰੀ ਅਪ' ਕਹਿਣ ਦੇ ਇਲਾਵਾ ਉਸ ਨੂੰ ਹੋਰ ਕੁਝ ਨਹੀਂ ਕਿਹਾ ।

ਜਦੋਂ ਉਹ ਹਾਲ ਵਿਚ ਪਹੁੰਚੀ ਤਾਂ ਸਾਰੇ ਵਿਦਿਆਰਥੀ ਆਪੋ ਆਪਣੀ ਜਗ੍ਹਾ 'ਤੇ ਬੈਠ ਗਏ ਸਨ। ਡਿਸੈਕਸ਼ਨ ਲਈ ਐਨੀਮਲ ਮਿਲ ਚੁੱਕਾ ਸੀ ਪਰ ਡਿਸੈਕਸ਼ਨ ਅਜੇ ਸ਼ੁਰੂ ਨਹੀਂ ਸੀ ਹੋਇਆ।

ਉਸ ਦੇ ਸੀਟ ਉੱਪਰ ਬੈਠਦਿਆਂ ਹੀ ਲੰਬੀ ਘੰਟੀ ਵੱਜੀ ਜੋ ਇਸ ਗੱਲ ਦਾ ਸੰਕੇਤ ਸੀ ਕਿ ਡਿਸੈਕਸ਼ਨ ਸ਼ੁਰੂ ਹੋਵੇ।

ਲੇਟ ਹੋ ਜਾਣ ਕਰਕੇ ਉਹ ਐਨੀ ਨਰਵਸ ਹੋ ਗਈ ਕਿ ਐਨੀਮਲ ਮਾਂਉਟ ਕਰਨ ਲੱਗਿਆ ਉਸ ਤੋਂ ਇਕ ਧਮਨੀ ਰਪਚਰ ਹੋ ਗਈ। ਸਾਰੀ ਟ੍ਰੇ ਖ਼ੂਨ ਨਾਲ ਭਰ ਗਈ।

ਹਾਏ ਰੱਬਾ! ਹੁਣ ਕੀ ਹੋਏਗਾ? ਉਸ ਦੇ ਹੱਥ ਕੰਬਣ ਲੱਗ ਪਏ। ਅੱਖਾਂ ਵਿਚੋਂ ਹੰਝੂ ਵਗ ਨਿਕਲੇ।

ਆਪਣਾ ਐਨੀਮਲ ਮਾਉਂਟ ਕਰਨ ਵਿਚ ਰੁੱਝੇ ਵਿਜਯ ਤ੍ਰਿਵੇਦੀ ਨੇ ਉਸ ਵੱਲ ਵੇਖਿਆ। ਉਸ ਦੀ ਟ੍ਰੇ 'ਤੇ ਨਜ਼ਰ ਪੈਂਦਿਆਂ ਹੀ ਉਹਨਾਂ ਦੇ ਮੂੰਹ ਚੋਂ ਅਚਨਚੇਤ ਹੀ 'ਮਾਈ ਗਾਡ' ਨਿਕਲ ਗਿਆ। ਜਿਸ ਨੂੰ ਸੁਣ ਕੇ ਉਸਦੇ ਸੱਜੇ ਪਾਸੇ ਬੈਠੇ ਸੁਹੇਲ ਰਿਜ਼ਵੀ ਨੇ ਵੀ ਆਪਣੇ ਐਨੀਮਲ ਤੋਂ ਨਜ਼ਰ ਚੁੱਕੀ।

ਹੁਣ ਉਸ ਦੇ ਅੱਥਰੂ ਬਿਨਾ ਰੁਕੇ ਵਗ ਰਹੇ ਸਨ ।

"ਪਲੀਜ਼ ਰੋਵੋ ਨਾ! ਐਨੀਮਲ ਸਾਫ਼ ਕਰੋ।' ਵਿਜਯ ਨੇ ਉਸ ਨੂੰ ਹੌਂਸਲਾ ਦੇਣ ਦੀ ਕੋਸ਼ਿਸ਼ ਕੀਤੀ। ਸੁਹੇਲ ਨੇ ਔਲਡ-ਸਪਾਈਸ ਦੀ ਮਹਿਕ ਨਾਲ ਮਕਦਾ ਰੁਮਾਲ ਕੱਡ ਕੇ ਉਸ ਨੂੰ ਫ਼ੜਾਉਂਦੇ ਹੋਏ ਆਖਿਆ "ਇਹ ਲਵੋ! ਹੰਝੂ ਪੂੰਝੋ।"

ਪੂਰੀ ਕਲਾਸ ਡਿਸੈਕਸ਼ਨ ਵਿਚ ਰੁੱਝੀ ਹੋਈ ਸੀ। ਪਰ ਉਹ ਰੋਈ ਜਾ ਰਹੀ ਸੀ। ਉਸਦੇ ਸੱਜੇ-ਖੱਬੇ ਬੈਠੇ ਦੋਵੇਂ ਲੜਕੇ ਆਪਣਾ ਐਨੀਮਲ ਡਿਸੈਕਟ ਕਰਨ ਦੇ ਨਾਲ-ਨਾਲ ਉਸ ਨੂੰ ਤਸੱਲੀ ਵੀ ਦੇ ਰਹੇ ਸਨ। ਪਰ ਉਸਦੇ ਹੰਝੂ ਰੁੱਕ ਹੀ ਨਹੀਂ ਰਹੇ ਸਨ।

ਮੇਜਰ ਡਿਸੈਕਸ਼ਨ ਹੀ ਖਰਾਬ ਹੋ ਗਿਆ ਤਾਂ ਬਾਕੀ ਬਚਿਆ ਹੀ ਕੀ! ਕਿਸ ਤਰ੍ਹਾਂ ਪੂਰੇ ਕਰੇਗੀ ਉਹ ਵੀਹ ਨੰਬਰ।

"ਤੁਸੀਂ ਘਬਰਾਓ ਨਾ। ਐਨੀਮਲ ਸਾਫ਼ ਕਰੋ। ਸਭ ਠੀਕ ਹੋ ਜਾਏਗਾ ।"

ਵਿਜੇ ਤ੍ਰਿਵੇਦੀ ਨੇ ਆਪਣਾ ਗਿੱਲਾ ਹੱਥ ਛਿਣ ਭਰ ਲਈ ਡਿਸੈਕਸ਼ਨ ਟ੍ਰੇ 'ਤੇ ਬੇਜਾਨ ਜਿਹੇ ਪਏ ਉਸ ਦੇ ਹੱਥ ਉਥੇ ਰੱਖ ਦਿੱਤਾ। ਤਸੱਲੀ ਭਰੀ ਛੋਹ ਪਾ ਕੇ ਉਸਦੇ ਹੰਝੂ ਹੋਰ ਵੀ ਡੁਲਕ ਪਏ!

ਪੌਣਾ ਘੰਟਾ ਬੀਤ ਚੁੱਕਾ ਸੀ। ਹੁਣ ਤਕ ਹਾਲ ਵਿਚ ਕੋਈ ਪ੍ਰੋਫ਼ੈਸਰ ਨਹੀਂ ਸੀ ਆਇਆ। ਕੁਝ ਦੇਰ ਬਾਅਦ ਉਸ ਨੂੰ ਮੁੱਖ ਦਰਵਾਜ਼ੇ ਵਲੋਂ ਆਉਂਦੀ ਡਾਕਟਰ ਗੁਪਤਾ ਦੇ ਪੁਰਾਣੇ ਕਰੇਬਸੋਲ ਦਿਆਂ ਬੂਟਾਂ ਦੀ ਜਾਣੀ-ਪਛਾਣੀ ਚਰ-ਮਰ ਦੀ ਅਵਾਜ਼ ਸੁਣਾਈ ਦਿੱਤੀ। ਉਹ ਸਭ ਦਾ ਡਿਸੈਕਸ਼ਨ ਦੇਖਦੇ ਹੋਏ ਉਸ ਵੱਲ ਆ ਰਹੇ ਸਨ ? ਜਦੋਂ ਉਹ ਉਸਦੀ ਮੇਜ਼ ਕੋਲ ਪਹੁੰਚੇ ਤਾਂ ਉਸਦਾ ਸਾਹ ਰੁੱਕ ਗਿਆ। ਉਸਦੀ ਡਿਸੈਕਸ਼ਨ ਦੇਖ ਕੇ ਡਾਕਟਰ ਗੁਪਤਾ ਦੇ ਮੂੰਹੋਂ ਕੇਵਲ ਦੋ ਸ਼ਬਦ ਨਿਕਲੇ -

"ਔ....ਨੋ!" ਬਾਕੀ ਕਲਾਸ ਦਾ ਡਿਸੈਕਸ਼ਨ ਦੇਖੇ ਬਿਨਾਂ ਓਹ ਜਲਦੀ ਨਾਲ ਹਾਲ ਵਿਚੋਂ ਚਲੇ ਗਏ।

"ਖ਼ੁਦਾ 'ਤੇ ਭਰੋਸਾ ਰੱਖੋ! ਸਭ ਠੀਕ ਹੋ ਜਾਏਗਾ।" ਸੁਹੇਲ ਨੇ ਫ਼ਿਰ ਉਸ ਨੂੰ ਤਸੱਲੀ ਦਿੱਤੀ।

ਹੁਣ ਤੱਕ ਲਗਭੱਗ ਡੇਢ ਘੰਟਾ ਬੀਤ ਚੁੱਕਾ ਸੀ। ਹੈਡ-ਆਫ਼-ਦੀ ਡਿਪਾਰਟਮੈਂਟ ਡਾਕਟਰ

Academy of the Punjab in North America: http://www.apnaorg.com

ਨਈਅਰ ਐਕਸਟਰਨਲ ਇਗਜ਼ਾਮਿਨਰ ਨਾਲ਼ ਕਦੇ ਵੀ ਆ ਸਕਦੇ ਸਨ। ਉਸ ਨੂੰ ਆਪਣਾ ਭਵਿੱਖ ਹਨੇਰਾ ਲੱਗ ਰਹਿਆ ਸੀ।

ਅੱਜ ਤੱਕ ਉਸ ਦਾ ਇਕ ਵੀ ਡਿਸੈਕਸ਼ਨ ਕਦੇ ਖਰਾਬ ਨਹੀਂ ਸੀ ਹੋਇਆ। ਉਸ ਨੂੰ ਡਾਕਟਰ ਗੌਰੀ ਮਜ਼ੂਮਦਾਰ ਦੀ ਕਹੀ ਗੱਲ ਯਾਦ ਆ ਗਈ। ਉਸਦਾ ਡਿਸੈਕਟ ਕੀਤਾ ਲੀਚ ਦਾ ਨਰਵਸ-ਸਿਸਟਮ ਕਲਾਸ ਨੂੰ ਦਿਖਾਂਦਿਆਂ ਉਹਨਾਂ ਨੇ ਕਿਹਾ ਸੀ - "ਇਸ ਲੜਕੀ ਨੂੰ ਤਾਂ ਸਰਜਨ ਹੋਣਾ ਚਾਹੀਦਾ ਸੀ।"

ਉਸ ਨੇ ਆਪਣੀਆਂ ਦੋਵੇਂ ਪੁੜਪੁੜੀਆਂ ਅੰਗੂਠਿਆਂ ਨਾਲ਼ ਦਬਾ ਕੇ ਅੱਖਾਂ ਬੰਦ ਕਰ ਲਈਆਂ। ਸਾਰਾ ਸਾਲ ਡਿਸੈਕਟ ਕੀਤੇ ਐਨੀਮਲ - ਬਿੱਛੂ, ਕਬੂਤਰ, ਚੂਹਾ, ਸਟਾਰਫ਼ਿਸ਼, ਹੱਲੋਥੁਰਿਆ, ਸੀਅਰਚਿਨ, ਫ਼ਿਸ਼ ਆਦਿ ਉਸ ਦੀਆਂ ਅੱਖਾਂ ਦੇ ਸਾਹਮਣੇ ਘੁੰਮਣ ਲੱਗ ਪਏ।

ਕੁਝ ਖੜਕਾ ਹੋਇਆ। ਉਸਨੇ ਅੱਖਾਂ ਖੋਲ੍ਹ ਕੇ ਦੇਖਿਆ। ਲੈਬ ਅਸਿਸਟੈਂਟ ਜਾਵੇਦ ਭਾਜੀ ਨੇ ਉਸ ਦੇ ਸਾਹਮਣਿਓ ਖ਼ੂਨ ਨਾਲ਼ ਭਰੀ ਟ੍ਰੇ ਚੁੱਕ ਕੇ ਉਸ ਦੀ ਜਗ੍ਹਾ ਪੂਰਾ ਡਿਸੈਕਟ ਕੀਤਾ ਐਨੀਮਲ ਰੱਖ ਦਿੱਤਾ ਜਿਸ ਨੂੰ ਸਾਫ਼ ਕਰਕੇ ਲੇਬਲ ਕਰਨਾ ਹੀ ਬਾਕੀ ਸੀ। ਉਸ ਨੂੰ ਆਪਣੀਆਂ ਅੱਖਾਂ 'ਤੇ ਯਕੀਨ ਨਹੀਂ ਸੀ ਹੋ ਰਿਹਾ। ਦੋਵੇਂ ਲੜਕਿਆਂ ਨੇ ਵੀ ਸੁਖ ਦਾ ਸਾਹ ਲਿਆ।

"ਡਾਕਟਰ ਸਾਹਬ ਨੇ ਆਖਿਆ ਹੈ ਕਿ ਫ਼ਿਕਰ ਕਰਨ ਦੀ ਲੋੜ ਨਹੀਂ। ਸਭ ਠੀਕ ਹੋ ਜਾਏਗਾ।" ਜਾਵੇਦ ਨੇ ਹੌਲੀ ਜਿਹੀ ਕਿਹਾ।

ਉਸ ਨੂੰ ਅਜੇ ਵੀ ਯਾਦ ਹੈ ਪ੍ਰੀਖਿਆ ਭਵਨ ਤੋਂ ਬਾਹਰ ਨਿਕਲਦਿਆਂ ਹੀ ਸਾਰਿਆਂ ਨੇ ਉਸ ਨੂੰ ਘੇਰ ਲਿਆ ਸੀ।

"ਆਰ ਯੂ ਆਲ ਰਾਈਟ?"

"ਲੇਟ ਕਿਉਂ ਹੋ ਗਈ ?"

"ਤੂੰ ਤੇ ਸਾਨੂੰ ਡਰਾ ਹੀ ਦਿੱਤਾ। ਅਸਾਂ ਸਮਝਿਆ ਕਿਤੇ ਇਮਤਿਹਾਨ .....!

"ਵੇਖੋ ਤਾਂ ਕਿਵੇਂ ਅੱਖਾਂ ਸੁਜਾ ਲਈਆਂ ਨੇ ਰੋ-ਰੋ ਕੇ।"

ਸਾਰੇ ਲੜਕੇ-ਲੜਕੀਆਂ ਅਤੇ ਅਧਿਆਪਕ ਵੀ ਉਸ ਲਈ ਫ਼ਿਕਰਮੰਦ ਸਨ। ਪਰ ਡਾਕਟਰ ਨਈਅਰ ਦਾ ਕਿਹਾ, "ਦੇਅਰ ਇਜ਼ ਨਥਿੰਗ ਟੂ ਵਰੀ ਚਾਈਲਡ" ਸੁਣ ਕੇ ਹੀ ਉਸਦੇ ਸਾਹ ਵਿਚ ਸਾਹ ਆਇਆ ਸੀ।

ਉਸ ਨੂੰ ਐਮ.ਐਸ.ਸੀ. ਕੀਤਿਆਂ ਚੌਵੀ-ਪੱਚੀ ਸਾਲ ਬੀਤ ਚੁੱਕੇ ਨੇ। ਪਰ ਲੱਗਦਾ ਹੈ ਜਿਵੇਂ ਕੱਲ ਦੀ ਹੀ ਗੱਲ ਹੋਵੇ। ਇਕ ਪਰਿਵਾਰ ਵਰਗਾ ਵਾਤਾਵਰਣ ਸੀ ਉਥੇ। ਸਭ ਇਕ ਦੂਜੇ ਦੀ ਮਦਦ ਕਰਦੇ ਸਨ। ਪੜ੍ਹਾਈ ਵਿਚ ਮੁਕਾਬਲੇ ਦੀ ਭਾਵਨਾ ਜ਼ਰੂਰ ਰਹਿੰਦੀ ਸੀ। ਪਰ ਸਦਭਾਵਨਾ ਵਿਚ ਕਦੇ ਕੋਈ ਕਮੀ ਨਹੀਂ ਸੀ ਆਈ।

ਸ਼ਾਦੀ ਤੋਂ ਕੁਝ ਚਿਰ ਬਾਅਦ ਉਸ ਨੇ ਨੌਕਰੀ ਕਰਨ ਦੀ ਗੱਲ ਕੀਤੀ ਸੀ। ਪਰ ਉਸਦੇ ਪਤੀ ਦੇ ਨਾਲ਼ ਨਾਲ਼ ਘਰ ਵਾਲਿਆਂ ਨੇ ਵੀ ਇਸ ਗੱਲ ਦਾ ਸਖ਼ਤ ਵਿਰੋਧ ਕੀਤਾ।

"ਕੀ ਜ਼ਰੂਰਤ ਏ ਸਕੂਲ-ਕਾਲਜ ਵਿਚ ਮਾਰੇ-ਮਾਰੇ ਫ਼ਿਰਨ ਦੀ। ਮਿਲਦਾ ਈ ਕੀ ਏ ਮਾਸਟਰਨੀਆਂ ਨੂੰ? ਐਨ੍ਹਾ ਤਾਂ ਅਸੀਂ ਨੌਕਰਾਂ ਚਾਕਰਾਂ ਨੂੰ ਦੇ ਦਿੰਦੇ ਹਾਂ!"

ਹੁਣ ਤੇ ਮਨ ਹੀ ਮਨ ਉਸਨੇ ਆਪਣੀ ਇਕ ਸਾਈਂਸ ਅਕੈਡਮੀ ਖੋਲਣ ਦਾ ਪੱਕਾ ਫ਼ੈਸਲਾ ਕਰ ਲਿਆ।

** ** **

ਘਰ ਵਿਚ ਪਾਰਟੀ ਸੀ! ਵਿਦੇਸ਼ ਤੋਂ ਆਈ ਨਣਦ ਰਾਣੀ ਨੇ ਪੁਛਿੱਆ, "ਖਾਣੇ ਵਿਚ ਕਿਹੜੀ ਮੱਛੀ ਬਣੀ ਏ?"

"ਇਹਨਾਂ ਤੋਂ ਪੁੱਛੋ। ਸੈਂਕੜੇ ਮੱਛੀਆਂ ਦੇ ਨਾਂ ਤੇ ਜਾਤਾਂ ਪਤਾ ਏ ਇਹਨਾਂ ਨੂੰ।" ਵੱਡੀ ਜਠਾਣੀ ਉਸ ਨੂੰ ਨੀਵਾਂ ਦਿਖਾਣ ਦਾ ਕੋਈ ਮੌਕਾ ਨਹੀਂ ਸੀ ਖੁੰਝਣ ਦਿੰਦੀ।

ਕਪੂਰ ਖ਼ਾਨਦਾਨ ਦੀਆਂ ਦੂਸਰੀਆਂ ਨੂੰਹਾਂ ਵਾਸਤੇ 'ਫ਼ਿਸ਼' ਸਿਰਫ਼ ਖਾਣ ਦੀ ਚੀਜ਼ ਸੀ।

Academy of the Punjab in North America: http://www.apnaorg.com

ਫ਼ਰਾਈਡ ਫ਼ਿਸ਼, ਟਮੈਟੋ ਫ਼ਿਸ਼, ਤੰਦੂਰੀ ਫ਼ਿਸ਼, ਫ਼ਿਸ਼ ਕਟਲੇਟ, ਫ਼ਿਸ਼ ਕਰੀ.....

"ਉਦਾਸ ਕਿਉਂ ਹੋ ਮਾਈ ਡੀਅਰ..... ਲਵੋ..... ਵਿਸਕੀ ਦਾ ਇਕ ਪੈਗ ਲਗਾਓ..... ਸਾਰੀ ਉਦਾਸੀ ਦੂਰ ਹੋ ਜਾਏਗੀ....." ਉਸ ਦੇ ਪਤੀ ਨੇ ਹਰ ਵਾਰ ਦੀ ਤਰ੍ਹਾਂ ਝੂੰਮਦਿਆਂ ਹੋਇਆਂ ਹੱਥ ਵਿਚ ਫ਼ੜਿਆ ਗਲਾਸ ਉਸ ਵੱਲ ਵਧਾਇਆ।

ਇਸ ਵਾਰ ਉਸ ਨੇ ਪੈਗ ਕਿਸੇ ਗਮਲੇ ਵਿਚ ਨਾ ਡੋਲ੍ਹਿਆ।

ਉਹ ਲਖਖੜਾਈ ਤੇ ਸਾਲਾਂ ਤੋਂ ਡਰਾਇੰਗ ਰੂਮ ਦੀ ਸ਼ੋਭਾ ਵਧਾਉਂਦੀ ਵੀਨਸ ਦੇ ਆਦਮਕੱਦ ਸਟੈਚਯੂ ਨਾਲ ਜਾ ਟਕਰਾਈ। ਗਲਾਸ ਤੇ ਸਟੈਚਯੂ ਦੋਵੇਂ ਡਿਗ ਕੇ ਟੁੱਟ ਗਏ। ਉਸ ਦੀ ਸੱਜੀ ਬਾਂਹ ਤੇ ਸੱਟ ਲੱਗ ਗਈ। ਪੀੜ ਦੀ ਇਕ ਸਨਸਨੀ ਕੂਹਣੀ ਤੋਂ ਹੁੰਦੀ ਹੋਈ ਮੋਢੇ ਤੱਕ ਪਹੁੰਚ ਗਈ।

ਨਹੀਂ ਬਾਂਹ ਟੁੱਟੀ ਨਹੀਂ ਸੀ। ਮਮੂਲੀ ਜਿਹਾ ਹੀ ਜ਼ਖ਼ਮ ਸੀ। ਸੰਬਲਦੀ ਸੰਬਦਲੀ ਓਹ ਬਾਹਰ ਆ ਗਈ। ਸ਼ਾਇਦ ਮੰਸਾ ਰਾਮ ਬਜ਼ਾਰੋਂ ਪਰਤ ਆਇਆ ਸੀ।

.....

'ਮੰਸਾ ਰਾਮ !'

'ਜੀ ਮੇਮ ਸਾਹਿਬ !'

ਬੋਰਡ ਪੇਂਟ ਹੋ ਗਿਆ ਹੈ?

'ਜੀ'

ਲਿਆ ਕੇ ਵਿਖਾਓ।'

ਬੋਰਡ ਤੇ ਵੱਡੇ-ਵੱਡੇ ਅੱਖਰਾਂ ਵਿਚ ਲਿਖਿਆ ਹੋਇਆ ਸੀ -

ਸਾਈਂਸ ਅਕੈਡਮੀ।

ਨੋ ਫ਼ੀਸ ਫ਼ਰਾਮ ਪੂਅਰ ਸਟੂਡੈਂਟਸ।

■

Academy of the Punjab in North America: http://www.apnaorg.com

ਕਹਾਣੀ

ਵੱਡਾ ਦਿਨ

ਤਾਰਨ ਗੁਜਰਾਲ

ਦੁਪਹਿਰ ਇੱਕ ਡੇਢ ਵਜੇ ਦੇ ਕਰੀਬ ਹੋਇਆ ਸੀ ਸਾਹਨੀ ਸਾਹਬ ਦਾ ਐਕਸੀਡੈਂਟ। ਐਕਸੀਡੈਂਟ ਕੀ... ਚੱਢਾ ਸਾਹਿਬ ਦੀ ਦੁਕਾਨ ਤੋਂ ਹਿਸਾਬ-ਕਿਤਾਬ ਵੇਖ ਕੇ ਰੋਟੀ ਖਾਣ ਸਕੂਟਰ ਤੇ ਘਰ ਵਲ ਆ ਰਹੇ ਸਨ ਕਿ ਪੁਲਿਸ ਚੌਂਕੀ ਦੇ ਸਾਹਮਣੇ ਮੋੜ ਤੋਂ ਇੱਕ ਸਰਕਾਰੀ ਸਾਹਨ ਭੱਜਾ ਆਇਆ ਤੇ ਸਿੱਧਾ ਉਨ੍ਹਾਂ ਦੇ ਸਕੂਟਰ ਵਿਚ ਆ ਵੱਜਿਆ।

ਸਾਹਨੀ ਸਾਹਬ ਸਵੇਰੇ ਸਿਰਫ਼ ਇੱਕ ਕੱਪ ਚਾਹ ਦਾ ਪੀ ਕੇ ਘਰੋਂ ਨਿਕਲੇ ਸਨ ਕਿ ਦੁਪਹਿਰ ਤੱਕ ਕੜਾਕੇਦਾਰ ਭੁੱਖ ਲੱਗੇਗੀ ਤਾਂ ਉਹ ਰੜ੍ਹਿਆ ਹੋਇਆ ਮੁਰਗਾ ਤੰਦੂਰੀ ਰੋਟੀ ਨਾਲ ਛੱਕ ਕੇ ਖਾ ਸਕਣਗੇ। ਉਹ ਤਾਂ ਭੁੰਨੇ ਮੁਰਗੇ ਉੱਤੇ ਧੂੜੇ ਗਰਮ-ਮਸਾਲੇ ਦੀ ਮਿੱਠੀ ਸੁਗੰਧ ਵਿਚ ਅਜਿਹੇ ਮਗਨ ਸਨ ਕਿ ਲੋਕਾਂ ਦੇ ਰੌਲੇ ਨੂੰ ਵੀ ਨਹੀਂ ਸੁਣਿਆ।

ਸਾਹਨ ਨੂੰ ਸ਼ਾਇਦ ਕਿਸੇ ਨੇ ਸ਼ਿਸ਼ਕਾਰਨ ਦੀ ਜੁਰਅਤ ਕੀਤੀ ਸੀ, ਜਾਂ ਉਂਜ ਹੀ ਉਸਦੀ ਕੋਈ, ਨਵੀਂ ਨਵੇਲੀ ਛੈਲ ਛਬੀਲੀ ਲਾਰਾ ਲੱਪਾ ਫ੍ਰੈਂਡ ਸਾਹਨਣੀ ਕਿਸੇ ਸੀਟੀ ਮਾਰ ਜੁਆਨ ਸਾਹਨ ਨਾਲ ਕਿਸੇ ਪਾਰਕ ਵਿਚ ਉਸਨੂੰ ਠੁੱਠ ਵਿਖਾ ਕੇ ਨੇੜਲੀ ਪਾਰਕ ਵਿਚ ਉੱਧਲ ਗਈ ਸੀ, ਉਹਦੀਆਂ ਅੱਖਾਂ ਦੇ ਸਾਹਮਣੇ। ਤਾਂਹੀਏਂ ਉਹ ਗੁੱਸੇ ਵਿਚ ਤ੍ਰੱਠਾ ਭੱਜਦਾ ਆਇਆ ਤੇ 'ਆ ਵੇਖਿਆ ਨਾ ਤਾਅ' ਸਾਹਨੀ ਸਾਹਬ ਦੇ ਸਕੂਟਰ ਵਿਚ ਸਿੱਧਾ ਆ ਵੱਜਿਆ।

ਅੱਖ ਪਲਕਾਰੇ ਵਿਚ ਸਾਹਨੀ ਸਾਹਬ ਸੜਕ ਤੇ ਡਿੱਗੇ। ਉਨ੍ਹਾਂ ਉੱਤੋਂ ਸਕੂਟਰ ਤੇ ਉੱਤੋਂ ਸਾਹਨ ਵਾਹੋਦਾਹੀ ਖੁਰ ਧਰ ਕੇ ਭੱਜ ਗਿਆ।

ਤੁਹਾਨੂੰ ਦੱਸਿਆ ਨਾ ਕਿ ਸਾਹਨੀ ਸਾਹਬ ਤ ਕਿਧਰੇ ਹੋਰ ਹੀ ਗਵਾਚੇ ਹੋਏ ਸਨ... ਉਨ੍ਹਾਂ ਦੀ ਸਾਹਨਣੀ (ਪਿੱਠ ਪਿੱਛੇ ਫ਼ਲੈਟਾਂ ਦੇ ਰਿਵਾਜ ਅਨੁਸਾਰ ਸਭ ਦੀਆਂ ਵਹੁਟੀਆਂ ਨੂੰ ਉਨ੍ਹਾਂ ਦੇ ਗੋਤ ਮੁਤਾਬਕ ਹੀ ਬੁਲਾਇਆ ਜਾਂਦਾ ਜਿਵੇਂ ਗਿੱ

Academy of the Punjab in North America: http://www.apnaorg.com

ਦੀ ਗਿੱਲੀ... ਨੰਦੇ ਦੀ ਨੰਦੀ... ਚੱਢੇ ਦੀ ਚੱਡੀ... ਖ਼ੁਰਾਣੇ ਦੀ ਖ਼ੁਰਮਾਣੀ... ਕਪੂਰ ਦੀ ਕਪੂਰੀ... ਤੇ ਸੂਰੀ ਦੀ ਸੂਰਨੀ। ਨਹਾ ਧੋ, ਡਾਰਕ ਲਿਪਸਟਿਕ ਲਾ, ਸਲਾਦ ਦੀ ਪਲੇਟ ਮੇਜ਼ ਤੇ ਸਜਾਅ, ਚਾਰ ਪਲੇਟਾਂ ਖਾਣੇ ਦੀ ਮੇਜ਼ ਤੇ ਟਿਕਾਅ ਕੇ ਹਾਲੀ ਰਸੋਈ ਵਿਚ ਪਿਆਜ਼ ਟਮਾਟਰ ਦਾ ਰਾਇਤਾ ਪਾ ਹੀ ਰਹੀ ਸੀ ਕਿ ਟੈਲੀਫ਼ੋਨ ਦੀ ਘੰਟੀ ਵੱਜੀ।

ਘੰਟੀ ਸੁਆਹ ਵੱਜੀ... ਅਸਮਾਨ ਹੀ ਡਿੱਗ ਪਿਆ। ਜ਼ਮੀਨ ਤੇਜ਼ ਤੇਜ਼ ਚੱਕਰੀਆਂ ਕੱਟਣ ਲੱਗੀ ਤੇ ਮਿਸਿਜ਼ ਸਾਹਨੀ ਸਿਰ ਫ਼ੜਕੇ ਬਹਿ ਗਈ।

"ਕੀ ਹੋਇਆ ਮੰਮੀ ਜੀ... ਕੀ ਹੋਇਆ?" ਕੋਲੋਂ ਲੰਘਦੀ ਨੂੰਹ ਨੇ ਸੱਸ ਨੂੰ ਬਦਹੱਵਾਸ ਵੇਖਿਆ ਤਾਂ ਘਬਰਾ ਗਈ।

"ਪੁਲਿਸ ਦਾ ਫ਼ੋਨ... ਤੁਹਾਡੇ ਡੈਡੀ ਦਾ ਐਕਸੀਡੈਂਟ ਪੁਲਿਸ ਚੌਂਕੀ ਕੋਲ..." ਤੇ ਇਸਦੇ ਨਾਲ ਹੀ ਉਹ ਧੜੈਹ ਡਿੱਗੀ ਤੇ ਉਸਨੂੰ ਦੰਦਲ ਪੈ ਗਈ।

ਨੂੰਹ ਵਿੰਨੀ ਨੇ ਹਥਲੀ ਕੌਲੀ ਛੋਟੇ ਮੇਜ਼ ਤੇ ਰੱਖੀ ਜਿਸ ਵਿਚ ਉਹ ਰਾਤ ਦੇ ਡਿਨਰ ਵਿਚ ਵਰਤਾਉਣ ਵਾਲੇ ਗਾਜਰ ਦੇ ਹਲਵੇ ਲਈ ਬਦਾਮ ਕੱਟ ਰਹੀ ਸੀ, ਤੇ ਦੌੜ ਕੇ ਪਾਣੀ ਦਾ ਗਲਾਸ ਲੈ ਆਈ... ਮੂੰਹ ਤੇ ਛੱਟੇ ਮਾਰੇ, ਥੋੜਾ ਜਿਹਾ ਮੂੰਹ ਵਿਚ ਚੱਮਚ ਅੜਾ ਕੇ ਪਾਇਆ ਤੇ ਨਾਲ ਵਾਲੀ ਆਂਟੀ ਨੂੰ ਮਹਿਰੀ ਹੱਥ ਬੁਲਾ ਭੇਜਿਆ।

"ਪੁਲਿਸ ਨੇ ਦੱਸਿਆ ਕਿ ਸਾਹਨੀ ਸਾਹਬ ਬੇਹੋਸ਼ ਨੇ, ਉਨ੍ਹਾਂ ਦੀ ਖੱਬੀ ਬਾਂਹ ਟੁੱਟ ਗਈ ਹੈ... ਮੱਥਾ ਫ਼ਟ ਗਿਐ ਤੇ ਹੋਰ ਵੀ ਕਾਫ਼ੀ ਸੱਟਾਂ ਲੱਗੀਆਂ ਨੇ... ਅਸੀਂ ਸਿਵਲ ਹਸਪਤਾਲ ਲੈ ਕੇ ਜਾ ਰਹੇ ਹਾਂ... ਤੁਸੀਂ ਉੱਥੇ ਛੇਤੀ ਪਹੁੰਚੋ। ਉਨ੍ਹਾਂ ਦੀ ਡਾਇਰੀ 'ਚੋਂ ਘਰ ਦਾ ਨੰਬਰ ਲੈ ਕੇ ਤੁਹਾਨੂੰ ਇਤਲਾਹ ਦੇ ਰਹੇ ਹਾਂ।" ਹੋਸ਼ ਆਉਣ ਤੇ ਮਿਸਿਜ਼ ਸਾਹਨੀ ਨੇ ਦੱਸਿਆ।

ਐਨੇ ਨੂੰ ਕਿੱਟੂ ਵੀ ਦੁਪਹਿਰ ਦੀ ਰੋਟੀ ਖਾਣ ਦੁਕਾਨ ਤੋਂ ਆ ਗਿਆ ਸੀ। ਰੋਟੀ ਤਾਂ ਕਿਸਨੇ ਖਾਣੀ ਸੀ, ਉਸਨੇ ਫ਼ਟਾਫ਼ਟ ਭਾਟੀਆ ਸਾਹਬ ਦੀ ਦੁਕਾਨ ਤੇ ਫ਼ੋਨ ਕੀਤਾ ਜਿਹੜੇ ਉਨ੍ਹਾਂ ਦੇ ਕਰੀਬੀ ਦੋਸਤ ਸਨ... ਤੇ ਉਹ ਝੱਟ ਹੀ ਆਪਣੀ ਕਾਰ ਲੈ ਕੇ ਆ ਗਏ।

"ਪੈਸਿਆਂ ਦਾ ਫ਼ਿਕਰ ਨਾ ਕਰਨਾ... ਜਾਂਦਿਆਂ ਏ.ਟੀ.ਐਮ 'ਚੋਂ ਕਢਵਾ ਲਵਾਂਗਾ। ਤਿੰਨ-ਚਾਰ ਹਜ਼ਾਰ ਤਾਂ ਜੇਬ ਵਿਚ ਵੀ ਹੋਣਗੇ। ਮੈਂ ਤੇ ਕਿੱਟੂ ਚਲਦੇ ਆਂ... ਬਿੱਲੂ ਤੇ ਪਾਲੀ ਨੂੰ ਵੀ ਫ਼ੋਨ ਕਰ ਦਿਤੈ, ਉਹ ਵੀ ਹਸਪਤਾਲ ਪਹੁੰਚਦੇ ਹੋਣਗੇ...ਤੁਹਾਡੇ ਜਾਣ ਦੀ ਲੋੜ ਨਹੀਂ... ਫ਼ਿਕਰ ਨਾ ਕਰੋ... ਬਚਾਅ ਹੋ ਗਿਆ ਹੋਣੈ... ਬਹੁਤੀ ਐਮਰਜੈਂਸੀ ਹੁੰਦੀ ਤਾਂ ਹੁਣ ਤੱਕ ਹੋਰ ਫ਼ੋਨ ਆ ਜਾਂਦਾ...। ਤੁਸੀਂ ਆਪਣਾ ਤੇ ਵਿੰਨੀ ਦਾ ਧਿਆਨ ਰੱਖੋ, ਅਸੀਂ ਜਾਂਦਿਆ ਹੀ ਫ਼ੋਨ ਕਰਾਂਗੇ।" ਭਾਟੀਆ ਸਾਹਿਬ ਨੇ ਮਿਸਿਜ਼ ਸਾਹਨੀ ਨੂੰ ਮਸਾਂ ਹਸਪਤਾਲ ਜਾਣੋ ਰੋਕਿਆ।

ਹਸਪਤਾਲ ਪਹੁੰਚਦਿਆਂ ਹੀ ਭਾਟੀਆ ਸਾਹਬ ਦਾ ਫ਼ੋਨ ਆ ਗਿਆ ਕਿ ਅਰਕ ਕੋਲੋਂ ਬਾਂਹ ਦਾ ਫ਼ੈਕਚਰ ਹੋ ਗਿਐ... ਮੱਥਾ ਹੈਂਡਲ ਵਿਚ ਵੱਜਣ ਨਾਲ਼ ਜ਼ਖਮੀ ਹੋ ਗਿਐ... ਟਾਂਕੇ ਲੱਗਣਗੇ... ਅਸੀਂ ਪਲਾਸਟਰ ਤੇ ਪੱਟੀ ਕਰਵਾਕੇ ਛੇਤੀ ਹੀ ਘਰ ਆ ਜਾਵਾਂਗੇ। ਤੁਸੀਂ ਫ਼ਿਕਰ ਨਾ ਕਰਨਾ। ਪੱਪੂ ਹੋਰੀ ਵੀ ਪਹੁੰਚ ਗਏ ਨੇ ਤੇ ਸਾਹਨੀ ਸਾਹਿਬ ਹੋਸ਼ ਵਿਚ ਨੇ।

"ਫ਼ਿਕਰ ਨਾ ਕਰਾਂ?.... ਕਹਿੰਦੈ ਫ਼ਿਕਰ ਨਾ ਕਰੋ... ਤੇਰੀ ਜਨਾਨੀ ਦੀ ਹੱਡੀ ਟੁੱਟਦੀ, ਮੱਥਾ ਭੱਜਦਾ ਤਾਂ ਮੈਂ ਵੇਖਦੀ ਕਿੰਜ ਫ਼ਿਕਰ ਨਹੀਂ ਕਰੀਦਾ... ਹਾਇ ਨੀ! ਮੇਰੀ ਤਾਂ ਦੁਨੀਆਂ ਈ ਉੱਜੜ ਚਲੀ ਅਹੀ... ਆਖਦੈ ਫ਼ਿਕਰ ਨਾ ਕਰਾਂ।"

ਵਕਤ ਬੜਾ ਘੱਟ ਸੀ... ਸਵੇਰ ਦੀਆਂ ਸਫ਼ਾਈਆਂ ਹਾਲੀ ਮਸਾਂ ਖਤਮ ਹੋਈਆਂ ਸਨ, ਪਰ ਹੁਣ ਗੱਲ ਹੋਰ ਸੀ... "ਬੱਸ ਹੁਣੇ ਇਹ ਸਭ ਹਸਪਤਾਲੋਂ ਆਉਂਦੇ ਹੀ ਹੋਣਗੇ..." ਛੇਤੀ ਕਰ ਵਿੰਨੀ... ਸਾਰੇ ਪਲੰਘਾਂ ਤੇ ਨਵੇਂ ਬੈਡਕਵਰ ਬਦਲ

Academy of the Punjab in North America: http://www.apnaorg.com

ਕੇ ਡਾਹ... ਹਿਰਨਾ ਵਾਲਾ ਜਿਹੜਾ ਨਵਾਂ ਕੱਢਿਐ ਉਹ ਮੇਰੇ ਬੈਡਰੂਮ ਵਿਚ ਵਿਛਾ ਦੇਹ ਤੇ ਆਪਣੇ ਵਿਚ ਚਿੱਟੀ ਚਾਦਰ ਉੱਤੇ ਕਰੋਸ਼ੀਏ ਵਾਲਾ ਪੂਰਾ ਸੈਟ ਲਾ ਦੇਹ। ਹਾਇ! ਨਾਲ ਮੈਚਿੰਗ ਕੁਸ਼ਨ ਤੇ ਡ੍ਰੈਸਿੰਗ ਟੇਬਲ ਦੀਆਂ ਮੈਟਾਂ ਵੀ ਬਦਲ ਦੇਈਂ। ਤੈਨੂੰ ਕਿਹਾ ਸੀ ਨਾ ਕਿ ਹਰੇ ਵਾਲੇ ਬੈਡਕਵਰ ਨਾਲ ਦੇ ਚਾਰ ਕੁਸ਼ਨ ਕੱਵਰ ਖਰਬੰਦੇ ਕੋਲੂੰ ਫ਼ੜੀ ਲਿਆਈਂ... ਤੈਨੂੰ ਕਿਹੜਾ ਹਿੱਕ ਵਾਰ ਕਹਿਣ ਨਾਲ ਯਾਦ ਰਹਿੰਦੀ ਐ... ਹੁਣ ਮੈਚ ਨਾ ਮਿਲਿਆ ਤਾਂ ਨੱਕ ਕਪਾਏਂਗੀ ਨਾ!"

"ਹੇ ਧੰਨੋ...ਛੋੜ ਗਈਏਂ... ਗੋਲ ਕਮਰੇ ਵਿਚ ਦੀਵਾਨ ਉਤੇ ਚਿੱਟੀ ਕਢਾਈ ਵਾਲੀ ਕਸ਼ਮੀਰੀ ਚਾਦਰ ਵਿਛਾ... ਭਾਬੀ ਕੋਲੂੰ ਚਾਬੀ ਲੈ ਕੇ ਅਲਮਾਰੀ ਚੂੰ ਕਢ ਲੈ... ਨਾਲ ਚਿੱਟੀ ਲੈਸ ਵਾਲੇ ਦੋ ਸਰ੍ਹਾਂਦੂ ਦੇ ਉਛਾੜ ਵੀ ਕੱਢ ਕੇ ਚਾੜ੍ਹ ਛੋੜ... ਛੇਤੀ ਕਰ ਰੰਨੇ, ਹੁਣੇ ਉਹ ਆ ਵੈਸਣ ਤੇ ਫ਼ਿਰ ਸਾਰਾ ਸ਼ਹਿਰ ਟੁੱਟ ਪੈਸੀ ਉਨ੍ਹਾਂ ਦਾ ਹਾਲ ਪੁੱਛਣ।"

ਆਪ ਉਹ ਟੈਲੀਫ਼ੋਨ ਨਾਲ ਕੁਰਸੀ ਡਾਹ ਕੇ ਬੈਠ ਗਈ। ਪਹਿਲਾਂ ਹਲਦੁਆਨੀ ਆਪਣੇ ਪੇਕੇ ਸਹੁਰੇ ਖਬਰ ਕੀਤੀ। ਬੰਬਈ, ਭਰਾ ਨੂੰ ਫ਼ੋਨ ਕੀਤਾ... ਦਿੱਲੀ ਵਾਲਿਆਂ ਨੂੰ ਖ਼ਬਰ ਕੀਤੀ... ਸ਼ਹਿਰ ਦੇ ਸਭ ਦੋਸਤਾਂ ਮਿਤਰਾਂ, ਕਿੱਟੀ ਫ਼੍ਰੈਂਡਜ਼, ਨੂੰਹ ਦੇ ਪੇਕਿਆਂ ਤੇ ਬਜ਼ਾਰ ਦੇ ਗੁਆਂਢੀ ਦੁਕਾਨਦਾਰਾਂ ਨੂੰ ਫ਼ੋਨ ਤੇ ਇਤਲਾਹ ਦਿੰਦੀ ਗਈ।

ਕਰਿਆਨੇ ਵਾਲੇ ਨੂੰ ਫ਼ੋਨ ਕਰਕੇ ਚਾਰ ਪੇਟੀਆਂ ਕੋਲਡ ਡਰਿੰਕ, ਕੁਝ ਜੂਸ ਦੇ ਡੱਬੇ, ਬਿਸਕੁਟ ਨਮਕੀਨ ਤੇ ਡ੍ਰਾਈ ਫ਼ਰੂਟ ਵੀ ਮੰਗਵਾ ਲਿਆ। "ਬਰਫ਼ ਦੀਆਂ ਟਰੇਆਂ ਕੇ ਕਰਸਣ ਹਿੱਕ ਪਾਣੀਏ ਦਾ ਪਤੀਲਾ ਭਰਕੇ ਫ਼ਰੀਜਰੈ 'ਚ ਰਖ ਛੋੜ... ਹਿੱਕ ਵੱਡਾ ਲਫ਼ਾਫ਼ਾ ਆਈਸ ਕਿਊਬਜ਼ ਦਾ ਆਂਟੀ ਸੰਤੋਸ਼ ਦੇ ਘਰੋਂ ਮੰਗਵਾ ਕੇ ਫ਼ਰੀਜ਼ਰ ਵਿਚ ਰਖ ਛੋੜ... ਹਾਇ! ਮੈਂ ਤੇ ਪੱਟੀ ਜਾਵਾਂ ਆਰ!"

ਸਾਹਨੀ ਸਾਹਬ ਆਪਣੀ ਮਿਹਨਤ, ਲਗਨ ਤੇ ਈਮਾਨਦਾਰੀ ਨਾਲ ਆਪਣੇ ਪੈਰਾਂ ਤੇ ਖੜੇ ਹੋਏ ਸਨ। ਮਤਰੇਈ ਮਾਂ ਨੇ ਜਦੋਂ ਘਰੋਂ ਕੱਢਿਆ ਤਾਂ ਉਨ੍ਹਾਂ ਦੀ ਜੇਬ ਵਿਚ ਪੰਜ ਰੁਪਏ ਹੀ ਸਨ। ਪਰ ਉਹ ਆਪਣੀ ਮਿਹਨਤ ਤੇ ਮਿਠਬੋਲੜੇ ਸੁਭਾਅ ਕਰਕੇ ਛੇਤੀ ਹੀ ਪੈਰਾਂ ਸਿਰ ਹੋ ਗਏ। ਉਨ੍ਹਾਂ ਇੱਕ ਮੋਟਰ ਪਾਰਟਸ ਦੀ ਦੁਕਾਨ ਤੇ ਪਾਰਟ-ਟਾਈਮ ਹਿਸਾਬ ਕਿਤਾਬ ਦਾ ਕੰਮ ਸ਼ੁਰੂ ਕੀਤਾ। ਸ਼ਾਮੀ ਉਹ ਦੂਜੇ ਦੁਕਾਨਦਾਰਾਂ ਕੋਲੋਂ ਝੋਲੇ ਵਿਚ ਸਪੇਅਰ ਪਾਰਟਸ ਚੁਕਦੇ ਤੇ ਸਾਈਕਲ ਤੇ ਛੋਟੀਆਂ ਦੁਕਾਨਾਂ ਤੇ ਜਾ ਵੇਚਦੇ ਜਿਸਚੋਂ ਚੰਗਾ ਮੁਨਾਫ਼ਾ ਮਿਲ ਜਾਂਦਾ।

ਸਾਹਨੀ ਸਾਹਬ ਦੀ ਮਿਹਨਤ ਤੇ ਈਮਾਨਦਾਰੀ ਵੇਖਕੇ ਹੀ ਚੱਢਾ ਸਾਹਬ ਨੇ ਉਨ੍ਹਾਂ ਦਾ ਵਿਆਹ ਆਪਣੇ ਇੱਕ ਲਿੱਸੇ ਜਿਹੇ ਰਿਸ਼ਤੇਦਾਰ ਦੀ ਧੀ ਨਾਲ ਕਰਵਾ ਦਿੱਤਾ ਤੇ ਦਿਲ ਖੋਲਕੇ ਖਰਚ ਕੀਤਾ। ਸਾਹਨੀ ਸਾਹਬ ਦੇ ਰੁੱਸੇ ਭੈਣਾਂ ਭਰਾ ਤੇ ਮਾਂ ਪਿਉ ਵੀ ਆਏ ਪਰ ਬੜੀ ਛੇਤੀ ਵਹੁਟੀ ਉਨ੍ਹਾਂ ਦੇ ਹੀ ਇੱਕ ਦੋਸਤ ਨਾਲ ਉੱਧਲ ਗਈ।

ਸਾਹਨੀ ਸਾਹਬ ਨੂੰ ਧੱਕਾ ਤਾਂ ਬਹੁਤ ਲੱਗਾ, ਕਿਉਂਕਿ ਉਨ੍ਹਾਂ ਤਾਂ ਕਦੀ ਘਰ ਵਿਚ ਖੰਘੂਰਾ ਤੱਕ ਵੀ ਨਹੀਂ ਸੀ ਮਾਰਿਆ... ਕਿਸੇ ਗੱਲ ਦੀ ਰੋਕ ਟੋਕ ਨਹੀਂ ਸੀ ਕੀਤੀ... ਕੀ ਕਰਦੇ? ਉਹ ਇਹ ਸਦਮਾ ਚੁੱਪਚਾਪ ਪੀ ਗਏ ਤੇ ਉਹਦਾ ਪਿੱਛਾ ਨਹੀਂ ਕੀਤਾ।

ਫ਼ਿਰ ਕੁਝ ਦੋਸਤਾਂ ਨੇ ਰਲਕੇ ਕੰਵਲਨੈਨ ਨਾਲ ਉਨ੍ਹਾਂ ਦੇ ਫ਼ੇਰੇ ਕਰਵਾ ਕੇ ਉਸਨੂੰ ਮਿਸਿਜ਼ ਸਾਹਨੀ ਬਣਾ ਦਿੱਤਾ। ਰੱਬ ਨੇ ਮਿਹਰ ਕੀਤੀ ਤੇ ਸਾਲ ਬਾਅਦ ਕਿੱਟੂ ਨੇ ਜਨਮ ਲੈ ਕੇ ਘਰ ਵਿਚ ਰੌਣਕਾਂ ਭਰ ਦਿੱਤੀਆਂ... ਤੇ ਹੁਣ ਸੁਖ ਨਾਲ ਉਪੱਰ ਵਾਲੇ ਵੇਲ ਵਧਾਈ ਐ ਤੇ ਕਿੱਟੂ ਦੀ ਵਹੁਟੀ ਪੈਰੋਂ ਭਾਰੀ ਐ... ਵਾਹਿਗੁਰੂ ਮਿਹਰ ਕਰੇ।" ਉਹ ਨੂੰਹ ਦੀਆਂ ਬਲਾਵਾਂ ਲੈਂਦੀ।

Academy of the Punjab in North America: http://www.apnaorg.com

ਫ਼ੂੰਹੀ ਫ਼ੂੰਹੀ ਜੋੜ ਕੇ ਉਸਨੇ ਘਰ ਬਣਾਇਆ ਸੀ। ਇੱਕ ਪੁਰਾਣੀ ਮਸ਼ੀਨ ਕਿਸੇ ਕੋਲੋਂ ਉਸ ਸਸਤੀ ਖ਼ਰੀਦ ਲਈ ਸੀ। ਸਾਰਾ ਦਿਨ ਉਹ ਗੰਢ-ਤੁੱਪ ਕਰਦੀ... ਪੁਰਾਣੇ ਕਪੜਿਆਂ 'ਚੋਂ ਨਵੇਂ ਕੱਢਦੀ... ਆਂਢ ਗੁਆਂਢ ਦੇ ਸੂਟ ਸਿਓਂ ਦਿੰਦੀ... ਖ਼ਰੀਦ ਕਰਦਿਆਂ ਇੱਕ ਇੱਕ ਪੈਸੇ ਲਈ ਜੂਝਦੀ ਐਨੀ ਦੂਰੋਂ ਝੋਲਾ ਚੁੱਕੀ ਮੰਡੀ ਤੋਂ ਦੂਹਰੀ-ਚੌਹਰੀ ਹੋ ਕੇ ਘਰ ਪਰਤਦੀ ਪਰ ਦੋ ਰੁਪਏ ਦਾ ਰਿਕਸ਼ਾ ਨਾ ਕਰਦੀ। ਸਾਰੀ ਉਮਰ ਉਹ ਇਹ ਮਿਹਣਾ ਹੰਢਾਉਂਦੀ ਆਈ ਸੀ ਕਿ "ਨੈਨੋ ਮੂਤਰੈ 'ਚੋਂ ਮੱਛੀਆਂ ਪਕੜਨੀ ਐ।"

"ਕੋਈ ਕੁਝ ਵੀ ਕਹੇ ਮਿੰਘੀ ਕਿਸੈ ਪਾ ਕੇ ਦੇਣੈ? ਕਿਸੇ ਕੋਲੋਂ ਮੰਗਦੀ ਤੇ ਨਹੀਂ ਆ ਨਾ...।"

ਉਹ ਪੈਸਾ ਪੈਸਾ ਜੋੜਦੀ... ਕਈ ਬੁਘਨੀਆਂ ਉਸ ਲਾਈਆਂ ਹੋਈਆਂ ਸਨ... ਵੱਡਾ ਹਿੱਸਾ ਸਾਹਨੀ ਸਾਹਬ ਦੀ ਬੁਘਨੀ ਵਿਚ ਪਾਉਂਦੀ ਤੇ ਬਾਕੀ ਭਾਂਡਿਆਂ ਬੈਡਕਵਰਾਂ ਲਈ, ਸੂਟਾਂ ਲਈ।

ਬੈਡਕਵਰ ਤਾਂ ਸਾਲ ਵਿਚ ਉਹ ਦੋ ਤਿੰਨ ਕੱਢ ਹੀ ਲੈਂਦੀ। ਉਨੇ ਕੁ ਪੈਸੇ ਜੁੜਦਿਆਂ ਹੀ ਕੇਸਮੈਂਟ ਦੀ ਚਾਦਰ ਤੇ ਰੰਗ ਬਿਰੰਗੇ ਐਂਕਰ ਦੇ ਧਾਗੇ ਖ਼ਰੀਦ ਲਿਆਉਂਦੀ। ਕਦੀ ਕਰੋਸ਼ੀਏ ਦੀਆਂ ਲੇਸਾਂ, ਮੇਜ਼ਪੋਸ਼ ਤੇ ਬੈਡਕਵਰ ਤੱਕ ਉਣ ਮਾਰਦੀ ਜਿਵੇਂ ਕੰਧਾਂ ਤੇ ਵੀ ਗੁਲਾਫ਼ ਚੜ੍ਹਾਉਂਦੀ।

ਉਹ ਔਖੇ ਦਿਨ ਹੁਣ ਬੀਤ ਚੁੱਕੇ ਸਨ। ਹੁਣ ਤਾਂ ਸਾਹਨੀ ਸਾਹਬ ਦੀ ਮੋਟਰ-ਮਾਰਕਿਟ ਵਿਚ ਆਪਣੀ 'ਸਾਹਨੀ ਐਂਡ ਸੰਨਜ਼ ਮੋਟਰ ਟ੍ਰੇਡਿੰਗ' ਕੰਪਨੀ ਸੀ। ਦੁਕਾਨ ਤੇ ਕਿੱਟੂ ਸਾਹਨੀ ਸਾਹਬ ਨਾਲ ਬਹਿੰਦਾ। ਆਪ ਉਹ ਹਾਲੀ ਵੀ ਨੇਮ ਨਾਲ ਚੱਢਾ ਸਾਹਬ ਦੀ ਦੁਕਾਨ ਤੇ ਦੋ ਘੰਟਿਆਂ ਲਈ ਜਾ ਕੇ ਵਹੀਆਂ ਖਾਤੇ ਵੇਖਦੇ।

ਘਰ ਪਹੁੰਚਦਿਆਂ ਬੀਵੀ ਉਡੀਕ ਰਹੀ ਹੁੰਦੀ। ਆਮ ਤੌਰ ਤੇ ਵੇਸਣ ਉਸ ਪਹਿਲਾਂ ਹੀ ਘੋਲ ਕੇ ਰੱਖਿਆ ਹੁੰਦਾ। ਗੋਭੀ ਤੇ ਆਲੂ ਦੀਆਂ ਕਤਲੀਆਂ ਕੱਟ ਕੇ ਉੱਤੇ ਲੂਣ ਮਿਰਚ ਧੂੜਿਆ ਹੁੰਦਾ। ਸਾਹਨੀ ਸਾਹਬ ਦੇ ਫ਼ ਰੈਸ਼ ਹੋਣ ਤੱਕ ਉਹ ਗਰਮਾ-ਗਰਮ ਪਕੌੜੇ ਕੱਢਦੀ। ਕਈ ਵਾਰ ਉਹ ਆਪ ਹੀ ਘਰ ਆਉਂਦੇ ਹੋਏ ਭੂਰੇ ਦੀ ਮਸ਼ਹੂਰ ਤਲੀ-ਤਲਾਈ ਮੱਛੀ ਲਈ ਆਉਂਦੇ। ਮਹੀਨੇ ਵਿਚ ਇੱਕ ਐਤਵਾਰ ਮੀਟ, ਕਦੀ ਮੁਰਗਾ, ਕਦੀ ਮੱਛੀ ਜ਼ਰੂਰ ਬਣਦੀ। ਬਾਕੀ ਦਿਨ ਰੁੱਖੀ ਮਿੱਸੀ, ਦਾਲ ਚਾਵਲ ਨਾਲ ਹੀ ਸਾਰਦੇ। ਆਪਣੀ ਨਿੱਕੀ ਜਿਹੀ ਸਲਤਨਤ ਦੀ ਬੇਤਾਜ ਮਹਾਰਾਣੀ ਸੀ ਉਹ। ਨੂੰਹ ਵੀ ਭਲੇ ਘਰ ਦੀ ਆਗਿਆਕਾਰ ਆਈ ਸੀ। ਹੋਰ ਕੀ ਚਾਹੀਦਾ ਸੀ ਓਹਨਾਂ ਨੂੰ।

ਥੋੜ੍ਹੀ ਥੋੜ੍ਹੀ ਦੇਰ ਪਿਛੋਂ ਹਸਪਤਾਲੋਂ ਫ਼ੋਨ ਆ ਜਾ ਰਹੇ ਸਨ। "ਹਾਲੀ ਐਮਰਜੈਂਸੀ ਵਿਚ ਬਹੁਤ ਭੀੜ ਐ... ਪਾਪਾ ਬਾਹਰ ਵਰਾਂਡੇ ਵਿਚ ਟ੍ਰਾਲੀ ਤੇ ਪਏ ਹੋਏ ਨੇ... ਹੁਣ ਐਕਸਰੇ ਲਈ ਲੈ ਕੇ ਗਏ ਨੇ... ਪਲਸਤਰ, ਟੀਕੇ ਤੇ ਦਵਾਈਆਂ ਸਾਰੇ ਮੈਂ ਆਪ ਖ਼ਰੀਦ ਕੇ ਦੇ ਦਿੱਤੇ ਨੇ... ਦੋ ਹਜ਼ਾਰ ਸੱਤ ਸੌ ਰੁਪਏ ਖ਼ਰਚ ਹੋ ਚੁੱਕੇ ਨੇ... ਹੁਣੇ ਇੱਕ ਨਰਸ ਬਾਹਰ ਆਈ ਐ... ਕੁਝ ਬੋਲੀ ਨਹੀਂ, ਬਸ ਸਿਰ ਹਿਲਾਇਆ ਸੂ... ਹੁਣ ਇੱਕ ਹੋਰ ਡਾਕਟਰ ਅੰਦਰ ਗਿਐ, ਮੱਥੇ ਤੇ ਟਾਂਕੇ ਲੱਗੇ ਨੇ। ਪੱਟੀ ਹੋ ਗਈ ਹੈ। ਬਾਕੀ ਸਭ ਜਗਹ ਦਵਾਈਆਂ ਲਾ ਦਿੱਤੀਆਂ ਨੇ। ਹੁਣ ਪਲੱਸਤਰ ਹੋ ਗਿਐ। ਜ਼ਰਾ ਕੁ ਸੁੱਕਣ ਤੇ ਚੱਲ ਪਵਾਂਗੇ... ਅੱਧਾ ਕੁ ਘੰਟਾ ਹੋਰ ਲਗੇਗਾ...।

ਤਿਆਰੀ ਤਕਰੀਬਨ ਮੁਕੰਮਲ ਹੋ ਚੁੱਕੀ ਸੀ। ਦੋ ਤਿੰਨ ਪੰਜ-ਪੰਜ ਸੌ ਦੇ ਨੋਟ ਮਿਸਿਜ਼ ਸਾਹਨੀ ਕੱਢ ਚੁੱਕੀ ਸੀ। "ਪੈਸਿਆਂ ਸਹੁਰਿਆਂ ਦਾ ਕੀ ਐ, ਹੱਥਾਂ ਦੀ ਮੈਲ ਨੇ... ਉਂਜ ਕੌਣ ਆਉਂਦੈ ਕਿਸੇ ਦੇ ਘਰ... ਏਸੇ ਬਹਾਨੇ ਸਾਰੇ ਲੋਕ ਸਾਡਾ ਫ਼ਲੈਟ ਅੰਦਰੋਂ ਵੇਖ ਲੈਣਗੇ। ਹਾਲੀ ਹੁਣ ਚਾਲੀ ਹਜ਼ਾਰ ਦਾ ਡਬਲਡੋਰ ਫ਼ ਰਿਜ ਖ਼ਰੀਦਿਐ... ਨਵਾਂ ਸੋਫ਼ਾ ਸੈਟ ਤੇ ਵਾਲ-ਟੂ-ਵਾਲ ਕਾਰਪਿਟ। ਉਮਰ ਦੀ ਜਮ੍ਹਾਂ ਪੂੰਜੀ ਲਾ ਛੱਡੀ ਐ ਘਰ ਬਣਾਉਣ ਵਿਚ... ਇਹ ਰੰਨਾਂ ਵੇਖਣ ਤਾਂ ਸਹੀ ਜਿਹੜੀਆਂ ਐਵੇਂ ਈ ਆਕੜ-ਆਕੜ

Academy of the Punjab in North America: http://www.apnaorg.com

ਬਹਿੰਦੀਆਂ ਨੇ... ਅਸੀਂ ਕਈਂ ਕੁੱਤੇ ਕੋਲੋਂ ਘਟ ਆਂ?" ਮਿਸਜ਼ ਸਾਹਨੀ ਆਪਣੇ ਆਪ ਨੂੰ ਹੌਸਲਾ ਦੇ ਰਹੀ ਸੀ।

"ਪਾਪਾ ਪਲਸਤਰ ਰੂਮ 'ਚੋਂ ਬਾਹਰ ਆ ਰਹੇ ਨੇ... ਮੱਥੇ ਤੇ ਪੱਟੀ ਬੱਝੀ ਹੋਈ ਐ... ਪੂਰੀ ਬਾਂਹ ਤੇ ਪਲਸਤਰ ਹੈ, ਹੱਥ ਤੇ ਵੀ ਪਲਸਤਰ ਹੈ। ਟੀ-ਸ਼ਰਟ ਉਤਾਰੀ ਹੋਈ ਐ... ਉਹ ਨਰਸ ਨੇ ਚੁੱਕੀ ਹੋਈ ਐ... ਹੁਣ ਕਾਰ ਵਿਚ ਬਹਾ ਦਿੱਤਾ ਐ... ਗੇਟ ਤੇ ਪਹੁੰਚ ਗਏ ਆਂ...। ਬਸ ਆ ਈ ਰਹੇ ਆਂ।" ਘਰ ਦੀਆਂ ਪੌੜੀਆਂ ਚੜਦਿਆਂ ਵੀ ਕਿੱਟੂ ਜੀ ਦੀ ਕਮੈਂਟਰੀ ਚਲ ਰਹੀ ਸੀ।

ਸਾਹਨੀ ਸਾਹਬ ਦੀ ਛੀਟਦਾਰ ਪੱਗ, ਜਿਹੜੀ ਉਹ ਠੱਪ ਕੇ ਟੇਢੀ ਬੰਨ੍ਹਦੇ ਸਨ, ਭਾਟੀਆਂ ਸਾਹਬ ਨੇ ਗੁੱਛਾ ਜਿਹਾ ਬਣਾ ਕੇ ਕੱਛਾਂ ਹੇਠ ਦਿੱਤੀ ਹੋਈ ਸੀ। ਬਨੈਨ ਤੇ ਬੁਸ਼ਰਟ ਲਹੂ ਨਾਲ਼ ਭਿੱਜੀਆਂ ਹੋਈਆਂ ਸਨ ਤੇ ਪੈਂਟ ਘੱਟੇ ਤੇ ਲਹੂ ਦੇ ਧੱਬਿਆਂ ਨਾਲ਼ ਵੱਟੋ ਵੱਟ ਸੀ।

ਹਾਲ ਦੁਹਾਈ ਪਾਉਂਦਿਆਂ ਮਿਸਿਜ਼ ਸਾਹਨੀ ਤੇ ਕਿੱਟੂ ਸਾਹਨੀ ਸਾਹਬ ਨੂੰ ਪਾਣੀ ਵਿਚ ਡਿਟੋਲ ਪਾ ਕੇ ਗਿੱਲੇ ਰੂੰ ਨਾਲ਼ ਸਾਫ਼ ਕੀਤਾ ਤੇ ਕੁੜਤੇ ਦੀ ਖੱਬੀ ਬਾਂਹ ਉਧੇੜ ਕੇ ਚਿੱਟਾ ਕੁੜਤਾ ਪਜਾਮਾ ਪਵਾਇਆ। ਐਨੀ ਦੇਰ ਵਿਚ ਵਿੰਨੀ ਦੁੱਧ ਵਿਚ ਹਲਦੀ ਪਾ ਕੇ ਬਦਾਮ ਦੀਆਂ ਗਿਰੀਆਂ ਲੈ ਕੇ ਸਹੁਰਾ ਸਾਹਬ ਦੀ ਸੇਵਾ ਵਿਚ ਹਾਜ਼ਰ ਹੋ ਗਈ।

ਹਾਲੀ ਦੋ ਘੁੱਟ ਵੀ ਉਨ੍ਹਾਂ ਨਹੀਂ ਸੀ ਭਰੇ ਕਿ ਮਿਸਿਜ਼ ਭਾਟੀਆ ਤੇ ਮਿਸਿਜ਼ ਸੁਖਦੇਵ ਆ ਗਈਆਂ।

"ਸਵੇਰੇ ਚੰਗੇ ਭਲੇ ਘਰੋਂ ਗਏ ਸਨ... ਕਹਿੰਦੀ ਰਹੀ ਅੰਡਾ ਪਰੌਂਠਾ ਖਾ ਜਾਓ... ਪਰ ਮੰਨਦੇ ਨੇ ਕਦੀ ਮੇਰੀ ਗੱਲ... ਭੁੱਖੇ ਭਾਣੇ ਚਲੇ ਗਏ, ਕਿ ਦੁਪਹਿਰੀਂ ਮੁਰਗੇ ਨਾਲ਼ ਤੰਦੂਰੀ ਰੋਟੀ ਖਾਸਾਂ... ਬਸ ਜੀ ਰਬ ਤੁਸਾਂ ਦਾ ਭਲਾ ਕਰੈ, ਦੁਕਾਨੋਂ ਨਿਕਲੇ ਚੰਗੇ ਭਲੇ ਤੇ ਅੱਗੋਂ ਮੋਤੜੀ ਜੋਗਾ ਸਾਹਨ ਬਲਾਅ ਵਾਂਗ ਆਣ ਵੱਜਾ। ਹਾਲੀ ਛੇ ਮਹੀਨੇ ਨਹੀਂ ਹੋਏ ਹਾਰਟ-ਟੈਕ ਆਇਆਂ... ਪੇਸਟ ਮੇਕਰ (ਪੇਸ ਮੇਕਰ) ਲਵਾਇਆ ਤਾਂ ਮਸਾਂ ਠੀਕ ਹੋਏ। ਫ਼ਿਰ ਮੈਨੂੰ ਸ਼ਾਰਟਕਾ (ਸਾਇਟਿਕਾ) ਦੀਆਂ ਦਰਦਾਂ ਸ਼ੁਰੂ... ਡਾਕਟਰਾਂ ਐਟਰੈਕਸ਼ਨ (ਟ੍ਰੈਕਸ਼ਨ) ਲਾਈ ਰਖੀ ਤੇ ਮੈਂ ਮੰਜੀ ਨਾਲ਼ ਮੰਜੀ ਹੋਈ ਰਹੀ ਆਂ... ਹੁਣ ਵੇਖੋ ਇਹ ਕਹਿਰ... ਕਿੱਟੂ, ਜ਼ਰਾ ਵਿਖਾਈਂ ਆਂਟੀਆਂ ਨੂੰ ਪਾਪਾ ਦੇ ਕਪੜੇ।"

ਤੇ ਕਿੱਟੂ ਦੌੜ ਕੇ ਅੰਦਰੋਂ ਟੋਕਰੀ ਚੁੱਕ ਲਿਆਇਆ ਜਿਸ ਵਿਚ ਖ਼ੂਨ ਨਾਲ਼ ਭਰੀ ਬੁਸ਼ਰਟ, ਬੂਨੈਨ ਤੇ ਪੈਂਟ ਪਈ ਸੀ। ਨਾਲ਼ ਹੀ ਡੱਬੇ ਵਿਚ ਖ਼ੂਨ ਨਾਲ਼ ਭਿੱਜੇ ਰੂੰ ਦੇ ਬੁੜੇ ਵੀ ਪਏ ਸਨ ਜਿਨ੍ਹਾਂ ਨਾਲ਼ ਸਫ਼ਾਈ ਕੀਤੀ ਗਈ ਸੀ।

ਫ਼ਿਰ ਵਿੰਨੀ ਕੋਲਡ ਡਰਿੰਕ ਤੇ ਖਾਣ ਦੇ ਸਾਮਾਨ ਨਾਲ਼ ਸਜੀ ਟ੍ਰੇ ਲੈ ਆਈ। ਐਨੀ ਦੇਰ ਵਿਚ ਜਿੰਨ੍ਹਾਂ ਜਿੰਨ੍ਹਾਂ ਨੂੰ ਫ਼ੋਨ ਕੀਤੇ ਸਨ ਉਹ ਆਉਣੇ ਸ਼ੁਰੂ ਹੋ ਗਏ। ਅੰਦਰ ਬਾਹਰ ਲੋਕਾਂ ਨਾਲ਼ ਭਰ ਗਿਆ। ਪਹਿਲਾਂ ਤਾਂ ਹਰ ਆਉਣ ਵਾਲੇ ਲਈ ਕਪੜਿਆਂ ਵਾਲੀ ਟੋਕਰੀ ਅੰਦਰੋਂ ਲਿਆਈ ਜਾਂਦੀ ਤੇ ਫ਼ਿਰ ਵਾਪਸ ਰੱਖੀ ਜਾਂਦੀ। ਪਰ ਫ਼ਿਰ ਗੋਲ ਕਮਰੇ ਦੀ ਖਿੜਕੀ ਨਾਲ਼ ਇੱਕ ਛੋਟਾ ਮੇਜ਼ ਰੱਖਿਆ ਗਿਆ। ਜਿਸ ਤੇ ਉਹ ਰੱਖ ਹੀ ਦਿੱਤੀ ਗਈ ਤਾਂ ਜੋ ਹਰ ਕੋਈ ਆਰਾਮ ਨਾਲ਼ ਵੇਖ ਸਕੇ ਕਿ ਸਾਹਨੀ ਸਾਹਬ ਦਾ ਕਿੰਨਾ ਖ਼ੂਨ ਨਿਕਲਿਆ।

ਨਾਲ਼ ਨਾਲ਼ ਮਿਸਿਜ਼ ਸਾਹਨੀ ਦੀ ਕਮੈਂਟਰੀ ਲਗਾਤਾਰ ਦੁਹਰਾਈ ਜਾ ਰਹੀ ਸੀ... ਸਵੇਰੇ ਚੰਗੇ ਭਲੇ..." ਹਸਪਤਾਲ ਦਾ ਜ਼ਿਕਰ ਆਉਂਦਿਆਂ ਕਿੱਟੂ ਦੀ ਵਾਰੀ ਆ ਜਾਂਦੀ।

ਵਿੰਨੀ ਪੂਰਿਆਂ ਦਿਨਾਂ ਤੇ ਸੀ। ਉਂਜ ਤਾਂ ਸਾਰੇ ਟੱਬਰ ਦੇ ਧਿਆਨ ਦਾ ਕੇਂਦਰ ਉਹ ਹੀ ਹੁੰਦੀ, ਪਰ ਐਸ ਵੇਲੇ ਉਸਦਾ ਕਿਸਨੂੰ ਧਿਆਨ ਸੀ, ਸਗੋਂ ਉਹ ਤਾਂ ਆਪ ਵੀ ਐਨੀ ਰੁੱਝੀ ਹੋਈ ਸੀ ਕਿ ਉਸਨੂੰ ਯਾਦ ਹੀ ਨਹੀਂ ਸੀ ਕਿ ਡਾਕਟਰ ਨੇ ਬੈੱਡ-ਰੈਸਟ ਦੀ ਸਖ਼ਤ ਹਿਦਾਇਤ ਦਿੱਤੀ ਹੋਈ ਸੀ।

Academy of the Punjab in North America: http://www.apnaorg.com

ਲੋਕੀਂ ਆ ਰਹੇ ਸਨ... ਲੋਕੀਂ ਜਾ ਰਹੇ ਸਨ... ਕੋਲਡ ਡ੍ਰਿੰਕ... ਸਨੈਕਸ ਸਰਵ ਹੋ ਰਹੇ ਸਨ। ਸਾਹਨੀ ਸਾਹਬ ਸੁੱਕੇ ਬੁਲਾਂ ਤੇ ਜੀਭ ਫ਼ੇਰ ਰਹੇ ਸਨ, ਉਨ੍ਹਾਂ ਦੇ ਮੂੰਹ ਵਿਚ ਪਾਣੀ ਪਾਉਣ ਦੀ ਵੀ ਕਿਸੇ ਨੂੰ ਵਿਹਲ ਨਹੀਂ ਸੀ। ਦਵਾਈਆਂ ਟੀਕਿਆਂ ਦੀ ਜ਼ਨੂੰਦਗੀ ਵਿਚ ਉਹ ਝਪਕੀਆਂ ਲੈ ਰਹੇ ਸਨ। ਪਰ ਹਰ ਕੋਈ ਉਨ੍ਹਾਂ ਦੇ ਮੂੰਹੋਂ ਵੀ ਕੁੱਝ ਸੁਣਨਾ ਚਾਹ ਰਿਹਾ ਸੀ।

ਵਿੰਨੀ ਦੀਪ ਆਂਟੀ ਨੂੰ ਕੋਲਡ ਡਰਿੰਕ ਦਾ ਗਲਾਸ ਫ਼ੜਾਉਣ ਲਗੀ ਤਾਂ ਸਾਂਭ ਸਾਂਭ ਰੱਖਿਆ ਅਨਬਰੇਕੇਬਲ ਗਲਾਸ ਹੱਥੋਂ ਛੁੱਟ ਕੇ ਫ਼ਰਸ਼ ਤੇ ਜਾ ਡਿੱਗਾ ਤੇ ਉਸਦੇ ਮੋਤੀਆਂ ਵਰਗੇ ਨਿੱਕੇ ਨਿੱਕੇ ਕੱਚ ਦੇ ਟੁਕੜੇ ਦੂਰ ਤੱਕ ਖਿਲਰ ਗਏ। ਨਾਲ਼ ਹੀ ਉਹ ਪੇਟ ਫ਼ੜਕੇ ਬਹਿ ਗਈ। ਉਸਨੂੰ ਜੰਮਣ ਪੀੜਾਂ ਸ਼ੁਰੂ ਹੋ ਚੁੱਕੀਆਂ ਸਨ।

ਕਿੱਟੂ ਮਿਸਿਜ਼ ਭਾਟੀਆ ਨੂੰ ਤੇ ਵਿੰਨੀ ਨੂੰ ਨਾਲ਼ ਲੈ ਕੇ ਹਸਪਤਾਲ ਦੌੜਿਆ। ਵਿੰਨੀ ਦੀ ਮੰਮੀ ਨੂੰ ਹਸਪਤਾਲ ਪਹੁੰਚਣ ਲਈ ਫ਼ੋਨ ਕਰ ਦਿੱਤਾ।

ਰਾਤ ਦੇ ਬਾਰਾਂ ਵੱਜਣ ਵਾਲੇ ਸਨ। ਹਾਲ ਪੁੱਛਣ ਵਾਲੇ ਹਾਲ ਪੁੱਛ ਕੇ ਖਾ ਪੀ ਕੇ ਤੇ ਬੈਸਟ ਆਫ਼ ਹੈਲਥ ਕਹਿ ਕੇ ਜਾ ਚੁੱਕੇ ਸਨ। ਸਾਹਨੀ ਜੀ ਨੂੰ ਕਮਜ਼ੋਰੀ ਹੋ ਰਹੀ ਸੀ ਤੇ ਭੁੱਖ ਵੀ ਬਹੁਤ ਲਗ ਰਹੀ ਸੀ।

ਦੌੜ ਦੌੜ ਕੇ ਮਿਸਿਜ਼ ਸਾਹਨੀ ਪਸਤ ਹੋਈ ਪਈ ਸੀ। ਲੜਖੜਾਉਂਦੀਆਂ ਲੱਤਾਂ ਨਾਲ਼ ਉਹ ਰਸੋਈ ਵਿਚ ਗਈ, ਮਸਾਂ-ਮਸਾਂ ਦੁੱਧ ਗਰਮ ਕਰਕੇ ਸਾਹਨੀ ਸਾਹਬ ਨੂੰ ਰਸਾਂ ਨਾਲ਼ ਪਿਆਇਆ।

ਸਾਰੇ ਘਰ ਵਿਚ ਖਿਲਾਰਾ ਪਿਆ ਹੋਇਆ ਸੀ। ਜਿਹੜੇ ਗਲਾਸ ਤੇ ਪਲੇਟਾਂ ਸਾਹਨੀ ਸਾਹਬ ਸਿੰਘਾਪੁਰ ਤੋਂ ਲੈ ਕੇ ਆਏ ਸਨ ਤੇ ਵੀਹਾਂ ਸਾਲਾਂ ਤੋਂ ਜਿੰਨ੍ਹਾਂ ਨੂੰ ਤੱਤੀ ਵਾਅ ਵੀ ਨਹੀਂ ਸੀ ਲੱਗੀ, ਉਨ੍ਹਾਂ ਚੋਂ ਦੋ ਤਿੰਨ ਸ਼ਹੀਦ ਹੋ ਚੁੱਕੇ ਸਨ ਤੇ ਉਨ੍ਹਾਂ ਦੇ ਸੁਨਹਿਰੀ ਟੋਟੇ ਕਾਲੀਨ ਤੇ ਚਮਕ ਰਹੇ ਸਨ। ਪਲੰਘਾਂ ਤੇ ਬੈਡਕਵਰ ਵੱਟੋ ਵੱਟ ਹੋਏ ਪਏ ਸਨ... ਗੱਦੀਆਂ ਹੇਠਾਂ ਖਿਲਰੀਆਂ ਤੇ ਥਾਂ ਥਾਂ ਬੋਤਲਾਂ ਗਲਾਸ ਤੇ ਖਾਧੇ-ਅਣਖਾਧੇ ਨਮਕੀਨ ਬਿਸਕੁਟ ਪਏ ਸਨ।

ਬੇ ਹਿੰਮਤੀ ਜਹੀ ਪੈਰ ਘਸੀਟ-ਘਸੀਟ ਉਹ ਘਰ ਸਾਂਭ ਰਹੀ ਸੀ ਤੇ ਮਨ ਹੀ ਮਨ ਹਿਸਾਬ ਵੀ ਜੋੜ ਰਹੀ ਸੀ ਕਿ ਕਿਵੇਂ ਮਿੰਟਾਂ ਸਕਿੰਟਾਂ ਵਿਚ ਪੰਜ-ਪੰਜ ਸੌ ਦੇ ਕਿੰਨੇ ਹੀ ਨੋਟ ਹੱਥਾਂ 'ਚੋਂ ਉੱਡ ਗਏ ਤੇ ਘਰ ਦੀ ਹੇਠਲੀ ਮਿੱਟੀ ਉੱਪਰ ਹੋ ਗਈ। ਪਰ ਫ਼ਿਰ ਉਸਨੇ ਇਹ ਸੋਚਕੇ ਆਪਣੇ ਮਨ ਨੂੰ ਹੌਸਲਾ ਦਿੱਤਾ ਕਿ ਪੈਸੇ ਸੌਹਰਿਆਂ ਦਾ ਕੀ ਏ... 'ਇਹ ਦਿਨ ਰੋਜ਼ ਰੋਜ਼ ਥੋੜ੍ਹਾ ਆਉਂਦੇ ਨੇ!'

■

Academy of the Punjab in North America: http://www.apnaorg.com

ਸਿੰਧੀ ਕਹਾਣੀ

ਰਾਮ ਦੀਨ

ਉਲਥਾਕਾਰ
ਮੁਹੰਮਦ ਆਸਿਫ਼ ਰਜ਼ਾ

ਮੋਹਨ ਕਲਪਨਾ

ਕੱਲ ਰਾਮ ਦੀਨ ਮਰ ਗਿਆ। ਕੱਲਾ ਕੋਠੜੀ ਵਿਚ ਸੁੱਤਾ ਤਾਂ ਸੁੱਤਾ ਈ ਰਹਿ ਗਿਆ।

ਸਵੇਰ ਜਦ ਉਹਦੀ ਮੌਤ ਦੀ ਖ਼ਬਰ ਮੈਨੂੰ ਮਿਲੀ ਤਾਂ ਇਉਂ ਜਾਪਿਆ, ਜਿਉਂ ਮੇਰੀਆਂ ਅੱਖਾਂ ਦੀਆਂ ਪੁਤਲੀਆਂ ਭੋਏਂ ਤੇ ਡਿਗ ਪਈਆਂ ਹੋਣ ਤੇ ਕਿੰਨਾ ਚਿਰ ਮੈਂ ਨਾ ਕੁੱਝ ਵੇਖ ਸਕਿਆ ਤੇ ਨਾ ਈ ਸੋਚ ਸਕਿਆ। ਮੈਨੂੰ ਆਪਣੇ ਪੈਰਾਂ ਹੇਠੋਂ ਜ਼ਮੀਨ ਖਿਸਕਦੀ ਜਾਪੀ ਤੇ ਮੈਂ ਹੇਠਾਂ ਈ ਹੇਠਾਂ ਡਿੱਗਦਾ ਜਾ ਰਹਿਆ ਸਾਂ।

ਉਹਦਾ ਕੋਈ ਨਹੀਂ ਸੀ। ਨਾ ਈ ਕਿਸੇ ਨੂੰ ਪਤਾ ਲੱਗਾ ਕਿ ਮਰਿਆ ਕੌਣ ਏ? ਪੂਰੇ ਸ਼ਹਿਰ ਵਿਚ ਛੜਾ ਮੈਂ ਈ ਉਹਦਾ ਯਾਰ ਸਾਂ। ਮੈਂ ਸੋਚੀਂ ਪੈ ਗਿਆ, ਕੀਹ ਕਰਾਂ? ਉਹਦੀ ਲਾਸ਼ ਨੂੰ ਬੰਨੇ ਲਾਉਣ ਦੀ ਜ਼ਿੰਮੇਵਾਰੀ ਮੇਰੀ ਸੀ। ਮੈਂ ਓਸ ਦੀ ਲੋਥ ਨੂੰ ਕਿਸੇ ਬੰਨੇ ਲਾ ਸਕਾਂ, ਇਹ ਮੇਰੇ ਲਈ ਮੁਮਕਿਨ ਨਹੀਂ ਸੀ।

ਅਸੀਂ ਦੋਵੇਂ ਕਰਾਚੀ ਵਿਚ ਬਰਨਸ ਰੋਡ ਤੇ ਰਹਿੰਦੇ ਸਾਂ। ਸਕੂਲੇ ਇਕੱਠੇ ਈ ਪੜ੍ਹੇ ਤੇ ਖੇਡੇ ਉਮਰ ਉਹੀਓ ਸੀ ਸੁਫ਼ਨੇ ਤੱਕਣ ਵਾਲੀ ਮਤਲਬ ਸੋਲਾਂ ਜਾਂ ਉਹਦੇ ਅੜ ਗੇੜ। ਕਦੇ ਰ ਕੇ ਫ਼ਿਲਮਾਂ ਤੱਕਣੀਆਂ, ਕਦੇ ਆਜ਼ਾਦੀ ਜਲੂਸਾਂ ਵਿਚ ਰਲਤਾਂ ਕਰਨੀਆਂ। ਮੈਨੂੰ ਗਾਉ ਦਾ ਤੇ ਉਹਨੂੰ ਕਿਤਾਬਾਂ ਪੜ੍ਹਨ ਦਾ ਠਰਕ ਸੀ ਉਹ ਮੇਰੇ ਘਰੀਂ ਆਉਂਦਾ ਤਾਂ ਮੈਂ ਉਹਨੂੰ ਗਾ ਸੁਣਾਉਂਦਾ। ਤੇ ਜਦ ਮੈਂ ਉਹਦੇ ਘਰ ਜਾਂਦਾ ਉਹ ਮੈਨੂੰ ਸ਼ਾਹ ਭਟਾਈ ਦੀ ਸ਼ਾਇਰੀ, ਉਰ ਤਰਜਮੇ ਨਾਲ ਸੁਣਾਉਂਦਾ। ਮੈਨੂੰ ਉਰਦੂ ਚੰ ਲਗਦੀ ਸੀ ਤੇ ਮੈਂ ਹਮੇਸ਼ਾ ਉਹਨੂੰ ਸ਼ਾਹ ਲਤੀਫ਼ ਕਲਾਮ ਦਾ ਉਰਦੂ ਤਰਜਮਾ ਸੁਣਾਉਣ ਤੇ ਦਿੰਦਾ। ਉਹ ਨਿੰਮ੍ਹਾ ਨਿੰਮ੍ਹਾ ਮੁਸਕਾਉਂਦਿ ਕਹਿੰਦਾ "ਜਿਹੜਾ ਸਿੰਧੀ, ਲਤੀਫ਼ ਸਾਈਂ ਸਿੰਧੀ ਵਿਚ ਨਹੀਂ ਪੜ੍ਹਦਾ (ਸੁਣਦਾ) , ਮੈਂ ਉ

Academy of the Punjab in North America: http://www.apnaorg.com

ਸਿੰਧੀ ਮਨਨ ਤੋਂ ਇਨਕਾਰੀ ਆਂ"।ਜਦ ਕਦੇ ਉਹਨੂੰ ਜਾਂ ਮੈਨੂੰ ਘਰੋਂ ਚੋਖੇ ਪੈਸੇ ਮੰਨਣ , ਅਸਾਂ ਦੋਹਾਂ ਰਲ ਕੇ ਫ਼ਰੀਅਰ ਹੋਟਲ ਤੇ ਜਾ ਕੇ ਰੱਜ ਮਾਰਨਾ।

ਇਕ ਦਿਹਾੜੇ ਓਸ ਹੋਟਲ ਤੋਂ ਰੋਟੀ ਨਾ ਖਾਧੀ। ਮੈਂ ਪੁੱਛਿਆ

"ਭਾਅ ਜੀ ਕੀਹ ਗੱਲ ਏ "?

ਕਹਿਣ ਲੱਗਾ

"ਅੱਜ ਮਾਤਮ ਦਾ ਦਿਨ ਏ"।

"ਉਹ ਕਿਵੇਂ? ਮਾਤਮ ਦਿਹਾੜਾ ਕਿਉਂ ਆ ਬਈ ?"

"ਅੱਜ ਦੇ ਦਿਹਾੜੇ ਅੰਗਰੇਜ਼ਾਂ ਹੀਮੂੰ ਕਾਲਾਨੀ ਨੂੰ ਫਾਹੇ ਲਾਇਆ ਸੀ"।

ਮੇਰੇ ਮੂਹਰੇ ਇਹ ਸਵਾਲ ਸੀ ਕਿ ਮੈਂ ਰੋਟੀ ਖਾਵਾਂ ਜਾਂ ਨਾ ਖਾਵਾਂ, ਕਿਉਂ ਜੋ ਇਕ ਬੇਲੀ ਰੋਟੀ ਨਾ ਖਾਵੇ ਤਾਂ ਦੂਜੇ ਦੇ ਸੀਘੋਂ ਬੁਰਕੀ ਨਹੀਂ ਲੱਥਦੀ। ਇਸ ਲਈ ਮੈਂ ਕੋਈ ਪੱਜ ਲੱਭਣ ਲੱਗ ਪਿਆ, ਤਾਂ ਜੋ ਉਹਨੂੰ ਰੋਟੀ ਖਾਵਣ ਕੀਤੇ ਮਨਾ ਲਵਾਂ।

ਮੈਂ ਆਖਿਆ "ਰਾਮ ਦੀਨ! ਪਰ ਤੂੰ ਤਾਂ ਮੁਸਲਮਾਨ ਏਂ?"।

"ਧਰਤੀ ਮੇਰਾ ਦੀਨ ਏ"...। ਉਹਨੇ ਲੰਮਾ ਸਾਹ ਭਰਦਿਆਂ ਆਖਿਆ "ਇਸ ਧਰਤੀ ਦੇ ਵਸਨੀਕ ਪਹਿਲਾਂ ਸਿੰਧੀ ਨੇ ਤੇ ਫਿਰ ਬਾਅਦ ਵਿਚ ਹਿੰਦੂ ਜਾਂ ਮੁਸਲਮਾਨ"।

ਮੈਂ ਫਿਰ ਕੋਈ ਹੋਰ ਪੱਜ ਪਾਉਣ ਦਾ ਸੋਚਣ ਲੱਗ ਪਿਆ।

"ਸੱਜਣਾ, ਹੀਮੂੰ ਕਾਲਾਨੀ ਤਾਂ ਸ਼ਹੀਦ ਹੋਇਆ ਏ, ਸ਼ਹੀਦਾਂ ਉੱਤੇ ਤਾਂ ਮਾਣ ਕਰੀ ਦਾ ਏ ਮਾਤਮ ਨਹੀਂ"।

ਉਹ ਮੁਸਕਾਇਆ ਤੇ ਨਾਲ ਈ ਉਹਦੀਆਂ ਅੱਖਾਂ ਵਿਚ ਪਾਣੀ ਭਰੀਜ ਗਿਆ।

ਕਹਿਣ ਲੱਗਾ। "ਤੂੰ ਸਚ ਪਿਆ ਆਹਨਾ ਏਂ। ਮੈਂ ਆਪਣੇ ਫ਼ੈਸਲੇ ਤੇ ਕਾਇਮ ਆਂ। ਹੀਮੂੰ ਦੀ ਸ਼ਹਾਦਤ ਨੂੰ ਮੇਰੇ ਅੱਥਰੂਆਂ ਦੀ ਲੋੜ ਏ"।

ਓਸ ਵੇਲੇ ਅਸੀਂ ਇਹ ਨਹੀਂ ਸਾਂ ਸੋਚਦੇ ਕਿ ਕਿਹੜਾ ਹਿੰਦੂ ਤੇ ਕਿਹੜਾ ਮੁਸਲਮਾਨ ਏ। ਇਹ ਵੱਡਿਆਂ ਦੇ ਮਸਲੇ ਸਨ ਤੇ ਅਸੀਂ ਸਾਂ ਨਿੱਕੇ।

ਹੋਟਲ ਵਿਚ ਮੈਂ ਜ਼ਿਦੇ ਪੈ ਗਿਆ, ਬਈ ਉਹ ਰੋਟੀ ਖਾਵੇਗਾ ਤਾਂ ਮੈਂ ਖਾਵਾਂਗਾ ।

ਮੈਂ ਦੋਵੇਂ ਬਾਂਹਵਾਂ ਟੇਬਲ ਤੇ ਧਰ ਕੇ ਬਾਹਰ ਤੱਕਣ ਲੱਗ ਪਿਆ।

ਰਾਮ ਕਹਿਣ ਲੱਗਾ "ਮੋਹਨ ਤੂੰ ਰੋਟੀ ਖਾ ਲੈ , ਤੈਨੂੰ ਭਗਵਾਨ ਦੀ ਸੌਂਹ"।

"ਮੈਂ ਕਿਸੇ ਭਗਵਾਨ ਨੂੰ ਨਹੀਂ ਮੰਨ ਦਾ।" ਤੇ ਮੁੜ ਮੈਂ ਉਹਦੇ ਮੁੱਖ ਤੇ ਖਿੰਡੀ ਡੂੰਘੀ ਉਦਾਸੀ ਤੱਕ ਕੇ ਆਖਿਆ" ਤੂੰ ਈ ਮੇਰਾ ਦੀਨ, ਤੂੰ ਈ ਮੇਰਾ ਰਾਮ, ਤੂੰ ਈ ਮੇਰਾ ਭਗਵਾਨ ਏਂ। ਜਿਵੇਂ ਤੂੰ ਚਾਹਵੇਂ"।

ਕੁੱਝ ਵਰ੍ਹਿਆਂ ਪਿੱਛੋਂ ਹੋਇਆ ਇਹ ਕਿ ਮੈਂ ਉਹਦੇ ਵੱਲ ਬਹੁਤਾ ਧਿਆਨ ਨਾ ਦਿੱਤਾ, ਛੜਾ ਆਪਨੇ ਈ ਧਿਆਨੇ ਰਹਿਆ । ਅਸੀਂ ਥੋੜੇ ਵੱਡੇ ਹੋ ਗਏ ਸਾਂ। ਸਾਡੇ ਜੁੱਸੇ ਥੋੜੇ ਭਰੀਜ ਗਏ। ਕਾਲਜੋਂ ਡਿਗਰੀਆਂ ਲੈ ਕੇ ਬਾਹਰ ਨਿਕਲੇ ਤਾਂ ਪਤਾ ਲੱਗਾ ਬਈ ਹੁਣ ਕੋਈ ਪਾਕਿਸਤਾਨ ਵਾਲਾ ਰੋਲ਼ਾ ਚੱਲ ਰਹਿਆ ਏ। ਸਿੰਧੀ, ਹਿੰਦੂ ਤੇ ਮੁਸਲਮਾਨ ਹੋ ਗਏ ਨੇਂ। ਜਿਹੜੇ ਹਿੰਦੂ ਹੋ ਗਏ ਨੇਂ, ਉਹਨਾਂ ਆਖਣਾ ਸ਼ੁਰੂ ਕਰ ਦਿੱਤਾ ਏ "ਚਲੋ ਹਿੰਦੁਸਤਾਨ ਚਲੋ , ਚਲੋ ਹਿੰਦੁਸਤਾਨ ਚਲੋ " ।

ਇਕ ਦਿਹਾੜੇ ਕਰਾਚੀ ਫ਼ਸਾਦ ਫੁਟ ਪਏ। ਰਾਮ ਦੀਨ ਸਾਈਕਲ ਲੈ ਕੇ ਸਾਡੇ ਘਰੀਂ ਅਪੜਿਆ। ਉਹਨੇ ਆਪਣੇ ਨਾਲ ਇਕ ਹਾਕੀ ਵੀ ਲਿਆਂਦੀ ਹੋਈ ਸੀ। ਕਹਿਣ ਲੱਗਾ" ਇਹਨਾਂ

Academy of the Punjab in North America: http://www.apnaorg.com

ਵੈਰੀ ਮੁਹਾਜਰਾਂ ਨੂੰ ਪਹਿਲਾਂ ਮੇਰੀ ਲਾਸ਼ ਸੋਂ ਲੰਘਣਾ ਪੌਸੀ''।

ਮੇਰੀ ਮਾਂ ਕਹਿਣ ਲੱਗੀ ''ਰਾਮ ਦੀਨ ਤੂੰ ਮਾਪਿਆਂ ਦਾ ਕੱਲਾ ਕੱਲਾ ਪੁੱਤ ਏਂ ਜਾ ਸ਼ਾਵਾਸ਼ੇ ਪਰਤ ਜਾ ਘਰ ਨੂੰ''।

''ਅੰਮਾਂ ਮੈਂ ਨਿੱਕਾ ਹੋ ਕੇ ਵੱਡੇ ਬੋਲ ਬੋਲਦਾ ਆਂ'' ਰਾਮ ਦੀਨ ਆਖਿਆ ''ਇਸ ਧਰਤੀ ਤੇ ਅਜ਼ੀਮ ਸ਼ੈ ਹੈ ਜਿਹਨੂੰ ਮੈਂ ਬਚਾਉਣਾ ਲੋੜਦਾ ਹਾਂ''।

ਫ਼ਸਾਦੀਏ ਖ਼ਬਰੇ ਕਿਧਰ ਨੂੰ ਟੁਰ ਗਏ। ਰੱਬੋਂ ਉਹਨਾਂ ਸਾਡੇ ਵੱਲ ਮੂੰਹ ਨਾ ਕੀਤਾ। ਸ਼ਹਿਰ ਵਿਚ ਕਰਫ਼ੀਊ ਲੱਗ ਗਿਆ। 'ਸ਼ੂਟ ਐਟ ਸਾਈਟ' ਦੇ ਆਰਡਰ ਹੋ ਗਏ। ਇਹ ਹੁਕਮ ਢਿੱਲੇ ਪਏ ਤੇ ਹਿੰਦੂਆਂ ਦੇ ਕਾਫ਼ਲੇ ਹਿੰਦੁਸਤਾਨ ਜਾਣ ਲੱਗ ਪਏ। ਅਸਾਂ ਵੀ ਨਿਕ ਸੁੱਕ ਚਾਇਆ ਤੇ ਕਰਾਚੀ ਬੰਦਰਗਾਹ ਵਲ ਟੁਰ ਪਏ।

ਜਦ ਬੰਦਰਗਾਹ ਅੱਪੜਿਆ ਤਾਂ ਕੀਹ ਵੇਖਦਾਂ ਕਿ ਰਾਮ ਦੀਨ ਸਾਹਿਬ ਬੈਗ ਚੁੱਕੀ ਖੜੇ ਨੇਂ।

''ਰਾਮ ਦੀਨ ਤੂੰ ਕਿੱਧਰ''। ਮੈਂ ਹੈਰਤ ਨਾਲ ਪੁੱਛਿਆ।

''ਮੈਂ ਵੀ ਹਿੰਦੁਸਤਾਨ ਚਲਸਾਂ''।

''ਪਰ ਤੂੰ ਤਾਂ ਮੁਸਲਮਾਨ ਏਂ''।

''ਹਾਂ, ਮੈਂ ਮੁਸਲਮਾਨ ਹਾਂ, ਸੱਚਾ ਮੁਸਲਮਾਨ। ਇਸਲਾਮ ਹੱਕ ਦੀ ਗੱਲ ਕਰਦਾ ਏ ਤੇ ਹੱਕ ਦੀ ਗੱਲ ਇਹ ਵੇ ਕਿ ਸਿੰਧ ਦੇ ਮਾਲਿਕ, ਓਸ ਦੇ ਅਸਲ ਵਾਸੀ ਤੇ ਇਹਨੂੰ ਬਣਾਉਣ ਜੋੜਨ ਵਾਲ਼ੇ ਸਿੰਧੀ ਨੇਂ ਜਿਨ੍ਹਾਂ ਨੂੰ ਹਿੰਦੂ ਬਣਾ ਕੇ ਦੇਸ ਨਿਕਾਲ਼ਾ ਦਿੱਤਾ ਜਾ ਰਹਿਆ ਏ। ਮੈਂ ਇਹਦੇ ਇਹਤਜਾਜ ਵਿਚ ਇਸ ਮੁਲਕ ਵਿਚ ਨਾ ਰਹਸਾਂ ਅਤੇ ਪਨਾਹਗੀਰ ਬਣ ਕੇ ਤੁਹਾਡੇ ਨਾਲ ਚਲਸਾਂ''।

''ਤੇ ਤੇਰੇ ਬੁਢੜੇ ਮਾਪੇ?''

''ਉਹਨਾਂ ਲਈ ਹਕੂਮਤ ਪਾਕਿਸਤਾਨ ਹੈ ਏ''।

ਮੈਂ ਸਖ਼ਤੀ ਨਾਲ ਆਖਿਆ। '' ਸੁਣ, ਤੂੰ ਹਿੰਦੁਸਤਾਨ ਨਹੀਂ ਚੱਲੇਂ ਗਾ। ਜੇ ਤੂੰ ਗਿਆ ਤਾਂ ਮੈਂ ਨਹੀਂ ਜਾਣਾ। ਮੈਂ ਅੰਮਾਂ ਤੇ ਬਾਬੇ ਕੋਲ ਰਹਵਾਂ ਗਾ। ਮੈਂ ਮਰ ਜਾਵਾਂਗਾ ਪਰ ਆਪਣੀ ਧਰਤੀ ਤੋਂ ਪੈਰ ਨਹੀਂ ਹਟਾਵਾਂਗਾ। ਮਰਣ ਲਈ ਮੈਨੂੰ ਵੀ ਕੋਈ ਸਬੱਬ ਲੱਭ ਸਕਦਾ ਏ''।

ਮਰਣ ਦਾ ਲਫ਼ਜ਼ ਸੁਣ ਕੇ ਓਸ ਆਪਣਾ ਹੱਥ ਮੇਰੇ ਮੂੰਹ ਉੱਤੇ ਧਰ ਦਿੱਤਾ, ਕੁੱਝ ਨਾ ਬੋਲਿਆ, ਉਹਦੀਆਂ ਅੱਖਾਂ ਸਿੱਲ੍ਹੀਆਂ ਹੋ ਗਈਆਂ ਪਰ ਉਹ ਰੋਇਆ ਨਾ। ਬੈਗ ਮੋਢੇ ਧਰ ਕੇ ਪਰਤ ਗਿਆ। ਨਾ ਖਲੋਤਾ। ਨਾ ਪਰਤ ਕੇ ਮੈਨੂੰ ਤੱਕਿਆ।

ਮੈਂ ਸੰਗਾਂ ਸਾਕਾਂ ਸਣੇ ਜਹਾਜ਼ੇ ਚੜ੍ਹ ਗਿਆ। ਜਹਾਜ਼ ਸਹਿਜੇ ਸਹਿਜੇ ਤੁਰਨ ਲੱਗਾ ਤੇ ਅਸੀਂ ਆਪਣੀ ਧਰਤੀ ਤੋਂ ਦੂਰਾਡੇ ਹੋਣ ਲੱਗ ਪਏ। ਜਹਾਜ਼ ਵਿਚ ਖਲੋਤੇ ਬੰਦੇ ਪੱਤਣ ਵੱਲ ਤੱਕਦੇ ਇੰਜ ਲੱਗ ਰਹੇ ਸਨ ਜਿਉਂ ਕਿਸੇ ਫ਼ਰੇਮ ਵਿਚ ਮੜ੍ਹੀਆਂ ਤਸਵੀਰਾਂ ਹੋਣ। ਉਹਨਾਂ ਵਿਚ ਕੋਈ ਹਿੱਲ ਜੁੱਲ, ਕੋਈ ਹਰਕਤ ਨਹੀਂ ਸੀ। ਇੰਜ ਜਾਪਦਾ ਸੀ ਕਿ ਉਹ ਆਪਣੀਆਂ ਲਾਸ਼ਾਂ ਆਪਣੇ ਮੋਢੇ ਤੇ ਢੋ ਰਹੇ ਹੋਣ। ਖ਼ਬਰੇ ਕਈ ਚੁਪ ਚੁਪੀਤਾ ਰੋਏ ਵੀ ਹੋਣ। ਓਸ ਦਿਹਾੜੇ ਸਮੁੰਦਰ ਵਿਚ ਪਾਣੀ ਪਹਿਲਾਂ ਨਾਲੋਂ ਵਧ ਜਾਪਿਆ। ਮੈਨੂੰ ਉਹਦਾ ਰੰਗ ਨੀਲਾ ਘੱਟ ਤੇ ਸੂਹਾ ਬਹੁਤਾ ਨਜ਼ਰੀਂ ਆਇਆ। ਜਾਂ ਸ਼ਾਇਦ ਮੇਰੀਆਂ ਅੱਖਾਂ ਈ ਸੂਹੀਆਂ ਹੋਈਆਂ ਹੋਈਆਂ ਸਣ। ਇਸ ਲਈ ਸਮੁੰਦਰ ਵਿਚ ਤਾਜ਼ੀ ਰੱਤ ਦੇ ਵਗਦੇ ਦਰਿਆ ਦਾ ਵਹਿਮ ਜਿਹਾ ਜਾਗਿਆ।

Academy of the Punjab in North America: http://www.apnaorg.com

ਤੇ ਮੁੜ ਵਤਨ ਦਾ ਕਿਨਾਰਾ ਦੂਰਾਡਾ ਹੁੰਦਾ ਹੁੰਦਾ ਅੱਖੋਂ ਓਹਲੇ ਹੋ ਗਿਆ। ਹੁਣ ਥੱਲੇ ਪਾਣੀ ਉੱਤੇ ਅਸਮਾਨ ਤੇ ਵਿਚਾਲੇ ਜਿਉਂਦੀਆਂ ਲਾਸ਼ਾਂ ਭਰਿਆ ਜਹਾਜ਼ ਸੀ।

ਮੇਰੀਆਂ ਅੱਖਾਂ ਦਿਆਂ ਕੋਇਆਂ ਵਿਚ ਕੁੱਝ ਪਾਣੀ ਵਤਨ ਤੋਂ ਦੂਰ ਹੋਣ ਤੇ ਰਾਮ ਦੀਨ ਤੋਂ ਵਿੱਛੜਨ ਦੇ ਹਿਰਖ ਨਾਲ਼ ਇਕੱਠਾ ਹੋਣਾ ਸ਼ੁਰੂ ਹੋ ਗਿਆ। ਪਰ ਉਹ ਜੀਵਨ ਜੋਗਾ ਤਾਂ ਮੇਰੇ ਸੱਜੇ ਪਾਸੇ ਖਲੋਤਾ ਮੁਸਕਾ ਰਹਿਆ ਸੀ।

ਰਾਮ ਦੀਨ ਰਾਤੀਂ ਮਰ ਗਿਆ। ਉਹਨੇ ਕਦੇ ਕਿਸੇ ਨੂੰ ਨਹੀਂ ਸੀ ਦੱਸਿਆ ਕਿ ਉਹ ਮੁਸਲਮਾਨ ਏ ਤੇ ਕਿਸ ਕਾਰਣ ਹਿੰਦੁਸਤਾਨ ਆਇਆ ਸੀ। ਚਾਲ੍ਹੀ ਕੂ ਵਰ੍ਹੇ ਹੋਏ ਹੋਸਣ। ਵਰ੍ਹਿਆਂ ਨਾਲ਼ ਕੋਈ ਫ਼ਰਕ ਨਹੀਂ ਪੈਂਦਾ, ਫ਼ਰਕ ਨਜ਼ਰਾਂ ਦਾ ਹੁੰਦਾ ਏ।

ਉਹਨੇ ਰਫ਼ੀਊਜੀ ਸਰਟੀਫ਼ੀਕੇਟ ਉੱਤੇ, ਫਿਰ ਰਾਸ਼ਨ ਕਾਰਡ ਉੱਤੇ ਆਪਣਾ ਨਾਂ ਰਾਮ ਦੀਨ ਚੰਦ ਸਿੰਧਾਨੀ ਲਿਖਵਾਇਆ ਸੀ।

ਸਾਨੂੰ ਦੋਹਾਂ ਨੂੰ ਵੱਖ ਵੱਖ ਗਲੀਆਂ ਵਿਚ ਬਲਾਕ ਮਿਲ਼ੇ।

ਮੇਰੀ ਕੁੜਮਾਈ ਹੋਈ ਤਾਂ ਮੈਂ ਉਹਦੇ ਮੂਹਰੇ ਵਿਆਹ ਦਾ ਸਵਾਲ ਚਾ ਧਰਿਆ।

ਵਿਆਹ ਦੇ ਸਵਾਲ ਤੇ ਉਹ ਆਖਣ ਲੱਗਾ "ਵਿਆਹ ਕਰ ਲਿਆ ਤਾਂ ਅੰਗ ਸਾਕ ਸਮਝਣ ਗੇ ਕਿਸੇ ਹਿੰਦੂ ਕੁੜੀ ਦੇ ਇਸ਼ਕ ਵਿਚ ਹਿੰਦੁਸਤਾਨ ਆਇਆਂ"।

ਮੈਂ ਕਿਹਾ "ਪਰ ਇਹ ਸਚ ਤਾਂ ਨਹੀਂ ਨਾ!"

ਉਹ ਮੁਸਕਾਇਆ। ਇਹਦਾ ਮਤਲਬ ਜਦ ਉਹ ਮੁਸਕਾਵੇ ਤਾਂ ਸਮਝੋ ਬਹਿਸ ਦੀ ਅਖ਼ੀਰ।

ਉਹਨੇ ਇਕ ਵੇਲ਼ੇ ਵਿਚ ਤ੍ਰੈਅ ਕੰਮ ਕੀਤੇ। ਕਮਾਈ ਲਈ ਹੋਮੀਓ ਪੈਥਿਕ ਦੀ ਦੁਕਾਨ ਖੋਲੀ। ਤੇ ਨਾਲ਼ੇ ਇਕ ਲਾਇਬਰੇਰੀ ਖੋਲੀ ਤਾਂ ਜੇ ਲੋਕੀ ਕਿਤਾਬਾਂ ਨਾਲ਼ ਦੋਸਤੀ ਰੱਖਣ ਤੇ ਸਿੰਧੀ ਤਹਿਰੀਕ ਵਿਚ ਵੀ ਹਿੱਸਾ ਲੈਣਾ ਸ਼ੁਰੂ ਕਰਣ। ਸਿੰਧੀਆਂ ਦੇ ਕਲਚਰਲ ਤੇ ਸਿਆਸੀ ਮਸਲੇ ਹੱਲ ਕਰਣ ਲਈ "ਦੁਨੀਆ ਦੇ ਸਿੰਧੀਓ ਇਕ ਹੋ ਜਾਉ" ਦਾ ਨਾਅਰਾ ਲਾਇਆ। ਉਹ ਕਾਨਫ਼ਰੰਸਾਂ ਤੇ ਸੈਮੀਨਾਰਾਂ ਤੋਂ ਵਾਪਸੀ ਤੇ ਆ ਕੇ ਮੈਨੂੰ ਸਾਰੀਆਂ ਗੱਲਾਂ ਦੱਸਦਾ। ਘਰ ਖ਼ਤ ਪੱਤਰ ਲਿਖਦਾ ਰਹਿਆ ਤੇ ਇਕ ਵਾਰੀ ਤਾਂ ਕਿਸੇ ਦੂਏ ਨਾਂ ਤੇ ਪਾਕਿਸਤਾਨੋਂ ਵੀ ਹੋ ਆਇਆ। ਥੋੜਾ ਚਿਰ ਈ ਹੋਇਆ ਏ ਉਹਦੇ ਮਾਪੇ ਵੀ ਪੂਰੇ ਹੋ ਗਏ। ਹੌਲ਼ੀ ਹੌਲ਼ੀ ਉਹਦਾ ਕੁਬ ਵੀ ਨਿਕਲ਼ਦਾ ਆਉਂਦਾ ਸੀ।

ਮੇਰੇ ਲਈ ਇਹ ਸਵਾਲ ਕਿ ਮੈਂ ਹੁਣ ਉਹਦੀ ਲਾਸ਼ ਦਾ ਕੀਹ ਕਰਾਂ। ਸਾਰਾ ਸ਼ਹਿਰ ਉਹਨੂੰ ਇਕ ਹਿੰਦੂ ਦੇ ਤੌਰ ਤੇ ਜਾਣਦਾ ਏ। ਛੜਾ ਮੈਨੂੰ ਪਤਾ ਏ ਕਿ ਉਹ ਇਕ ਮੁਸਲਮਾਨ ਸੀ। ਉਲਹਾਸ ਨਗਰ ਵਿਚ ਤਾਂ ਕੋਈ ਕਬਰਸਤਾਨ ਵੀ ਨਹੀਂ, ਜੇ ਹੈ ਤਾਂ ਉਹ ਕਲਿਆਣ ਵਿਚ ਹੈ। ਪਰ ਉਥੇ ਜਾਣ ਲਈ ਵੀ ਚਾਰ ਬੰਦਿਆਂ ਦੀ ਲੋੜ ਏ। ਉਹਨਾਂ ਸਾਰਿਆਂ ਪੁੱਛਣਾ ਏ ਬਈ ਇਹ ਤਾਂ ਹਿੰਦੂ ਏ, ਇਹਨੂੰ ਪੂਰਨ ਕਾਹਤੋਂ ਡਿਹਾ ਏਂ?

ਜੇਕਰ ਮੈਂ ਇਹਨੂੰ ਕਬਰੇ ਨਾ ਪੂਰਿਆ ਤਾਂ ਇਹ ਯਾਰੀ ਨੂੰ ਲੀਕ ਵਾਲੀ ਗੱਲ ਏ। ਇਸ ਗੱਲ ਦਾ ਭਾਰ ਮੈਥੋਂ ਨਹੀਂ ਚੁੱਕਿਆ ਜਾਣਾ। ਜੇ ਮੈਂ ਲੋਕਾਂ ਨੂੰ ਦੱਸ ਦਿੱਤਾ ਬਈ ਇਹ ਮੁਸਲਮਾਨ ਸੀ, ਤਾਂ ਲੋਕਾਂ ਆਖਣਾ ਬਈ ਜੇ ਇਹ ਮੁਸਲਮਾਨ ਸੀ ਤਾਂ ਇਹਨੂੰ ਆਪਣਾ ਧਰਮ ਲੁਕਾਉਣ ਦੀ ਕੀਹ ਲੋੜ ਸੀ? ਕੋਈ ਵੀ ਮੇਰੇ ਤੇ ਵਿਸ਼ਵਾਸ ਨਹੀਂ ਕਰੇਗਾ ਕਿ ਉਹ ਸਿਰਫ਼ ਇਕ ਸਿੰਧੀ ਸੀ, ਨਾ ਹਿੰਦੂ ਨਾ ਮੁਸਲਮਾਨ। ਜਿਹੜਾ ਆਪਣੀ ਧਰਤੀ ਨੂੰ ਮੁਸਲਮਾਨ ਹੁੰਦਿਆਂ ਵੇਖ ਕੇ ਇਹ ਸੋਚ ਕੇ

Academy of the Punjab in North America: http://www.apnaorg.com

ਛੱਡ ਆਇਆ ਜੋ ਮੈਂ ਆਪਣੇ ਹਮ ਵਤਨਾਂ ਸੰਗ ਜਲਾਵਤਨੀ ਦਾ ਦਰਦ ਭੋਗਾਂਗਾ । ਕਿਸੇ ਨੂੰ ਸੂਹ ਵੀ ਨਹੀਂ ਲੱਗਣ ਦਿਆਂਗਾ ਕਿ ਮੈਂ ਕਿਹੜੀ ਗੱਲੋ ਆਪਣੀ ਧਰਤੀ, ਆਪਣਾ ਟੱਬਰ ਤੇ ਅੰਗ ਸਾਕ ਛੱਡ ਕੇ ਏਥੇ ਆਇਆਂ ।

ਮੈਨੂੰ ਕੋਈ ਹੱਕ ਨਹੀਂ ਕਿ ਮੈਂ ਉਹਨੂੰ ਇਕ ਮੁਸਲਮਾਨ ਸਾਬਤ ਕਰਾਂ। ਖ਼ਬਰੇ ਲੋਕ ਇਹ ਨਾ ਆਖਣ, ਬਈ ਰਾਮ ਦੀਨ ਪਾਕਿਸਤਾਨੀ ਜਾਸੂਸ ਏ। ਜਾਂ ਇੰਜ ਦੀ ਕੋਈ ਗੱਲ ਆਖਣ ਜਿਹੜੀ ਮੈਨੂੰ ਚੰਗੀ ਨਾ ਲੱਗੇ। ਮੈਥੋਂ ਤਾਂ ਉਹਦਾ ਮਰਣ ਵੀ ਜਰ ਨਹੀਂ ਹੁੰਦਾ, ਲੋਕਾਂ ਦੀਆਂ ਗੱਲਾਂ ਕਿਵੇਂ ਜਰਾਂਗਾ।

ਮਰਨੋਂ ਬਾਅਦ ਕਿਸੇ ਨੂੰ ਪੂਰਿਆ ਜਾਵੇ ਜਾਂ ਸਾੜਿਆ ਜਾਵੇ ਇਹਦੇ ਨਾਲ਼ ਮਰਣ ਵਾਲ਼ੇ ਨੂੰ ਕੋਈ ਫ਼ਰਕ ਨਹੀਂ ਪੈਂਦਾ ਪਰ ਜਿਉਂਦੀਆਂ ਨੂੰ ਤਾਂ ਰਸਮਾਂ ਨਿਭਾਉਣੀਆਂ ਈ ਪੇਂਦੀਆਂ ਨੇ।

ਮੈਂ ਕੀਹ ਕਰਾਂ?

ਮੈਂ ਆਪਣੇ ਲੱਕ ਤੇ ਹੱਥ ਧਰ ਕੇ ਉਠਦਾਂ ਤੇ ਰਾਮ ਦੀਨ ਵਲ ਟੁਰ ਪੈਂਨਾਂ।

ਟੁਰਦਿਆਂ ਟੁਰਦਿਆਂ ਮਨ ਈ ਮਨ ਵਿਚ ਮਿੱਥ ਲਿਆ, ਕਿ ਮੈਂ ਰਾਮ ਦੀਨ ਨੂੰ ਕਬਰੇ ਨਹੀਂ ਪੂਰਨਾ। ਉਹਦੀ ਚਿਤਾ ਨੂੰ ਮਸਾਨ ਵਿਚ ਸਾੜ ਦਿਆਂਗਾ। ਇਹ ਗੱਲ ਮੈਂ ਜਾਣਦਾ ਹਾਂ ਕਿ ਮੈਂ ਆਪਣੇ ਦੋਸਤ ਨਾਲ਼ ਤੇ ਉਹਦੇ ਦੀਨ ਨਾਲ਼ ਧੱਕਾ ਪਿਆ ਕਰਨਾਂ। ਪਰ ਮੈਂ ਇਸ ਧਰੋਹ ਦਾ ਉਪਾਅ ਕਰਨ ਲਈ ਵਸੀਅਤ ਕਰਕੇ ਮਰਾਂਗਾ ਕਿ " ਮੇਰੇ ਮਰਨ ਪਿੱਛੋਂ ਮੈਨੂੰ ਸ਼ਮਸ਼ਾਨ ਭੂਮੀ ਵਿਚ ਨਾ ਸਾੜਿਆ ਜਾਵੇ, ਕਬਰੇ ਪੂਰ ਦਿੱਤਾ ਜਾਵੇ "।

Academy of the Punjab in North America: http://www.apnaorg.com

ਕਹਾਣੀ

ਬ.ਗੀਚੀ ਭੂਤਨਿਆਂ

ਸ. ਸੋਜ਼ (ਪ੍ਰੋ.)

ਸ਼ਹਿਰ ਪਟਿਆਲਾ ਬਾਗ਼ਾਂ-ਬਗੀਚੀਆਂ ਦਾ ਸ਼ਹਿਰ ਏ, ਤੁਸੀਂ ਜਾਣਦੇ ਈ ਹੋ। ਕਿਸੇ ਵੱਡੇ ਸਰਦਾਰ ਕੇਰਾਂ ਜੇ ਕੋਈ ਵੱਡੀ ਸ਼ੈਅ ਬੜੀ ਸਰਕਾਰ ਦੇ ਨਜ਼ਰ ਕਰ ਦਿਤੀ, ਵੱਡਾ ਬਾਗ਼ ਇਨਾਇਤ ਹੋ ਗਿਆ। ਨਹੀਂ ਤੇ ਫੇਰ ਬਗ਼ੀਚੀ ਹੀ ਸਹੀ। ਹੋ ਗਿਆ ਨਾ ਸ਼ਹਿਰ ਸਾਰਾ ਬਾਗ਼ਾਂ ਬਗੀਚੀਆਂ ਵਾਲਾ?

ਫੇਰ ਤਾਏ ਚੇਤੂ ਨੇ ਤੇ ਬਗ਼ੀਚੀ 'ਚ ਹੀ ਚਾਰ ਕੰਧਾਂ ਵਲ ਕੇ ਛਤ ਲਈਆਂ ਨੇ।

ਸ਼ਾਮੀਂ ਅੰਨ੍ਹੇ ਲੈਂਪ ਦੀ ਰੌਸ਼ਨੀ 'ਚ ਚਿਬ-ਖੜਿਬੇ ਬੁੜ੍ਹੇ ਇਕ ਇਕ ਕਰ ਬਗ਼ੀਚੀਉਂ ਬਾਹਰ ਨਿਕਲਦੇ ਨੇ। ਕਿਸੇ ਦਾ ਸਗਲਾ ਕਰੰਗ ਕਾਗਾਂ ਦਾ ਢੰਡੋਲਿਆ ਹੋਇਆ। ਕੋਈ ਲੱਤਾਂ ਚੌੜੀਆਂ ਕਰ ਐਂਜ ਤੁਰਦਾ, ਜਿਉਂ ਸਰਕਸ ਦਾ ਜੋਕਰ ਹੋਏ। ਕੋਈ ਹੋਰ ਪੋਪਲੇ ਮੂੰਹ ਵਾਲਾ ਭੱਫ਼ ਭੱਫ਼ ਕਰਦਾ। ਕਿਸੇ ਦਾ ਖੋਪੜ, ਰੜੇ ਮਦਾਨ ਮੂਜ਼ੀ ਮਾਰਿਆ।

ਏਹਨਾਂ ਭੂਤਨਿਆਂ 'ਚ ਇਕ ਗਿਠਮੁਠੀਆ ਵੀ ਹੋਂਦਾ ਜੇ। "ਪਤੰਦਰੋ, ਬੜੀ ਸਰਕਾਰ ਇਸੇ ਦੇਖ ਲੋਟ-ਪੋਟ ਹੋ ਜਾਵੇ ਥੀ, ਜਣੀ ਕਿ.." । ਸਰਕਾਰ ਨੇ ਏਸ ਦੇ ਬਾਪ ਨੂੰ ਆਖਿਆ ਹੋਇਆ, ਰੋਜ਼ ਆਪਣੇ ਮੋਢੇ ਬਿਠਾਅ ਸਵੇਰੇ ਸਾਡੇ ਦਰਬਾਰ ਥਾਣੀਂ ਬਸ ਇਕ ਗੇੜਾ ਜੇਹਾ ਕਢਵਾ ਜਾਇਆ ਕਰ ਏਸ ਦਰਵੇਸ਼ ਦਾ। ਤੇ ਡਿਓੜ੍ਹੀਬਰਦਾਰ ਥੀਂ ਆਪਣੀ ਅਠਿਆਨੀ ਖਰੀ ਕਰ ਲਿਆ ਕਰੀਂ ।

ਕੁੜੀਆਂ-ਚਿੜੀਆਂ ਹਨੇਰੇ ਸਵੇਰੇ ਏਸ ਬਗ਼ੀਚੀ ਮੂਹਰਿਉਂ ਸਿਰ ਕੱਜ ਕੇ ਲੰਘਦੀਆਂ ਵੜਦੀਆਂ ਨੇ। ਬਗ਼ੀਚੀ ਵਿਚਲੇ ਨਿੰਮ 'ਚੋਂ ਏਹਨਾਂ ਨੂੰ ਕਈ ਵੇਰ ਅਜੀਬ ਅਜੀਬ ਵਾਜਾਂ ਵੀ ਸੁਣੀਂਦੀਆਂ ਨੇ ।

ਤਾਇਆ ਚੇਤੂ ਆਪੂੰ ਇਕ ਅੱਖੋਂ ਰਣਜੀਤ ਸਿੰਘਾ ਜੇ। ਪਰ ਜਦੋਂ ਸ਼ਰਦਾਈ ਪ੍ਰਸ਼ਾਦ ਵਰਤੀਣ ਲਗਦਾ, ਕਾਣੂ ਅਰਦਾਸਾ ਸੋਧਦਾ : ਸੱਚੇ ਪਾਤਸ਼ਾਹ, ਐਸਾ ਨਮਲ ਚੜ੍ਹੇ, ਅੰਨ੍ਹਾ ਕਾਣਾ ਨਜ਼ਰ ਨਾ ਆਵੇ ।

Academy of the Punjab in North America: http://www.apnaorg.com

ਤਾਏ ਦਾ 'ਅਮਲ' ਨੂੰ 'ਨਮਲ' ਕਹਿਣਾ ਕੇਰਾਂ ਤਾਂ ਨਜ਼ਾਰਾ ਲਿਆ ਦੇਂਦਾ।

ਜਨਮਾਂ-ਜਨਮਾਂਤਰਾਂ ਦਾ ਛੜਾ-ਛੜਾਂਗ ਤਾਇਆ ਚੇਤੂ। ਗਪੋੜ-ਲਫੋੜ 'ਕੱਠੇ ਹੋਣ ਤੇ ਤਾਇਆ ਰਿਆਸਤੀ ਨਾ ਹੋਏ ਵਿਚਕਾਰ? ਆਪਣੀ ਬਗੀਚੀ ਬੈਠਾ ਕਦੇ ਤੇ ਸਲੋਤਰ ਸਿੰਘ ਆਪਣੇ ਦੋਹਾਂ ਹਥਾਂ 'ਚ ਘੁਟੀ, ਸ਼ਰਦਾਈ ਘੋਟਦਾ ਦਿਸਦਾ। ਹੁਣ ਵੀ ਛਾਂਦਾ ਛਕੀ ਨਗਰ-ਕੀਰਤਨਾਂ 'ਚ ਗਤਕੇ ਦੇ ਆਹੂ ਲਾਹੀ ਫਿਰਦਾ ਜੇ।

ਕੋਈ ਕੋਈ ਤੇ ਉਸਨੂੰ ਗਤਕੀਆ ਤਾਇਆ ਹੀ ਸੱਦਣ ਲਗ ਪਿਆ ਜੇ। ਪਰ ਅਚਕਨ ਪਾਇਆਂ ਉਹ ਰਿਆਸਤੀ ਤਾਇਆ ਸਦੀਂਦਾ ਹੈ। ਬਹੁਤਿਆਂ ਨੂੰ ਭੁਲੇਖਾ, ਪਈ ਉਸ ਦੀ ਗੋਤ ਹੀ 'ਗਤਕੀਆ' ਏ, ਜਾਂ ਫੇਰ ਰਿਆਸਤੀ। ਨਹੀਂ ਤੇ ਫੇਰ ਬਗ਼ੀਚੀਆ। ਨਿਆਣੇ ਤੇ ਓਸਦਾ ਪਗੋੜ ਤਕ, ਓਸਨੂੰ 'ਭੂਤਨਾ' ਵੀ ਸਦਦੇ।

ਗਪੋੜ, ਲਫੋੜ, ਭੰਗੋੜ, ਸੱਤਾਂ ਕੋਹਾਂ ਦਾ ਵਲਾ ਮਾਰ, ਤਾਏ ਦੀ ਬਗ਼ੀਚੀ ਆਣ ਜੁੜਦੇ।

ਚੋਪੜੀਏ ਗੋਟਾਂ ਵਿਛਾਅ, ਸਾਰੀ ਕਾਇਨਾਤ ਵਿਸਾਰ ਬੈਠਦੇ। ਭੰਗੋੜ ਸੰਝ ਸਵੇਲੇ ਕੂੰਡੀ ਸੋਟੇ ਦੁਆਲੇ ਹੀ ਹੋਈ ਫਿਰਦੇ।

ਪੈਨਸ਼ਨੀਏ ਆਪਣੇ ਆਪਣੇ ਰਿਆਸਤੀ ਵੇਲਿਆਂ ਦੇ ਕਿੱਸੇ ਤਾਸ਼ ਦੀਆਂ ਸਰਾਂ ਬਣਾਂਦਿਆਂ ਨਾਲ ਨਾਲ ਬ੍ਰਾਡਕਾਸਟ ਕਰੀ ਜਾਂਦੇ। ਬੋਲਦੇ ਸਾਰੇ ਹੀ, ਪਤਾ ਨਹੀਂ ਤੇ ਕੌਣ ਸੁਣਦਾ ?

"ਰਿਆਸਤੀ ਸਮਿਆਂ ਮਾ ਹਮ ਜਣੀ ਕਿ ਕਿਸੇ ਰਾਣੀ ਖਾਂ ਕੇ ਸਾਲੇ ਸੇ ਕੰਮ ਨਈਂ ਹੋਵੇ ਥੇ। ਲੱਸੀਖ਼ਾਨੇ ਮਾ ਹੋਵੇ ਥੀ ਅਪਣੀ ਡਿਊਟੀ ਜਣੀ ਕਿ.."।

ਨਿਖਸਮਿਆਂ ਦਾ ਖਸਮ ਤਾਇਆ ਚੇਤੂ। ਵਿਹਲੜ ਸ਼ਾਮੀਂ ਆਣ ਜੁੜਦੇ। ਜਿਉਂ ਤਾਏ ਨੇ ਛਤਰੀ ਲਾਈ ਹੋਏ ਏਹਨਾਂ ਲੋਟਣ ਕਬੂਤਰਾਂ ਜੋਗੀ। ਇਕ ਇਕ ਕਰ ਲੱਥੀ ਜਾਂਦੇ, ਲੱਥੀ ਜਾਂਦੇ ਭੂਤਨੇ। ਕੋਈ ਤਾਂ ਜੇਬ 'ਚੋਂ ਸਤਜੁਗੀ ਤਾਸ਼ ਕਢ ਤਕਾਂਦਾ। ਕੋਈ ਹੋਰ, ਚੋਪੜ ਦੀਆਂ ਗੋਟਾਂ ਆਪਣੀ ਸੂਤਲੀ ਵਾਲੀ ਗੁੱਥੀ ਵਿਚੋਂ ਬਾਹਰ ਬਿਖੇਰਦਾ। ਕੋਈ, ਚੋਪੜ ਦੇ ਚੁਰੱਸਤੇ ਹਾਰ ਬਣੀ ਖ਼ਾਨੇਦਾਰ ਗੁਦੜੀ ਜੇਹੀ ਵਿਛਾ, ਪਿਓ ਵਾਲੀ ਹੱਟੀ ਲਾ ਬੈਠ ਜਾਂਦਾ। ਨਰੈਣਾ ਚੱਕੀ ਵਾਲਾ, ਸ਼ਰਦਾਈ ਜੋਗੀ ਸ਼ੱਕਰ ਦਾ ਪੁੜਾ ਬੋਝੀਂ ਪਾਈ ਫਿਰਦਾ, ਆਪਣੀ ਬੁੜ੍ਹੀ ਥੀਂ ਚੋਰੀਂ। ਸਾਂਈਂ ਦਾਸ, ਖਸਖਸ। ਚਾਰਮਗ਼ਜ਼। ਉਂਜ ਬੂਟੀ ਦਾ ਜ਼ਿੰਮਾ ਤਾਏ ਰਿਆਸਤੀ ਦਾ ਹੁੰਦਾ। ਮਹਾਰਾਜ ਦੇ ਮਹਿਲ ਦੇ ਕੈਲ ਕੈਲ ਵਾਧੂ ਦੀ ਉੱਗੀ ਹੋਂਦੀ, ਸਿਰ ਖਾਧੀ। ਰਜਬਾਹੇ ਦੇ ਦੋਹਾਂ ਕੰਢਿਆਂ ਪੁਰ। ਤਾਇਆ ਬੂਟੀ ਤੋੜ ਕੇ ਲੈ ਆਦਾ। ਡਾਢੀ ਰੀਝ ਨਾਲ ਸੁਕਾਂਦਾ। ਬੋਰੀ ਭਰ ਕੇ ਸਟਾਕ ਕਰ ਲੈਂਦਾ। "ਪਤਾ ਨਈਂ ਤੇ ਕਦੋਂ 'ਫੌਜਾਂ' ਲੱਥ ਪੈਣ? ਫੇਰ ਕਿਸ ਦੀ ਮਾਂ ਨੂੰ ਮਾਸੀ ਆਖਾਂਗੇ ਜਣੀ ਕਿ..। ਤੁਮੀ ਬਤਾਓ ਪਤੰਦਰੋ"?

ਏਸੇ ਮਾਰੇ ਤਾਏ ਦੇ ਆਂਢ-ਗੁਆਂਢ ਨੇ ਤਾਏ ਦੀ ਬਗੀਚੀ ਨੂੰ 'ਬਗ਼ੀਚੀ ਭੂਤਨਿਆਂ' ਦਾ ਨਾਂ ਦਿੱਤਾ ਹੋਇਆ ਏ। ਉਂਜ ਏਹ ਸਾਰੇ ਭੂਤਨੇ ਪੁੱਜ ਕੇ ਸਾਊ ਜੇ।

ਦਰਅਸਲ, ਕਾਣੂ ਤਾਇਆ ਆਪੂੰ ਗਪੋੜੀਆਂ ਦਾ ਗਪੋੜ ਏ ਕਿ। ਮਹਾਰਾਜ ਦੀ ਤਰਜ਼ ਦੀ ਅਚਕਨ। ਉਹਾ ਜੇਹਾ ਚੀਰਾ, ਪਰ ਸਤਰੰਗਾ। "ਪਤੰਦਰੋ, ਹਮ ਥਾਲੀਬਰਦਾਰ ਹੋਵੇਂ ਥੇ ਜਣੀਂ ਕਿ ਬੜੀ ਸਰਕਾਰ ਕੇ"।

ਵਿੱਚੋਂ ਹੀ ਨਰੈਣਾ ਚੱਕੀ ਵਾਲਾ ਟੋਕ ਮਾਰਦਾ, "ਮਤਲਬ, ਮਹਾਰਾਜ ਦੀ ਥਾਲੀ 'ਚੋਂ ਜੋ ਬਚੇ-ਖੁਚੇ ਸੋ ਤਾਏ ਦਾ"?

ਸਾਰੇ ਗਪੋੜ ਹਸੌੜ ਹੋ ਜਾਂਦੇ।

"ਓਏ ਪਤੰਦਰੋ, ਇਬ ਪੀਲਾ ਨੀਲਾ ਬਾਣਾ ਧਾਰਣ ਕਰ ਲੀਆ ਤੋ ਕਿਆ? ਜਣੀਂ

Academy of the Punjab in North America: http://www.apnaorg.com

ਕਿ, ਇਬ ਬੀ ਨੈ ਜਾਏਂ, ਤੇ ਬਤੀ ਸਰਕਾਰ ਕੇ ਕੁੰਵਰ ਓਡੀ ਈ ਇਜਤ ਕਰੇਂ ਹੈਂ। ਪਤੰਦਰੋ, ਆਈ ਬਾਤ ਸਮਝ ਮਾਂ"?

ਪੁੱਤਾਂ-ਪੋਤਿਆਂ ਬੀਂ ਦੂਰਕਾਰਿਆਂ ਦੀ ਥਾਂ ਏ ਬਗ਼ੀਚੀ ਭੂਤਨਿਆਂ। "ਰੰਨੀ ਛੋੜ ਨੇ, ਸਭੋ ਹਿਥਾਈਂ ਆਣ ਮਰਨੇ ਨੇ। ਪੁਛੋ ਨੇ, ਮਊ ਤੁਸਾਂ ਨਾ ਵਿਆਹ ਵੇ ਤਾਏ ਨੇ ਘਰੇ"? ਪਿੰਡੀਘੇਬੀਆ ਨੈਬ ਤਸੀਲਦਾਰ ਆਪਣੀ ਪਠ੍ਹਵਾਰੀ ਦੰਦਬੋਤੇ ਪੋਪਲੇ ਮੁਹੋਂ ਉਗਲਦਾ । ਨਾਲ ਥੁਕਾਂ ਈ ਥੁੱਕਾਂ ਦਾ ਤਰੌਂਕਾ।

ਤਾਏ ਦੇ ਕਮਰੇ 'ਚ ਇਕ ਧੁਆਂਖੇ ਸ਼ੀਸ਼ੇ ਵਾਲੀ ਤਸਵੀਰ ਲਟਕਦੀ ਰਹਿੰਦੀ ਏ। ਕਦੇ ਬਗ਼ੀਚੀ ਆਓ, ਮੈਂ ਤੁਹਾਨੂੰ ਤਕਾਵਾਂਗਾ। ਬੜੀ ਸਰਕਾਰ ਦੇ ਨਾਲ ਲੱਸੀਖ਼ਾਨੇ ਦੇ ਸਟਾਫ਼ ਗੈਲ।

ਤੁਸੀਂ ਅਸਾਡੇ ਇਸ ਤਾਏ ਨੂੰ ਜਾਣਦੇ ਨੀਂ ਨਾ? ਜਾਣੋ ਵੀ ਕਿੰਜ? ਕਦੇ ਪਟਿਆਲੇ ਆਏ ਹੋਵੋ ਤਾਂ ਨਾ? ਆ ਕੇ ਵੀ ਕਦੇ ਕੜਾਹ ਵਾਲੇ ਚੌਂਕ ਗਏ ਹੋਵੋ ਤਾਂ ਨਾ? ਤੇ ਰਤਾ ਹੋਰ ਅਗਾਂਹ, ਮੋੜ ਤੋਪ ਖ਼ਾਨੇ। ਸਾਹਮਣੇ ਹੀ ਬਗ਼ੀਚੀ 'ਚ ਚੌਪੜ ਦੀਆਂ ਬਾਜ਼ੀਆਂ ਲੱਗੀਆਂ ਦੂਰੋਂ ਈ ਦਿਸ ਪੈਂਦੀਆਂ ਨੇ। ਤਾਸ਼ ਦੀਆਂ ਸਰਾਂ ਮਲੀਂਦੀਆਂ। ਤੇ ਸਰਦਾਰੀ ਹੁੰਦੀ ਤਾਏ ਚੇਤੂ ਦੀ। ਜਿਉਂ ਵਿਆਹ ਰਚਾਈ ਬੈਠਾ ਹੋਏ ਸੱਚੀਓਂ ਪਿਓ ਆਪਣੇ ਦਾ। ਇੰਜੇ ਤਾਇਆ ਐਧਰ ਓਧਰ ਆਹ ਕਰ-ਓਹ ਕਰ ਕਰਦਾ ਦੀਂਹਦਾ।

ਕਦੇ ਕਦੇ ਤੇ ਵੇਲੇ-ਕੁਵੇਲੇ ਇਹ ਭੂਤਨੇ ਬੂਹੇ-ਬਾਰੀਆਂ ਭੇੜ ਲੁਡੀਆਂ ਪਾਣ ਲਗ ਪੈਂਦੇ ਨੇ। ਜੀਕਰ ਹਾਲ ਪੈ ਜਾਂਦਾ ਹੋਏ ਏਹਨਾਂ ਨੂੰ। ਹਾਲੋਂ ਬੇਹਾਲ ਹੋ ਜਾਂਦੇ ਨੇ। ਪਗੜੀ ਓਹ ਜਾਂਦੀ । ਜਟੂਰੀਆਂ ਓਹ ਜਾਂਦੀਆਂ।

ਰੌਸ਼ਨਦਾਨਾਂ ਦੀਆਂ ਝੀਤਾਂ ਥਾਣੀਂ ਨਿਕੇ ਨਿਆਣੇ ਤਕਦੇ, 'ਬਾਈਸਕੋਪ ਓ ਪੀਤਿਆ, ਬਾਈਸਕੋਪ! ਤੱਕੀਂ, ਅੰਦਰ ਭੂਤਨੇ ਪਏ ਨਚਦੇ ਨੀ'!

ਕਦੇ ਹਸਦੇ, ਤੇ ਹਸਦੇ ਹੀ ਰਹਿ ਜਾਂਦੇ। ਹਾਸਾ ਵੀ ਭਾਂਤ ਭਾਂਤ ਦਾ। ਭਫ-ਭਫੀਆ ਹਾਸਾ। ਗੁੜਗੁੜੀਆ ਹਾਸਾ। ਦੰਮੇ ਦੇ ਦਮ ਥਾਣੀਂ ਵਾਰਦ ਹੋਇਆ ਹਾਸਾ। ਕਾਣੂ ਤਾਇਆ ਤੇ ਹਸਦਿਆ ਹਸਦਿਆ ਗਤਕਾ ਜੇਹਾ ਖੇਡਣ ਲਗ ਪੈਂਦਾ। ਨਰੈਣਾ ਚੱਕੀ ਵਾਲਾ ਤਾਂ ਜਿਉਂ ਘਰਾਟੀਂ ਆਟਾ ਪੀਹਣ ਬਹਿ ਗਿਆ ਹੋਏ।

ਕਦੇ ਕਦੇ ਸੁੱਖਨਿਧਾਨ ਛਕਿਆ ਨਹੀਂ ਕਿ ਫੂਹੜੀ ਪਾ ਕੇ ਬੈਠੇ ਨਹੀਂ ਭੂਤਨੇ। ਸਾਈਂ ਦਾਸ ਐਧਰੋਂ ਡੁਸਕੇਗਾ। ਸੁਹੇਲ ਓਧਰੋਂ ਲੇਰ ਕਢੇਗਾ। ਨਰੈਣਾ ਸੀਂਢ ਸਣੂਕਦਾ, ਪਿਉ ਵਾਲੇ ਵੈਣ ਪਾਈ ਜਾਏਗਾ। ਜਿਉਂ ਹੁਣੇ ਹੁਣੇ ਭੂਤਨਿਆਂ ਦਾ ਸੱਕਾ ਪਿਓ ਫ਼ੌਤ ਹੋ ਗਿਆ ਹੋਵੇ!

ਕਦੇ ਤਾਇਆ ਵੀ ਤੇ ਚਾਚਾ ਹੋਣੈ ਆਪਣੀ ਰਿਆਸਤੀ ਉਮਰੇ। ਕੱਦ ਛੀਆਂ ਫ਼ੁਟਾਂ ਥੀਂ ਕਾਢਵਾਂ । ਫੇਰ, ਪਤਾ ਨਹੀਂ ਤੇ ਕੀ ਭਾਣਾ ਵਾਪਰਿਆ? ਤੇ ਤਾਇਆ ਗੁਰੂ-ਕੀਆਂ-ਲਾਡਲੀਆਂ-ਫ਼ੌਜਾਂ ਦੇ ਬਾਣੇ 'ਚ ਆਣ ਹਾਜ਼ਰ ਹੋਇਆ। ਕਦੇ ਨੀਲਾ, ਤੇ ਕਦੇ ਬਸੰਤਰੀ। ਖੱਟਾ ਪੀਲਾ।

ਤਾਏ ਕਾਣੂ ਦੇ ਭਾਂਡੇ-ਟੀਂਡੇ ਕਰਨ ਵਾਲੀ ਵੀ ਕੋਈ ਔਰਤ ਜ਼ਾਤ ਬਗ਼ੀਚੀ ਗੇੜਾ ਜਿਹਾ ਰਖਦੀ। ਇਕ ਬਜ਼ਾਰ ਓਸਦਾ ਵੀ ਪੌਣਾ ਕੁ ਬੰਦ ਹੀ ਰਹਿਣਾ। ਰੰਗ ਓਸਦਾ, ਬਸ ਜੈ ਮਾਤਾ ਕਾਲੀ ਕਲਕਤੇ ਵਾਲੀ। ਜਿਸਮ ਓਸਦਾ ਯਮਰਾਜ ਦੇ ਭੈਂਸੇ ਜੇਹਾ। ਤਾਏ ਦੇ ਪੈਨਸ਼ਨ ਵਾਲੇ ਦਿਨ ਤਾਂ ਉਹ ਜ਼ਰੂਰ ਸਿਖਰ ਦੁਪਹਿਰੇ ਆਣ ਪ੍ਰਗਟ ਹੁੰਦੀ। ਜਦੋਂ ਸਾਰੇ ਭੂਤਨੇ ਰੋਟੀ-ਟੁੱਕ ਨੂੰ ਉਜੜ ਗਏ ਹੁੰਦੇ। ਨਾਲੇ ਤੇ ਉਹ ਤਾਏ ਜੋਗੀਆਂ ਚਾਰ ਮਨੀਆਂ ਸੇਕ ਜਾਂਦੀ, ਨਾਲੇ ਤਾਏ ਨੂੰ । ਦੇਹ-ਦਾਨ ਮਗਰੋਂ ਉਹ ਓਥੇ ਹੀ ਪੰਪ ਥਲੇ ਬੈਠ ਇਸ਼ਨਾਨ ਕਰਦੀ । ਤਾਇਆ ਪੰਪ ਗੇੜਦਾ। ਤੇ ਇਹ ਕਾਰਜ ਨਿਰਵਿਘਨ ਸਮਾਪਤ ਹੋ ਜਾਂਦਾ ।

ਹੋਇਆ ਇੰਜ, ਪਈ ਕਾਣੂ ਤਾਇਆ ਹੁਣ ਹੰਢ ਗਿਆ ਲੱਗੇ ਪਿਆ ਸਭਨਾਂ ਨੂੰ। ਕੱਦ

Academy of the Punjab in North America: http://www.apnaorg.com

ਸੁੰਗੜਨ ਲਗ ਪਿਆ। ਨਾਂ ਵੀ ਸੁੰਗੜਦਾ ਰਿਹਾ। ਅਚਕਨ ਨੂੰ ਵੀ ਤਰੋਪੇ ਭਰ ਭਰ ਦੁਖੀ ਹੋ ਲੱਥਾ। ਤੇ ਫੇਰ ਓਸ ਰਿਆਸਤੀਪੁਣੇ ਦਾ ਟੰਟਾ ਈ ਮੁਕਾਅ ਮਾਰਿਆ ।

ਬਾਣਾ ਬਦਲਿਆ, ਤੇ ਦੇਸ ਵੀ ਬਦਲ ਗਿਆ। ਪਤਾ ਨਹੀਂ ਤੇ ਕੀ ਜੁਗਾੜ ਬਣਿਆ, ਕੈਲੀਫ਼ੋਰਨੀਆ ਦੇ ਗੁਰਦੁਆਰੇ ਕਿਸੇ ਰਿਆਸਤੀ ਪੁਰਖ ਤਾਏ ਨੂੰ ਸਪੌਂਸਰ ਕਰ ਕੇ ਬੁਲਵਾ ਲਿਆ। ਓਥੋਂ ਦਾ ਗਰੰਥੀ ਕਿਸੇ ਜਮੈਕਣ ਨਾਲ 'ਵੇਈਂ-ਪ੍ਰਵੇਸ਼' ਕਰ ਗਿਆ ਸੀ । ਆਖ਼ਰ ਨੂੰ ਓਸ ਵੀ 'ਲੀਗਲ' ਹੋਣਾ ਸੀ ਕਿ ਨਹੀਂ ?

--ਤਾਇਆ, ਫੇਰ ਜਹਾਜ ਦੀਆਂ ਗੱਲਾਂ ਹੋ ਜਾਣ ਕੋਈ ? ਅਸ ਵੀ ਕਟਾ-ਵੱਢੀ ਵੇਲੇ ਪਾਕਸਤਾਨੋਂ ਜਹਾਜੀਂ ਈ ਚੜ੍ਹ ਕੇ ਆਏ ਸਾਂ ਕਿ। ਸੁਹੇਲ ਚੱਕਵਾਲੀਆ ਗੱਲ ਅਗੇ ਟੋਰਦਾ।

ਤਾਏ ਦਾ ਜਹਾਜ਼ ਤੇ ਪਹਿਲਾਂ ਈ ਤਾਂਹ-ਦੀ-ਤਾਂਹ ਚੜ੍ਹੇ ਪਿਆ । ਅਜ ਛਾਂਦਾ ਲੋੜ ਨਾਲੋਂ ਵੱਧ ਈ ਛੱਕਿਆ ਲੱਗੇ ਪਿਆ ਓਸ ।

ਓਦੋਂ ਚਾਣਚਕ ਅਸੀਂ ਤਾਏ ਦੀ ਬਗ਼ੀਚੀ ਜਾ ਲੱਥੇ ਕਿ। ਤਕਿਆ, ਤੇ ਅਗੇ ਤਾਇਆ ਬਿਸਤਰੇ ਨੂੰ ਨਰੈਲ ਦੀ ਰੱਸੀ ਵਲ੍ਹੇਟੇ ਪਿਆ।

--ਤਾਇਆਂ, ਸੁਖ ਨਾਲ ਹਰਦੁਆਰ ਚਲਿਐਂ ਕਿ ?

--ਓ ਨਈਂ ਓ ਪਤੰਦਰਾ, ਅਸਾਂ ਹੁਣ ਉੱਡ ਜਾਣੈ ।

--ਤੇ ਉਡ ਕੇ ਏਸ ਲੋਟਣ ਕਬੂਤਰ ਲੱਥਣਾ ਕਿਹੜੀ ਛੱਤਰੀ ਏ ?

--ਕੈਲੇਫ਼ੋਰਨੀਆ! ਡਾਇਮੰਡ-ਬੀਚ ਆਲੇ ਗੁਰੂ ਕੇ ਘਰ ਜਾ ਲੱਥਣੈ ਗੁਰੂ ਕੀਆਂ ਲਾਡਲੀਆਂ ਫ਼ੌਜਾਂ।

ਬਗ਼ੀਚੀ ਵਾਲਾ ਤਾਇਆ ਤੇ ਹੁਣ ਪੂਰਾ ਗੁਰਦੁਆਰੀਆ ਸਿੰਘ ਪਿਆ ਲੱਗੇ ਜੀ ? ਸਿਰ ਪੁਰ ਦੁਮਾਲੀਆ ਦਸਤਾਰ। ਕਮਰਕੱਸਾ। ਬਰੇਕਾਂ ਵਾਲਾ ਕਛਿਹਰਾ। ਔਜ਼ਾਰਬੰਦ ਐਨਾ ਲੰਮਾ ਜਿੰਨੀ ਓਸਦੇ ਬਿਸਤਰੇ ਦੀ ਲੰਮੀ ਰੱਸੀ । ਗਾਤਰੇ ਹਾਰ ਗੱਲ 'ਚ ਕੋਰੀ ਸ਼ਨੀਲ ਦੀ ਥੈਲੀ ਪਲੰਮਦੀ । ਵਿਚਕਾਰ ਪੰਜਗਰੰਥੀ।

ਤਾਇਆ ਚਲਿਆ ਗਿਆ। ਬਗ਼ੀਚੀ ਨੂੰ ਜਿੰਦਾ ਠੁਕ ਗਿਆ। ਚਿੱਬ-ਖੜਿੱਬ ਭੂਤਨੇ ਕੋਲੋਂ ਦੀ ਲੰਘਦੇ। ਪੁਰਾਣਾ ਨਜ਼ਾਰਾ ਓਹਨਾਂ ਦੀਆਂ ਅੱਖਾਂ ਦੀ ਅੱਗੋਂ ਦੀ ਲੰਘ ਜਾਂਦਾ। ਏਹਨਾਂ 'ਚੋਂ ਕੋਈ ਇਕ ਅੱਧ ਤੇ ਗੱਡੀ ਵੀ ਚੜ੍ਹ ਗਿਆ ਮਗਰੋਂ।

ਫੇਰ, ਇਕ ਦਿਨ ਬਗ਼ੀਚੀ ਦਾ ਜਿੰਦਾ ਖੁੱਲ੍ਹਿਆ ਤੱਕਿਆ ਸਭਨਾਂ ਨੇ.....

ਤਾਇਆ ਪਤਾ ਨਹੀਂ ਤੇ ਕਦੋਂ ਪਰਤ ਆਇਆ? ਬਗ਼ੀਚੀ 'ਚ ਛੌਣੀ ਲਗ ਗਈ। ਸਲੋਤਰ ਸਿੰਘ ਕੂੰਡੇ 'ਚ ਘੁਟੀਣ ਲੱਗ ਪਿਆ।

ਪਰ ਏਹ ਵਾਲਾ ਤਾਇਆ ਤੇ ਅਸਾਂ ਕਦੇ ਕਿਆਸਿਆ ਹੀ ਨਹੀਂ ਸੀਗਾ? ਨਾ ਕਿਆਸ ਸਕਦੇ ਸਾਂ। ਜੀਨਸ ਵਾਲਾ 'ਓ-ਯਾਅ, ਓ ਯਾਅ' ਗੁਟਰਗੂੰ ਕਰਦਾ ਤਾਇਆ ।

--ਤਾਇਆ, ਜਾਂਦਿਆਂ ਜਹਾਜ਼ ਦਾ ਸਫ਼ਰ ਫੇਰ ਕਿਦਾਂ ਦਾ ਰਿਹਾ? ਮੈਹੀਓਂ ਕੁਰੇਦਿਆ ਤਾਏ ਨੂੰ।

ਤਾਇਆ ਤੇ ਜੀ ਸਿੰਧਬਾਦ ਜਹਾਜ਼ੀ ਬਣੇ ਫਿਰੇ। ਆਲੇ-ਦੁਆਲੇ ਜੁੜ ਬੈਠੇ ਭੈੜੇ ਭੈੜੇ ਯਾਰ ਮੇਰੀ ਭੈੜੀ ਫ਼ੱਤੋ ਦੇ।

--ਸਫ਼ਰ ਦੀ ਨਾ ਪੁੱਛੋ, ਪਤੰਦਰੋ! ਰੱਬ ਦੀ ਜੰਜੇ ਚੜ੍ਹੇ ਹੋਏ ਸਾਂ ਜਣੀਂ ਕਿ..। ਕਦੇ ਤੇ ਕੌਫ਼ੀ। ਕਦੇ ਆਇਸ-ਕ੍ਰੀਮ। ਬੰਦੇ ਨੂੰ ਬੋਲਣ ਜੋਗਾ ਨਹੀਂ ਛਡਦੀਆਂ ਉੜਨ-ਖਟੋਲੇ ਮਾ ਪ੍ਰਕਰਮਾ ਕਰਦੀਆਂ ਪਰੀਆਂ। ਕੁਜ ਨਾ ਕੁਜ ਚੋਗਾ ਚੁਗਾਈ ਰਖਦਾ ਏ ਏਹ ਚਿੜੀਆਂ ਦਾ ਚੰਬਾ ।

ਲਓ ਜੀ, ਜਹਾਜ ਮਾ ਮੁੜ ਲੰਗਰ ਵਰਤੀਣ ਲਗ ਪਿਆ। ਸਾਰੇ ਈ ਪਲਾਸਟਕੀ ਭਾਂਡੇ-ਟੀਂਡੇ। ਆਪਾਂ ਤੋ ਜੀ ਲੈ ਕੇ ਗੁਰਾਂ ਦਾ ਨਾਂ, ਪੰਗਤਾਂ ਮਾ ਗੇੜਾ-ਜੇਹਾ ਕੱਢਣਾ ਸ਼ੁਰੂ ਕਰ ਤਾ।

Academy of the Punjab in North America: http://www.apnaorg.com

'ਜਪੋ ਸਤਨਾਮ, ਸਤਨਾਮ ਜੀ' !

ਤੇ ਜਦੋਂ ਲੰਗਰ ਪੂਰਾ ਵਰਤੀਅ ਗਿਆ ਜੈਕਾਰਾ ਗਜਾ ਮਾਰਿਆ ।

ਲਓ ਜੀ, ਇਬ ਇਕ ਏਅਰ-ਹੌਸਟੈੱਸ ਆਪਣੇ ਪਾਸ ਬੀ ਆਣ ਖੜੋਤੀ, 'ਸੱਰ, ਵੁਡ ਯੂ ਲਾਈਕ ਟੂ ਟੇਕ ਐਨੀ ਡਰਿੰਕ'?

ਨਾਲ ਬੈਠੇ ਨੇ ਮੈਨੂੰ 'ਡਰਿੰਕ' ਦਾ ਮਤਬਲ ਸਮਝਾ ਤਾ। ਮੈਂ ਆਖਿਆ, 'ਓ ਯਾਅ ਯਾਅ, ਸੁਖਨਿਧਾਨ' !

ਹਮਾਨੂੰ ਬੜੀ ਸਰਕਾਰ ਕੇ ਖ਼ਾਨਸਾਮੇ ਨੇ ਉਰੇ ਤੋਂ ਸਮਝਾ ਕੇ ਭੇਜਿਆ ਸੀ, 'ਬਸ, ਓ ਯਾਅ ਯਾਅ ਆਖੀ ਜਾਣੈ ਜੇ ਕੋਈ ਗੋਰਾ ਗੋਰੀ ਪੁੱਛੇ ਤਾਂ' !

--ਯੂ ਮੀਨ, ਵਾਈਨ? ਪਰੀ ਦੇ ਗੁਲਾਬੀ ਹੋਠ ਵਾਈਨ ਵਾਈਨ ਹੋ ਗਏ।

ਵਾਈਨ ਦਾ ਗੱਟੂ ਜੇਹਾ ਮੇਰੀ ਟਰੇਅ ਪੁਰ ਟਿਕਾਅ ਕੇ ਓਸ ਮੁੜ ਪੁਛਿਆ, 'ਮੋਰ'? ਮੈਂ ਆਖ ਦਿੱਤਾ, 'ਓ ਯਾਅ, ਯਾਅ'।

ਤਾਏ ਦੀ ਗਾਥਾ ਸੁਣਦਿਆਂ ਸਾਰਿਆਂ ਚੌਪੜੀਆਂ, ਤਾਸ਼ੀਆਂ, ਆਪਣੀ ਟੀਂਡ-ਫੂਹੜ ਸਾਂਭ ਦਿੱਤੀ।

--ਤੇ ਤਾਇਆ, ਮੈਂ ਕਿਹਾ, ਲੰਗਰ ਛੱਕ ਕੇ ਜੂਠੇ ਭਾਂਡੇ ਕਿਥੇ ਰਖਦੇ ਸਓ ?

--ਰਖਣ ਕੀ ਕਿਆ ਜਰੂਰਤ, ਪਤੰਦਰੋ? ਤਾਕੀ ਮਾ ਤੇ ਬਾਹਰ ਵਗਾਹ ਮਾਰੋ। ਕੋਈ ਖੀਰ ਆਲੀ ਥਾਲੀ ਸਦਾਮ ਦੇ ਮੁਲਕ ਮਾ ਉੜਨ-ਤਸ਼ਤਰੀ ਬਣ ਦਿਖੂ। ਕੋਈ ਭੜਥੇ ਆਲੀ ਥਾਲੀ ਵ੍ਹਾਈਟ-ਹਾਊਸ ਜਾ ਭੜਥੂ ਪਾਊ।

ਤਾਏ ਦਾ ਜਹਾਜ਼ ਤਾਂ ਜੀ ਸੁਖ-ਨਿਧਾਨ ਕਰਕੇ ਤਾਂਹ-ਹੀ-ਤਾਂਹ ਚੜ੍ਹੀ ਜਾਏ ਪਿਆ। ਮਸੀਂ ਫੜ ਕੇ ਲਾਹਿਆ ਅਸਾਂ ।

--ਵਾਹ ਓਏ ਤਾਇਆ ਭੰਗੂ। ਮ੍ਰੀਕਾ ਜਾ ਤੂੰ ਤੇ ਮੇਰੇ ਯਾਰ, ਖ਼ਾਸਾ ਬੁਧ-ਬਿਬੇਕੀਆ ਹੋ ਪਰਤਿਆ ਏਂ। ਸਾਂਈਂ ਦਾਸ ਨੇ ਸਿਆਣਪ ਦਰਸਾਈ।

--ਤੇ ਤਾਇਆ, ਜਦੋਂ ਬੰਦੇ ਨੂੰ ਹਾਜਤ ਹੋਏ ਜਹਾਜ਼ 'ਚ ?

--ਪਤੰਦਰੋ, ਮੈਂ ਪਖ਼ਾਨੇ ਮਾ ਅਸਮਾਨੀਂ ਪਿਆ ਉੱਡਾਂ। ਜ਼ਿੰਮੀ ਥੀਂ ਵਾਜਾਂ ਆਣ ਸੁਣੀਣ ਪਈਆਂ ਮੈਨੂੰ, 'ਰਬੜੀ ਵਰਗੀ ਕੋਈ ਸ਼ੈਅ ਮੈਨੂੰ ਆਪਣੇ ਗੰਜ ਪੁਰ ਤਿਲ੍ਹਸਦੀ ਮਸੂਸ ਹੋ ਰਹੀ ਏ। ਰਹਿਮਤ ਹੋ ਗਈ ਲਗਦੀ ਏ ਉੱਪਰ ਵਾਲੇ ਦੀ'।

--ਤਾਇਆ, ਵਾਈਨ ਪੀ ਕੇ ਟੁੱਨ ਨਾ ਹੋ ਗਿਆ ਮੁੜ? ਨਰੈਣੇ ਚੱਕੀ ਵਾਲੇ ਨੇ ਮਸ਼ਕਰੀ ਮਾਰੀ ।

--ਓ ਯਾਅ, ਓ ਯਾਅ! ਛੱਲੇਡੀ ਆਈ। ਸਿੰਘਾਂ ਮੂਹਰੇ ਡੱਟ ਖੜੋਤੀ। ਪੁੱਛੀ ਜਾਏ, 'ਐਨੀਥਿੰਗ ਮੋਰ'? ਮੈਂ ਆਖਿਆ, ਮੋਰ ਦੀ ਤੇ ਲੋੜ ਕੋਈ ਨੀਂ ਹੁਣ। ਜੇ ਕੋਈ ਮੋਰਨੀ-ਸ਼ੋਰਨੀ ਹਈ ਤਾਂ ਬਿਸ਼ੱਕ ਦੀ ਘੱਲ ਦੇ, ਬੀਬੀ !

ਸਾਰੇ ਤੇ ਭੰਗੋੜ ਮੁੜ ਹਸੌੜ ਹੋ ਗਏ !

ਸਾਰੇ ਤੇ ਚਿੱਬ-ਖੜਿੱਬ ਭੂਤਨੇ ਲੋਟਣ ਕਬੂਤਰ ਥੀਅ ਗਏ। ਕਸ਼ਮੀਰੇ ਕੜਾਹ ਵਾਲੇ ਪਾਸੋਂ ਛਟਾਂਕੀ ਛਟਾਂਕੀ ਕੜਾਹ ਮੰਗਵਾਇਆ ਮ੍ਰੀਕਨ ਤਾਏ ਨੇ। ਕੜਾਹ ਪਾਰਟੀ। ਘਿਓਆਂ 'ਚ ਤਿਰਦਾ ਕੇਸਰੀ ਕੜਾਹ। ਪਰ ਆਪਣੇ ਜੋਗੀ ਉਸ ਹਗਰੋੜੀ ਮੰਗਵਾਈ। ਤਾਂਬੇ ਰੰਗੀ ਹਗਰੋੜੀ। ਖੁਰਚ ਖੁਰਚ ਕੇ ਕੜਾਹ ਹੇਠੋਂ 'ਕੱਠੀ ਕੀਤੀ ਹਗਰੋੜੀ । ਇਕ ਕਿਸਮ ਦੀ ਕੜਾਹ ਦੀ ਮਲਾਈ, ਜੋ ਹੇਠਾਂ ਜੰਮਦੀ ਹੈ ।

--ਤਾਇਆ, ਮੱਖਾਂ ਜਹਾਜ ਦੀਆਂ ਈ ਛੱਡ, ਬਸ।

--ਪਤੰਦਰੋ, ਠਾਰ੍ਹਾਂ ਘੈਂਟਿਆਂ ਦਾ ਸਫ਼ਰ। ਸੰਧਿਆ ਵੇਲਾ ਹੋ ਚਲਿਆ। ਤੱਕਾਂ, ਤੇ ਸਾਰੇ ਯਾਤਰੂ ਤੁਹਾਡੇ ਰੌਕ-ਗਾਰਡਨ ਦੇ ਪੁਤਲੇ ਬਣੇ, ਆਪਣੀਆਂ ਆਪਣੀਆਂ ਸੀਟਾਂ 'ਚ ਗੱਡੇ ਹੋਏ। ਨਾ ਐਧਰ ਪਾਸਾ ਪਰਤ ਸਕਣ, ਨਾ ਓਧਰ। ਪਤਾ ਨਹੀਂ ਤੇ ਕਿੰਜ ਆਪਣੀ ਹਵਾ ਸਰਕਾਂਦੇ

Academy of the Punjab in North America: http://www.apnaorg.com

ਹੋਣੇ ਨੇ ਏਹ ਗੋਰੇ? ਅਗੋਂ ਤਾਏ ਨੇ ਇਕ ਮੋਟੀ ਜਿਹੀ ਗਾਲ੍ਹ ਕਢੀ ।

ਲਓ ਜੀ, ਵੇਲਾ ਹੋ ਗਿਆ ਸੰਝਾਂ ਦਾ। ਸਾਰੀ ਦੀ ਸਾਰੀ ਲੋਕਾਈ ਘੂਕ ਨੀਂਦਰਾਂ ਮਾ। ਅੜਿੰਗ-ਬੜਿੰਗ ਹੋਣ ਨੂੰ ਜੀਅ ਜੇਹਾ ਕਰੇ। ਸਿੰਘ ਉੱਠੇ। ਨਿਹੰਗੀ ਗੇੜਾ ਜੇਹਾ ਕਢਿਆ। ਕੋਈ ਖ਼ਾਲੀ ਸਖਣੀ ਥਾਂ ਨਜ਼ਰ ਨਾ ਆਈ। ਗਾਂਹ ਨਿਕਲ ਗਿਆ ਤਾਇਆ ਥੋੜਾ। ਅਖੇ, ਇਹ ਬਿਜ਼ਨਸ ਕਲਾਸ ਏ। ਓਥੇ ਦੋ ਸੀਟਾਂ ਐਡੀਆਂ ਵੱਡੀਆਂ ਖ਼ਾਲੀ, ਜੋ ਲੰਕੇਸ਼ਵਰ ਦਾ ਸਿੰਘਾਸਣ ਪਿਆ ਦਿਸੇ।

ਲਓ ਜੀ, ਸਿੰਘ ਤੇ ਚੌਂਕੜਾ ਮਾਰ ਸੱਜ ਗਏ ਉਹੀਂ। ਪਹਿਲਾਂ ਤਾਂ ਰਹਿਰਾਸ ਸਾਹਬ ਦਾ ਪਾਠ ਕੀਤਾ। ਫੇਰ, 'ਜਾਪ ਸਾਹਬ' ਨੇ ਲਹੂ ਤੱਤਾ ਕਰ ਦਿਤਾ। ਮੁੜ 'ਚੰਡੀ ਦੀ ਵਾਰ' ਨੇ ਲਹੂ ਖੌਲਣ ਲਾ ਤਾ। ਜੀਅ ਪਿਆ ਕਰੇ, ਸਭ ਚੰਡ-ਮੁੰਡ ਸੋਧ ਦਿਆਂ। ਪਰ ਸਿਰੀ ਸਾਹਬ ਤਾਂ ਜਹਾਜ ਆਲਿਆਂ ਨਾਲ ਆਣ ਈ ਨਹੀਂ ਸੀ ਦਿੱਤੀ। ਸਿੰਘਾਂ ਭੋਗ ਪਾਏ। ਜੈਕਾਰੇ ਗਜਾਏ ਦੇਗ ਤੇਗ ਫ਼ਤੇਹ । ਜੋ ਅੜੇ ਸੋ ਝੜੇ ।

ਲਓ ਜੀ, ਸੁੱਤਾ ਜਹਾਜ ਜਾਗ ਨਾ ਪਿਆ। ਸੁਰਮਈ ਵਰਦੀ ਆਲਾ ਗਾਰਡ ਤਮੰਚੇ ਪੁਰ ਹੱਥ ਰੱਖੀ ਸਾਹਮਣੇ ਡਟ ਖੜੋਤਾ। ਉਸ ਮੇਰੇ ਪੰਜ ਗਰੰਥੀ ਆਲੇ ਗਾਤਰੇ ਵਲ ਤਮੰਚਾ ਕੀਤਾ। ਅਖੇ, ਇਸ ਵਿਚ ਕੀ ਹੈ? ਸਿੰਘਾਂ ਦਾ ਲਹੂ ਤੇ ਅਜੇ ਵੀ ਤਪਿਆ ਹੋਇਆ, ਓ ਯਾਅ, ਇਸ ਮਾ ਭੰਗੀਆਂ ਦੀ ਤੋਪ ਆ, ਗੋਰਿਆ। 'ਯੂ ਮੀਨ, ਗੰਨ'? ਓ ਯਾਅ, ਓ ਯਾਅ! ਪਤੰਦਰ ਨੇ ਤੋ ਜੀ ਰੈੱਡ-ਐਲਰਟ ਖੜਕਾਅ ਮਾਰਿਆ। ਅਖੇ, ਕੋਈ ਐਕਸਟਰੀਮਿਸਟ ਜਿਸ ਦੀ ਸ਼ਕਲ ਲਾਦੇਨ ਨਾਲ ਰਲਦੀ-ਮਿਲਦੀ ਹੈ, ਐਕਨੌਮਿਕ ਕਲਾਸ ਤੋਂ ਬਿਜ਼ਨਸ ਕਲਾਸ ਤੋੜੀਂ ਅੱਪੜ ਗਿਐ। ਕਿਸੇ ਵੀ ਵਕਤ ਕੌਕ-ਪਿਟ 'ਚ ਐਂਟਰ ਕਰ ਸਕਦਾ ਜੇ। ਗਰਾਊਂਡ ਸਿਕਿਉਰਟੀ ਐਲਰਟ ਕਰ ਦਿਓ।

ਭਮੰਤਰੇ ਗਾਰਡ ਨੇ ਪੰਜ-ਗਰੰਥੀ ਆਲੀ ਝੋਲੀ ਦਾ ਟਿਚ ਬਟਨ ਖੋਲ੍ਹਿਆ। ਉਸਦੀ ਆਵਾਜ਼ ਨਾਲ ਹੀ ਘਬਰਾ ਗਿਆ, ਮਤਾਂ ਕੋਈ ਟਰਾਂਸਮੀਟਰ ਹੀ ਹੋਏ ? ਬੰਬ ਡਿਫ਼ਿਊਜ਼ ਕਰਨ ਦੀਆਂ ਸਬੀਲਾਂ ਸ਼ੁਰੂ ਹੋ ਗਈਆਂ ।

--ਓ ਪਤੰਦਰੋ, ਯੋ ਤੋ ਗੁਰਾਂ ਕੀ ਤੋਪ ਆ। ਜਬ ਜਬ ਸਿੰਘਨ ਪਰ ਭੀੜ ਬਣੀ, ਦਾਗ਼ ਦੀ। ਦੁਸਟ ਦਮਨ ਹੋ ਜਾਵੇ ਹੈਂ ।

ਪਰ ਹੁਣ ਤੇ ਤਾਇਆ ਪਰਤ ਆਇਆ ਏ ਨਾ .

ਹੁਣ ਖੁਲ੍ਹੀ ਦਾੜ੍ਹੀ ਨਾਲ ਟਾਈ ਲਾਈ, ਜੀਨ ਪਾਈ, ਤਾਇਆ ਬਗ਼ੀਚਿਉਂ ਬਾਹਰ ਨਿਕਲਦਾ ਏ, ਨਿੱਕੇ-ਨਿਆਣੇ ਬੋੜ੍ਹ ਪਿਛੇ ਛੁਪ ਖੜੋਂਦੇ ਨੇ, 'ਓ ਤਕੋ, ਬਗੀਚੀ ਵਾਲਾ ਭੂਤਨਾ ਹੁਣ ਹੋਰ ਭੇਸ ਵਟਾਅ ਕੇ ਆ ਗਿਆ ਜੇ'।

■

Academy of the Punjab in North America: http://www.apnaorg.com

ਕਹਾਣੀ

ਰਹਿਮਦਿਲ ਥਾਨੇਦਾਰਨੀ

ਕੁਲਵੰਤ ਜਗਰਾਉਂ (ਪ੍ਰੋ.)

ਸਾਲ 1946 ਦੀਆਂ ਗਰਮੀਆਂ ਦੀਆਂ ਛੁੱਟੀਆਂ ਦੇ ਦਿਨ ਸਨ। ਮੇਰੇ ਪਿਤਾ ਜੀ ਥਾਣਾ ਸਦਰ ਸ਼ੇਖੂਪੁਰਾ ਵਿਚ ਸਿਪਾਹੀ ਲੱਗੇ ਹੋਏ ਸਨ। ਥਾਣੇ ਵਿਚ ਹੀ ਪੁਲਿਸ ਅਮਲੇ ਦੇ ਰਹਿਣ ਲਈ ਕੁਆਟਰ ਬਣੇ ਹੋਏ ਸਨ। ਅਸੀਂ ਵੀ ਥਾਣੇ ਦੇ ਅੰਦਰ ਹੀ ਇਕ ਕੁਆਟਰ ਵਿਚ ਰਹਿੰਦੇ ਸੀ। ਪਰਦਾ ਕਰਨ ਦੇ ਇਸਲਾਮੀ ਪ੍ਰਭਾਵ ਕਾਰਨ ਸਾਡੇ ਦਰਵਾਜ਼ੇ ਅੰਦਰ ਵੀ ਚਿੱਕ ਲੱਗੀ ਹੁੰਦੀ ਸੀ। ਛੋਟੇ ਥਾਣੇਦਾਰ ਬਖ਼ਸ਼ੀ ਕੁੰਦਨ ਲਾਲ ਦੀ ਰਿਹਾਇਸ਼ ਵਾਹ ਵਾਹ ਖੁਲ੍ਹੀ ਸੀ। ਵੱਡੇ ਥਾਣੇਦਾਰ ਖ਼ਾਨ ਸਾਹਿਬ, ਉੱਚੇ ਲੰਮੇਂ ਗੋਰੇ ਨਿਛੋਹ, ਸਡੌਲ ਸਰੀਰ, ਮੋਟੀਆਂ ਚਮਕਦਾਰ ਅੱਖਾਂ, ਤਿੱਖੇ ਨੱਕ ਤੇ ਵੱਡੀਆਂ ਕਾਲੀਆਂ ਮੁੱਛਾਂ ਵਾਲੇ ਬੜੇ ਰੋਹਬਦਾਰ ਇਨਸਾਨ ਸਨ। ਉਸ ਜ਼ਮਾਨੇ ਦੇ ਹਿਸਾਬ ਨਾਲ਼ ਥਾਣੇ ਦੇ ਅੰਦਰ ਹੀ ਉਹਨਾਂ ਦੀ ਰਿਹਾਇਸ਼ ਬੜੀ ਆਲੀਸ਼ਾਨ ਸੀ।

ਮੈਂ ਉਦੋਂ ਦੂਸਰੀ ਜਮਾਤ ਵਿਚ ਪੜ੍ਹਦਾ ਸੀ। ਬਖ਼ਸ਼ੀ ਸਾਹਿਬ ਤੇ ਉਹਨਾਂ ਦੀ ਪਤਨੀ ਦੋਵੇਂ ਬਹੁਤ ਖੂਬਸੂਰਤ ਸਨ ਤੇ ਉਹਨਾਂ ਦੀਆਂ ਲੜਕੀਆਂ ਪੁਸ਼ਪਾ ਤੇ ਸੁਦੇਸ਼ ਵੀ ਬਹੁਤ ਸੋਹਣੀਆਂ ਸਨ। ਖ਼ਾਨ ਸਾਹਿਬ ਦੀ ਬੇਗ਼ਮ ਚੰਗੇ ਕੱਦ ਕਾਠ ਦੀ ਬੜੀ ਨੇਕ ਦਿਲ ਔਰਤ ਸੀ। ਉਹਨਾਂ ਦੇ ਦੋ ਬੇਟੇ ਮੈਥੋਂ ਵੱਡੇ ਸਨ। ਅਸੀਂ ਸਾਰੇ ਬੱਚੇ, ਰਲ ਕੇ ਥਾਣੇ ਦੀ ਗਰਾਉਂਡ ਵਿਚ ਖੂਬ ਮਜ਼ੇ ਨਾਲ਼ ਖੇਡਿਆ ਕਰਦੇ ਸੀ।

ਅਸੀਂ ਸਾਰੇ ਬੱਚੇ ਅਕਸਰ ਖ਼ਾਨ ਸਾਹਿਬ ਦੇ ਘਰ ਚਲੇ ਜਾਂਦੇ। ਉਹਨਾਂ ਦੀ ਬੇਗ਼ਮ ਨੂੰ ਚਾਅ ਚੜ੍ਹ ਜਾਂਦਾ। ਉਹ ਸਾਡੇ ਸਾਰਿਆਂ ਲਈ ਕਦੀ ਸੇਂਵੀਆਂ, ਕਦੀ ਮਿੱਠਾ ਪੁਲਾਅ ਤੇ ਕਦੀ ਖੀਰ ਬਣਾ ਦੇਂਦੇ। ਕਦੀ ਅਸੀਂ ਬਾਹਰ ਬਰਾਂਡੇ ਵਿਚ ਬੈਠ ਕੇ ਬਾਰਾਂ, ਡੀਟੀ ਤੇ ਤਾਸ਼ ਖੇਡਣ ਲੱਗ ਜਾਂਦੇ। ਕਦੀ ਉੱਚੀ ਛੱਤ ਵਾਲੇ ਕਮਰੇ ਦੇ ਅੰਦਰ ਚਲੇ ਜਾਂਦੇ। ਨੌਕਰ ਛੱਤ ਵਾਲਾ ਪੱਖਾ ਖਿੱਚਣਾ

Academy of the Punjab in North America: http://www.apnaorg.com

ਸ਼ੁਰੂ ਕਰ ਦੇਂਦਾ। ਅਸੀਂ ਉੱਚੀ ਉੱਚੀ ਗੀਤ ਗਾਉਂਦੇ "ਮੇਰੇ ਪੀਆ ਗਏ ਰੰਗੂਨ ਵਹਾਂ ਸੇ ਕੀਆ ਹੈ ਟੈਲੀਫ਼ੂਨ" ਤੇ ਫ਼ਿਰ "ਆਵਾਜ਼ ਦੇ ਕਹਾਂ ਹੈ, ਦੁਨੀਆਂ ਮੇਰੀ ਜਵਾਂ ਹੈ, ...ਬਰਬਾਦ ਮੈਂ ਜਹਾਂ ਹੂੰ ਆਬਾਦ ਤੂੰ ਵਹਾਂ ਹੈ" ਭਾਬੀ ਖੇਡਦਿਆਂ ਜਦੋਂ ਰੌਲਾ ਪੈ ਜਾਂਦਾ ਤਾਂ ਖ਼ਾਲਾ ਜੀ ਮਿੱਠਾ ਜਿਹਾ ਡਾਂਟ ਕੇ ਚੁੱਪ ਕਰਾ ਦੇਂਦੇ। ਤੇ ਕਈ ਵਾਰ ਬਾਲਟੀ ਵਿਚ ਬਰਫ਼ ਪਾ ਕੇ ਠੰਡੇ ਕੀਤੇ ਟਪਕਾ ਅੰਬ ਚੂਪਣ ਲਈ ਦੇ ਕੇ ਸਾਡੇ ਸਭ ਦੇ ਮੂੰਹ ਬੰਦ ਕਰਾ ਦੇਂਦੇ। ਕਈ ਵਾਰ ਉਹ ਤਵਿਆਂ ਵਾਲੀ ਮਸ਼ੀਨ ਤੋਂ ਗਾਣੇ ਸੁਣਵਾ ਕੇ ਸਾਨੂੰ ਖੁਸ਼ ਕਰ ਦੇਂਦੇ।

ਥਾਣੇ ਵਿਚ ਕਿਸੇ ਨਾ ਕਿਸੇ ਵਾਰਦਾਤ ਦੇ ਸੰਬੰਧ ਵਿਚ ਫ਼ੜ ਕੇ ਲਿਆਂਦੇ ਸ਼ੱਕੀ ਬੰਦਿਆਂ ਨੂੰ ਖੂਬ ਕੁੱਟਿਆ ਜਾਂਦਾ ਸੀ। ਉਹਨਾਂ ਨੂੰ ਜਿੰਨੀ ਵੱਧ ਕੁੱਟ ਪੈਂਦੀ ਪੁਲਿਸ ਵਾਲਿਆਂ ਨੂੰ ਓਨੇ ਹੀ ਵੱਧ ਪੈਸੇ ਬਣਦੇ ਸਨ। ਕਦੀ ਕਦੀ ਕੋਈ ਬਹਿਕ ਗਿਆ ਸ਼ਰਾਬੀ ਵੀ ਪੁਲਿਸ ਵਾਲਿਆਂ ਦੇ ਅੜਿੱਕੇ ਆ ਜਾਂਦਾ। ਪਹਿਲਾਂ ਤਾਂ ਉਸ ਦੀ ਖੂਬ ਜੁੱਤੀ-ਪਰੇਡ ਕੀਤੀ ਜਾਂਦੀ। ਫ਼ਿਰ ਨਲਕੇ ਹੇਠ ਬਿਠਾ ਕੇ ਉਸ ਦੇ ਸਿਰ ਤੇ ਬਾਲਟੀਆਂ ਭਰ ਭਰ ਪਾਣੀ ਪਾਇਆ ਜਾਂਦਾ ਅਤੇ ਨਾਲੋ ਨਾਲ ਉਸ ਨੂੰ ਗਾਲਾਂ ਦਾ ਵੀ ਰਜਵਾਂ ਪ੍ਰਸ਼ਾਦ ਦਿੱਤਾ ਜਾਂਦਾ। ਸਾਡੇ ਲਈ ਇਹ ਕਿਸੇ ਤਮਾਸ਼ੇ ਤੋਂ ਘੱਟ ਨਹੀਂ ਸੀ ਹੁੰਦਾ।

ਇਕ ਵਾਰ ਉਸ ਥਾਣੇ ਅੰਦਰ ਪੈਂਦੇ ਕਿਸੇ ਇਲਾਕੇ ਵਿਚ ਇਕ ਕਤਲ ਹੋ ਗਿਆ। ਖ਼ਾਨ ਸਾਹਿਬ ਇਸ ਬਾਰੇ ਪਤਾ ਲੱਗਣ ਤੇ ਗੁੱਸੇ ਨਾਲ ਲਾਲ ਪੀਲੇ ਹੋ ਗਏ। ਉਹਨਾਂ ਦੇ ਇਲਾਕੇ ਵਿਚ ਇਹ ਘਿਣਾਉਣਾ ਕਾਰਾ ਕਰਨ ਦੀ ਜ਼ੁਅਰੱਤ ਕਿਸੇ ਨੇ ਕਿਵੇਂ ਕੀਤੀ। ਛੋਟਾ ਥਾਣੇਦਾਰ, ਹੌਲਦਾਰ ਤੇ ਸਿਪਾਹੀ ਕੁਝ ਸ਼ੱਕੀ ਬੰਦਿਆਂ ਨੂੰ ਫ਼ੜ ਲਿਆਏ। ਉਹਨਾਂ ਫ਼ੜੇ ਗਏ ਬੰਦਿਆਂ ਵਿਚ ਇੱਕ ਸਿੱਖ ਨੌਜਵਾਨ ਵੀ ਸੀ। ਸਿਪਾਹੀਆਂ ਨੇ ਸਭ ਨੂੰ ਲੰਮੇਂ ਪਾ ਕੇ ਕੁੱਟਣਾ ਸ਼ੁਰੂ ਕਰ ਦਿੱਤਾ। ਜਦੋਂ ਮੁਸ਼ਤਬਾਹਾਂ (ਸ਼ੱਕੀ ਅਪਰਾਧੀਆਂ) ਦੇ ਕੁੱਟ ਪੈਂਦੀ ਤਾਂ ਉਹ ਉੱਚੀ ਉੱਚੀ ਚੀਕਾਂ ਮਾਰਦੇ। "ਹਾਏ ਓਏ ਮਰ ਗਿਆ ... ਮਾਪਿਓ, ਮੈਂ ਮਰ ਗਿਆ ... ਹਜ਼ੂਰ ਮੈਂ ਕਤਲ ਨਹੀਂ ਕੀਤਾ... ਮਾਪਿਓ ਰੱਬ ਦਾ ਵਾਸਤਾ ਮੈਨੂੰ ਹੋਰ ਨਾ ਮਾਰੋ..." ਦੋ-ਤਿੰਨ ਦਿਨ ਤੱਕ ਸ਼ੱਕੀ ਦੋਸ਼ੀਆਂ ਨੂੰ ਕੁਟਾਪਾ ਚਾੜ੍ਹਨ ਦਾ ਸਿਲਸਿਲਾ ਚਲਦਾ ਰਿਹਾ। ਹੌਲੀ ਹੌਲੀ ਬਹੁਤਿਆਂ ਦੇ ਵਾਰਸ ਪੁਲਿਸ ਵਾਲਿਆਂ ਦੀ ਮੁੱਠੀ ਗਰਮ ਕਰਕੇ, ਉਹਨਾਂ ਨੂੰ ਛੁਡਾ ਕੇ ਲੈ ਗਏ। ਸ਼ੱਕ ਦੀ ਸੂਈ ਸਿੱਖ ਨੌਜਵਾਨ ਤੇ ਆ ਕੇ ਰੁੱਕ ਗਈ ਤੇ ਫ਼ਿਰ ਉਸ ਦੀ ਸ਼ਾਮਤ ਆ ਗਈ।

ਇਕ ਦਿਨ ਉਸ ਸ਼ੱਕੀ ਮੁਜਰਿਮ ਨੂੰ ਪੁਲਿਸ ਵਾਲੇ ਬੜੀ ਬੇਰਹਿਮੀ ਨਾਲ ਕੁੱਟ ਰਹੇ ਸਨ। ਅਸੀਂ ਖ਼ਾਨ ਸਾਹਿਬ ਦੇ ਘਰ ਖੇਡ ਰਹੇ ਸੀ। "ਓਏ ਰੱਬ ਦੇ ਵਾਸਤੇ ਮੈਨੂੰ ਨਾ ਮਾਰੋ .... ਓਏ ਗੁਰੂ ਦੀ ਸਹੁੰ ਮੈਂ ਕਤਲ ਨਹੀਂ ਕੀਤਾ ...." ਦੀਆਂ ਆਵਾਜ਼ਾਂ ਸਾਨੂੰ ਸੁਣਾਈ ਦੇ ਰਹੀਆਂ ਸਨ। ਸਿਪਾਹੀ ਕਸਾਈਆਂ ਵਾਂਗ ਉਸ ਨੂੰ ਲਗਾਤਾਰ ਤਸੀਹੇ ਦੇ ਰਹੇ ਸਨ।

ਖ਼ਾਲਾ ਜੀ ਤੋਂ ਰਿਹਾ ਨਾ ਗਿਆ। ਉਹਨਾਂ ਨੇ ਅਰਦਲੀ ਹੱਥ ਸੁਨੇਹਾ ਭੇਜਿਆ ਕਿ "ਇਹ ਸਿੱਖ ਬੇਕਸੂਰ ਹੈ। ਖ਼ਾਨ ਸਾਹਿਬ ਨੂੰ ਕਹੋ ਕਿ ਇਸ ਨੂੰ ਹੋਰ ਨਾ ਮਾਰਨ।" ਅਰਦਲੀ ਸੁਨੇਹਾ ਦੇ ਕੇ ਵਾਪਸ ਆ ਗਿਆ। ਪਰ ਉਸ ਨੌਜਵਾਨ ਦੀਆਂ ਦਰਦ ਭਰੀਆਂ ਚੀਕਾਂ ਦੀ ਅਵਾਜ਼ ਅਜੇ ਵੀ ਆ ਰਹੀ ਸੀ। ਖ਼ਾਲਾ ਜੀ ਨੇ ਫ਼ਿਰ ਆਪਣੇ ਵੱਡੇ ਮੁੰਡੇ ਨੂੰ ਕਿਹਾ ਕਿ ਜਾ ਕੇ ਅੱਬਾ ਜਾਨ ਨੂੰ ਕਹੋ ਅੰਮੀਂ ਕਹਿੰਦੇ ਹਨ "ਰੱਬ ਦਾ ਖੌਫ਼ ਖਾਓ, ਜ਼ੁਲਮ ਨਾ ਕਰੋ। ਉਸ ਸਿੱਖ ਨੂੰ ਕੁੱਟਣਾ ਬੰਦ ਕਰ ਦਿਉ।" ਪਰ ਖ਼ਾਨ ਸਾਹਿਬ ਉਸ ਨੌਜਵਾਨ ਤੋਂ ਕਤਲ ਦਾ ਇਕਬਾਲ ਕਰਵਾਉਣ ਤੇ ਤੁਲੇ ਹੋਏ ਜਾਪਦੇ ਸਨ। ਥੋੜ੍ਹੀ ਦੇਰ ਬਾਅਦ ਜਦੋਂ ਖ਼ਾਲਾ ਜੀ ਨੇ ਛੋਟੇ ਬੇਟੇ ਨੂੰ ਵੇਖ ਕੇ ਆਉਣ ਲਈ ਕਿਹਾ ਤਾਂ ਉਹਨਾਂ ਨੂੰ ਪਤਾ ਲੱਗਾ ਕਿ ਹੁਣ ਉਸ ਦੇ ਵਾਲ ਛੱਤ ਦੇ ਰੱਸੇ ਨਾਲ ਬੰਨ੍ਹੇ ਹੋਏ ਹਨ ਤੇ ਉਹ ਤੜਫ਼ ਰਿਹਾ ਹੈ। ਖ਼ਾਲਾ

Academy of the Punjab in North America: http://www.apnaorg.com

ਜੀ ਦਾ ਚਿਹਰਾ ਗੁੱਸੇ ਅਤੇ ਦੁੱਖ ਨਾਲ਼ ਲਾਲ ਪੀਲਾ ਹੋ ਗਿਆ।

ਅਸੀਂ ਕੁਝ ਬੱਚੇ ਬਰਾਂਡੇ ਵਿਚ ਖੇਡ ਰਹੇ ਸੀ। ਦੁਪਹਿਰੇ ਖ਼ਾਨ ਸਾਹਿਬ ਰੋਟੀ ਖਾਣ ਆਏ। ਉਹਨਾਂ ਨੇ ਆਪਣੀ ਵਰਦੀ ਵਾਲੀ ਕਮੀਜ਼ ਲਾਹ ਕੇ ਕੁਰਸੀ ਤੇ ਲਟਕਾ ਦਿੱਤੀ। ਖ਼ਾਲਾ ਜੀ ਨੇ ਬਲਦੇ ਚੁੱਲ੍ਹੇ ਵਿਚ ਰੱਖਿਆ ਚਿਮਟਾ ਕੱਢਿਆ ਅਤੇ ਖ਼ਾਨ ਸਾਹਿਬ ਦੀ ਪਿੱਠ ਤੇ ਜ਼ੋਰ ਨਾਲ਼ ਠਾਹ ਕਰਕੇ ਜੜ ਦਿੱਤਾ ਤੇ ਆਪ ਭਜ ਕੇ ਕਮਰੇ ਅੰਦਰ ਜਾ ਕੇ ਅੰਦਰੋਂ ਕੁੰਡਾ ਲਾ ਲਿਆ। ਖ਼ਾਨ ਸਾਹਿਬ ਦਰਦ ਨਾਲ਼ ਕਰਾਹੁੰਦੇ ਇਕ ਦਮ ਆਪਣੀ ਬੇਗਮ ਨੂੰ ਫੜਨ ਲਈ ਉੱਠੇ। ਉਹਨਾਂ ਨੇ ਆਪਣਾ ਪਿਸਤੌਲ ਕੱਢ ਲਿਆ ਅਤੇ ਉੱਚੀ ਉੱਚੀ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਅਸੀਂ ਸਾਰੇ ਸਹਿਮ ਗਏ। ਉਹਨਾਂ ਦੇ ਪੁੱਤਰ ਉਹਨਾਂ ਦੀਆਂ ਲੱਤਾਂ ਨੂੰ ਚੰਬੜ ਕੇ ਰੋਣ ਲਗ ਪਏ। ਖ਼ਾਲਾ ਜੀ ਅੰਦਰੋਂ ਉੱਚੀ ਉੱਚੀ ਕਹਿ ਰਹੇ ਸਨ "ਜਿਸ ਬੇਕਸੂਰ ਨੂੰ ਪਿਛਲੇ ਇਕ ਹਫ਼ਤੇ ਤੋਂ ਕੁੱਟ ਕੁੱਟ ਕੇ ਕੋਹ ਰਹੇ ਹੋ ਕੀ ਉਸ ਦੇ ਕੋਈ ਦਰਦ ਨਹੀਂ ਹੁੰਦੀ? ਕੀ ਉਹ ਰੱਬ ਦਾ ਬੰਦਾ ਨਹੀਂ?" ਏਨੇ ਨੂੰ ਅਰਦਲੀ ਮਰਹਮ ਲੈ ਆਇਆ। ਉਸ ਨੇ ਖ਼ਾਨ ਸਾਹਿਬ ਦੇ, ਜਿੱਥੇ ਚਿਮਟਾ ਵੱਜਾ ਸੀ, ਮਰਹਮ ਲਾ ਦਿੱਤੀ। ਫਿਰ ਖ਼ਾਨ ਸਾਹਿਬ ਚੁੱਪਚਾਪ ਆਪਣੇ ਦਫ਼ਤਰ ਚਲੇ ਗਏ। ਉਹਨਾਂ ਨੇ ਉਸ ਨੌਜਵਾਨ ਨੂੰ ਕੁੱਟਣਾ ਬੰਦ ਕਰਵਾ ਦਿੱਤਾ।

ਦੂਸਰੇ ਦਿਨ ਸ਼ਾਮੀਂ ਮੈਨੂੰ ਮੇਰੇ ਪਿਤਾ ਜੀ ਤੋਂ ਪਤਾ ਲੱਗਾ ਕਿ ਅਸਲੀ ਕਾਤਿਲ ਛੁਰੇ ਅਤੇ ਖ਼ੂਨ ਵਾਲੇ ਕਪੜਿਆਂ ਸਮੇਤ ਫੜਿਆ ਗਿਆ ਹੈ। ਸੱਠ ਵਰ੍ਹਿਆਂ ਤੋਂ ਵੀ ਵਧ ਸਮਾਂ ਬੀਤ ਗਿਆ ਹੈ। ਅਜੇ ਵੀ ਆਪਣੀ ਉਸ ਨੇਕ-ਬਖ਼ਤ ਰਹਿਮ ਦਿਲ ਖ਼ਾਲਾ ਦਾ ਇਲਾਹੀ ਨੂਰ ਨਾਲ਼ ਡਲ੍ਹਕਾਂ ਮਾਰਦਾ ਚਿਹਰਾ ਮੇਰੀਆਂ ਅੱਖਾਂ ਸਾਹਮਣੇ ਆ ਜਾਂਦਾ ਹੈ। ਮੈਨੂੰ ਲਗਦਾ ਹੈ ਜਿਵੇਂ ਮੇਰੀ ਖ਼ਾਲਾ ਮੈਨੂੰ ਕਹਿ ਰਹੀ ਹੋਵੇ 'ਪੁੱਤਰਾ! ਕਿਧਰੇ ਤੂੰ ਆਪਣੀ ਖ਼ਾਲਾ ਨੂੰ ਭੁੱਲ ਤਾਂ ਨਹੀਂ ਗਿਆ!"

■

Academy of the Punjab in North America: http://www.apnaorg.com

ਨਜ਼ਮਾਂ

ਸੜਕ

ਨਜਮ ਹੁਸੈਨ ਸੱਯਦ

ਨਹੀਂ ਚਾਹੁੰਦੇ
ਇਹ ਸੜਕ ਪਾਰ ਅਸੀਂ ਕਰੀਏ
ਆਪਣਾ ਡਰ ਤੇ ਦਸਦੇ ਕੋਈ ਨਹੀਂ
ਚਾਹੁੰਦੇ ਨੇ ਅਸੀਂ ਡਰੀਏ
ਆਖਣ ਸੜਕੋ-ਸੜਕ ਚਲੋ
ਨਹੀਂ ਪਾਰ ਤੁਹਾਡੇ ਵਾਰੇ
ਗਏ ਪੁਰਾਣੇ ਲਾਰੇ, ਹੁਣ ਕੀਹ ਤਕਦੇ ਓ
ਗਡੀਆਂ ਫ਼ੌਜਾਂ ਨੇ
ਜੇਹੜਾ ਰਾਹ ਮਾਰੇ ਸੋ ਹੈ ਨਹੀਂ
ਵਗਦੀ ਨਾਲ ਵਗੋ
ਇਹ ਜੰਞ ਹੈ ਰਲ ਹੀ ਜਾਸੋ
ਦੇਗਾਂ ਚੜ੍ਹੀਆਂ ਨੇ
ਜੋ ਦਿਲ ਮੰਗਦਾ ਏ ਸੋ ਖਾਸੋ
ਸੜਕ ਪਾਰ ਸਾਨੂੰ ਰਬ ਦੁਆਰਾ
ਨਹੀਂ ਹੈ ਮਿਲਣ ਦਾ ਕਾਰਾ
ਨਹੀਂ ਚਾਹੁੰਦੇ ਅਸੀਂ ਹੀਲਾ ਕਰੀਏ
ਸੜਕ ਨਹੀਂ ਏਹ ਧੂੰ ਦਰਿਆ ਹੈ
ਧੂੰ ਮਗਰਮੱਛ ਚਾਹੁੰਦੇ ਨੇਂ
ਅਸੀਂ ਧੂੰ ਮੱਛੀਆਂ ਬਣ ਤਰੀਏ।

■

ਗਾਵਣ

ਨਜਮ ਹੁਸੈਨ ਸੱਯਦ

ਖ਼ਾਕ ਈ ਹੈ ਅਕਸੀਰੇ ਜਹਾਨ ਤੇ ਆਇਆਂ ਕੂੰ
ਖ਼ਾਕ ਸਮਾਇਆਂ ਕੂੰ
ਅੱਠ ਪਹਿਰ ਮਸ਼ਗ਼ੂਲ ਰਿਜ਼ਕ ਰਸਾਵੇ ਪਈ
ਸੁਰਤ ਦੀ ਸੂਈ ਅੰਦਰ ਧਾਗਾ ਪਾਵੇ ਪਈ
ਇਹਦੇ ਸਿਰ ਤੇ ਹੁਕਮ ਜੇਹੜੇ ਘੁਕੀਂਦੇ ਨੇ
ਆਪ ਤੇ ਸੁੱਤੇ ਉਠਦੇ ਕੋਈ ਨਹੀਂ
ਇਹਨੂੰ ਬਾਂਗ ਸੁਣੀਂਦੇ ਨੇ
ਖ਼ਾਕ ਈ ਹੈ ਤਫ਼ਸੀਰ ਕੁਲ ਕਲਾਮਾਂ ਦੀ
ਆਪਣੇ ਆਪ ਹਜ਼ੂਰ ਕੀ ਲੋੜ ਇਮਾਮਾਂ ਦੀ।

■

Academy of the Punjab in North America: http://www.apnaorg.com

ਗਜ਼ਲ

ਇੱਕ ਸੀ ਕੁੜੀ ਲਕੀਰ ਜੇਹੀ

ਪ੍ਰੇਮ ਕੁਮਾਰ

ਇੱਕ ਸੀ ਕੁੜੀ ਲਕੀਰ ਜੇਹੀ ਪਹਿਲੇ ਪਹਿਰ ਦੇ ਨਾਂ ਵਰਗੀ
ਰਾਹੇ ਰਸਤੇ ਮਿਲ ਜਾਂਦੀ ਸੀ ਸਿਖਰ ਦੁਪਹਿਰੇ ਛਾਂ ਵਰਗੀ

ਅੱਖ ਦੇ ਕੋਨੇ ਚੋਂ ਤੱਕਦੀ ਸੀ ਸਹਿਮੀ ਸਹਿਮੀ ਸੰਗਦੀ ਸੰਗਦੀ
ਖਬਰੇ ਕੀ ਕੀ ਕਹਿ ਜਾਂਦੀ ਉਹ ਚੁੱਪ ਚੁਪੀਤੀ ਦਰਖ਼ਤਾਂ ਵਰਗੀ

ਜੇ ਪੁੱਛਾਂ, ਤੂੰ ਮਹਿਕਾਂ-ਜਾਈ? ਸਿਰ ਹਿਲਾ ਕੇ ਤੁਰ ਜਾਂਦੀ
ਇਉਂ ਲੱਗਦਾ ਸੀ ਓਸ ਕੁੜੀ ਦੀ ਨਾਂਹ ਵੀ ਹੁੰਦੀ ਹਾਂ ਵਰਗੀ

ਮੁਸਕਾਉਂਦੀ ਤਾਂ ਲੱਗਦੀ ਨਿੱਕੀ ਜੇਹੀ ਸੰਗਮਰਮਰ ਦੀ ਮੂਰਤ
ਕੋਲੋਂ ਲੰਘਦੀ ਤਾਂ ਛੋਹ ਓਸਦੀ ਮਮਤਾ ਭਿੱਜੀ ਮਾਂ ਵਰਗੀ

ਬੱਦਲਾਂ ਛਾਂਵੇ ਕਿੱਕਲੀ ਪਾਉਂਦੀ ਉਹ ਬਣ ਜਾਂਦੀ ਬੱਦਲੀ
ਇੱਕ ਦਿਨ ਉੱਡ ਗਈ ਕਿਧਰੇ ਉਹ ਕੁੜੀ ਕੂੰਜਾਂ ਵਰਗੀ

ਕਿਸ ਪਰਦੇਸੀ ਦੇ ਲੜ ਲੱਗੀ, ਕੇਹੜੇ ਦੇਸੀਂ ਤੁਰ ਗਈ
ਉਹ ਕੁੜੀ ਬਾਬਲ ਦੇ ਵਿਹੜੇ ਕਿੱਲੇ ਬੱਝੀ ਗਾਂ ਵਰਗੀ

ਨਾ ਉਹ ਮੇਰੀ ਧੀ ਲੱਗਦੀ ਸੀ, ਨਾ ਮਾਂ, ਨਾ ਮੇਰੀ ਮਹਿਬੂਬਾ
ਓਸ ਕੁੜੀ ਦੀ ਸੂਰਤ ਅੱਜ ਵੀ ਮਨ ਮੰਦਰ ਜੋਤਾਂ ਵਰਗੀ

■

Academy of the Punjab in North America: http://www.apnaorg.com

ਨਜ਼ਮ

ਥੜ੍ਹਾ

ਮੁਹੰਮਦ ਅਫ਼ਜ਼ਲ ਸ਼ਾਹਿਦ

ਹੁੱਕੇ ਦੀ ਗੁੜ ਗੁੜ ਸੁਣ ਸੁਣ ਕੇ
ਮੈਂ ਆਣ ਥੜ੍ਹੇ ਤੇ ਬੈਠਾ ਸਾਂ
ਏਥੇ ਤੇ ਰੰਗ ਅਵੱਲੇ ਨੇ
ਪਏ ਦਿਸਦੇ ਤੌਰ ਕਵੱਲੇ ਨੇ
ਕੋਈ ਅੰਦਰ ਝਾਤੀ ਪਾਂਦਾ ਨਹੀਂ
ਮਨ ਕਾਲ਼ੇ ਪ੍ਹੂਤੇ ਢਾਂਦਾ ਨਹੀਂ
ਬਹਿਸਾਂ ਦੀ ਗਰਮਾ ਗਰਮੀ ਏ
ਕੋਈ ਮਨ ਦਾ ਨਹੀਂ ਹਠਧਰਮੀ ਏ
ਕੋਈ ਮਜ਼ਹਬਾਂ ਦੀ ਕੋਈ ਧਰਮਾਂ ਦੀ
ਕੋਈ ਰੁੱਸਦੇ ਮਨ ਦੇ ਕਰਮਾਂ ਦੀ
ਕੋਈ ਅਰਸ਼ਾਂ ਦੀ ਕੋਈ ਫ਼ਰਸ਼ਾਂ ਦੀ
ਕੋਈ ਚਸਕਿਆਂ ਦੀ ਕੋਈ ਚਰਸਾਂ ਦੀ
ਕੋਈ ਜੀਂਦਿਆਂ ਦੀ ਕੋਈ ਮੋਇਆਂ ਦੀ
ਕੋਈ ਹੋਇਆਂ ਯਾਂ ਨਿੱਜ ਹੋਇਆਂ ਦੀ
ਕੋਈ ਰਾਂਝਿਆਂ ਭਾਬੀਆਂ ਵੀਰਾਂ ਦੀ
ਕੋਈ ਪਾਰ ਝਨਾਉਂ ਹੀਰਾਂ ਦੀ
ਕੋਈ ਪਾਟੀਆਂ ਗਲ਼ਮਿਆਂ ਲੀਰਾਂ ਦੀ
ਕੋਈ ਵੰਡੀਆਂ ਦੀ ਕੋਈ ਸੀਰਾਂ ਦੀ
ਕੋਈ ਨਾ ਬਣੀਆਂ ਤਕਦੀਰਾਂ ਦੀ
ਕੋਈ ਗਲ਼ਮਿਆਂ ਖੁੱਭਿਆਂ ਤੀਰਾਂ ਦੀ
ਕੋਈ ਅਲਫ਼ਾਂ ਦੀ ਕੋਈ ਊੜੇ ਦੀ
ਕੋਈ ਏ ਬੀ ਸੀ ਦੇ ਧੂੜੇ ਦੀ
ਕੋਈ ਟਾਟਾਂ ਦੀ ਕੋਈ ਫੂੜ੍ਹੇ ਦੀ
ਕੋਈ ਕੁਰਸੀਆਂ ਦੀ ਕੋਈ ਮੂੜ੍ਹੇ ਦੀ
ਕੋਈ ਬੁੱਲ੍ਹੇ ਦੀ ਕੋਈ ਵਾਰਿਸ ਦੀ
ਕੋਈ ਪੋਰਸ ਦੀ ਕੋਈ ਪਾਰਸ ਦੀ
ਕੋਈ ਵਰਦੀਆਂ ਦੀ ਕੋਈ ਫ਼ੌਜਾਂ ਦੀ
ਕੋਈ ਚਾਵਾਂ ਦੀ ਕੋਈ ਮੌਜਾਂ ਦੀ
ਕੋਈ ਪਿਛਲੀ ਗੱਲ ਸੁਣਾਂਦਾ ਏ
ਕੋਈ ਅਗਾਂਹ ਈ ਵਧਦਾ ਜਾਂਦਾ ਏ
ਕੋਈ ਐਵੇਂ ਈ ਰੌਲ਼ਾ ਪਾਂਦਾ ਏ
ਕੋਈ ਕੰਨਾਂ ਨੂੰ ਹੱਥ ਲਾਂਦਾ ਏ
ਕੋਈ ਗਾਲ਼ੂ ਉਲਾਹਮੇ ਲੋਕਾਂ ਨੂੰ
ਕੋਈ ਪਾਲ਼ਦਾ ਚੰਬੜੀਆਂ ਜੋਕਾਂ ਨੂੰ
ਕੋਈ ਟੋਹਵੇ ਲੈ ਲੈ ਸੌ ਚੱਸਾਂ
ਕੋਈ ਮਿਹਣੇ ਨੂੰਹਾਂ ਤੇ ਸੱਸਾਂ
ਮੈਂ ਚੁੱਪ ਚੁਪੀਤਾ ਕੀ ਦੱਸਾਂ
ਸੋਚਾਂ ਦੀਆਂ ਵਾਗਾਂ ਕੀ ਕੱਸਾਂ
ਜੀ ਰੋਵੇ ਅੰਦਰ ਮੈਂ ਹੱਸਾਂ
ਮੈਂ ਕੜਕਣ ਹਾਰਾ ਕੀ ਵੱਸਾਂ
ਘੁੱਟ ਪ੍ਰੀਤ ਪ੍ਰੇਮੀ ਦਾ ਧੱਸਾਂ
ਇਹ ਵਿਚਲੀ ਗੱਲ ਕਿਵੇਂ ਦੱਸਾਂ
ਸਿਕ ਸੂਟਾ ਲਾਵਣ ਆਇਆ ਸਾਂ
ਕੁੱਝ ਜੀ ਪਰਚਾਵਣ ਆਇਆ ਸਾਂ
ਹੁਣ ਹਿੱਲਣ ਨੂੰ ਨਹੀਂ ਜੀ ਕਰਦਾ
ਮੈਂ ਕੇਸ ਥੜ੍ਹੇ ਆ ਬੈਠਾ ਵਾਂ ?

■

Academy of the Punjab in North America: http://www.apnaorg.com

ਨਜ਼ਮ

ਮੇਰੀ ਕੀ ਮਜਾਲ

(ਸ਼ਿਵ ਕੁਮਾਰ ਬਟਾਲਵੀ ਦੀ ਨਜ਼ਰ)

ਅਫ਼ਜ਼ਲ ਰਾਜ਼

ਉਹ ਦਾਨਾ ਸੀ
ਉਹ ਬੀਨਾ ਸੀ
ਉਹਦੇ ਉਚ ਖ਼ਿਆਲ
ਮੇਰੀ ਕੀਹ ਮਜਾਲ-----
ਉਹਦੀਆਂ ਗੱਲਾਂ
ਉਹਦੇ ਸ਼ਿਅਰ
ਤਗੜੇ ਲਈ ਭੁਚਾਲ
ਮੇਰੀ ਕੀਹ ਮਜਾਲ-----
ਉਹ ਜੋ ਸੋਚੇ
ਉਹ ਜੋ ਲਿੱਖੇ
ਮੇਰੇ ਅੰਦਰ ਵੀ ਉਹ ਪੁੰਗਰਨ
ਮਾੜੇ ਅੰਦਰ ਜੋ ਸਵਾਲ
ਮੇਰੀ ਕੀਹ ਮਜਾਲ-----
ਓਸ ਨੂੰ ਗਾ ਕੇ
ਏਥੇ ਖ਼ੁਸ਼ ਨੇ
ਸਾਡੇ ਉੱਚ ਕੱਵਾਲ
ਮੇਰੀ ਕੀਹ ਮਜਾਲ-----
ਉਹ ਗੁਣੀ ਸੀ
ਗੁਣਾਂ ਨਾਲ ਭਰੀਚੇ,ਓਸ
ਲਫ਼ਜ਼ਾਲੀ ਦੇ ਥਾਲ
ਮੇਰੀ ਕੀਹ ਮਜਾਲ-----
ਉਹ ਵਿਖਾਵੇ ਸ਼ੀਸ਼ਾ ਸਾਨੂੰ
ਨਾਲੇ ਚੂਵਣੇ
ਸ਼ਿਅਰਾਂ ਨਾਲ
ਮੇਰੀ ਕੀਹ ਮਜਾਲ-----
ਉਹ ਲਫ਼ਜ਼ਾਂ ਦਾ ਸ਼ਾਹ ਸੀ ਲੋਕੋ
ਅੱਜ ਵੀ ਪਏ ਉਡੀਕਣ ਉਹਨੂੰ
ਸਾਡੇ ਸੁਰ ਤੇ ਤਾਲ
ਮੇਰੀ ਕੀਹ ਮਜਾਲ-----
ਉਹਦੀਆਂ ਨਜ਼ਮਾਂ
ਉਹਦੀਆਂ ਗ਼ਜ਼ਲਾਂ
ਸਾਡੇ ਲਈ ਮਿਸਾਲ
ਮੇਰੀ ਕੀਹ ਮਜਾਲ-----
ਜਾ ਕੇ ਓਸ ਨੇਂ ਸੁੰਜਾ ਕੀਤਾ
ਸਾਹਿਤ ਵੇਹੜਾ
ਨਾਲ਼ੇ ਆਲ ਦਵਾਲ
ਮੇਰੀ ਕੀਹ ਮਜਾਲ-----

■

Academy of the Punjab in North America: http://www.apnaorg.com

ਨਜ਼ਮਾਂ

ਰੁੱਖ

ਸਵਰਨਜੀਤ ਸਵੀ

ਰਾਹ ਜਾਂਦਿਆਂ
ਰੁੱਖਾਂ ਨੂੰ ਦੇਖਦਾ ਹਾਂ
ਤੇ ਅਚਾਨਕ ਕੋਈ ਰੁੱਖ
ਉਂਗਲੀ ਦੇ ਇਸ਼ਾਰੇ ਨਾਲ ਬੁਲਾਉਂਦਾ
ਮੁਸਕਰਾ ਕੇ
ਮਟਕ ਕੇ
ਕਦੇ ਭਰੇ ਜਹੇ ਗਲ਼ ਨਾਲ
ਮੈਂ ਜਾਂਦਾ ਹਾਂ ਕੋਲ
ਕੈਮਰੇ ਤੋਂ ਕੈਪ ਲਾਹੁੰਦਿਆਂ ਹੀ
ਪਰਕਰਮਾ ਕਰਦਾ ਹਾਂ ਰੁੱਖ ਦੀ
ਵਿਊਫਾਂਈਡਰ ਰਾਹੀਂ
ਰੁੱਖ ਹੋਰ ਦਾ ਹੋਰ ਹੋ ਜਾਂਦੈ
ਤੇ ਮੈਂ
ਦੇਖਦਾ ਹਾਂ ਕੋਨੇ ਕੋਨੇ ਤੋਂ
ਅੰਗ ਅੰਗ ਨੂੰ
ਤੇ ਰੁੱਖ
ਇਕ ਸਿੱਧਸਤ ਮਾਡਲ ਵਾਂਗ
ਦਿਖਾਉਂਦਾ ਹੈ ਆਪਣੇ ਵੱਖ ਵੱਖ ਰੂਪ
ਅਦਾਵਾਂ-ਜਲਵੇ
ਤੇ ਮੈਂ ਕਲਿੱਕ ਕਰਦਾ ਹਾਂ
ਕਦੇ ਉਸ ਦੇ ਕਠੋਰ ਜੁੱਸੇ ਨੂੰ
ਕਦੇ ਉਸ ਦੇ ਮਰਦਾਂਵੇਂ ਅਕਸ ਨੂੰ
ਕਦੇ ਉਸਦੇ ਵੱਲ ਖਾਂਦੇ ਲੱਕ ਨੂੰ
ਕਦੇ ਇਕ ਦੂਜੇ ਨੂੰ ਲਿਪਟਦੀਆਂ
ਸਾਂਭਦੀਆਂ ਲਗਰਾਂ ਨੂੰ
ਕਦੇ ਲਹਿ ਰਹੀ ਉਪਰਲੀ ਪਰਤ ਨੂੰ
ਜੋ ਕੁੰਜ ਵਾਂਗ ਲਹਿੰਦੀ ਹੈ
ਤੇ ਵਿਚੋਂ ਨਿਕਲਦੈ
ਲਿਸ਼ਕਦਾ ਜਿਸਮ ਲੈ ਕੇ ਰੁੱਖ
ਤੇ ਦੱਸਦੈ ਕਿ
ਮੈਂ ਤਾਂ ਜਵਾਨ ਹਾਂ ਅਜੇ

ਇੰਜ ਘੁੰਮਦਿਆਂ ਕੈਮਰੇ ਦੇ ਲੈਂਜ ਵਿਚੋਂ
ਉਸਦੀ ਦੇਹ ਦੁਆਲੇ
ਯੱਕਦਮ ਭੁਰਭੁਰੀ ਮਿੱਟੀ ਦਾ ਢੇਰ ਦਿਸਦਾ ਹੈ
ਤੇ ਉਦੋਂ ਕੰਨੀਂ ਪੈਂਦੀ ਹੈ
ਰੁੱਖ ਦੀ ਕਮਜ਼ੋਰ ਜਹੀ ਹੂੰਗਦੀ ਆਵਾਜ਼
ਸਿਉਂਕ ਦੀ ਫੌਜੀ ਗਸ਼ਤ ਦੀ
ਲਗਾਤਾਰ ਖੜਕਦੀ ਪੈੜ ਦਾ ਰੋਹ
ਕਾਲੀਆਂ ਜਹਿਰੀਲੀਆਂ ਪੌਣਾਂ ਦੇ
ਵਾਵਰੋਲਿਆਂ ਦੀ ਗੂੰਜ
ਗੰਧਲੇ ਪਾਣੀਆਂ 'ਚ ਦਮ ਤੋੜਦੀਆਂ
ਗੰਦਲਾਂ ਦੀ ਤੜ ਤੜ
ਤੇ ਇਕ ਗਹਿਰੀ ਚੁੱਪ
ਚੁੱਪ 'ਚ ਪਲਦੀ ਮੂਕ ਹਾਹਾਕਾਰ
ਤੇ ਜ਼ਮੀਨ 'ਚੋਂ
ਤ੍ਰਿਹਾਏ ਜਹੇ ਕੰਠ ਦੀ ਪੁਕਾਰ
... ...
... ...
ਜਦ ਵੀ ਤਸਵੀਰ ਦੇਖਦਾ ਹਾਂ
ਤਾਂ ਆਵਾਜ਼ਾਂ ਸੁਣਦੀਆਂ ਨੇ
ਤੇ ਯਾਦ ਆਉਂਦਾ ਹੈ
ਰੁੱਖ ਦਾ ਬੁਲਾਉਣਾ
ਕਦੇ ਉਂਗਲ ਦੇ ਇਸ਼ਾਰੇ ਨਾਲ
ਕਦੇ ਗੁੱਸੇ ਨਾਲ
ਕਦੇ ਕੰਬਦੀ ਜਹੀ ਆਵਾਜ਼ ਨਾਲ
ਤੇ ਕਦੇ ਮਟਕਦੇ ਲੱਕ ਨਾਲ ... ...

Academy of the Punjab in North America: http://www.apnaorg.com

ਨਾਨੀ

ਸਵਰਨਜੀਤ ਸਵੀ

ਛੋਟੇ ਹੁੰਦਿਆਂ
ਗਰਮੀ ਦੀਆਂ ਛੁੱਟੀਆਂ ਚਾਲੀ
ਲੁਧਿਆਣੇ ਤੋਂ ਬੱਸ ਸਿੱਧੀ ਹਠੂਰ
ਫਿਰ ਪੈਦਲ ਮਾਰਚ
ਵਾਇਆ ਛੀਨੀਵਾਲ
ਬਸਤੇ ਮੋਡਿਆਂ ਤੇ ਮੇਰੇ , ਰਾਣੀ ਤੇ ਪੰਮੀ ਦੇ
ਬੀਬੀ ਕੋਲ ਦੋ ਤਿੰਨ ਝੋਲੇ ਭਾਰੇ ਭਾਰੇ
ਸਿੱਧੇ ਨਾਨੀ ਕੋਲ ਪਿੰਡ ਮੂਮਾਂ ਗਹਿਲਾਂ
ਨਾਨੀ ਕਾਹਦੀ ਦਿਸਦੀ
ਖਜ਼ਾਨਾ ਖੁਸ਼ੀਆਂ ਦਾ
ਪਲਾਂ ਚ ਦੁਨੀਆਂ ਬਦਲ ਜਾਂਦੀ
ਚਾਲੀ ਛੁਟੀਆਂ ਲੰਘ ਜਾਂਦੀਆਂ ਫੁ..ਰ..ਰ.. ਕਰਕੇ

ਫਿਰ ਸਾਰਾ ਸਾਲ ਯਾਦ ਆਉਂਦੀ
ਨਾਨੀ ਦੀ ਬੁੱਕਲ ਨਿੱਘੀ ਨਿੱਘੀ
ਨਾਨੀ ਦਾ ਡੰਡਾ ਲੈ ਕੇ ਮਗਰ ਮਗਰ ਭੱਜਣਾ
ਵੇ ਖੜ ਜੋ ਸ਼ੈਹਰੀਓ
ਤੂਤ ਬੇਰੀਆਂ ਝੂਟੇ ਪੀਂਘਾਂ
ਮਖਿਆਲ ਦਾ ਛੱਤਾ ਸਿਰ ਵਿਚ ਵੱਜਾ ਭੱਜੇ ਨਾਲੋ ਨਾਲ
ਰਾਣੀ ਦਾ ਮੂੰਹ ਸੁੱਜਿਆ ਤੇ ਬੁੱਲਾਂ ਦਾ ਬੁਰਾ ਹਾਲ

... ...

ਨਾਨੀ ਦੇ ਸੰਦੂਕ ਚ ਵੜਨਾ
ਸਮਾਨ ਕੱਢਣਾ
ਨਾਨੀ ਨੇ ਦੱਸਣਾ
ਨ੍ਹੇਰੇ ਸੰਦੂਕ 'ਚ ਦਿਨ ਚੜ੍ਹ ਜਾਣਾ

... ...

ਵਿਆਹ ਦੇ ਦਿਨਾਂ ਚ ਨਾਨੀ ਨਿਰਾ ਘੜਮੱਸ
ਗਿੱਧਾ ਜਾਗੋ ਬੋਲੀਆਂ ਪਾਉਂਦੀ
ਨੌਵੀਂ ਵੇਲੇ ਜਦ ਮੈਂ ਸੁਣੀਆਂ ਕੰਨੋ ਨਿਕਲੇ ਸੇਕ
ਲੁਕ ਲੁਕ ਸੁਣਦਾ ਮੈਂ ਤਾਂ ਭੱਜ ਲਿਆ
ਨਾਨੀ ਕਾਹਦੀ ਨਿਰਾ ਭੱਤੂ ਸੀ ਉਦੋਂ

... ...

ਕਾਲਜ ਵੇਲੇ ਕਦੇ ਕਦੇ ਜਦ ਜਾਣਾ
ਉਹਦਾ ਅਸੀਸਾਂ ਭਰਿਆ ਹੱਥ ਸਿਰ ਤੇ ਟਿਕਦਾ
ਲਗਦਾ ਜਿਉਂ ਗੁਰਦੁਆਰੇ ਮੱਥਾ ਟੇਕਿਆ ਹੋਵੇ
ਮਨ ਸ਼ਾਂਤ ਹੋ ਜਾਂਦਾ
ਨਾਨੀ ਦੇ ਹੱਸਦੇ ਚਿਹਰੇ ਦੀਆਂ ਝੁਰੜੀਆਂ
ਜਿਵੇਂ ਚਾਅ ਨਾਲ ਕੱਤੀਆਂ ਪੂਣੀਆਂ
ਸੋਹਣੀਆਂ ਸੋਹਣੀਆਂ
ਕਾਲਜ ਦੇ ਦਿਨਾਂ ਨੂੰ ਉਮਰਾਂ ਬੀਤ ਗਈਆਂ
ਨਾਨੀ ਦੇ ਚਿਹਰੇ ਦੀਆਂ ਝੁਰੜੀਆਂ
ਜਿਵੇਂ ਠਹਿਰ ਗਈਆਂ
ਪਿਛਲੇ ਪੱਚੀ ਸਾਲਾਂ ਤੋਂ ਉਵੇਂ ਹੀ ਲਗਦੀ ਹੈ ਨਾਨੀ

... ...

ਕਈ ਸਾਲਾਂ ਬਾਦ ਨਾਨੀ ਦੀ ਯਾਦ ਆਈ
ਨਾਨੀ ਇੱਕ ਸੌ ਤੋਂ ਵੱਧ ਸਾਲਾਂ ਦੀ ਹੈ
ਐਤਕੀਂ ਨਾਨੀ ਦਾ ਭਾਰ ਸੋਟੀ ਤੇ ਵੱਧ ਗਿਆ
ਨਾਨੀ ਪਹਿਲਾਂ ਤੋਂ ਛੋਟੀ ਲੱਗਦੀ ਹੈ
ਝੁਰੜੀਆਂ ਤਾਂ ਉਵੇਂ ਹੀ ਨੇ
ਜਿਵੇਂ ਨਾਨੇ ਦੇ ਜਾਣ ਵੇਲੇ ਸਨ
ਪਰ ਮਾਮੇ ਦੇ ਜਾਣ ਤੋਂ ਬਾਦ
ਤਾਂ ਉਹ ਹੱਸਣਾ ਹੀ ਭੁੱਲ ਗਈ ਹੈ
ਹੱਥ ਉਵੇਂ ਹੀ ਰੱਖਿਆ ਸਿਰ ਤੇ ਨਿੱਘਾ ਨਿੱਘਾ
ਗੁਰਦੁਆਰੇ ਜਿਵੇਂ ਮੱਥਾ ਟੇਕਿਆ ਹੋਵੇ ਮੈਂ
ਫਿਰ ਘੁੱਟਕੇ ਚਿੰਬੜ ਗਈ
ਨਿਰਾ ਨਿੱਘ ਨਿਰੀ ਮਮਤਾ
ਉਦਾਸ ਹੈ ਨਾਨੀ
ਮੈਂ ਕੁੱਝ ਪੁੱਛਣ ਹੀ ਲੱਗਾ ਸਾਂ
ਕਿ ਨਾਨੀ ਬੋਲ ਪਈ
ਮਖ ਪੁੱਤ
ਲਗਦੈ ਰੱਬ ਭੁੱਲ ਈ ਗਿਆ
ਮੈਨੂੰ ਭੇਜ ਕੇ ਧਰਤੀ ਤੇ...

... ...

■

Academy of the Punjab in North America: http://www.apnaorg.com

ਗਜ਼ਲਾਂ

ਜ਼ੁਲਮੀ ਕਹਿਣ ਬਲਾਵਾਂ ਹੁੰਦੀਆਂ

ਤ੍ਰੈਲੋਚਨ ਲੋਚੀ

ਜ਼ੁਲਮੀ ਕਹਿਣ ਬਲਾਵਾਂ ਹੁੰਦੀਆਂ
ਕੁੜੀਆਂ ਤੇ ਕਵਿਤਾਵਾਂ ਹੁੰਦੀਆਂ

ਕਰਜ਼ ਇਹਨ੍ਹਾਂ ਦਾ ਕੌਣ ਉਤਾਰੇ
ਰੱਬ ਤੋਂ ਵੱਡੀਆਂ ਮਾਵਾਂ ਹੁੰਦੀਆਂ

ਉਮਰਾਂ ਦਾ ਇਹ ਜੋੜਨ ਰਿਸ਼ਤਾ
ਉਂਝ ਤਾਂ ਚਾਰ ਹੀ ਲਾਵਾਂ ਹੁੰਦੀਆਂ

ਜੇ ਤੂੰ ਸਾਥੋਂ ਦੂਰ ਨਾ ਹੁੰਦਾ
ਦੂਰ ਨਾ ਸਾਥੋਂ ਛਾਂਵਾਂ ਹੁੰਦੀਆਂ

ਮਰ ਖਪ ਜਾਂਦਾ ਕਦ ਦਾ ਲੋਚੀ
ਨਾਲ ਨਾ ਜੇ ਕਵਿਤਾਵਾਂ ਹੁੰਦੀਆਂ

■

ਹੁਣੇ ਹੁਣੇ...

ਸਲੀਮ ਪਾਸ਼ਾ

ਹੁਣੇ ਹੁਣੇ ਮੈਂ ਭਰਿਆ ਏ ਘੁੱਟ
ਨਿੱਕੀਆਂ ਨਿੱਕੀਆਂ ਸੱਧਰਾਂ ਦਾ
ਹੁਣੇ ਹੁਣੇ ਮੈਂ ਵੇਖਿਐ ਮੰਜ਼ਰ
ਨਵੀਆਂ ਨਵੀਆਂ ਕਬਰਾਂ ਦਾ

ਹੁਣੇ ਹੁਣੇ ਸੀ ਚਾਨਣ ਟੁਰਿਆ
ਅੱਨ੍ਹ ਹਨੇਰੀ ਬੁੱਕਲ ਚੋਂ
ਹੁਣੇ ਹੁਣੇ ਈ ਸ਼ਾਮ ਦੀ ਲਾਲੀ
ਨਿਕਲੀ ਕਾਲ਼ੇ ਬੱਦਲ ਚੋਂ

ਹੁਣੇ ਹੁਣੇ ਹੈ ਸਾਂਭ ਲਿਆ
ਇਕ ਰੁੱਖ ਨੇ ਅਪਣੀਆਂ ਛਾਂਵਾਂ ਨੂੰ
ਹੁਣੇ ਹੁਣੇ ਇਕ ਰੱਤਾ ਸੂਰਜ
ਦੇ ਗਿਆ ਓਟ ਨਿਗਾਹਵਾਂ ਨੂੰ

ਹੁਣੇ ਹੁਣੇ ਮੈਂ ਵੇਖ ਰਹਿਆ ਸਾਂ
ਉੱਚੇ ਜਿਹੇ ਇਕ ਖੰਡਰ ਨੂੰ
ਹੁਣੇ ਹੁਣੇ ਮੈਂ ਤੌਬਾ ਕੀਤੀ
ਵੇਖ ਕੇ ਅਪਣੇ ਅੰਦਰ ਨੂੰ

■

Academy of the Punjab in North America: http://www.apnaorg.com

ਗ਼ਜ਼ਲਾਂ

ਧੀਆਂ

ਬਾਬਾ ਨਜਮੀ

ਜਣੇ ਖਣੇ ਦਾ ਆਹ ਜੀ ਹੋਇਆ ਧੀਆਂ ਲਈ
ਧੀਆਂ ਕੋਲੋਂ ਲੁਕ ਲੁਕ ਰੋਇਆ ਧੀਆਂ ਲਈ

ਉੱਚਾ ਕਦ ਸੀ ਆਪਣੀ ਜੂਹ ਦੇ ਲੋਕਾਂ ਤੋਂ
ਦਾਜ ਬਣਾਉਂਦਾ ਕੁੱਬਾ ਹੋਇਆ ਧੀਆਂ ਲਈ

ਫ਼ਜ਼ਰ ਤੋਂ ਲੈ ਕੇ ਸ਼ਾਮਾਂ ਤੀਕਰ ਸੜਕਾਂ ਤੇ
ਲੂੰ ਲੂੰ ਮੁੜ੍ਹਕੇ ਵਿਚ ਡਬੋਇਆ ਧੀਆਂ ਲਈ

ਵਿਚ ਧੀਆਂ ਦੇ ਬਹਿ ਕੇ ਇਹ ਮੈਂ ਖੋਲ੍ਹਾਂਗਾ
ਜੋ ਮੈਂ ਪਰਨੇ ਵਿਚ ਲਕੋਇਆ ਧੀਆਂ ਲਈ

ਮੇਰੀ ਅੱਜ ਦਿਹਾੜੀ ਚੰਗੀ ਲੱਗੀ ਜੇ
ਅੱਜ ਲਵਾਂਗਾ ਮਿੱਠਾ ਖੋਇਆ ਧੀਆਂ ਲਈ

ਵਿਚ ਹਵਾਵਾਂ ਹੂਕਾਂ ਕੂਕਾਂ ਚੀਕਾਂ ਨੇਂ
ਫਿਰ ਕੋਈ ਮੇਰੇ ਵਰਗਾ ਮੋਇਆ ਧੀਆਂ ਲਈ

ਸਦੀਆਂ ਹੋਈਆਂ ਹੁਣ ਤੱਕ ਲੱਭਦਾ ਫਿਰਨਾ ਵਾਂ
ਹੈ ਕੋਈ ਬਾਬਲ ਜੋ ਨਹੀਂ ਰੋਇਆ ਧੀਆਂ ਲਈ

ਹੋਰ ਕਿਸੇ ਵੀ ਹੱਟੀ ਉੱਤੋਂ ਲੱਭਣਾ ਨਹੀਂ
ਇਹ ਮੈਂ ਜਿਹੜਾ ਹਾਰ ਪਰੋਇਆ ਧੀਆਂ ਲਈ

ਲੋਕੀ ਤੇਲ ਨੇਂ ਚੋਂਦੇ ਬਾਬਾ ਸ਼ਗਨਾਂ ਤੇ
ਮਜ਼ਦੂਰਾਂ ਨੇ ਮੁੜ੍ਹਕਾ ਚੋਇਆ ਧੀਆਂ ਲਈ

■

ਛੰਗਿਆੜੇ

ਬਾਬਾ ਨਜਮੀ

ਆਕੜ ਸੱਤ ਅਸਮਾਨਾਂ ਜਿੱਡੀ ਪੱਲੇ ਚਾਰ ਦਿਹਾੜੇ
ਕਦ ਤੱਕ ਜੀਣਗੇ ਬਾਬਾ ਨਜਮੀ ਭੁੱਬਲ ਦੇ ਚੰਗਿਆੜੇ
ਫੜ ਸਰਦਾਰ ਮੇਰੀ ਥਾਂ ਤੇ ਬੰਨ੍ਹ ਲੈ ਪੁੱਤਰ ਮੇਰਾ
ਮੇਰੇ ਨਾਲੋਂ ਬਹੁਤੇ ਇਹਨੇ ਕਰ ਲਏ ਯਾਦ ਪਹਾੜੇ
ਉਹਦੇ ਕੋਲ ਵੀ ਲਗਦਾ ਮੈਨੂੰ ਅੱਪੜ ਗਏ ਅਮਰੀਕੀ
ਤਾਂਹੀਓਂ ਕਿਧਰੇ ਪਿਆ ਵਸਾਵੇ ਕਿਧਰੇ ਪਿਆ ਉਜਾੜੇ

■

Academy of the Punjab in North America: http://www.apnaorg.com

ਸਿੰਧੀ ਕਵਿਤਾਵਾਂ

ਤਰਜਮਾ:
ਮੁਹੰਮਦ ਆਸਿਫ਼ ਰਜ਼ਾ

ਤਾਜ ਬਲੋਚ

ਆਦਰਸ਼

ਮੈਂ ਚਾਹੁੰਦਾਂ ਕਿ ਹੱਸੀਏ
ਨਵਾਂ ਹਾਸਾ ਹੱਸੀਏ
ਕਵਾਰੇ ਜਿਹੇ ਹੱਥਾਂ ਤੇ ਲੱਗੀ
ਮਹਿਕਦੀ, ਭਖਦੀ ਮਹਿੰਦੀ ਦੀ ਖ਼ੁਸ਼ਬੂ-ਹਾਰ
ਮੁਸਕਾ ਕੇ ਹੱਸੀਏ
ਮਗਰ ਇੰਜ ਹੱਸੀਏ
ਵਫ਼ਾ ਤੇ ਵਤਨ ਦੇ ਸ਼ਹੀਦਾਂ ਦੇ ਮੱਥੇ
ਜਿਉਂ ਫੱਟ ਲਿਸ਼ਕਣ
ਮੈਂ ਚਾਹੁੰਦਾਂ ਕਿ ਨੱਚੀਏ
ਨਵਾਂ ਨਾਚ ਨੱਚੀਏ
ਜਿਉਂ ਦਿਲ ਦੀ ਤਪਦੀ ਭੋਏਂ ਉੱਪਰ
ਨੈਣਾਂ ਚੋਂ ਕਿਰਿਆ
ਕੋਈ ਇਕ ਅੱਥਰੂ
ਸੇਕ ਹੱਥੋਂ ਮੁਸਲਸਲ ਨੱਚੇ
ਮੈਂ ਚਾਹੁੰਦਾਂ ਕਿ ਨੱਚੀਏ
ਮਗਰ ਇੰਜ ਨੱਚੀਏ
ਪੈਰਾਂ 'ਚ ਮੁਸਕਾਨਾਂ ਦੇ ਹੋਣ ਘੁੰਘਰੂ
ਤੇ ਅਪਣੇ ਈ ਕੋਸੇ ਤੇ ਸੱਜਰੇ ਲਹੂ ਨਾਲ
ਭਰੀਚੇ ਕੋਈ ਥਾਲ 'ਚ ਲਗਾਤਾਰ ਨੱਚੀਏ
ਮੈਂ ਚਾਹੁੰਦਾਂ ਕਿ ਨੱਚੀਏ
ਨਵਾਂ ਨਾਚ ਨੱਚੀਏ
ਮੈਂ ਚਾਹੁੰਦਾਂ ਕਿ ਹੱਸੀਏ
ਨਵਾਂ ਹਾਸਾ ਹੱਸੀਏ
ਸੁੱਚਲ ਹਾਸਾ ਹੱਸੀਏ
ਮੈਂ ਚਾਹੁੰਦਾਂ ਕਿ ਨੱਚੀਏ
ਨਵਾਂ ਨਾਚ ਨੱਚੀਏ

■

ਮੁਜ਼ਾਹਮਤ

ਸ਼ਾਇਰੀ
ਬਾਜ਼ਾਰ 'ਚ ਰੱਖੇ ਕਿਸੇ ਬੰਬ ਹਾਰ
ਜਿਹੜੀ ਸਦੀਆਂ ਦੇ ਅਜ਼ਾਬਾਂ
ਪੀੜਾਂ ਦੇ
ਪਲ ਪਲ ਦੇ ਸਮੁੱਚੇ ਭਾਰ ਨੂੰ
ਹਿਰਦੇ ਵਿਚ ਸਾਂਭੀ ਬੈਠੀ ਏ
ਹੁਣੇ ਪਾਟੀ, ਪਾਟੀ ਹੁਣੇ, ਸ਼ਾਇਰੀ
ਬਾਜ਼ਾਰ 'ਚ ਰੱਖੇ ਕਿਸੇ ਬੰਬ ਹਾਰ

■

ਦਰਦ

ਰਸਤਿਆਂ ਤੇ ਵਗਦੇ ਦਰਦ
ਸ਼ਾਮ ਦੇ ਬੁਢੜੇ ਥੱਕੇ ਪਰਛਾਵੇਂ
ਸ਼ਹਿਰ ਦੀਆਂ ਕੰਧਾਂ ਨੂੰ ਅੰਬਰ ਵੇਲ ਹਾਰ
ਵਲ੍ਹੇਟ ਲਿਆ
ਪੀੜ ਹਰ ਮਥਿਉਂ ਸਿੰਮ ਕੇ
ਰਾਹਾਂ ਤੇ ਵਗਦੀ ਰਹਿੰਦੀ ਏ
ਤੇ ਘਰਾਂ ਅੰਦਰੋਂ
ਮਾਤਮ ਤੇ ਵੈਣਾਂ ਦੀਆਂ ਵਾਜਾਂ
ਸ਼ਹਿਰ ਦੇ ਬੁਰਜਾਂ ਨਾਲ ਟਕਰਾ ਕੇ
ਪਰਤ ਵੈਂਦੀਆਂ ਹਨ
ਸ਼ਹਿਰ ਦੇ ਵਾਤਾਵਰਨ ਵਿਚ
ਸ਼ਾਮ ਦੇ ਬੁਢੜੇ ਥੱਕੇ ਮਾਯੂਸ ਪਰਛਾਵੇਂ
ਇੰਜ ਗਹਿਰੇ ਥੀ ਵੈਂਦਨ
ਜਿਉਂ ਕਿਸੇ ਰੰਡੀਪਣ ਦੇ ਅੱਖੀਂ
ਦਰਦ ਦਾ ਕੱਜਲ ਖਿੱਲਰ ਗਿਆ ਹੋਵੇ !

■

Academy of the Punjab in North America: http://www.apnaorg.com

ਨਜ਼ਮ

ਅਸੀਂ ਜੇ ਸੱਚ ਬੋਲ ਪਏ

ਤਾਰਿਕ ਗੁੱਜਰ

ਅਸੀਂ ਜੇ ਸੱਚ ਬੋਲ ਪਏ ਤੇ---ਪਤਾ ਕੀਹ ਹੋਣਾ ਏ
ਮੂੰਹ ਭਾਰ ਡਿਗ ਪੈਣਾ ਹੈ ਸਿਕੰਦਰ ਦੇ ਘੋੜੇ ਨੇ
ਪੋਰਸ ਦੇ ਪੈਰਾਂ ਵਿਚ
ਤੇ ਵੰਝਲੀ ਬਣ ਜਾਣਾ ਹੈ ਰਾਂਝੇ ਦੀ
ਟਿੱਲਾ ਜੋਗੀਆਂ ਤੇ ਗੱਡੇ ਹੋਏ ਗ਼ੋਰੀ ਮਿਜ਼ਾਈਲ ਨੇ
ਅਸੀਂ ਜੇ ਸੱਚ ਬੋਲ ਪਏ ਤੇ ਗ਼ਜ਼ਨਵੀ ਨੂੰ
ਸੂਦ ਸਣੇ ਦੇਣਾ ਪੈਣਾ ਹੈ ਮਾਲੇ ਗ਼ਨੀਮਤ
ਸੋਮਨਾਥ ਦੇ ਮੰਦਰ ਵਿਚ ਜਾ ਕੇ
ਅਸੀਂ ਜੇ ਸੱਚ ਬੋਲ ਪਏ ਤਾਂ ਨਾਦਰ ਸ਼ਾਹ ਨੇ ਮੂਤ ਦੇਣਾ ਹੈ ਫ਼ਿਰ
ਤੁਹਾਡੀ ਤਹਿਜ਼ੀਬ ਦੀ ਰੰਗਲੀ ਸੇਜ ਤੇ
ਅਸੀਂ ਜੇ ਸੱਚ ਬੋਲ ਪਏ ਤਾਂ ਅਹਿਮਦ ਸ਼ਾਹ ਅਬਦਾਲੀ ਨੇ
ਤੁਹਾਡੇ ਸਲੇਬਸ ਦੀਆਂ ਕਿਤਾਬਾਂ 'ਚ ਮੂੰਹ ਲਕੋਂਦੇ ਫਿਰਨਾ ਹੈ
ਤੇ ਦੁੱਲੇ ਭੱਟੀ ਨੇ ਟੰਗ ਦੇਣੀ ਹੈ ਅਕਬਰ ਦੀ ਖੱਲ
ਤੋੜੇ ਭਰ ਕੇ ਦਿੱਲੀ ਦਰਵਾਜ਼ੇ ਦੇ ਬਾਹਰ
ਅਸੀਂ ਜੇ ਸੱਚ ਬੋਲ ਪਏ ਤਾਂ ਬੱਧੇ ਕੇ ਪੀਰਾਂ ਨੇ
ਲਾਹ ਦੇਣਾ ਹੈ ਆਲਮਗੀਰ ਦਾ ਗਾਟਾ
ਤੇ ਲਿਆ ਕੇ ਧਰ ਦੇਣਾ ਹੈ ਪਾਕਪਤਨ ਦੀ ਦਰਗਾਹ ਤੇ
ਅਸੀਂ ਜੇ ਸੱਚ ਬੋਲੇ ਤਾਂ ਨਨਕਾਣੇ ਵਾਲ਼ੇ ਨੇ ਖੋਲ੍ਹ ਦੇਣਾ ਹੈ ਤੁਹਾਡਾ ਭਰਮ
ਜੋ ਉਹ ਰੱਖੀ ਫਿਰਦਾ ਹੈ ਅਪਣੇ ਹਿਰਦੇ ਵਿਚ ਕਈ ਸਦੀਆਂ ਤੋਂ
ਅਸੀਂ ਜੇ ਸੱਚ ਬੋਲ ਪਏ ਤਾਂ ਵਾਹਗੇ ਤੇ ਅਟਾਰੀ ਨੇ ਚੁੰਮ ਲੈਣੇ ਨੇ
ਇਕ ਦੂਜੇ ਦੇ ਲਹੂ ਨਾਲ਼ ਭਰੇ ਮੁੱਖ
ਤੇ ਗੁਜਰਾਤ ਤੇ ਕਸ਼ਮੀਰ ਵੱਲ ਜਾਂਦੀਆਂ ਰਫ਼ਲਾਂ ਦੇ ਪੱਟੀਆਂ ਨੇ
ਬਣ ਜਾਣਾ ਹੈ ਫਾਹ ਤੁਹਾਡੇ ਹੀ ਗਲਮਿਆਂ ਦੇ
ਅਸੀਂ ਜੇ ਸੱਚ ਬੋਲ ਪਏ ਤਾਂ ਖ਼ੂਨ ਦਾ ਚਿੱਟਾ ਰੰਗ ਫ਼ਿਰ ਲਾਲ ਹੋ ਜਾਣਾ ਹੈ
ਅਸੀਂ ਅਜੇ ਸੱਚ ਨਹੀਂ ਬੋਲੇ
ਸਾਡੇ ਮੂੰਹ ਤੋਂ ਅਪਣੇ ਸਿਲੇਬਸ ਦੀ ਛਕਲ਼ ਲਾਹੋ
ਅਸੀਂ ਤੁਹਾਨੂੰ ਸੱਚ ਬੋਲ ਕੇ ਦਿਖਾਵਾਂਗੇ
ਅਸੀਂ ਅਜੇ ਸੱਚ ਨਹੀਂ ਬੋਲੇ

■

Academy of the Punjab in North America: http://www.apnaorg.com

ਗ਼ਜ਼ਲਾਂ

..... ਹੈ ਅਜੇ

ਜਸਵੰਤ ਹਾਂਸ

ਰਿਸ਼ਤਿਆਂ ਵਿਚ ਤਾਜ਼ਗੀ ਵੀ ਹੈ ਅਜੇ
ਦੀਵਿਆਂ ਵਿਚ ਰੌਸ਼ਨੀ ਵੀ ਹੈ ਅਜੇ।

ਵਕਤ ਨੇ ਪਾ ਛੱਡੀਆਂ ਨੇ ਦੂਰੀਆਂ
ਤੇਰੀ ਮੇਰੀ ਦੋਸਤੀ ਵੀ ਹੈ ਅਜੇ।

ਝਲਕਦਾ ਹਾਲੇ ਵੀ ਤੇਰਾ ਬਾਂਕਪਨ
ਕੁਝ ਮੇਰੀ ਦੀਵਾਨਗੀ ਵੀ ਹੈ ਅਜੇ।

ਅੱਖ ਕੁਮਲਾਈ ਵੀ ਸੁਪਨੇ ਵੇਖਦੀ
ਦੋਸਤੋ ਜ਼ਿੰਦਾਦਿਲੀ ਵੀ ਹੈ ਅਜੇ।

ਖਿੜ ਗਿਆ ਚਿਹਰਾ ਕਿਸੇ ਨੂੰ ਵੇਖ ਕੇ
ਸ਼ੋਖ ਪਲਕਾਂ ਵਿਚ ਨਮੀ ਵੀ ਹੈ ਅਜੇ।

ਠੀਕ ਹੈ ਤੇਰਾ ਗਿਲਾ ਵੀ ਠੀਕ ਹੈ।
ਕੁਝ ਮੇਰੀ ਨਾਰਾਜ਼ਗੀ ਵੀ ਹੈ ਅਜੇ।

■

ਗੀਤ

ਮਨਜੀਤ ਧਮਾਨ

ਮੇਰਾ ਮਾਹੀ ਘਰ ਆਇਆ ਘੜੀ ਵਸਲਾਂ ਦੀ ਆਈ

ਨੈਣ ਝੁੱਕ ਝੁੱਕ ਜਾਂਦੇ, ਪਏ ਹੋਂਠ ਲਰਜਾਂਦੇ
ਨਾਲੇ ਕੰਬ ਕੰਬ ਜਾਵੇ ਮੇਰੀ ਨਰਮ ਕਲਾਈ

ਬਹੁਤਾ ਓਸ ਤੋਂ ਮੈਂ ਲਿੱਤਾ, ਥੋੜਾ ਓਸ ਨੂੰ ਮੈਂ ਦਿੱਤਾ
ਅੱਜ ਗਾਗਰਾਂ ਦੇ ਵਾਂਗ ਮੈਂ ਤਾਂ ਭਰੀ ਦੀ ਭਰਾਈ

ਕਾਮ ਕ੍ਰੋਧ ਤੇ ਹੰਕਾਰ, ਲੋਭ ਮੋਹ ਨੂੰ ਵਿਸਾਰ
ਅੱਜ ਸਾਰੀਆਂ ਬਲਾਵਾਂ ਕਿਤੇ ਦੂਰ ਛੱਡ ਆਈ

ਕੀਤੀ ਜ਼ਰਾ ਨਾ ਮੈਂ ਸੰਗ, ਲਿਆ ਸਭ ਕੁਝ ਮੰਗ
ਖਾਲੀ ਆਪਣੀ ਮੈਂ ਝੋਲੀ ਅੱਜ ਭਰ ਕੇ ਲਿਆਈ

ਬਹਿ ਕੇ ਸਜੱਣਾ ਦੇ ਨਾਲ, ਮੈਂ ਤਾਂ ਹੋਈ ਲਾਲੋ ਲਾਲ
ਮੇਰੇ ਮੁਖੜੇ ਦੀ ਲਾਲੀ ਆਈ ਵੇਖਣ ਲੁਕਾਈ

■

Academy of the Punjab in North America: http://www.apnaorg.com

ਗੀਤ

ਮੁਹੱਬਤ ਦਾ ਗੀਤ

ਗੁਰਚਰਨ ਕੌਰ ਥਿੰਦ

ਮੁਹੱਬਤ ਦਾ ਗੀਤ ਹੁਣ ਮੈਂ ਕਦੇ ਨਹੀਂ ਗਾਉਣਾ,
ਮੁਹੱਬਤ ਦਾ ਰਾਗ ਹੁਣ ਕਦੇ ਨਹੀਂ ਅਲ੍ਹਾਉਣਾ।

ਆਦਿ ਤੋਂ ਮੇਰੀ ਬਸਤੀ 'ਚ ਇਸਦੀ ਮਨਾਹੀ,
ਅਮੋੜ ਦਿਲ ਇਕ ਵੇਰੀਂ ਕਰ ਬੈਠਾ ਕੁਤਾਹੀ।

ਮਨ ਦਾ ਇਹ ਪੰਛੀ ਜਾਂ ਕੂਹੂ ਕੂਹੂ ਬੋਲਿਆ,
ਬਸਤੀ ਦੇ ਲੋਕਾਂ ਦਾ ਕਾਲਜਾ ਸੀ ਡੋਲਿਆ।

ਲਾ ਦਿੱਤੇ ਇਹਨ੍ਹਾਂ ਚਾਰੇ ਤਰਫ਼ ਹੀ ਪਹਿਰੇ
ਹੋਰ ਵੀ ਡੂੰਘੇਰੇ ਫ਼ਿਰ ਤਾਂ ਪੈ ਗਏ ਹਨੇਰੇ।

ਆ ਉਹਨਾਂ ਮੇਰੇ ਮਨ ਦੇ ਪੰਛੀ ਨੂੰ ਟੋਲਿਆ,
ਬਸਤੀ ਦਾ ਹਰ ਬਸ਼ਿੰਦਾ ਕੁੱਝ ਨਾ ਕੁੱਝ ਬੋਲਿਆ।

ਕੈਦੋ-ਨੁਮਾ ਇੱਕ ਸਿਆਣਾ ਫਿਰ ਬੁਲਾਇਆ,
ਜਿਹਨੇ ਮੇਰੇ ਮਨ ਦੇ ਪੰਛੀ ਨੂੰ ਸਮਝਾਇਆ।

ਚਾਰ ਅੱਖਰਾਂ ਦਾ ਲਫ਼ਜ਼ ਮੁਹੱਬਤ ਲੁਭਾਉਣਾ,
ਪਰ ਅਸਲ 'ਚ ਹੈ ਬੜਾ ਭਿਆਨਕ, ਡਰਾਉਣਾ।

ਜਿਸ ਜਿਸ ਨੇ ਵੀ ਇਹ ਗੀਤ ਹੈ ਗਾਇਆ,
ਉਸ ਨੇ ਹੀ ਕੀਤੇ ਦਾ ਫ਼ਲ ਵੀ ਹੈ ਪਾਇਆ।

ਕੀ ਤੂੰ ਪੁਰਾਣੀਆਂ ਗਾਥਾਵਾਂ ਨਹੀਂ ਸੁਣੀਆਂ,
ਹੀਰ, ਸੱਸੀ, ਸੋਹਣੀ ਤੇ ਕੀ ਕੀ ਨ ਬਣੀਆਂ।

ਚੂਚਕ ਦੀ ਜਾਈ ਨੂੰ ਇਸ ਜ਼ਹਿਰ ਪਿਲਾਇਆ,
ਸੋਹਣੀ ਦੀ ਹੋਣੀ ਉਹਨੂੰ ਝਨਾਂ 'ਚ ਰੁੜ੍ਹਾਇਆ।

ਸੱਸੀ ਨੂੰ ਹੋਤਾਂ ਸੀ ਥਲਾਂ ਵਿਚ ਰੁਲਾਇਆ।
ਪਰ ਮਨ ਦੇ ਪੰਛੀ, ਮੁੜ ਮੁੜ ਕੇ ਨੇਹ ਲਗਾਇਆ

ਰਿਹਾ ਉਹ ਮੁਹੱਬਤ ਦੇ ਗੀਤ ਫ਼ਿਰ ਵੀ ਗਾਉਂਦਾ,
ਬੰਸੀ ਤੇ ਰਿਹਾ ਰਾਗ ਮੁਹੱਬਤ ਦਾ ਬਸ ਸੁਣਾਉਂਦਾ

ਤੇ ਬਸਤੀ ਦੇ ਸਿਆਣੇ ਹੋਏ ਇਕ ਦਿਨ ਇੱਕਠੇ,
ਇਹ ਫ਼ੈਸਲਾ ਸੁਣਾਇਆ, ਨਾਲ ਹਾਸੇ ਤੇ ਠੱਠੇ।

ਚੁੱਪ ਦਾ ਕਿਤੋਂ ਜਾ ਇਕ ਜਿੰਦਰਾ ਲਿਆਓ,
ਲਿਆ ਕੇ ਇਹਦੇ ਹੋਠਾਂ ਤੇ ਕੱਸ ਕੇ ਲਗਾਓ।

ਕਾਜ਼ੀ-ਨੁਮਾ ਫ਼ਿਰ ਮਨੁੱਖ ਇੱਕ ਆਇਆ,
ਜਿਸ ਨੇ ਇਹ ਫ਼ਤਵਾ ਪੜ੍ਹਕੇ ਸੁਣਾਇਆ-

ਪਈਆਂ ਤੇਰੇ ਪੈਰਾਂ 'ਚ ਅੱਜ ਤੋਂ ਜੰਜ਼ੀਰਾਂ,
ਤੁਰੀਂ ਉਹਨਾਂ ਤੇ ਜਗ ਨੇ ਜੋ ਪਾਈਆਂ ਲਕੀਰਾਂ,

ਬਸਤੀ ਦੇ ਲੋਕਾਂ ਦਾ ਹੁਣ ਮੈਂ ਹੁਕਮ ਨਿਤ ਵਜਾਉਂਦੀ,
ਰਹਿੰਦੀ ਹਮੇਸ਼ਾ ਮੇਰੀ ਰੂਹ ਚਾਹੇ ਕੁਰਲਾਉਂਦੀ

ਮੁਹੱਬਤ ਦਾ ਗੀਤ ਹੁਣ ਮੈਂ ਕਦੇ ਵੀ ਨਹੀਂ ਗਾਉਣਾ,
ਸ਼ਾਇਦ ਇਹ ਮੈਥੋਂ ਹੁਣ ਗਾਇਆ ਵੀ ਨਹੀਂ ਜਾਉਣਾ!

Academy of the Punjab in North America: http://www.apnaorg.com

ਗੀਤ

ਰਾਵੀ ਪਾਰੋਂ ਆਇਐਂ ਵੀਰ-ਪਿਆਰਿਆ

(ਰਾਏ ਹਸਨ ਨਵਾਜ਼ ਖਾਨ ਸਾਹਿਬ ਦੇ ਨਾਂ)

ਗੁਰਭਜਨ ਗਿੱਲ

ਰਾਵੀ ਪਾਰੋਂ ਆਇਐਂ ਵੀਰ-ਪਿਆਰਿਆ ਤੈਨੂੰ ਕਰਾਂ ਸਲਾਮ
ਵਤਨ ਮੇਰੇ ਦੀਆਂ ਸ਼ਾਮ ਸਵੇਰਾਂ, ਧੁੱਪਾਂ ਛਾਵਾਂ ਤੇਰੇ ਨਾਮ

ਇਕੋ ਮਿੱਟੀ ਪੱਥ ਘੁਮਿਆਰਾਂ ਪਾਏ ਇੱਕੋ ਆਵੇ
ਦੱਸ ਉਹ ਮੰਜਾ ਕਿੱਥੇ ਡਾਹੀਏ ਜਿਸ ਦੇ ਬੱਸ ਦੋ ਪਾਵੇ
ਮਾਲਕ ਆਖੇ ਤੇ ਹੱਸ ਪਈਏ ਰੋ ਪਈਏ ਜੇ ਚਾਹਵੇ
ਰੱਤ ਦੇ ਕਾਸੇ ਭਰ ਭਰ ਪੀਤੇ ਰਾਜਿਆਂ ਨੇ ਛਲਕਾਏ ਜਾਮ
ਵਤਨ ਮੇਰੇ ਦੀਆਂ ਸ਼ਾਮ ਸਵੇਰਾਂ, ਧੁੱਪਾਂ ਛਾਵਾਂ ਤੇਰੇ ਨਾਮ

ਮੀਆਂ ਮੀਰ ਉਦਾਸ ਖੜ੍ਹਾ ਕਿਉਂ ਹਰਿਮੰਦਰ ਦੇ ਬੂਹੇ
ਆਪੇ ਪੜ੍ਹ ਪੜ੍ਹ ਹੁਕਮ ਸੁਣਾਉਂਦੇ ਸ਼ਾਹ ਦੌਲੇ ਦੇ ਚੂਹੇ
ਬੋਲ ਨੀ ਅੱਜ ਤੂੰ ਬੋਲ ਉਦਾਸੀਏ ਦੇਸ਼ ਪੰਜਾਬ ਦੀ ਰੂਹੇ
ਚੁੱਪ ਰਹਿਣਾ ਮਰਦਾਂ ਨੂੰ ਮਿਹਣਾ, ਡੁੱਬ ਜਾਣਾ ਮੱਛੀਆਂ ਇਲਜ਼ਾਮ
ਵਤਨ ਮੇਰੇ ਦੀਆਂ ਸ਼ਾਮ ਸਵੇਰਾਂ, ਧੁੱਪਾਂ ਛਾਵਾਂ ਤੇਰੇ ਨਾਮ

ਆਖ ਆਜ਼ਾਦੀ, ਕਰ ਬਰਬਾਦੀ, ਵਕਤ ਅਵੱਲੜੇ ਕਹਿਰ ਕਮਾਇਆ
ਬਣ ਬੈਠਾ ਹਥਿਆਰ ਕਿਸੇ ਹੱਥ, ਹਮਸਾਇਆ ਜੇ ਮਾਂ ਪਿਉ ਜਾਇਆ
ਮੈਥੋਂ ਦੂਰ ਬਹੀਂ ਨਾ ਹੁਣ ਤੂੰ ਮੈਂ ਤੇਰੀ ਮਿੱਟੀ ਦਾ ਜਾਇਆ
ਪਾਗ਼ਲਪਣ ਵਿਚ ਹੁਣ ਨਾ ਰੋਲੀਏ, ਨਾਨਕ, ਰਾਮ ਰਹੀਮ ਦਾ ਨਾਮ
ਜੀ ਆਇਆਂ ਨੂੰ, ਜੀਅ ਓ ਵੀਰਾ, ਸ਼ਾਮ ਸਵੇਰਾਂ ਤੇਰੇ ਨਾਮ
ਵਤਨ ਮੇਰੇ ਦੀਆਂ ਸ਼ਾਮ ਸਵੇਰਾਂ, ਧੁੱਪਾਂ ਛਾਵਾਂ ਤੇਰੇ ਨਾਮ

Academy of the Punjab in North America: http://www.apnaorg.com

ਤੂੰ ਆਇਐਂ ਤਾਂ ਮਹਿਕ ਗਿਆ ਏ ਸੁੰਨਾ ਵਿਹੜਾ ਤਨ ਮਨ ਮੇਰਾ
ਭਰਿਆ ਭਰਿਆ, ਖੁਸ਼ਬੂ-ਖੁਸ਼ਬੂ ਹੋ ਚੱਲਿਆ ਏ ਰੂਹ ਦਾ ਡੇਰਾ
ਚਾਨਣ ਚਾਨਣ ਸਭੇ ਰਾਹਾਂ, ਸੱਜਣਾਂ ਤੇਰੇ ਬਾਝ ਹਨੇਰਾ
ਮਿਲਦੇ ਰਹੀਏ, ਦਿਲ ਦੀ ਕਹੀਏ, ਹੋਵੇ ਨਾ ਜ਼ਿੰਦਗੀ ਉਪਰਾਮ
ਵਤਨ ਮੇਰੇ ਦੀਆਂ ਸ਼ਾਮ ਸਵੇਰਾਂ, ਧੁੱਪਾਂ ਛਾਵਾਂ ਤੇਰੇ ਨਾਮ

ਰਾਵੀ ਪਾਰੋਂ ਆਇਐਂ ਵੀਰ ਪਿਆਰਿਆ ਤੈਨੂੰ ਕਰਾ ਸਲਾਮ
ਵਤਨ ਮੇਰੇ ਦੀਆਂ ਸ਼ਾਮ ਸਵੇਰਾਂ, ਧੁੱਪਾਂ ਛਾਵਾਂ ਤੇਰੇ ਨਾਮ

■

Academy of the Punjab in North America: http://www.apnaorg.com

ਲੇਖ

ਬਿਰਹਾ ਦਾ ਸੁਲਤਾਨ - ਸ਼ਿਵ ਕੁਮਾਰ ਬਟਾਲਵੀ

ਪ੍ਰੇਮ ਕੁਮਾਰ

ਪਟਿਆਲਾ - 6 ਜੁਲਾਈ 1970 ਮੇਰੀ ਜ਼ਿੰਦਗੀ ਵਿਚ ਇੱਕ ਅਹਿਮ ਦਿਨ ਸੀ। ਅਮਰ ਆਸ਼ਰਮ ਵਿਚ ਮੇਰਾ ਵਿਆਹ ਹੋ ਰਿਹਾ ਸੀ। ਸ਼ਾਮ ਨੂੰ ਸ਼ਿਵ ਕੁਮਾਰ ਆਇਆ। ਮੈਨੂੰ ਮੁਬਾਰਕ ਦਿੱਤੀ। ਕਿਹਾ, ਅਮਰੀਕਾ ਜਾਣ ਤੋਂ ਪਹਿਲਾਂ ਆਪਣੀ ਪਤਨੀ ਨੂੰ ਲੈ ਕੇ ਚੰਡੀਗੜ੍ਹ ਆਵੀਂ। ਮੈਂ ਹਾਂ ਕੀਤੀ। ਠੀਕ ਉਸੇ ਤਰ੍ਹਾਂ ਜਿਵੇਂ ਉਸ ਦੀ ਹਰ ਗੱਲ ਵਿਚ ਹਮੇਸ਼ਾ ਹਾਂ ਕਰਦਾ ਰਿਹਾ ਸਾਂ।

ਸ਼ਾਮ ਨੂੰ ਉਹ ਬਟਾਲੇ ਤੋਂ ਆਏ ਕੁਝ ਦੋਸਤਾਂ ਨਾਲ ਬਾਹਰ ਚਲਾ ਗਿਆ। ਤੜਕਸਾਰ ਉਸ ਮੈਨੂੰ ਜਗਾਇਆ। ਚੰਡੀਗੜ੍ਹ ਆਉਣ ਦੀ ਪੱਕੀ ਕੀਤੀ। ਅਲਸਾਈਆਂ ਅੱਖਾਂ ਨਾਲ ਮੈਂ ਉਸਨੂੰ ਸੜਕ ਵੱਲ ਜਾਂਦੇ ਵੇਖਦਾ ਰਿਹਾ। ਕਿੰਨੇ ਮੀਲ ਅਸੀਂ ਬਟਾਲੇ, ਅੰਮ੍ਰਿਤਸਰ ਤੇ ਚੰਡੀਗੜ੍ਹ ਦੀਆਂ ਸੜਕਾਂ ਤੇ ਨਾਲ ਨਾਲ ਤੁਰੇ ਸਾਂ ਪਰ ਉਸ ਦਿਨ ਮੈਂ ਸ਼ਿਵ ਨਾਲ ਦੋ ਕਦਮ ਵੀ ਤੁਰ ਨ ਸਕਿਆ।

ਤੜਕਸਾਰ ਦੀ ਮਿਨ੍ਹੀ ਹਵਾ ਵਿਚ ਦੂਰ ਜਾਂਦੇ ਸ਼ਿਵ ਦਾ ਆਕਾਰ, ਲਹਿਰਾਂਦਾ ਰੇਸ਼ਮੀ ਕੁੜਤਾ, ਦੂਧੀਆ ਪਜਾਮਾ ਤੇ ਘੁੰਗਰਾਲੇ ਵਾਲ, ਮੇਰੇ ਜ਼ਿਹਨ ਵਿਚ ਅੱਜ ਵੀ ਸ਼ੀਸ਼ੇ ਵਾਂਗ ਸਾਫ਼ ਹੈ।

ਜੁਲਾਈ ਦੀ ਉਹ ਸ਼ਾਮ ਮੇਰੀ ਜ਼ਿੰਦਗੀ ਦੀ ਇੱਕ ਤਲਖ ਯਾਦ ਹੈ। ਮੈਂ ਜਿਸ ਮੋੜ ਤੇ ਆ ਪਹੁੰਚਿਆ ਸਾਂ ਉਸ ਬਾਰੇ ਮੈਂ ਸੋਚਿਆ ਨਹੀਂ ਸੀ। ਮੈਂ ਸ਼ਤਰੰਜ ਦਾ ਮੁਹਰਾ ਬਣ ਗਿਆ ਸਾਂ। ਕੋਈ ਹੱਥ ਮੈਨੂੰ ਇੱਕ ਘਰ ਤੋਂ ਦੂਜੇ ਘਰ, ਇੱਕ ਚਾਲ ਤੋਂ ਦੂਜੀ ਚਾਲ ਤੇ ਚੱਲ ਰਿਹਾ ਸੀ। ਆਪਣੇ ਤਮਾਸ਼ੇ ਦਾ ਮੈਂ ਆਪ ਹੀ ਦਰਸ਼ਕ ਬਣ ਗਿਆ ਸਾਂ। ਜੂਨ ਦੇ ਮਹੀਨੇ ਮੈਨੂੰ ਅਮਰੀਕਾ ਦੀ ਯੂਨੀਵਰਸਿਟੀ ਆਵ ਆਈਡਾਹੋ ਵਿਚ ਅੰਗਰੇਜ਼ੀ ਸਾਹਿਤ ਦੀ ਉੱਚ ਵਿੱਦਿਆ ਲਈ ਦਾਖਲਾ ਮਿਲਿਆ ਸੀ। ਅਗਸਤ ਦੇ ਮਹੀਨੇ ਮੇਰੀ ਪੜ੍ਹਾਈ ਸ਼ੁਰੂ ਹੋਣੀ ਸੀ। ਮਹੀਨਾ ਪਹਿਲਾਂ ਮੈਂ ਵਿਆਹ ਬਾਰੇ ਸੋਚ ਵੀ ਨਹੀਂ ਸਕਦਾ ਸੀ ਤੇ

Academy of the Punjab in North America: http://www.apnaorg.com

ਹੁਣ ਜੁਲਾਈ ਦੇ ਮਹੀਨੇ ਮੇਰੀ ਸ਼ਾਦੀ ਹੋ ਰਹੀ ਸੀ। ਮੈਂ ਜਾਣਦਾ ਸੀ ਕਿ ਮੇਰੀ ਪਤਨੀ ਮੇਰੇ ਨਾਲ ਅਮਰੀਕਾ ਨਹੀਂ ਜਾ ਸਕਦੀ। ਮੈਂ ਇਹ ਨਹੀਂ ਜਾਣਦਾ ਸੀ ਕਿ ਮੈਂ ਅਮਰੀਕਾ ਕਿਵੇਂ ਜਾ ਸਕਾਂਗਾ। ਮੇਰੀ ਆਰਥਕ ਹਾਲਤ ਇਸ ਤਰ੍ਹਾਂ ਦੀ ਸੀ ਕਿ ਮੇਰੇ ਲਈ ਦਿੱਲੀ ਜਾਣਾ ਵੀ ਸਮੱਸਿਆ ਸੀ। ਅਮਰੀਕਾ ਤਾਂ ਬਹੁਤ ਦੂਰ ਸੀ।

ਜੁਲਾਈ ਦੇ ਉਨ੍ਹਾਂ ਤਪਦੇ ਦਿਨਾਂ ਵਿਚ ਮੈਂ ਸਿਰ ਤੇ ਸੋਚਾਂ ਦਾ ਪਹਾੜ ਚੁੱਕੀ ਵਾਵਰੋਲੇ ਵਾਂਗ ਫਿਰ ਰਿਹਾ ਸਾਂ। ਉਸ ਸ਼ਾਮ ਮੈਂ ਸ਼ਿਵ ਨਾਲ ਦਿਲ ਦੀ ਗੱਲ ਸਾਂਝੀ ਨਹੀਂ ਕਰ ਸਕਿਆ। ਉਹ ਮੇਰੇ ਬਾਰੇ ਕਿੰਨਾ ਕੁਝ ਜਾਣਦਾ ਸੀ ਪਰ ਉਸ ਸ਼ਾਮ ਨ ਉਸ ਕੁਝ ਪੁੱਛਿਆ ਨ ਮੈਂ ਦੱਸਿਆ। ਮੈਂ ਅਕਸਰ ਸੋਚਦਾ ਹਾਂ ਉਸ ਸ਼ਾਮ ਸ਼ਿਵ ਮੇਰੇ ਬਾਰੇ ਕੀ ਸੋਚਦਾ ਰਿਹਾ ਹੋਵੇਗਾ।

ਤਿੰਨ ਹਫ਼ਤੇ ਬਾਦ ਮੈਂ ਅਮਰੀਕਾ ਚਲਾ ਗਿਆ।

ਅਮਰੀਕਾ ਦੇ ਜਿਸ ਛੋਟੇ ਜਿਹੇ ਸ਼ਹਿਰ ਵਿਚ ਮੈਂ ਆਇਆ ਸਾਂ ਉੱਥੇ ਸਿਰਫ ਦਸ ਬਾਰਾਂ ਹਿੰਦੁਸਤਾਨੀ ਸਨ। ਨ ਕੋਈ ਆਪਣੀ ਜ਼ਬਾਨ ਵਿਚ ਗੱਲ ਕਰਨ ਵਾਲਾ ਨ ਕੋਈ ਸੁਣਨ ਵਾਲਾ। ਮੈਂ ਦਿਨ ਰਾਤ ਅੰਗਰੇਜ਼ੀ ਸਾਹਿਤ ਵਿਚ ਗੁਆਚਿਆ ਰਹਿੰਦਾ। ਅਮਰੀਕਾ ਆਉਣ ਤੋਂ ਪਹਿਲਾਂ ਮੈਂ ਅੰਗਰੇਜ਼ੀ ਦੀ ਐਮ. ਏ. ਕੀਤੀ ਸੀ ਤੇ ਇੱਕ ਸਾਲ ਕਾਲਜ ਵਿਚ ਪੜ੍ਹਾਇਆ ਸੀ ਪਰ ਅਮਰੀਕਾ ਵਿਚ ਪੜ੍ਹਾਈ ਦਾ ਪੱਧਰ ਬਹੁਤ ਉੱਚਾ ਸੀ। ਅਮਰੀਕਨ ਵਿਦਿਆਰਥੀਆਂ ਦੇ ਮੁਕਾਬਲੇ ਮੇਰੀ ਅੰਗਰੇਜ਼ੀ ਸਾਹਿਤ ਦੀ ਜਾਣਕਾਰੀ ਹਾਈ ਸਕੂਲ ਦੇ ਵਿਦਿਆਰਥੀ ਨਾਲੋਂ ਵੀ ਘੱਟ ਸੀ। ਮੈਂ ਚੁੱਪਚਾਪ ਕਲਾਸ ਵਿਚ ਸਹਿਮਿਆ ਬੈਠਾ ਰਹਿੰਦਾ। ਡਰਦਾ ਕਿ ਜੇ ਮੈਂ ਕੁਝ ਕਿਹਾ ਤਾਂ ਸ਼ਾਇਦ ਪ੍ਰੋਫੈਸਰ ਤੇ ਮੇਰੇ ਜਮਾਤੀ ਮੇਰੀ ਸੋਚ ਦਾ ਮਜ਼ਾਕ ਉਡਾਉਣਗੇ। ਯੂਨੀਵਰਸਿਟੀ ਨੇ ਮੈਨੂੰ ਸਕਾਲਰਸ਼ਿਪ ਦਿੱਤਾ ਸੀ ਜਿਸਦੇ ਬਦਲੇ ਮੈਨੂੰ ਦੋ ਕਲਾਸਾਂ ਪੜ੍ਹਾਉਣੀਆਂ ਪੈਂਦੀਆਂ ਸਨ। ਪਰ ਇੱਥੇ ਤਾਂ ਪੜ੍ਹਾਈ ਦਾ ਮਾਹੌਲ ਹੀ ਵੱਖਰਾ ਸੀ। ਵਿਦਿਆਰਥੀ-ਅਧਿਆਪਕ ਦਾ ਰਿਸ਼ਤਾ ਹੀ ਅਜੀਬ ਸੀ। ਮੈਂ ਕਲਾਸ ਰੂਮ ਵਿਚ ਜਾਂਦਾ ਤਾਂ ਕੋਈ ਅਖ਼ਬਾਰ ਪੜ੍ਹ ਰਿਹਾ ਹੁੰਦਾ, ਕੋਈ ਇੱਕ ਦੂਜੇ ਨਾਲ ਗੱਲਾਂ ਕਰਨ ਵਿਚ ਰੁੱਝਿਆ ਹੁੰਦਾ। ਕੋਈ ਕੁੜੀ ਆਪਣੇ ਵਾਲਾਂ ਨੂੰ ਕੰਘੀ ਕਰ ਰਹੀ ਹੁੰਦੀ, ਕੋਈ ਆਪਣੀ ਲਿਪਸਟਿਕ ਸੁਆਰਦੀ ਰਹਿੰਦੀ।

ਮੈਨੂੰ ਇਹ ਅਹਿਸਾਸ ਦਿਨ ਰਾਤ ਸਤਾਉਂਦਾ ਰਹਿੰਦਾ ਕਿ ਮੇਰਾ ਸ਼ਬਦ ਉਚਾਰਣ ਸ਼ਾਇਦ ਮੇਰੇ ਵਿਦਿਆਰਥੀਆਂ ਲਈ ਮੁਸ਼ਕਿਲ ਪੇਸ਼ ਕਰ ਰਿਹਾ ਸੀ। ਅਮਰੀਕਨ ਸਾਹਿਤ ਸਮਝਣ ਤੇ ਪੜ੍ਹਾਉਣ ਲਈ ਅਮਰੀਕਨ ਸੱਭਿਆਚਾਰ ਦੀ ਪੂਰੀ ਜਾਣਕਾਰੀ ਜ਼ਰੂਰੀ ਸੀ। ਇਸ ਕਮੀ ਨੂੰ ਪੂਰਾ ਕਰਨ ਲਈ ਵਕਤ ਦੀ ਲੋੜ ਸੀ। ਮੇਰੇ ਕੋਲ ਵਕਤ ਨਹੀਂ ਸੀ।

ਆਰਥਿਕ ਸਮੱਸਿਆਵਾਂ ਨੇ ਮੇਰਾ ਪਿੱਛਾ ਨਹੀਂ ਛੱਡਿਆ ਸੀ। ਨੌਂ ਮਹੀਨੇ ਜਾਨ ਤੋੜ ਕੇ ਪੜ੍ਹਨਾ ਪੜ੍ਹਾਉਣਾ ਤੇ ਤਿੰਨ ਮਹੀਨੇ ਹੋਟਲਾਂ ਜਾਂ ਕਾਰਖਾਨਿਆਂ ਵਿਚ ਕੰਮ ਕਰਨਾ। ਇੱਕ ਇੱਕ ਡਾਲਰ ਬਚਾ ਕੇ ਪਿੱਛੇ ਛੱਡ ਆਏ ਕਰਜ਼ੇ ਉਤਾਰਨ ਦੀ ਕੋਸ਼ਿਸ਼ ਕਰਨੀ। ਅਮਰੀਕਾ ਵਿਚ ਪਹਿਲੇ ਦੋ ਸਾਲਾਂ ਵਿਚ ਮੈਂ ਲਗਭਗ ਟੁੱਟ ਗਿਆ ਸਾਂ। ਹੌਸਲਾ ਕਾਇਮ ਰੱਖਣ ਲਈ ਮੈਂ ਭਵਿੱਖ ਬਾਰੇ ਸੋਚਣ ਲੱਗਦਾ। ਮੈਂ ਆਪਣੇ ਅਤੀਤ ਵਿਚ ਮੁੜਨਾ ਨਹੀਂ ਚਾਹੁੰਦਾ ਸਾਂ। ਮੇਰੇ ਤੇ ਮੇਰੇ ਅਤੀਤ ਵਿਚਲੇ ਸਮੁੰਦਰਾਂ ਦੀ ਦੂਰੀ ਵਧ ਰਹੀ ਸੀ। ਦੋਸਤਾਂ ਦੇ ਖ਼ਤ ਆਉਂਦੇ। ਮੈਂ ਦੋ ਚਾਰ ਸਤਰਾਂ ਲਿਖ ਭੇਜਦਾ। ਫਿਰ ਉਹ ਸਤਰਾਂ ਵੀ ਚੁੱਪ ਦੇ ਸਮੁੰਦਰ ਵਿਚ ਡੁੱਬ ਗਈਆਂ। ਨ ਮੈਂ ਸਮਝਾ ਸਕਦਾ ਕਿ ਮੈਂ ਕਿਹੜੇ ਬੀਆਬਾਨ ਵਿਚੋਂ ਲੰਘ ਰਿਹਾ ਹਾਂ। ਨ ਉਹ ਸਮਝ ਸਕਦੇ ਕਿ ਮੈਂ ਉਨ੍ਹਾਂ ਵੱਲੋਂ ਮੂੰਹ ਨਹੀਂ ਮੋੜਿਆ ਸੀ। ਮੇਰੇ ਸੰਘਰਸ਼ ਨੇ ਮੈਨੂੰ ਲਗਭਗ ਤੋੜ ਦਿੱਤਾ ਸੀ।

Academy of the Punjab in North America: http://www.apnaorg.com

1973 ਮਹੀਨਾ ਯਾਦ ਨਹੀਂ ਬਟਾਲੇ ਤੋਂ ਸੁਰਿੰਦਰ ਕਾਹਲੋਂ ਦਾ ਖ਼ਤ ਆਇਆ। ਲਿਖਿਆ, ਸ਼ਿਵ ਭਾਅ ਜੀ ਬੀਮਾਰ ਹੈ। ਹਸਪਤਾਲ ਵਿਚ ਹੈ। ਮੈਂ ਯੂਨੀਵਰਸਿਟੀ ਦੇ ਬੁੱਕਸਟੋਰ ਗਿਆ। ਨਰਗਿਸੀ ਫੁੱਲਾਂ ਦੀ ਤਸਵੀਰ ਵਾਲਾ ਕਾਰਡ ਖਰੀਦਿਆ। ਸ਼ਿਵ ਨੂੰ ਨਰਗਿਸ ਦੇ ਫੁੱਲਾਂ ਨਾਲ ਬੜਾ ਮੋਹ ਸੀ। ਉਸ ਨੇ ਵਰਡਜ਼ਵਰਥ ਦੀ ਕਵਿਤਾ "ਡੈਫੋਡਿਲਜ਼" ਦਾ ਕਈ ਵਾਰ ਜ਼ਿਕਰ ਕੀਤਾ ਸੀ। ਲਿਖਿਆ, ਤੁਹਾਡੀ ਤੰਦਰੁਸਤੀ ਲਈ ਦੁਆ ਕਰਦਾ ਹਾਂ। ਇਸਤੋਂ ਵੱਧ ਲਿਖਣ ਲਈ ਜਿਵੇਂ ਮੇਰੀ ਕਲਮ ਕੋਲੋਂ ਸਿਆਹੀ ਮੁੱਕ ਗਈ ਹੋਵੇ। ਚੰਡੀਗੜ੍ਹ ਦਾ ਸਿਰਨਾਵਾਂ ਲਿਖ ਕੇ ਭੇਜ ਦਿੱਤਾ। ਸ਼ਿਵ, ਮੇਰੇ ਸ਼ਬਦ ਤੇਰੇ ਤੱਕ ਨਹੀਂ ਪਹੁੰਚੇ। ਤੂੰ ਚੰਡੀਗੜ੍ਹ ਨੂੰ ਅਲਵਿਦਾ ਕਹਿ ਆਇਆ ਸੀ ਇਸ ਦਾ ਪਤਾ ਮੈਨੂੰ ਕਈ ਸਾਲ ਬਾਦ ਲੱਗਾ।

ਤੇ ਫਿਰ ਜੂਨ ਦੇ ਮਹੀਨੇ ਦਾ ਉਹ ਦਿਨ... ਅੱਜ ਵੀ ਯਾਦ ਹੈ। ਮੈਂ ਵਾਸ਼ਿੰਗਟਨ ਸਟੇਟ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਵਿਚ ਆਪਣੇ ਦਫਤਰ ਵਿਚ ਬੈਠਾ ਇੱਕ ਖੋਜ ਪੱਤਰ ਲਈ ਨੋਟ ਲਿਖ ਰਿਹਾ ਸਾਂ। ਮੇਰੇ ਨਾਲ ਦਫ਼ਤਰ ਸਾਂਝਾ ਕਰਨ ਵਾਲੇ ਵਿਦਿਆਰਥੀ ਨੇ ਨੀਲੇ ਰੰਗ ਦਾ ਲਿਫਾਫਾ ਮੇਰੇ ਅੱਗੇ ਮੇਜ਼ ਤੇ ਰੱਖ ਦਿੱਤਾ। ਸੁਰਿੰਦਰ ਦਾ ਖ਼ਤ ਸੀ। ਮੇਰੀ ਲੰਮੀ ਚੁੱਪ ਦਾ ਗਿਲਾ ਸੀ। ਆਖ਼ਰੀ ਸਤਰ ਤੇ ਮੇਰੀ ਨਜ਼ਰ ਟਿਕ ਗਈ। ਸ਼ਿਵ ਭਾਅ ਜੀ ਹੁਣ ਨਹੀਂ ਰਹੇ। ਕਮਰੇ ਵਿਚ ਦੁੱਧ ਚਿੱਟੀ ਰੋਸ਼ਨੀ ਸੀ ਪਰ ਮੇਰੀਆਂ ਅੱਖਾਂ ਅੱਗੇ ਹਨੇਰਾ ਸੀ। ਮੇਰੇ ਕਾਲਜੇ ਵਿਚੋਂ ਨਿਕਲੀ ਚੀਕ ਮੇਰੇ ਗਲੇ ਵਿਚ ਅਟਕ ਗਈ ਸੀ। ਮੈਨੂੰ ਲੱਗਿਆ ਜਿਵੇਂ ਮੇਰੇ ਦਿਮਾਗ਼ ਦੀ ਕੋਈ ਨਾੜੀ ਫ਼ਟ ਗਈ ਹੋਵੇ। ਮੇਜ਼ ਤੇ ਕੁਹਣੀਆਂ ਟਿਕਾ ਕੇ ਮੈਂ ਆਪਣਾ ਸਿਰ ਫੜ ਲਿਆ। ਮੇਰੇ ਸਾਥੀ ਵਿਦਿਆਰਥੀ ਨੇ ਪੁੱਛਿਆ, ਸਭ ਠੀਕ ਹੈ? ਮੈਂ ਹਾਂ ਵਿਚ ਸਿਰ ਹਿਲਾਇਆ। ਸ਼ਾਇਦ ਮੇਰੀ ਆਵਾਜ਼ ਵਿਚਲੇ ਝੂਠ ਨੂੰ ਉਸਨੇ ਪਹਿਚਾਣ ਲਿਆ ਹੋਵੇ। ਉਸਦੇ ਕੁਝ ਕਹਿਣ ਤੋਂ ਪਹਿਲਾਂ ਮੈਂ ਤੇਜ਼ੀ ਨਾਲ ਕਮਰੇ ਵਿਚੋਂ ਬਾਹਰ ਨਿਕਲ ਆਇਆ।

ਮੈਂ ਲਾਇਬ੍ਰੇਰੀ ਦੀ ਉੱਚੀ ਇਮਾਰਤ ਵੱਲ ਤੁਰਿਆ ਜਾ ਰਿਹਾ ਸਾਂ। ਮੇਰਾ ਜੀਅ ਕਰਦਾ ਸੀ ਕਿ ਮੈਂ ਇੱਕ ਧਾਅ ਮਾਰਾਂ ਤੇ ਮੇਰੀ ਆਵਾਜ਼ ਇਨ੍ਹਾਂ ਪਹਾੜੀਆਂ ਤੋਂ ਦੂਰ, ਸਮੁੰਦਰਾਂ ਤੋਂ ਦੂਰ ਉਸ ਦੇਸ ਪਹੁੰਚ ਜਾਵੇ ਜਿੱਥੇ ਸ਼ਿਵ ਕੁਮਾਰ ਰਹਿੰਦਾ ਸੀ। ਮੇਰੇ ਦੋਸਤ! ਤੂੰ ਕਿਹਾ ਸੀ, ਨ ਕਰੋ ਸ਼ਿਵ ਦੀ ਉਦਾਸੀ ਦਾ ਇਲਾਜ, ਰੋਣ ਦੀ ਮਰਜ਼ੀ ਹੈ ਅੱਜ ਬੇਈਮਾਨ ਦੀ। ਮੈਂ ਚਾਹੁੰਦਾ ਸੀ ਮੇਰੀਆਂ ਅੱਖਾਂ ਵਿਚ ਹੜ ਆ ਜਾਵੇ ਤੇ ਮੇਰੀ ਚੁੱਪ ਉਸ ਵਿਚ ਡੁੱਬ ਜਾਵੇ। ਮੇਰੇ ਅਤੀਤ ਦੀ ਟਾਹਣੀ ਤੋਂ ਇੱਕ ਪੱਤਾ ਝੜ ਗਿਆ ਸੀ। ਜਿਸਮ ਦਾ ਇੱਕ ਅੰਗ ਟੁੱਟ ਗਿਆ ਸੀ। ਇਸ ਟੁੱਟੇ ਅੰਗ ਨੂੰ ਮੈਂ ਨ ਕਿਸੇ ਨੂੰ ਵਿਖਾ ਸਕਦਾ ਸੀ ਤੇ ਨ ਹੀ ਆਪਣੀ ਪੀੜ ਕਿਸੇ ਨਾਲ ਸਾਂਝੀ ਕਰ ਸਕਦਾ ਸੀ।

ਮੈਂ ਵਰ੍ਹਿਆਂ ਦੇ ਮਲਬੇ ਹੇਠ ਦੱਬੀਆਂ ਤਸਵੀਰਾਂ ਦੇ ਟੁਕੜੇ ਜੋੜ ਰਿਹਾ ਹਾਂ। ਕੁਝ ਟੋਟੇ ਸਮੇਂ ਦੀ ਗਰਦ ਹੇਠਾਂ ਗੁੰਮ ਗਏ ਹਨ। ਇਨ੍ਹਾਂ ਅਧੂਰੀਆਂ ਤਸਵੀਰਾਂ ਵਿਚ ਕਈ ਚਿਹਰੇ ਧੁੰਦਲੇ ਪੈ ਗਏ ਹਨ। ਪਛਾਨਣ ਵਿਚ ਮੁਸ਼ਕਿਲ ਹੋ ਰਹੀ ਹੈ। ਸ਼ਿਵ ਕੁਮਾਰ ਬਾਰੇ ਲਿਖਣ ਲਈ ਮੈਨੂੰ ਆਪਣੇ ਇਤਿਹਾਸ ਦੇ ਵਰਕੇ ਫਰੋਲਣੇ ਪੈਣਗੇ।

ਅਪ੍ਰੈਲ 1958 ਜ਼ਿੰਦਗੀ ਦਾ ਪਹਿਲਾ ਦਹਾਕਾ ਪੂਰਾ ਕੀਤਾ ਹੀ ਸੀ ਕਿ ਮੈਂ ਆਪਣੇ ਪਰਿਵਾਰ ਨਾਲੋਂ ਟੁੱਟ ਗਿਆ ਸਾਂ। ਮੇਰੇ ਪਿਤਾ ਨੇ ਫੌਜ ਦੀ ਨੌਕਰੀ ਛੱਡ ਦਿੱਤੀ ਸੀ। ਪੰਜਾਬ ਵਿਚ ਆਪਣੀ ਜੱਦੀ ਪੁਸ਼ਤੀ ਜ਼ਮੀਨ ਵੇਚ ਕੇ ਉੱਤਰ ਪ੍ਰਦੇਸ਼ ਜੰਗੱਲ ਦਾ ਟੋਟਾ ਖਰੀਦ ਲਿਆ ਸੀ। ਉਸ ਸਮੇਂ ਦੇ ਬਹੁਤ ਸਾਰੇ ਪੰਜਾਬੀਆਂ ਵਾਂਗ ਉਹ ਇਸ ਬੇਰਹਿਮ ਜੰਗੱਲ ਵਿਚ ਇੱਕ ਨਵਾਂ ਪੰਜਾਬ ਪੈਦਾ ਕਰਨ ਦੇ ਸੁਪਨੇ ਲੈ ਰਿਹਾ ਸੀ। ਜੋ ਸੰਘਰਸ਼ ਇਸ ਸੁਪਨੇ ਨੂੰ ਪੂਰਾ ਕਰਨ ਲਈ ਉਸਨੂੰ ਕਰਨਾ ਪਵੇਗਾ ਇਸਦਾ ਕੋਈ ਤਜਰਬਾ ਨਹੀਂ ਸੀ।

Academy of the Punjab in North America: http://www.apnaorg.com

ਸਿਰਫ ਇੱਕ ਜ਼ਿਦ ਸੀ, ਇੱਕ ਸੈਨਿਕ ਦਾ ਮਰ ਮਿਟਣ ਦਾ ਪਰ ਪਿੱਛੇ ਨ ਹਟਣ ਦਾ ਜਨੂਨ। ਇਸ ਜਨੂਨ ਨੇ ਉਸਦੇ ਪਰਿਵਾਰ ਨੂੰ ਕਈ ਵਾਰੀ ਰੋਟੀ ਤੋਂ ਵੀ ਮੁਹਤਾਜ ਕਰ ਦਿੱਤਾ ਸੀ।

ਇਸ ਇਲਾਕੇ ਵਿਚ ਪੜ੍ਹਾਈ ਦੇ ਚੰਗੇ ਸਾਧਨ ਨਹੀਂ ਸਨ। ਇੱਕ ਦਿਨ ਮੇਰੀ ਮਾਂ ਮੇਰੀ ਉਂਗਲ ਫੜ ਕੇ ਮੈਨੂੰ ਮੇਰੀ ਮਾਸੀ ਦੇ ਪਿੰਡ ਛੱਡ ਗਈ। ਇਹ ਪਿੰਡ ਬਟਾਲੇ ਤੋਂ ਛੇ ਸੱਤ ਮੀਲ ਦੂਰ ਸੀ।

ਆਪਣੇ "ਨਵੇਂ" ਪਿੰਡ ਆ ਕੇ ਮੈਂ ਓਦਰ ਗਿਆ ਸਾਂ। ਮੇਰੇ ਬਚਪਨ ਦੇ ਸਾਥੀ ਪਿੱਛੇ ਰਹਿ ਗਏ ਸਨ। ਮੇਰਾ ਬਾਲ ਮਨ ਮੇਰੇ ਮਾਹੌਲ ਵਿਚ ਆਈਆਂ ਤਬਦੀਲੀਆਂ ਨੂੰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਸੀ। ਕਈ ਵਾਰੀ ਇਹ ਕੋਸ਼ਿਸ਼ ਨਾਕਾਮ ਹੋ ਜਾਂਦੀ ਪਰ ਮੈਂ ਇਸਦੀ ਪੀੜ ਕਿਸੇ ਨਾਲ ਸਾਂਝੀ ਨ ਕਰ ਸਕਦਾ। ਮੇਰੇ ਇੱਕਲਾਪੇ ਨੇ ਆਖ਼ਰ ਇੱਕ ਦੋਸਤ ਬਣਾ ਲਿਆ। ਇਸ ਦੋਸਤ ਨੇ ਮੈਨੂੰ ਇੱਕ ਨਵਾਂ ਰਸਤਾ ਵਿਖਾਇਆ। ਮੈਂ ਹਰ ਘੜੀ ਇਸ ਦੋਸਤ ਨਾਲ ਬਿਤਾਉਣ ਦੀ ਕੋਸ਼ਿਸ਼ ਕਰਦਾ। ਮੇਰਾ ਇਹ ਦੋਸਤ ਸੀ ਸਾਹਿਤ। ਜਿੱਥੇ ਵੀ ਕੋਈ ਕਿਤਾਬ, ਰਸਾਲਾ, ਅਖਬਾਰ ਮਿਲਦੇ ਪੜ੍ਹਣ ਬੈਠ ਜਾਂਦਾ।

ਮੇਰੀ ਉਮਰ ਤੋਂ ਵੱਡੇ ਕਿਸੇ ਮੁੰਡੇ ਨੇ ਦੱਸਿਆ ਕਿ ਕੁਝ ਸਾਲ ਪਹਿਲਾਂ ਇੱਥੇ ਪ੍ਰਾਈਵੇਟ ਹਾਈ ਸਕੂਲ ਵਿਚ ਇੱਕ ਮਾਸਟਰ ਆਇਆ ਸੀ। ਕੁਝ ਵੱਖਰੀ ਕਿਸਮ ਦਾ ਆਦਮੀ। ਮਸਤ ਜੇਹਾ, ਕਮਲੀਆਂ ਜੇਹੀਆਂ ਗੱਲਾਂ ਕਰਦਾ। ਵਿਦਿਆਰਥੀਆਂ ਨੂੰ ਆਪਣੀਆਂ ਕਵਿਤਾਵਾਂ ਸੁਣਾਉਂਦਾ ਰਹਿੰਦਾ ... ਭੱਠੀ ਵਾਲੀਏ ਚੰਬੇ ਦੀਏ ਡਾਲੀਏ, ਤੈਨੂੰ ਦਿਆਂ ਹੰਝੂਆਂ ਦਾ ਭਾੜਾ, ਨੀ ਪੀੜਾਂ ਦਾ ਪਰਾਗਾ ਭੁੰਨ ਦੇ।

ਹਾਈ ਸਕੂਲ ਵਿਚ ਪੜ੍ਹਦਿਆਂ ਮੈਂ ਇਹ ਸਤਰਾਂ ਲਿਖਣ ਵਾਲੇ ਨੂੰ ਜਾਣ ਲਿਆ ਸੀ। ਮੈਂ ਉਸਦੀਆਂ ਰਸਾਲਿਆਂ ਵਿਚ ਛਪਦੀਆਂ ਕਵਿਤਾਵਾਂ ਦੀ ਬੇਸਬਰੀ ਨਾਲ ਉਡੀਕ ਕਰਦਾ। ਉਸਦੀ ਪੀੜ ਮੈਨੂੰ ਆਪਣੀ ਪੀੜ ਲੱਗਦੀ। ਉਹ ਮੇਰੀ ਉਦਾਸੀ ਨੂੰ ਜਾਣਦਾ ਸੀ, ਮੇਰੇ ਗ਼ਮ ਨੂੰ ਸਮਝਦਾ ਸੀ। ਮੇਰੇ ਬਾਰੇ ਲਿਖਦਾ ਸੀ। ਮੈਂ ਆਪਣੀ ਕਲਪਨਾ ਵਿਚ ਉਸ ਦਾ ਚੇਹਰਾ ਉਲੀਕ ਲਿਆ। ਉਸ ਚੇਹਰੇ ਦੀ ਤਲਾਸ਼ ਕਰਨ ਲੱਗਾ।

ਇੱਕ ਦਿਨ ਅੰਮ੍ਰਿਤਸਰ ਦੇ ਇੱਕ ਸਿਨੇਮਾ ਹਾਲ ਦੇ ਬਾਹਰ ਇੱਕ ਆਦਮੀ ਵੱਲ ਮੇਰਾ ਧਿਆਨ ਖਿੱਚਿਆ ਗਿਆ। ਚਿੱਟੇ ਕੁਰਤੇ ਪਜਾਮੇ ਤੇ ਉਸ ਨੇ ਅੰਗਰੇਜ਼ੀ ਸੂਟ ਦਾ ਕੋਟ ਪਹਿਨ ਰੱਖਿਆ ਸੀ। ਉਂਗਲੀਆਂ ਵਿਚ ਸੁਲਗਦੀ ਸਿਗਰਟ। ਉਸਦੇ ਪਹਿਰਾਵੇ ਵਿਚਲਾ ਵੱਖਰਾਪਨ ਇੱਕ ਅਨੋਖੀ ਪਹਿਚਾਨ ਸੀ। ਉਸਦਾ ਚੇਹਰਾ ਇੱਕ ਕਿਤਾਬ ਵਰਗਾ ਸੀ ਜਿਸਨੂੰ ਪੜ੍ਹਨ ਲਈ ਮਨ ਕਰਦਾ ਸੀ।

ਕਈ ਮਹੀਨੇ ਬਾਦ ਸਵੇਰੇ ਸਵੇਰ ਅੰਮ੍ਰਿਤਸਰ ਤੋਂ ਬਟਾਲੇ ਜਾਂਦੀ ਬੱਸ ਦੀ ਮੂਹਰਲੀ ਸੀਟ ਤੇ ਬੈਠੇ ਇੱਕ ਆਦਮੀ ਤੇ ਨਜ਼ਰ ਪਈ। ਕਿਸੇ ਡੂੰਘੀ ਸੋਚ ਵਿਚ ਡੁੱਬਿਆ ਸੀ। ਜਿਵੇਂ ਨੀਂਦ ਤੋਂ ਜਾਗਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਆਲੇ ਦੁਆਲੇ ਤੋਂ ਬੇਖ਼ਬਰ। ਖੱਬਾ ਹੱਥ ਖਿੜਕੀ ਤੋਂ ਬਾਹਰ। ਧੁਖਦੀ ਸਿਗਰਟ ਦਾ ਧੂੰਆਂ ਹਵਾ ਵਿਚ ਲੀਕਾਂ ਪਾ ਰਿਹਾ ਸੀ। ਇਸ ਆਦਮੀ ਦਾ ਚੇਹਰਾ ਜਾਣਿਆ ਪਛਾਣਿਆ ਲੱਗਿਆ। ਮੇਰੇ ਮਨ ਨੇ ਕਿਹਾ ਇਹ ਆਦਮੀ ਸ਼ਿਵ ਕੁਮਾਰ ਸੀ।

ਇੱਕ ਦਿਨ...ਜਲੰਧਰ ਰੇਡੀਉ ਤੋਂ ਇੱਕ ਆਵਾਜ਼। ਕੋਈ ਗਾ ਰਿਹਾ ਸੀ, ਮਾਏਂ ਨੀ ਮਾਏਂ ਮੇਰੇ ਗੀਤਾਂ ਦੇ ਨੈਣਾਂ ਵਿਚ ਬ੍ਰਿਹੋਂ ਦੀ ਰੜਕ ਪਵੇ। ਦਰਦ ਦੀ ਇੱਕ ਲਹਿਰ ਰੇਡੀਉ ਵਿਚੋਂ ਨਿਕਲ ਆਈ ਸੀ। ਨਦੀ ਵਾਂਗ ਵਗਣ ਲੱਗੀ ਸੀ। ਮੈਂ ਇਸ ਨਦੀ ਵਿਚ ਵਹਿ ਰਿਹਾ ਸਾਂ। ਅਨਾਊਂਸਰ ਨੇ ਕਿਹਾ, ਇਹ ਸਨ ਸ਼ਿਵ ਕੁਮਾਰ ਬਟਾਲਵੀ। ਉਸ ਦਿਨ ਮੈਂ ਇੱਕ ਆਵਾਜ਼ ਨੂੰ ਇੱਕ ਚੇਹਰੇ ਨਾਲ ਜੋੜ ਦਿੱਤਾ।

ਹਾਈ ਸਕੂਲ ਵਿਚ ਪੜ੍ਹਦਿਆਂ ਮੈਂ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਸੀ। ਪਹਿਲਾਂ ਪਹਿਲ

Academy of the Punjab in North America: http://www.apnaorg.com

ਮੈਂ ਆਪਣੀਆਂ ਕਵਿਤਾਵਾਂ ਅਖ਼ਬਾਰਾਂ ਵਿਚ ਛਪਣ ਲਈ ਭੇਜਦਾ ਸੀ। ਫਿਰ ਇੱਕ ਬਜ਼ੁਰਗ ਸਾਹਿਤਕਾਰ-ਸਿਆਸਤਦਾਨ ਦੀ ਹੌਸਲਾ ਅਫਜ਼ਾਈ ਮਿਲੀ। ਮੇਰੀਆਂ ਕਵਿਤਾਵਾਂ ਰਸਾਲਿਆਂ ਵਿਚ ਛਪਣ ਲੱਗੀਆਂ।ਮੈਂ ਬੇਰਿੰਗ ਕਾਲਜ ਬਟਾਲਾ ਵਿਚ ਦਾਖ਼ਲਾ ਲੈ ਲਿਆ ਸੀ। ਸ਼ਿਵ ਕੁਮਾਰ ਦਾ ਜ਼ਿਕਰ ਅਕਸਰ ਹੁੰਦਾ ਰਹਿੰਦਾ। ਕਿਸੇ ਜ਼ਮਾਨੇ ਵਿਚ ਉਹ ਵੀ ਇਸ ਕਾਲਜ ਦਾ ਵਿਦਿਆਰਥੀ ਸੀ। ਮੈਂ ਸਾਇੰਸ ਦਾ ਵਿਦਿਆਰਥੀ ਸੀ ਪਰ ਮੇਰਾ ਮਨ ਸਾਹਿਤ ਵਿਚ ਡੁੱਬਿਆ ਰਹਿੰਦਾ। ਆਰਥਕ ਮੁਸ਼ਕਲਾਂ ਵੀ ਸਨ। ਦੋ ਸਾਲ ਪੂਰੇ ਕਰਨ ਤੋਂ ਪਹਿਲਾਂ ਹੀ ਮੈਨੂੰ ਕਾਲਜ ਛੱਡਣਾ ਪਿਆ। ਮੈਂ ਬੇਘਰ ਹੋ ਗਿਆ ਸਾਂ। ਅਨੇਕਾਂ ਪਾਪੜ ਵੇਲੇ। ਟਿਊਸ਼ਨਾਂ ਪੜ੍ਹਾਈਆਂ। ਅਠਾਰਾਂ ਸਾਲ ਦੀ ਉਮਰ ਤੋਂ ਪਹਿਲਾਂ ਹੀ ਕਿਸੇ ਤਰ੍ਹਾਂ ਇੱਕ ਪਰਾਈਵੇਟ ਸਕੂਲ ਵਿਚ ਨੌਕਰੀ ਮਿਲ ਗਈ। ਦੋਸਤਾਂ ਦੀ ਮਿਹਰਬਾਨੀ ਨਾਲ ਦਿਨ ਨਿਕਲਦੇ ਗਏ।

1965 ਦੋਸਤਾਂ ਨੇ ਅੰਮ੍ਰਿਤਸਰ ਵਿਚ ਕੁਈਨਜ਼ ਰੋਡ ਤੇ ਇੱਕ ਹੋਟਲ ਵਿਚ ਕਮਰਾ ਕਿਰਾਏ ਤੇ ਲੈ ਦਿੱਤਾ। ਮੈਂ ਦਿਨ ਭਰ ਕਦੀ ਆਰਟ ਗੈਲਰੀ ਕਦੀ ਲਾਇਬ੍ਰੇਰੀ ਵਿਚ ਬੈਠਾ ਰਹਿੰਦਾ। ਸ਼ਾਮ ਨੂੰ ਇੱਕ ਦੋ ਟਿਊਸ਼ਨਾਂ ਪੜ੍ਹਾ ਛੱਡਦਾ। ਜਦ ਕਦੀ ਦੋਸਤਾਂ ਨੂੰ ਕਮਰੇ ਦੀ ਜ਼ਰੂਰਤ ਪੈਂਦੀ ਉਹ ਮੈਨੂੰ ਪੈਸੇ ਦੇ ਕੇ ਬਾਹਰ ਭੇਜ ਦੇਂਦੇ। ਮੈਂ ਉਪੱਰ ਥੱਲੀ ਦੋ ਤਿੰਨ ਫਿਲਮਾਂ ਵੇਖ ਲੈਂਦਾ। ਫਿਰ ਰੇਲਵੇ ਸਟੇਸ਼ਨ ਦੇ ਵੇਟਿੰਗ ਰੂਮ ਵਿਚ ਬੈਠਾ ਸਵੇਰ ਹੋਣ ਦੀ ਇੰਤਜ਼ਾਰ ਕਰਦਾ।

ਕਈ ਵਾਰੀ ਪੁਤਲੀਘਰ ਅਮਰ ਚਿੱਤਰਕਾਰ ਦੀ ਦੁਕਾਨ ਤੇ ਚਲਾ ਜਾਂਦਾ। ਅਮਰ ਨੇ ਮੇਰੀ ਪਹਿਲੀ ਕਿਤਾਬ "ਮਿੱਟੀ ਦੇ ਮਾਨਸ" ਦਾ ਕਵਰ ਬਣਾਇਆ ਸੀ। ਅਮਰ ਬੜੇ ਧਿਆਨ ਨਾਲ ਰਿਕਸ਼ਿਆਂ ਤੇ ਵੇਲ ਬੂਟੇ ਪੇਂਟ ਕਰਦਾ ਰਹਿੰਦਾ। ਮੈਂ ਬੜੇ ਧਿਆਨ ਨਾਲ ਉਸਨੂੰ ਵੇਖਦਾ ਰਹਿੰਦਾ। ਉਹ ਆਪਣੀ ਕਿਸੇ ਨਜ਼ਮ ਦੇ ਸ਼ਿਅਰ ਗੁਣਗੁਣਾਉਂਦਾ ਰਹਿੰਦਾ। ਮੈਨੂੰ ਉਸਦੇ ਪਾਨ ਦੇ ਰਸ ਨਾਲ ਰੰਗੇ ਦੰਦਾਂ ਚੋਂ ਹਾਸੇ ਦੀ ਛਣਕਾਰ ਸੰਗੀਤ ਵਾਂਗ ਲੱਗਦੀ। ਇੱਕ ਦਿਨ ਅਮਰ ਨੇ ਕਿਹਾ, ਸ਼ਿਵ ਕੁਮਾਰ ਬਟਾਲਵੀ ਤੇਰੇ ਨੇੜੇ ਹੀ ਗਰੈਂਡ ਹੋਟਲ ਵਿਚ ਰਹਿ ਰਿਹਾ ਏ...ਉਸਨੂੰ ਮਿਲਿਆ ਏਂ?

ਉਸ ਸ਼ਾਮ ਤੁਰਦਾ ਤੁਰਦਾ ਮੈਂ ਗਰੈਂਡ ਹੋਟਲ ਪਹੁੰਚ ਗਿਆ। ਰਸਤੇ ਵਿਚ ਸੋਚ ਰਿਹਾ ਸੀ, ਕੀ ਕਹਾਂਗਾ ਸ਼ਿਵ ਨੂੰ? ਬੇਸ਼ਕ ਉਸਦੀ ਲਿਖੀ ਹਰ ਕਵਿਤਾ ਨੂੰ ਮੈਂ ਵਾਰ ਵਾਰ ਪੜ੍ਹਿਆ ਹੈ ਪਰ ਉਸ ਨਾਲ ਕੀ ਗੱਲ ਕਰਾਂਗਾ। ਅਜੀਬ ਜੇਹੀ ਘਬਰਾਹਟ ਸੀ, ਉਤਸੁਕਤਾ ਸੀ। ਜਿਵੇਂ ਕੋਈ ਮੁਟਿਆਰ ਆਪਣੇ ਹੋਣ ਵਾਲੇ ਮੰਗੇਤਰ ਨੂੰ ਪਹਿਲੀ ਵਾਰ ਮਿਲਣ ਜਾ ਰਹੀ ਹੋਵੇ।

ਗਰੈਂਡ ਹੋਟਲ ਦੇ ਕਮਰਾ ਨੰਬਰ ਪੰਜ ਤੇ ਜਦ ਮੈਂ ਦਸਤਕ ਦਿੱਤੀ ਤਾਂ ਇੱਕ ਫੈਸ਼ਨੇਬਲ ਪੈਂਟ ਬੁਸ਼ਸ਼ਰਟ ਪਾਈ ਆਦਮੀ ਨੇ ਦਰਵਾਜ਼ਾ ਖੋਹਲਿਆ। ਸਵਾਲੀਆ ਨਜ਼ਰਾਂ ਨਾਲ ਮੇਰੇ ਵੱਲ ਤੱਕਿਆ। ਇਹ ਆਦਮੀ ਸ਼ਿਵ ਕੁਮਾਰ ਨਹੀਂ ਹੋ ਸਕਦਾ, ਮੇਰੇ ਦਿਲ ਨੇ ਆਖਿਆ। ਮੈਂ ਘਬਰਾ ਗਿਆ। ਆਵਾਜ਼ ਲੜਖੜਾ ਗਈ, ਜੀ...ਜੀ ਮੈਂ ਸ਼ਿਵ ਕੁਮਾਰ ਬਟਾਲਵੀ ਨੂੰ ਮਿਲਣਾ ਹੈ। ਜਵਾਬ ਦੇਣ ਤੋਂ ਪਹਿਲਾਂ ਉਹ ਆਦਮੀ ਵਾਪਸ ਕੁਰਸੀ ਤੇ ਜਾ ਬੈਠਾ। ਇੱਕ ਅੱਧਖੜ ਉਮਰ ਦਾ ਆਦਮੀ ਸ਼ਰਾਬ ਦੇ ਦੋ ਪੈੱਗ ਬਣਾ ਰਿਹਾ ਸੀ। ਕਿਹਾ, ਸ਼ਿਵ ਬਾਹਰ ਗਿਆ ਏ...ਪਤਾ ਨਹੀਂ ਕਦੋਂ ਵਾਪਸ ਆਏਗਾ। ਗਲਾਸ ਨੂੰ ਮੂੰਹ ਨਾਲ ਲਾਇਆ, ਸਿਗਰਟ ਦਾ ਇੱਕ ਲੰਮਾ ਕਸ਼ ਖਿੱਚਿਆ ਤੇ ਧੂੰਏਂ ਦੇ ਛੱਲੇ ਬਨਾਉਣ ਵਿਚ ਰੁੱਝ ਗਿਆ। ਮੈਂ ਪੌੜੀਆਂ ਉੱਤਰ ਕੇ ਬਾਹਰ ਆ ਗਿਆ।

ਗਰੈਂਡ ਹੋਟਲ ਦੇ ਸਾਹਮਣੇ ਵਾਲੀ ਸੜਕ ਮੇਰੀ ਜਾਣੀ ਪਛਾਣੀ ਸੀ। ਇਸ ਸੜਕ ਤੇ ਮੈਂ ਦਿਨ ਵਿਚ ਕਿੰਨੇ ਚੱਕਰ ਕੱਟਦਾ ਰਹਿੰਦਾ ਸੀ। ਸੜਕ ਤੇ ਖਲੋਤਾ ਮੈਂ ਰੇਲਵੇ ਸਟੇਸ਼ਨ ਵੱਲੋਂ ਆ

Academy of the Punjab in North America: http://www.apnaorg.com

ਰਹੇ ਲੋਕਾਂ ਦੇ ਚੇਹਰੇ ਪੜ੍ਹਦਾ ਰਿਹਾ। ਅੱਧੇ ਕੁ ਘੰਟੇ ਬਾਦ ਇੱਕ ਰਿਕਸ਼ਾ ਹੋਟਲ ਦੇ ਸਾਹਮਣੇ ਰੁਕਿਆ। ਹਲਕੇ ਪੀਲੇ ਰੇਸ਼ਮੀ ਕੁੜਤੇ ਤੇ ਚਿੱਟੇ ਪਜਾਮੇ ਵਾਲਾ ਇੱਕ ਆਦਮੀ ਉੱਤਰਿਆ। ਇੱਕ ਹੱਥ ਵਿਚ ਕਾਗਜ਼ਾਂ ਦਾ ਥੱਬਾ, ਦੂਜੇ ਹੱਥ ਦੀਆਂ ਉਂਗਲੀਆਂ ਵਿਚ ਲਟਕਦੀ ਸਿਗਰਟ। ਸ਼ਾਮ ਦਾ ਹਨੇਰਾ ਚਾਰੇ ਪਾਸੇ ਫੈਲ ਰਿਹਾ ਸੀ ਪਰ ਮੈਨੂੰ ਇਹ ਚੇਹਰਾ ਪਛਾਨਣ ਵਿਚ ਕੋਈ ਮੁਸ਼ਕਲ ਨਹੀਂ ਆਈ। ਮੈਂ ਇਸ ਚੇਹਰੇ ਨੂੰ ਸਾਲਾਂ ਤੋਂ ਜਾਣਦਾ ਸੀ।

ਬਿਨਾ ਸੋਚੇ ਮੈਂ ਅਗਾਂਹ ਵਧਿਆ। ਬਾਂਸ ਦੀ ਟੁੱਟੀ ਪੋਰੀ 'ਚੋਂ ਨਿਕਲੀ ਆਵਾਜ਼ ਵਿਚ ਕਿਹਾ, ਬਟਾਲਵੀ ਸਾਹਿਬ! ਇੱਕ ਪਲ ਲਈ ਉਹ ਚਿਹਰਾ ਘੁੰਮਿਆਂ। ਮੇਰੇ ਸ਼ਬਦਾਂ ਨੂੰ ਹੁੰਗਾਰਾ ਮਿਲ ਗਿਆ ਸੀ। ਮੇਰਾ ਨਾਂ ਗੁਲਸ਼ਨ ਰਾਹੀ ਹੈ, ਤੁਹਾਨੂੰ ਮਿਲਣ ਗਿਆ ਸੀ ਤੁਹਾਡੇ ਕਮਰੇ ਵਿਚ ਪਰ ਤੁਸੀਂ ਬਾਹਰ ਗਏ ਸੀ। ਉਸਦੇ ਚਿਹਰੇ ਤੇ ਹਲਕੀ ਜੇਹੀ ਮੁਸਕਾਨ ਫੈਲ ਗਈ। ਜਿਵੇਂ ਮੈਂ ਉਸਨੂੰ ਉਸਦੇ ਕਮਰੇ ਵਿਚ ਨ ਹੋਣ ਦੀ ਖ਼ਬਰ ਦੇ ਕੇ ਕੋਈ ਮਾਹਰਕੇ ਦੀ ਗੱਲ ਕੀਤੀ ਹੋਵੇ।

ਸ਼ਿਵ ਨੇ ਕਿਹਾ, ਮੈਂ ਗੁਰਸ਼ਰਨ ਸਿੰਘ ਦਾ ਨਾਟਕ ਦੇਖਣ ਜਾ ਰਿਹਾ ਹਾਂ, ਤੂੰ ਚੱਲੇਂਗਾ ਮੇਰੇ ਨਾਲ? ਮੈਂ ਹਾਂ ਵਿਚ ਸਿਰ ਹਿਲਾਇਆ। ਮੇਰੀ ਜ਼ਬਾਨ ਖ਼ੁਸ਼ਕ ਹੋ ਗਈ ਸੀ। ਉਸ ਕਿਹਾ, ਮੈਂ ਇਹ ਕਾਗਜ਼ ਰੱਖ ਆਵਾਂ, ਤੂੰ ਏਥੇ ਠਹਿਰ।

ਕਈ ਸਾਲਾਂ ਬਾਦ ਸਮਝ ਆਈ ਕਿ ਸ਼ਿਵ ਨੂੰ ਹਮੇਸ਼ਾ ਕਿਸੇ ਦੇ ਸਾਥ ਦੀ ਲੋੜ ਰਹੀ ਹੈ। ਉਸਨੇ ਇੱਕਲਾਪੇ ਦਾ ਲੰਮਾ ਸਫਰ ਕੀਤਾ ਸੀ। ਹੁਣ ਉਸ ਨੂੰ ਮਨੁੱਖੀ ਸਾਥ ਦੀ ਲੋੜ ਸੀ। ਉਸਨੇ ਮੇਰਾ ਸਾਥ ਕਬੂਲਿਆ ਇਸ ਲਈ ਮੈਂ ਉਸਦਾ ਅਹਿਸਾਨਮੰਦ ਸਾਂ।

ਸਿੰਚਾਈ ਵਿਭਾਗ ਜਿੱਥੇ ਗੁਰਸ਼ਰਨ ਸਿੰਘ ਦਾ ਨਾਟਕ ਖੇਡਿਆ ਜਾਣਾ ਸੀ ਜ਼ਿਆਦਾ ਦੂਰ ਨਹੀਂ ਸੀ। ਸ਼ਿਵ ਨੇ ਦੱਸਿਆ ਕਿ ਉਸ ਦਾ ਕਾਵਿ-ਨਾਟਕ "ਲੂਣਾ" ਛਪ ਰਿਹਾ ਸੀ। ਅਸੀਂ ਸੜਕ ਦੀ ਭੀੜ ਤੋਂ ਬੇਪਰਵਾਹ ਤੁਰੇ ਜਾ ਰਹੇ ਸਾਂ। ਉਹ "ਲੂਣਾ" ਦੀਆਂ ਸਤਰਾਂ ਸੁਨਾਉਣ ਲੱਗ ਪਿਆ, ਮੈਂ ਅੱਗ ਤੁਰੀ ਪਰਦੇਸ ਨੀ ਮਾਏ, ਮੈਂ ਅੱਗ ਤੁਰੀ ਪਰਦੇਸ...ਲਾ ਤਲੀਆਂ ਤੇ ਬਲਦੀ ਮਹਿੰਦੀ, ਪਾ ਕੇ ਅੱਗ ਦਾ ਵੇਸ। ਲੂਣਾ ਉਸਦੀ ਔਰਤ ਬਾਰੇ ਸੋਚ ਵਿਚ ਮੀਲ ਪੱਥਰ ਬਣ ਗਿਆ ਸੀ। ਉਹ ਲੂਣਾ ਦੁਆਰਾ ਮਰਦ ਜਾਤ ਨੂੰ ਵੰਗਾਰਨਾ ਚਾਹੁੰਦਾ ਸੀ। ਮੈਂ ਪੂਰਨ ਦੇ ਅੰਤਰਦਵੰਦ ਬਾਰੇ ਸੋਚ ਰਿਹਾ ਸਾਂ।

ਅਚਾਨਕ ਸ਼ਿਵ ਨੇ ਆਖਿਆ, ਅੱਛਾ ਫੇਰ ਤੇਰਾ ਅਸਲੀ ਨਾਂ ਕੀ ਹੈ? ਮੈਂ ਕਿਹਾ, ਪ੍ਰੇਮ ਕੁਮਾਰ। ਉਹ ਹਲਕਾ ਜਿਹਾ ਹੱਸਿਆ, ਤੇਰਾ ਅਸਲੀ ਨਾਂ ਏਨਾ ਸੁਹਣਾ ਹੈ ਤੈਨੂੰ ਕਿਸੇ ਤਖੱਲਸ ਦੀ ਕੀ ਲੋੜ ਹੈ? ਮੈਂ ਕਹਿਣਾ ਚਾਹੁੰਦਾ ਸੀ, ਪਰ ਮੇਰੀ ਪਹਿਚਾਣ ਗੁਲਸ਼ਨ ਰਾਹੀ ਦੇ ਨਾਂ ਤੇ ਹੈ...ਮੇਰੀ ਪਹਿਲੀ ਕਿਤਾਬ "ਮਿੱਟੀ ਦੇ ਮਾਨਸ" ਏਸੇ ਨਾਂ ਹੇਠਾਂ ਛਪੀ ਹੈ। ਪਰ ਕਹਿ ਨਹੀਂ ਸਕਿਆ। ਕਹਿਣ ਦੀ ਲੋੜ ਹੀ ਨਹੀਂ ਸਮਝੀ। ਮੇਰੇ ਲਈ ਏਨਾ ਹੀ ਕਾਫੀ ਸੀ ਕਿ ਸ਼ਿਵ ਕੁਮਾਰ ਨੂੰ ਮੇਰਾ ਪ੍ਰੇਮ ਕੁਮਾਰ ਹੋਣਾ ਚੰਗਾ ਲੱਗਿਆ ਹੈ। ਉਸ ਦਿਨ ਗੁਲਸ਼ਨ ਰਾਹੀ ਮੇਰੀ ਜ਼ਿੰਦਗੀ ਤੋਂ ਵਿਦਾ ਹੋ ਗਿਆ। ਮੈਂ ਫਿਰ ਪ੍ਰੇਮ ਕੁਮਾਰ ਬਣ ਗਿਆ।

ਨਾਟਕਘਰ ਪਹੁੰਚਣ ਤੋਂ ਪਹਿਲਾਂ ਅਸੀਂ ਕਈ ਸਾਲਾਂ ਦਾ ਸਫਰ ਤਹਿ ਕਰ ਲਿਆ।

ਅੰਮ੍ਰਿਤਸਰ ਰਹਿੰਦਿਆਂ ਤਿੰਨ ਚਾਰ ਵਾਰੀ ਸ਼ਿਵ ਕੁਮਾਰ ਨੂੰ ਮਿਲਣ ਦਾ ਮੌਕਾ ਮਿਲਿਆ। ਅਸੀਂ ਲਾਰੰਸ ਰੋਡ ਤੇ ਤੁਰ ਪੈਂਦੇ। ਕਦੀ ਸਿੰਧੀ ਕਾਫੀ ਹਾਊਸ ਵਿਚ ਬੈਠ ਜਾਂਦੇ, ਕਦੀ ਬੀਅਰ ਬਾਰ। ਸ਼ਿਵ ਆਪਣੇ ਬਾਰੇ ਗੱਲਾਂ ਕਰਦਾ, ਮੈਂ ਸੁਣਦਾ ਰਹਿੰਦਾ। ਉਸ ਦੀਆਂ ਗੱਲਾਂ ਵਿਚ ਪ੍ਰੀਤ ਨਗਰ, ਫਰੀਦਕੋਟ, ਡਲਹੌਜ਼ੀ, ਚੰਬਾ ਤੇ ਕਈ ਥਾਵਾਂ ਦਾ ਜ਼ਿਕਰ ਹੁੰਦਾ। ਕਈ ਵਾਰੀ ਉਸਦੀਆਂ ਗੱਲਾਂ ਵਿਚ ਕੁਝ ਨੁਕਤੇ ਇੱਕ ਦੂਜੇ ਨਾਲ ਮੇਲ ਨ ਖਾਂਦੇ। ਪਰ ਮੈਨੂੰ ਇਸਦਾ ਕੋਈ ਫਰਕ ਨ ਪੈਂਦਾ।

Academy of the Punjab in North America: http://www.apnaorg.com

ਮੈਨੂੰ ਉਸਦੇ ਮੂੰਹੋਂ ਕੁਝ ਵੀ ਸੁਣਨਾ ਚੰਗਾ ਲੱਗਦਾ। ਇੱਕ ਅੱਧੀ ਵਾਰੀ ਮੈਂ ਉਸਨੂੰ ਆਪਣੇ ਪਰਿਵਾਰ ਬਾਰੇ ਦੱਸਿਆ ਪਰ ਉਸਨੇ ਮੇਰੇ ਬਾਰੇ ਨ ਕੁਝ ਵਧੇਰੇ ਪੁੱਛਿਆ ਨ ਮੈਂ ਦੱਸਣ ਦੀ ਲੋੜ ਸਮਝੀ।

ਸ਼ਿਵ ਕੁਮਾਰ ਕਦੋਂ ਅੰਮ੍ਰਿਤਸਰ ਛੱਡਕੇ ਚਲਾ ਗਿਆ ਤੇ ਕਿੱਥੇ ਗਿਆ ਯਾਦ ਨਹੀਂ। ਅਗਲੇ ਕੁਝ ਮਹੀਨੇ ਮੈਂ ਤੇ ਮੇਰਾ ਇੱਕ ਦੋਸਤ ਯੂ ਪੀ, ਬਿਹਾਰ, ਬੰਗਾਲ ਤੇ ਆਸਾਮ ਦੀ ਖਾਕ ਛਾਣਦੇ ਰਹੇ। ਅਸੀਂ ਸ਼ਿਲਾਂਗ ਜਾ ਕੇ ਕਿਸੇ ਟੀ ਇਸਟੇਟ ਵਿਚ ਨੌਕਰੀ ਕਰਨੀ ਚਾਹੁੰਦੇ ਸਾਂ। ਖਾਸ ਕਰਕੇ ਜਿਸਦੇ ਮੈਨੇਜਰ ਦੀ ਸੁਹਣੀ ਸੁਨੱਖੀ ਧੀ ਹੋਵੇ। ਅਸੀਂ ਫਿਲਮੀ ਫੈਂਟਸੀ ਨੂੰ ਹਕੀਕਤ ਵਿਚ ਬਦਲਣ ਲਈ ਤਿਆਰ ਸਾਂ। ਪਰ ਸ਼ਿਲਾਂਗ ਪਹੁੰਚਣ ਤੋਂ ਪਹਿਲਾਂ ਹੀ ਭਾਰਤ ਪਾਕਿਸਤਾਨ ਦੀ ਲੜਾਈ ਸ਼ੁਰੂ ਹੋ ਗਈ। ਸਾਡੇ ਪੈਸੇ ਖ਼ਤਮ ਹੋ ਗਏ ਤੇ ਸਾਡੇ ਇਰਾਦਿਆਂ ਵਿਚ ਤਰੇੜਾਂ ਪੈ ਗਈਆਂ। ਕਿਸੇ ਤਰ੍ਹਾਂ ਧੱਕੇ ਧੋੜੇ ਖਾਂਦੇ ਅੰਮ੍ਰਿਤਸਰ ਪਹੁੰਚੇ। ਹੋਟਲ ਦਾ ਕਮਰਾ ਖੁਸ ਗਿਆ ਸੀ। ਮੈਂ ਫਿਰ ਬੇਦਰ ਹੋ ਗਿਆ।

ਖਾਨਾਬਦੋਸ਼ੀ ਦੀ ਇਸ ਹਾਲਤ ਵਿਚ ਵੀ ਮੈਂ ਕਿਸੇ ਤਰ੍ਹਾਂ ਪਰਾਈਵੇਟ ਇਮਤਿਹਾਨ ਦੇ ਕੇ ਬੀ ਏ ਪਾਸ ਕਰ ਲਈ ਸੀ। ਮੈਂ ਅੰਗਰੇਜ਼ੀ ਦੀ ਐਮ ਏ ਕਰਨੀ ਚਾਹੁੰਦਾ ਸੀ ਪਰ ਕਾਲਜ ਦੀ ਪੜ੍ਹਾਈ ਦੇ ਖਰਚ ਬਾਰੇ ਸੋਚ ਕੇ ਦਿਲ ਡੁੱਬਣ ਲੱਗਦਾ ਸੀ। ਫਿਰ ਪਤਾ ਲੱਗਾ ਕਿ ਬੇਰਿੰਗ ਕਾਲਜ ਬਟਾਲਾ ਵਿਚ ਅੰਗਰੇਜ਼ੀ ਦੀ ਐਮ ਏ ਸ਼ੁਰੂ ਹੋ ਰਹੀ ਹੈ। ਹਿੰਮਤ ਕਰਕੇ ਅਰਜ਼ੀ ਦੇ ਦਿੱਤੀ। ਇੰਟਰਵਿਊ ਵਿਚ ਮੇਰੇ ਲੇਖਕ ਹੋਣ ਨੇ ਸਾਥ ਦਿੱਤਾ ਤੇ ਮੈਨੂੰ ਦਾਖਲਾ ਮਿਲ ਗਿਆ।

ਕੁਦਰਤ ਨੇ ਮੈਨੂੰ ਵਾਪਸ ਬਟਾਲੇ ਭੇਜ ਦਿੱਤਾ...ਸ਼ਿਵ ਕੁਮਾਰ ਦੇ ਸ਼ਹਿਰ...ਲੋਹੇ ਦੇ ਸ਼ਹਿਰ।

ਬੇਰਿੰਗ ਕਾਲਜ ਵਿਚ ਦਾਖਲਾ ਮਿਲ ਗਿਆ ਪਰ ਰਹਿਣ ਦੀ ਸਮੱਸਿਆ ਹੱਲ ਨ ਹੋਈ। ਇੱਕ ਦੋਸਤ ਨੇ ਰਹਿਣ ਦਾ ਪ੍ਰਬੰਧ ਤਾਂ ਕਰ ਦਿੱਤਾ ਪਰ ਹਰ ਰੋਜ਼ ਅੱਠ ਮੀਲ ਸਾਈਕਲ ਚਲਾ ਕੇ ਆਉਣਾ ਤੇ ਅੱਠ ਮੀਲ ਤਪਦੀਆਂ ਸੜਕਾਂ ਤੇ ਵਾਪਸ ਜਾਣਾ ਮੇਰੇ ਵੱਸ ਦਾ ਰੋਗ ਨਹੀਂ ਸੀ। ਇੱਕ ਦਿਨ ਮੇਰੇ ਇੱਕ ਜਮਾਤੀ ਨੇ ਜ਼ਿਕਰ ਕੀਤਾ ਕਿ ਸ਼ਿਵ ਕੁਮਾਰ ਨੇ ਸਟੇਟ ਬੈਂਕ ਆਫ ਇੰਡੀਆ ਵਿਚ ਨੌਕਰੀ ਕਰ ਲਈ ਹੈ ਤੇ ਉਹ ਕਾਲਜ ਦੇ ਨਜ਼ਦੀਕ ਇੱਕ ਕੋਠੀ ਕਿਰਾਏ ਤੇ ਲੈ ਕੇ ਰਹਿ ਰਿਹਾ ਹੈ। ਮੈਨੂੰ ਹਨੇਰੇ ਵਿਚ ਰੋਸ਼ਨੀ ਦੀ ਕਿਰਨ ਦਿਖਾਈ ਦਿੱਤੀ। ਪਰ ਮੈਂ ਝਿਜਕਦਾ ਰਿਹਾ। ਹਨੇਰੇ ਦਾ ਆਦੀ ਹੋ ਗਿਆ ਸਾਂ।

ਕਾਲਜ ਵਿਚ ਕਾਂਟੈਸਟ ਹੋਇਆ। ਇੱਕ ਪ੍ਰੋਫੈਸਰ ਦੇ ਕਹਿਣ ਤੇ ਮੈਂ ਆਪਣੀ ਨਜ਼ਮ ਪੜ੍ਹੀ, ਇੰਜ ਨਿਕਲਿਆ ਤੇਰੇ ਸ਼ਹਿਰ ਚੋਂ ਮੇਰੇ ਦਮਾਂ ਦਾ ਕਾਫ਼ਲਾ। ਮੈਨੂੰ ਪਹਿਲਾ ਇਨਾਮ ਮਿਲਿਆ। ਸ਼ਿਵ ਕੁਮਾਰ ਨੂੰ ਜੱਜ ਦੇ ਤੌਰ ਤੇ ਬੁਲਾਇਆ ਗਿਆ ਸੀ...ਆਖ਼ਰ ਉਸਦਾ ਵੀ ਬੇਰਿੰਗ ਕਾਲਜ ਨਾਲ ਸਬੰਧ ਸੀ। ਫੰਕਸ਼ਨ ਦੇ ਬਾਦ ਸ਼ਿਵ ਮਿਲਿਆ, ਗੱਲ ਲਾਇਆ, ਕਿਹਾ ਤੇਰੀ ਨਜ਼ਮ ਚੰਗੀ ਲੱਗੀ...ਲਿਖਦਾ ਰਹੀਂ।

ਇੱਕ ਦਿਨ ਕਾਲਜ ਦੇ ਬਾਦ ਮੈਂ ਸ਼ਿਵ ਕੁਮਾਰ ਦੀ ਕੋਠੀ ਗਿਆ। ਉਸਦਾ ਘਰ ਹੋਣਾ ਦੁਰਲੱਭ ਸੀ। ਮੇਰੀ ਖੁਸ਼ਕਿਸਮਤੀ ਸੀ ਕਿ ਉਹ ਮਿਲ ਗਿਆ। ਨਿੱਕੀ ਜੇਹੀ ਕਿਆਰੀ ਵਿਚ ਲੱਗੇ ਫੁੱਲਾਂ ਨੂੰ ਪਾਣੀ ਦੇ ਰਿਹਾ ਸੀ। ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਗੱਲ ਕਿਵੇਂ ਸ਼ੁਰੂ ਕਰਾਂ। ਉਸਨੇ ਮੇਰੇ ਚੇਹਰੇ ਨੂੰ ਪੜ੍ਹ ਲਿਆ ਤੇ ਕਿਹਾ, ਤੂੰ ਏਨਾ ਉਦਾਸ ਕਿਉਂ ਹੈਂ? ਮੈਂ ਕਿਹਾ, ਮੇਰੇ ਕੋਲ ਰਹਿਣ ਦੀ ਥਾਂ ਨਹੀਂ। ਉਸ ਨੇ ਝੱਟ ਕਿਹਾ, ਤੂੰ ਏਥੇ ਕਿਉਂ ਨਹੀਂ ਆ ਜਾਂਦਾ...ਇੱਕ ਪਾਸੇ ਭਲਵਾਨ (ਬੇਰਿੰਗ ਕਾਲਜ ਦਾ ਇੱਕ ਹੋਰ ਵਿਦਿਆਰਥੀ ਰੈਸਲਿੰਗ ਟੀਮ ਦਾ ਮੈਂਬਰ ਸੀ) ਰਹਿੰਦਾ ਹੈ, ਦੂਜੇ ਪਾਸੇ ਤੂੰ ਰਹਿ ਲਵੀਂ।

ਮੈਨੂੰ ਸ਼ਿਵ ਦੇ ਸਹਾਰੇ ਦੀ ਲੋੜ ਸੀ। ਕੀ ਉਸ ਨੂੰ ਵੀ ਮੇਰੀ ਲੋੜ ਸੀ? ਉਸਦੀ ਕੋਠੀ ਸ਼ਹਿਰ ਤੋਂ ਬਾਹਰ ਇੱਕ ਨਿਵੇਕਲੇ ਥਾਂ ਤੇ ਸੀ। ਕਈ ਵ

Academy of the Punjab in North America: http://www.apnaorg.com

ਉਹ ਰਾਤ ਨੂੰ ਘਰ ਨਹੀਂ ਆਉਂਦਾ ਸੀ। ਕੋਠੀ ਵਿਚ ਕਿਸੇ ਨ ਕਿਸੇ ਦਾ ਹੋਣਾ ਜ਼ਰੂਰੀ ਸੀ। ਮੈਂ ਸ਼ਿਵ ਦਾ ਸ਼ੁਕਰਗੁਜ਼ਾਰ ਸਾਂ। ਉਸਨੇ ਮੇਰੀ ਸਮੱਸਿਆ ਹੱਲ ਕਰ ਦਿੱਤੀ ਸੀ। ਇਸਤੋਂ ਵੱਧ ਉਸਨੇ ਮੇਰੇ ਲਈ ਯਾਦਾਂ ਦਾ ਖ਼ਜ਼ਾਨਾ ਖੋਲ ਦਿੱਤਾ ਸੀ। ਮੈਂ ਧੰਨਵਾਨ ਬਣ ਗਿਆ ਸੀ।

ਅਗਲੇ ਦਿਨ ਮੈਂ ਆਪਣੀਆਂ ਕਿਤਾਬਾਂ ਤੇ ਚਾਰ ਕੱਪੜੇ ਚੁੱਕ ਕੇ ਸ਼ਿਵ ਕੁਮਾਰ ਦੇ ਘਰ ਰਹਿਣ ਲਈ ਆ ਗਿਆ।

ਸ਼ਿਵ ਨੇ ਕਿਰਾਏ ਦੇ ਇਸ ਘਰ ਦੇ ਹਰ ਕੋਨੇ ਤੇ ਆਪਣੀ ਛਾਪ ਲਾ ਦਿੱਤੀ ਸੀ। ਇਸ ਵਿਚਲੀ ਹਰ ਸ਼ੈ ਉਸ ਦੀ ਕਲਾ ਤੇ ਸ਼ੌਕ ਦੇ ਰੰਗ ਵਿਚ ਰੰਗੀ ਸੀ। ਇੱਕ ਸੌਣ ਦਾ ਕਮਰਾ ਸੀ ਜਿਸ ਵਿਚ ਦੋ ਪਲੰਘ ਸਨ। ਇੱਕ ਤੇ ਸ਼ਿਵ ਸੌਂਦਾ ਸੀ, ਦੂਜਾ ਕਿਸੇ ਆਏ ਗਏ ਲਈ ਰੱਖਿਆ ਸੀ। ਨਾਲ ਹੀ ਇੱਕ ਛੋਟਾ ਜੇਹਾ ਗੁਸਲਖਾਨਾ ਸੀ। ਇੱਕ ਪਾਸੇ ਸਟੋਰ ਨੁਮਾ ਕਮਰਾ ਸੀ ਜਿਸ ਵਿਚ ਭਲਵਾਨ ਰਹਿੰਦਾ ਸੀ। ਇੱਕ ਛੋਟੀ ਜੇਹੀ ਰਸੋਈ ਸੀ ਜਿਸ ਵਿਚ ਖਾਣਾ ਪਕਾਉਣ ਦਾ ਸਮਾਨ ਸੀ ਪਰ ਸ਼ਿਵ ਨੇ ਇਸ ਨੂੰ ਚਾਹ ਕਾਫੀ ਬਨਾਉਣ ਤੋਂ ਜ਼ਿਆਦਾ ਕਦੀ ਵਰਤਿਆ ਨਹੀਂ ਸੀ। ਹਾਲ ਕਮਰੇ ਦੇ ਦੋ ਹਿੱਸੇ ਕੀਤੇ ਸਨ। ਇੱਕ ਹਿੱਸੇ ਵਿਚ ਡਾਈਨਿੰਗ ਟੇਬਲ ਸੀ, ਇੱਕ ਛੋਟਾ ਜੇਹਾ ਫਰਿਜ ਸੀ ਜੋ ਸ਼ਾਇਦ ਕਿਸੇ ਜ਼ਮਾਨੇ ਕੰਮ ਕਰਦਾ ਹੋਵੇ। ਦੂਜੇ ਹਿੱਸੇ ਵਿਚ ਇੱਕ ਤਖ਼ਤਪੋਸ਼ ਤੇ ਕਿਤਾਬਾਂ ਦੀਆਂ ਅਲਮਾਰੀਆਂ ਸਨ। ਮੇਰੇ ਲਈ ਹਾਲ ਦਾ ਇਹ ਹਿੱਸਾ ਪੜ੍ਹਨ ਲਿਖਣ ਤੇ ਸੌਣ ਦਾ ਕੰਮ ਦੇਂਦਾ ਸੀ। ਬਾਹਰ ਇੱਕ ਬਰਾਂਡਾ ਸੀ ਜਿਸ ਵਿਚ ਬੈਠਕੇ ਸਿਆਲ ਦੀ ਧੁੱਪ ਸੇਕਣ ਦਾ ਆਪਣਾ ਹੀ ਮਜ਼ਾ ਸੀ।

ਦੂਜੇ ਦਿਨ ਮੈਂ ਬਾਜ਼ਾਰ ਤੋਂ ਸਬਜ਼ੀਆਂ ਖਰੀਦ ਕੇ ਲੈ ਆਇਆ। ਆਲੂ ਮਟਰ ਦੀ ਸਬਜ਼ੀ ਬਣਾਈ, ਰੋਟੀਆਂ ਸੇਕੀਆਂ ਤੇ ਸਲਾਦ ਕੱਟਿਆ। ਖਾਣੇ ਦੀ ਮੇਜ਼ ਤੇ ਬੈਠੇ ਤਾਂ ਸ਼ਿਵ ਹੈਰਾਨ ਹੋ ਗਿਆ। ਪੁੱਛਿਆ, ਏਨਾ ਵਧੀਆ ਖਾਣਾ ਬਨਾਉਣਾ ਤੂੰ ਕਿੱਥੋਂ ਸਿਖਿਆ? ਮੈਂ ਆਪਣੇ ਬੀਤੇ ਦਿਨਾਂ ਦੇ ਕਿੱਸੇ ਛੋਹ ਲਏ, ਉਹ ਬੜੇ ਧਿਆਨ ਨਾਲ ਸੁਣਦਾ ਰਿਹਾ। ਕਿਹਾ, ਅੱਜ ਦਾਰੂ ਦਾ ਅਸਲੀ ਸੁਆਦ ਆਇਆ। ਦੂਜੇ ਦਿਨ ਸ਼ਾਮ ਨੂੰ ਉਹ ਮੈਨੂੰ ਬਾਜ਼ਾਰ ਲੈ ਗਿਆ। ਬਾਣੀਏ ਦੀ ਦੁਕਾਨ ਤੇ ਰੁਕਿਆ, ਸਬਜ਼ੀ ਵਾਲੇ ਨਾਲ ਜਾਣ ਪਛਾਣ ਕਰਾਈ। ਕਿਹਾ, ਇਸਨੂੰ ਜਿਸ ਚੀਜ਼ ਦੀ ਜ਼ਰੂਰਤ ਹੋਵੇ ਦੇ ਦੇਣੀ...ਪੈਸੇ ਮੇਰੇ ਖਾਤੇ ਵਿਚ ਲਿਖ ਲੈਣੇ।

ਬਟਾਲੇ ਵਿਚ ਕੋਈ ਦੁਕਾਨਦਾਰ ਸ਼ਿਵ ਨੂੰ ਉਧਾਰ ਦੇਣੋਂ ਇਨਕਾਰ ਨ ਕਰਦਾ। ਜਦ ਇੱਕ ਦੋ ਮਹੀਨੇ ਦੁਕਾਨਦਾਰ ਦਾ ਹਿਸਾਬ ਸਾਫ ਨ ਹੁੰਦਾ ਤਾਂ ਅਸੀਂ ਨਵੀਂ ਦੁਕਾਨ ਲੱਭ ਲੈਂਦੇ। ਇਹੀ ਸਿਲਸਿਲਾ ਧੋਬੀਆਂ ਤੇ ਦਰਜ਼ੀਆਂ ਨਾਲ ਚੱਲਦਾ ਸੀ।

ਸ਼ਿਵ ਦੀ ਦਰਿਆਦਿਲੀ ਦੇ ਕਿੱਸੇ ਮਸ਼ਹੂਰ ਸਨ। ਉਸ ਨੂੰ ਪੈਸਾ ਕਮਾਉਣ ਵਿਚ ਏਨੀ ਖੁਸ਼ੀ ਨਹੀਂ ਮਿਲਦੀ ਸੀ ਜਿੰਨੀ ਪੈਸਾ ਖਰਚਣ ਵਿਚ। ਕਈ ਵਾਰੀ ਮੁਸ਼ਾਇਰਿਆਂ ਤੋਂ ਜੋ ਪੈਸੇ ਮਿਲਦੇ ਉਹ ਬਟਾਲੇ ਪਹੁੰਚਣ ਤੋਂ ਪਹਿਲਾਂ ਹੀ ਖਰਚ ਹੋ ਜਾਂਦੇ। ਅਗਲੇ ਦਿਨ ਆਖਦਾ, ਯਾਰ ਇੱਕ ਡੱਬੀ ਲਾਈਟ ਹਾਊਸ ਦੀ ਤਾਂ ਲਿਆਵੀਂ ਜ਼ਰਾ ਬਜ਼ਾਰੋਂ।

ਅੰਮ੍ਰਿਤਸਰ ਮੁਸ਼ਾਇਰਾ...ਸ਼ਾਮ ਦਾ ਹਨੇਰਾ ਸ਼ਹਿਰ ਨੂੰ ਆਪਣੀਆਂ ਬਾਹਾਂ ਵਿਚ ਸਮੇਟ ਰਿਹਾ ਸੀ। ਆਦਤ ਅਨੁਸਾਰ ਸ਼ਿਵ ਪੂਰੇ ਸਰੂਰ ਵਿਚ ਸੀ। ਕਈ ਸ਼ਾਇਰਾਂ ਨੇ ਆਪਣੇ ਕਲਾਮ ਪੇਸ਼ ਕੀਤੇ। ਸਰੋਤਿਆਂ ਵਿਚ ਬੇਚੈਨੀ ਦੇ ਆਸਾਰ ਨਜ਼ਰ ਆ ਰਹੇ ਸਨ। ਆਖ਼ਰ ਸ਼ਿਵ ਦੀ ਵਾਰੀ ਆਈ। ਜਿਵੇਂ ਸਾਰੀਆਂ ਅੱਖਾਂ ਸਟੇਜ ਤੇ ਗੱਡੀਆਂ ਗਈਆ ਹੋਣ। ਸ਼ਿਵ ਨੇ ਹਜੂਮ ਤੇ ਸਰਸਰੀ ਜੇਹੀ ਨਜ਼ਰ ਮਾਰੀ। ਸਿਰ ਨੂੰ ਹਲਕਾ ਜੇਹਾ ਝਟਕਾ ਦਿੱਤਾ। ਅੱਖਾਂ ਮੀਚੀਆਂ ਤੇ ਸੁਰ ਕੱਢੀ, ਇੱਕ ਕੁੜੀ ਜ਼ਿਦਾ ਨਾਮ ਮੁਹੱਬਤ ਗੁੰਮ ਹੈ ਗੁੰਮ ਹੈ ਗੁੰਮ ਹੈ...ਹਜ਼ਾਰਾਂ ਕੰਨ ਹਜ਼ਾਰਾਂ ਅੱਖਾਂ

Academy of the Punjab in North America: http://www.apnaorg.com

ਜਿਵੇਂ ਕੀਲੀਆਂ ਗਈਆਂ। ਸ਼ਿਵ ਨੇ ਖੱਬਾ ਹੱਥ ਕੰਨ ਦੇ ਨੇੜੇ ਲਿਆਂਦਾ, ਸੱਜਾ ਹੱਥ ਹਵਾ ਵਿਚ ਲਹਿਰਾਇਆ। ਸੀਨੇ ਦੀ ਅਥਾਹ ਡੂੰਘਾਈ ਚੋਂ ਟੀਸ ਨਿਕਲੀ, ਓਸ ਕੁੜੀ ਨੂੰ ਮੇਰੀ ਸੌਂਹ ਹੈ ਓਸ ਕੁੜੀ ਨੂੰ ਆਪਣੀ ਸੌਂਹ ਹੈ...ਦਰਦ ਦਾ ਦਰਿਆ ਸਟੇਜ ਤੋਂ ਉਤਰਿਆ, ਹਜੂਮ ਵੱਲ ਵਧਿਆ। ਸ਼ਿਵ ਦੀ ਆਵਾਜ਼ ਦਾ ਜਾਦੂ ਆਪਣਾ ਚਮਤਕਾਰ ਵਿਖਾ ਰਿਹਾ ਸੀ। ਸੁਣਨ ਵਾਲੇ ਉਸ ਹੜ੍ਹ ਵਿਚ ਡੁੱਬ ਜਾਣ ਲਈ ਉਤਾਵਲੇ ਸਨ। ਸ਼ਿਵ ਦੁਖਦੀਆਂ ਆਂਦਰਾਂ ਨੂੰ ਛੋਹਣ ਦਾ ਮਾਹਰ ਸੀ। ਹਾਲ ਗੂੰਜ ਰਿਹਾ ਸੀ, ਓਸ ਕੁੜੀ ਨੂੰ ਸਭ ਦੀ ਸੌਂਹ ਹੈ ਓਸ ਕੁੜੀ ਨੂੰ ਜੱਗ ਦੀ ਸੌਂਹ ਹੈ ਓਸ ਕੁੜੀ ਨੂੰ ਰੱਬ ਦੀ ਸੌਂਹ ਹੈ। ਉਸ ਰਾਤ ਕਿਸ ਨੌਜੁਆਨ ਨੇ ਇਸ਼ਕ ਵਿਚ ਮਰ ਮਿਟਣ ਦੀ ਕਸਮ ਨਹੀਂ ਖਾਈ ਹੋਵੇਗੀ?

ਮੁਸ਼ਾਇਰੇ ਦੇ ਬਾਦ ਸ਼ਿਵ ਆਪਣੇ ਕਦਰਦਾਨਾਂ ਦੀ ਟੋਲੀ ਨੂੰ ਲਾਰੰਸ ਰੋਡ ਦੇ ਇੱਕ ਮਸ਼ਹੂਰ ਰੈਸਟੋਰੈਂਟ ਵਿਚ ਲੈ ਆਇਆ। ਵਿਸਕੀ ਦੀਆ ਬੋਤਲਾਂ ਖੁਲ੍ਹ ਗਈਆਂ। ਖਾਣੇ ਦੇ ਆਰਡਰ ਦਿੱਤੇ ਗਏ। ਰਾਤ ਡੂੰਘੀ ਹੋ ਗਈ ਸੀ। ਉਸਨੇ ਮੇਰੇ ਮੋਢੇ ਤੇ ਹੱਥ ਰੱਖਿਆ, ਚੱਲ ਬਾਈ ਅੱਜ ਟੈਕਸੀ ਤੇ ਚੱਲਦੇ ਹਾਂ। ਸਾਰਾ ਰਸਤਾ ਸ਼ਿਵ ਆਪਣੀ ਦੁਨੀਆਂ ਵਿਚ ਗੁਆਚਾ ਰਿਹਾ। ਮੈਂ ਆਪਣੀ ਅਗਲੇ ਦਿਨ ਦੀ ਕਲਾਸ ਬਾਰੇ ਸੋਚਦਾ ਰਿਹਾ। ਬਟਾਲੇ ਪਹੁੰਚ ਕੇ ਸ਼ਿਵ ਨੇ ਜੇਬ ਵਿਚ ਹੱਥ ਪਾਇਆ। ਜਿੰਨੇ ਪੈਸੇ ਬਚੇ ਸਨ ਟੈਕਸੀ ਵਾਲੇ ਨੂੰ ਦੇ ਦਿੱਤੇ। ਸਵੇਰੇ ਉੱਠ ਕੇ ਕਿਹਾ, ਬਾਈ ਜ਼ਰਾ ਇੱਕ ਅਧੀਆ ਫੜ ਲਿਆਈਂ, ਕੰਮ ਤੇ ਜਾਣ ਜੋਗੇ ਹੋ ਜਾਈਏ।

ਪੈਸੇ ਦੀ ਤੰਗੀ ਮੇਰੇ ਲਈ ਕੋਈ ਨਵੀਂ ਗੱਲ ਨਹੀਂ ਸੀ। ਸ਼ਿਵ ਇਹ ਚੰਗੀ ਤਰ੍ਹਾਂ ਜਾਣਦਾ ਸੀ। ਮੇਰੀ ਕਾਲਜ ਦੀ ਪੜ੍ਹਾਈ ਦਾ ਖਰਚਾ ਦੋਸਤਾਂ ਦੀ ਮਿਹਰਬਾਨੀ ਨਾਲ ਚੱਲ ਰਿਹਾ ਸੀ। ਮੈਂ ਸ਼ਿਵ ਕੋਲੋਂ ਕਿਸੇ ਤਰ੍ਹਾਂ ਦੀ ਮਾਲੀ ਸਹਾਇਤਾ ਦੀ ਆਸ ਨਹੀਂ ਕਰਦਾ ਸੀ। ਪਰ ਉਸ ਦੀ ਕਿਸੇ ਮੰਗ ਨੂੰ, ਜੋ ਅਕਸਰ ਛੋਟੀ ਮੋਟੀ ਹੀ ਹੁੰਦੀ, ਇਨਕਾਰ ਕਰਨ ਬਾਰੇ ਸੋਚ ਵੀ ਨਹੀਂ ਸਕਦਾ ਸੀ।

ਸ਼ਿਵ ਦੇ ਛੋਟੇ ਭੈਣ ਭਰਾ ਕਦੀ ਕਦੀ ਉਸਦੇ ਇਸ ਘਰ ਆਉਂਦੇ। ਉਹ ਉਸਨੂੰ ਭਾਅ ਜੀ ਕਹਿਕੇ ਬੁਲਾਉਂਦੇ। ਮੈਂ ਵੀ ਉਸਨੂੰ ਭਾਅ ਜੀ ਕਹਿਕੇ ਬੁਲਾਉਣਾ ਸ਼ੁਰੂ ਕਰ ਦਿੱਤਾ ਸੀ। ਉਂਜ ਵੀ ਉਹ ਉਮਰ ਵਿਚ ਮੇਰੇ ਨਾਲੋਂ ਵੱਡਾ ਸੀ। ਕਈ ਵਾਰੀ ਨਸ਼ੇ ਦੀ ਹਾਲਤ ਵਿਚ ਉਹ ਆਖਦਾ, ਤੂੰ ਮੇਰਾ ਛੋਟਾ ਭਰਾ ਹੈਂ। ਮੇਰਾ ਜੀਅ ਕਰਦਾ ਮੈਂ ਉਸਦੇ ਹਰ ਲਫਜ਼ ਤੇ ਵਿਸ਼ਵਾਸ ਕਰਾਂ।

ਕਈ ਵਾਰੀ ਸ਼ਿਵ ਮੈਨੂੰ ਸ਼ਹਿਰ ਵਿਚ ਆਪਣੇ ਪਰਿਵਾਰ ਦੇ ਘਰ ਲੈ ਜਾਂਦਾ। ਮੇਰੇ ਖ਼ਿਆਲ ਵਿਚ ਉਸਦੇ ਭੈਣ ਭਰਾਵਾਂ ਨੂੰ ਉਸਦੀਆਂ ਪ੍ਰਾਪਤੀਆਂ ਤੇ ਮਾਣ ਸੀ। ਉਹ ਵੀ ਆਪਣੇ ਛੋਟੇ ਭੈਣ ਭਰਾਵਾਂ ਦਾ ਖ਼ਿਆਲ ਰੱਖਦਾ ਸੀ। ਮਸਲਨ ਆਪਣੇ ਛੋਟੇ ਭਰਾ ਦੀ ਨੌਕਰੀ ਲਈ। ਜਦ ਉਸਦੀ ਛੋਟੀ ਭੈਣ ਅੰਮ੍ਰਿਤਸਰ ਹਸਪਤਾਲ ਵਿਚ ਸੀ ਤਾਂ ਅਸੀਂ ਬਟਾਲੇ ਤੋਂ ਸਿਰਫ ਉਸਨੂੰ ਦੇਖਣ ਲਈ ਜਾਂਦੇ ਸੀ।

ਮੇਰੇ ਲਈ ਸ਼ਿਵ ਦੇ ਇਸ ਰੂਪ ਤੇ ਉਸਦੀ ਸੋਚ ਚੋਂ ਉਪਜੇ ਉਸਦੇ ਆਪਣੇ ਸਵੈਚਿੱਤਰ (ਜੋ ਖ਼ਾਸ ਕਰਕੇ "ਮੈਂ ਤੇ ਮੈਂ" ਵਿਚ ਉੱਭਰਿਆ ਹੈ ਬੇਸ਼ਕ ਉਸਨੇ ਇਸਨੂੰ ਸਵੈਚਿੱਤਰ ਮੰਨਣੋਂ ਨਕਾਰਿਆ ਹੈ) ਵਿਚਲੇ ਤਾਲ ਮੇਲ ਨੂੰ ਸਮਝਣਾ ਮੁਸ਼ਕਿਲ ਸੀ। ਮੈਂ ਉਸ ਦੇ ਮਾਨਸਿਕ ਸੰਘਰਸ਼ ਨੂੰ ਸਮਝ ਸਕਦਾ ਸੀ ਪਰ ਉਸ ਸੰਘਰਸ਼ ਦੀ ਬੁਨਿਆਦ ਨੂੰ ਸਮਝਣਾ ਮੇਰੀ ਵਿਤੋਂ ਬਾਹਰ ਸੀ।

ਸ਼ਿਵ ਦੀ ਸੰਗਤ ਕਈ ਵਾਰੀ ਮੇਰੀ ਪੜ੍ਹਾਈ ਵਿਚ ਰੁਕਾਵਟ ਬਣ ਜਾਂਦੀ ਪਰ ਮੈਂ ਇਹ ਸੰਗਤ ਛੱਡਣ ਲਈ ਤਿਆਰ ਨਹੀਂ ਸੀ। ਨ ਹੀ ਮੇਰੇ ਕੋਲ ਕੋਈ ਹੋਰ ਸਾਧਨ ਸੀ। ਮੈਨੂੰ ਆਪਣੀ ਹਾਲਤ ਤੇ ਤਰਸ ਆਉਂਦਾ, ਨਫ਼ਰਤ ਹੋਣ ਲੱਗਦੀ।

ਇੱਕ ਰਾਤ ਅੰਮ੍ਰਿਤਸਰ ਤੋਂ ਦੋ ਨੌਜੁਆਨ ਆਪਣੀ ਕਾਰ ਵਿਚ ਸ਼ਿਵ ਕੁਮਾਰ ਨੂੰ ਮਿਲ

Academy of the Punjab in North America: http://www.apnaorg.com

ਆਏ। ਇੱਕ ਦੋ ਪੈੱਗ ਲਾਉਣ ਬਾਦ ਉਨ੍ਹਾਂ ਦੱਸਿਆ ਕਿ ਉਹ ਬੇਰਿੰਗ ਕਾਲਜ ਵਿਚ ਪੜ੍ਹਾਉਂਦੀਆਂ ਦੋ ਅਮਰੀਕਨ ਫੁੱਲ ਬਰਾਈਟ ਟਿਊਟਰ ਔਰਤਾਂ ਨੂੰ ਮਿਲਣਾ ਚਾਹੁੰਦੇ ਸਨ। ਉਹ ਇਨ੍ਹਾਂ ਔਰਤਾਂ ਨੂੰ ਪਹਿਲਾਂ ਕਿਤੇ ਮਿਲ ਚੁੱਕੇ ਸਨ ਤੇ ਆਪਣੀ ਅਮੀਰੀ ਤੋਂ ਪ੍ਰਭਾਵਤ ਕਰ ਚੁੱਕੇ ਸਨ। ਜਦ ਉਨ੍ਹਾਂ ਨੂੰ ਪਤਾ ਲੱਗਿਆ ਕਿ ਮੈਂ ਉਸੇ ਕਾਲਜ ਵਿਚ ਅੰਗਰੇਜ਼ੀ ਐਮ ਏ ਦਾ ਵਿਦਿਆਰਥੀ ਹਾਂ ਤਾਂ ਉਹ ਮੇਰੇ ਪਿੱਛੇ ਪੈ ਗਏ ਕਿ ਮੈਂ ਉਨ੍ਹਾਂ ਨੂੰ ਗਰਲਜ਼ ਹੋਸਟਲ ਲੈ ਜਾਵਾਂ। ਮੇਰੀ ਨਾਂਹ ਦਾ ਉਨ੍ਹਾਂ ਤੇ ਕੋਈ ਅਸਰ ਨਹੀਂ ਪੈ ਰਿਹਾ ਸੀ। ਉਹ ਹੋਰ ਦਬਾਅ ਪਾਉਣ ਲੱਗੇ ਤਾਂ ਸ਼ਿਵ ਨੇ ਵੀ ਉਨ੍ਹਾਂ ਦਾ ਸਾਥ ਦੇਣਾ ਸ਼ੁਰੂ ਕਰ ਦਿੱਤਾ। ਮੇਰੇ ਅੰਦਰ ਗੁੱਸੇ, ਨਫਰਤ ਤੇ ਲਾਚਾਰੀ ਦੇ ਭਾਂਬੜ ਮੱਚ ਰਹੇ ਸਨ। ਹਾਰ ਕੇ ਮੈਂ ਉਨ੍ਹਾਂ ਅਮੀਰਜ਼ਾਦਿਆਂ ਨਾਲ ਉਨ੍ਹਾਂ ਦੀ ਕਾਰ ਵਿਚ ਬੈਠ ਕੇ ਗਰਲਜ਼ ਹੋਸਟਲ ਚੱਲ ਪਿਆ। ਹੋਸਟਲ ਦੇ ਚੌਕੀਦਾਰ ਨੂੰ ਕਿਹਾ ਕਿ ਇਹ ਮੈਡਮ --- ਤੇ ਮੈਡਮ --- ਨੂੰ ਮਿਲਣਾ ਚਾਹੁੰਦੇ ਹਨ। ਚੌਕੀਦਾਰ ਦੇ ਕੁਝ ਕਹਿਣ ਤੋਂ ਪਹਿਲਾਂ ਹੀ ਮੈਂ ਸ਼ੂਟ ਵੱਟ ਕੇ ਵਾਪਸ ਆ ਗਿਆ। ਸ਼ਿਵ ਨੂੰ ਦੱਸਿਆ ਤਾਂ ਉਹ ਮੇਰੇ ਨਾਲ ਨਰਾਜ਼ ਹੋਇਆ ਕਿ ਮੈਨੂੰ ਇਸਤਰ੍ਹਾਂ ਨਹੀਂ ਕਰਨਾ ਚਾਹੀਦਾ ਸੀ।

ਮੈਨੂੰ ਨਿਸਚਾ ਹੈ ਕਿ ਉਨ੍ਹਾਂ ਅਮੀਰਜ਼ਾਦਿਆ ਦੀ ਮੁਰਾਦ ਪੂਰੀ ਨਹੀਂ ਹੋਈ ਹੋਵੇਗੀ। ਪਰ ਦੋ ਗੱਲਾਂ ਮੇਰੇ ਜ਼ਿਹਨ ਵਿਚ ਬੈਠ ਗਈਆਂ। ਬੁਰਜੂਆ ਸਮਾਜ ਵਿਚ ਪੂੰਜੀਪਤੀਆਂ ਦੀ ਹਰ ਮਨੋਬ੍ਰਿਤੀ ਨੂੰ ਪੂਰਾ ਕਰਨ ਲਈ ਮੱਧਵਰਗੀ ਇਨਸਾਨ ਹਮੇਸ਼ਾ ਤਿਆਰ ਰਹਿੰਦਾ ਹੈ। ਮੈਂ ਖ਼ੁਦ ਇਸ ਘਨੌਨੀ ਸੋਚ ਦਾ ਸ਼ਿਕਾਰ ਹੋਇਆ ਹਾਂ ਇਸ ਲਈ ਕਿਸੇ ਤੇ ਉਂਗਲੀ ਨਹੀਂ ਉਠਾ ਰਿਹਾ। ਦੂਜੀ ਗੱਲ ਇਹ ਕਿ ਪੱਛਮੀ ਔਰਤ ਬਾਰੇ ਹਿੰਦੁਸਤਾਨੀ ਮਰਦ ਦੀ ਸੋਚ ਏਨੀ ਸ਼ਰਮਨਾਕ ਹੈ ਕਿ ਕਈ ਵਾਰੀ ਮੈਨੂੰ ਆਪਣੇ ਹਿੰਦੁਸਤਾਨੀ ਹੋਣ ਬਾਰੇ ਨਫ਼ਰਤ ਹੋਣ ਲੱਗਦੀ ਹੈ। ਇਹ ਸੋਚ ਕਿ ਹਰ ਪੱਛਮੀ ਔਰਤ ਮਰਦ ਦੀ ਸ਼ਕਲ ਵੇਖਦੇ ਹੀ ਸੈਕਸ ਲਈ ਤਿਆਰ ਹੋ ਜਾਂਦੀ ਹੈ ਭਾਰਤੀ ਮਰਦ ਦੇ ਜ਼ਿਹਨ ਵਿਚ ਘਰ ਕਰ ਗਈ ਹੈ। ਮੈਂ ਜਦ ਵੀ ਭਾਰਤ ਆਉਂਦਾ ਹਾਂ ਤਾਂ ਮੇਰੀ ਇਹ ਧਾਰਨਾ ਹੋਰ ਵੀ ਪੱਕੀ ਹੋ ਜਾਂਦੀ ਹੈ।

ਇੱਕ ਹੋਰ ਯਾਦ... ਛੁੱਟੀ ਦਾ ਦਿਨ ਸੀ। ਸ਼ਿਵ ਤੇ ਮੈਂ ਅੰਮ੍ਰਿਤਸਰ ਗਏ। ਪੁਰਾਣੇ ਬੱਸ ਅੱਡੇ ਚੋਂ ਨਿਕਲ ਕੇ ਬਾਹਰ ਜਾ ਰਹੇ ਸਾਂ ਕਿ ਦੋ ਆਦਮੀ ਠੇਕੇ ਤੋਂ ਸ਼ਰਾਬ ਖਰੀਦ ਰਹੇ ਸਨ। ਇੱਕ ਆਦਮੀ ਦੀ ਉਮਰ ਚਾਲੀ ਕੁ ਸਾਲ ਦੀ ਹੋਵੇਗੀ। ਕਰੜ ਬਰੜੀ ਦਾੜ੍ਹੀ, ਸਾਦ ਮੁਰਾਦੇ ਕੱਪੜੇ, ਢਿੱਲੀ ਜੇਹੀ ਨੀਲੀ ਪੱਗ। ਦੂਜਾ ਆਦਮੀ ਤੀਹ ਬੱਤੀ ਸਾਲਾਂ ਦਾ ਹੋਵੇਗਾ। ਤਿੱਖੀ ਨੋਕਦਾਰ ਸ਼ੋਖ਼ ਰੰਗ ਦੀ ਪੱਗ, ਦਾੜ੍ਹੀ ਨੂੰ ਪਿਆਰ ਨਾਲ ਤਰਾਸ਼ਿਆ ਹੋਇਆ। ਕਰੜ ਬਰੜੀ ਦਾੜ੍ਹੀ ਵਾਲੇ ਆਦਮੀ ਨੇ ਬੜੀ ਗਰਮਜੋਸ਼ੀ ਨਾਲ ਸ਼ਿਵ ਨੂੰ ਜੱਫੀ ਪਾਈ। ਮੈਂ ਅਨੁਮਾਨ ਲਾਇਆ ਕਿ ਉਹ ਸ਼ਿਵ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਸ਼ਿਵ ਨੇ ਪੁੱਛਿਆ, ਸਵੇਰੇ ਸਵੇਰ ਦਾਰੂ ਖਰੀਦਣ ਦੀ ਕੀ ਲੋੜ ਪੈ ਗਈ।ਕਰੜ ਬਰੜੀ ਦਾੜ੍ਹੀ ਵਾਲੇ ਨੇ ਕਿਹਾ, ਤੁਹਾਨੂੰ ਪਤਾ ਨਹੀਂ ਸਾਡੇ ਵੱਡੇ ਕੌਮੀ ਲੀਡਰ ਚਲਾਣਾ ਕਰ ਗਏ ਨੇ...ਅਸੀਂ ਉਨ੍ਹਾਂ ਦਾ ਸੋਗ ਮਨਾਉਣ ਜਾ ਰਹੇ ਹਾਂ। ਉਸਨੇ ਸ਼ਿਵ ਨੂੰ ਇਸ ਸੋਗ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਸ਼ਿਵ ਦੇ ਨਾਂਹ ਕਰਨ ਤੇ ਉਸ ਸ਼ਿਵ ਦੇ ਕੰਨ ਕੋਲ ਮੂੰਹ ਲਿਆ ਕਿ ਕਿਹਾ, ਦੋ ਬੀਬੀਆਂ ਵੀ ਆ ਰਹੀਆਂ ਹਨ...ਉਨ੍ਹਾਂ ਨਾਲ ਵਿਚਾਰ ਵਟਾਂਦਰਾ ਕਰਾਂਗੇ। ਉਸ ਦਾ ਸਾਥੀ ਖਚਰਾ ਜਿਹਾ ਹਾਸਾ ਹੱਸਿਆ। ਸ਼ਿਵ ਨੇ ਦੋ ਕੁ ਪਲ ਸੋਚਿਆ ਫਿਰ ਅਸੀਂ ਉਨ੍ਹਾਂ ਬੰਦਿਆਂ ਨਾਲ ਤੁਰ ਪਏ।

ਮੇਰੇ ਲਈ ਇਹ ਅਨੁਭਵ ਅਨੋਖਾ ਸੀ। ਇੱਕ ਅਜੀਬ ਜੇਹੀ ਧੁਖਧੁਖੀ ਲੱਗ ਰਹੀ ਸੀ। ਕਰੜ ਬਰੜੀ ਦਾੜ੍ਹੀ ਵਾਲਾ ਇਧਰ ਉਧਰ ਦੀਆਂ ਫ਼ਜ਼ੂਲ ਜੇਹੀਆਂ ਗੱਲਾਂ ਕਰਦਾ ਰਿਹਾ। ਉਸਦੇ ਸਾਥੀ ਨੇ ਇੱਕ ਵਾਰੀ ਵੀ ਮੂੰਹ ਨ ਖੋਲ੍ਹਿਆ।

Academy of the Punjab in North America: http://www.apnaorg.com

ਸ਼ਰੀਫ਼ਪੁਰੇ ਦੀਆਂ ਗਲੀਆਂ ਲੰਘਦੇ ਹੋਏ ਅਸੀਂ ਇੱਕ ਮਕਾਨ ਅੱਗੇ ਰੁਕੇ। ਕਰੜ ਬਰੜੀ ਦਾੜ੍ਹੀ ਵਾਲੇ ਨੇ ਤਾਲਾ ਖੋਲ੍ਹਿਆ। ਮੈਂ ਸਮਝ ਗਿਆ ਕਿ ਘਰ ਕੋਈ ਨਹੀਂ ਸੀ। ਉਸ ਨੇ ਬੈਗ ਵਿਚੋਂ ਦੋ ਬੋਤਲਾਂ ਤੇ ਖਾਣ ਦਾ ਸਮਾਨ ਕੱਢਿਆ। ਉਸ ਦਾ ਸਾਥੀ ਚਾਰ ਗਲਾਸ ਲੈ ਆਇਆ। ਮੈਂ ਸਵੇਰੇ ਸਵੇਰ ਪੀਣ ਦਾ ਆਦੀ ਨਹੀਂ ਸਾਂ। ਨਾਂਹ ਵਿਚ ਸਿਰ ਹਿਲਾਇਆ ਤੇ ਆਪਣਾ ਗਲਾਸ ਪਰੇ ਕਰ ਦਿੱਤਾ। ਕਿਸੇ ਨੇ ਮੈਨੂੰ ਆਪਣਾ ਫ਼ੈਸਲਾ ਬਦਲਣ ਲਈ ਮਜਬੂਰ ਨਹੀਂ ਕੀਤਾ। ਤਿੰਨਾਂ ਨੇ ਗਲਾਸ ਚੁੱਕੇ ਤੇ ਇੱਕੋ ਝੀਕੇ ਅੰਦਰ ਸੁੱਟ ਲਏ। ਪੁੱਠੇ ਹੱਥ ਨਾਲ ਬੁਲ੍ਹਾਂ ਨੂੰ ਪਲੋਸਿਆ। ਗਲਾਸ ਦੁਬਾਰਾ ਭਰਨ ਲਈ ਬੋਤਲ ਨੂੰ ਚੁੱਕਿਆ।

ਅਚਾਨਕ ਸ਼ਿਵ ਖੜਾ ਹੋ ਗਿਆ। ਕਿਹਾ, ਚੱਲ ਪ੍ਰੇਮ ਚੱਲੀਏ।ਕਰੜ ਬਰੜੀ ਦਾੜ੍ਹੀ ਵਾਲੇ ਨੇ ਕਿਹਾ, ਬਟਾਲਵੀ ਸਾਹਿਬ, ਬੀਬੀਆਂ ਨੂੰ ਤਾਂ ਆ ਲੈਣ ਦਿਉ। ਅਸੀਂ ਚੁੱਪਚਾਪ ਬਾਹਰ ਨਿਕਲ ਆਏ। ਉੱਚੇ ਪੁਲ ਨਾਲਦੇ ਸਿਨਮੇ ਦੇ ਬਾਹਰ ਮੈਟਨੀ ਸ਼ੋਅ ਦੀਆਂ ਲਾਈਨਾਂ ਲੱਗੀਆਂ ਸਨ। ਟਿਕਟਾਂ ਲੈਕੇ ਅੰਦਰ ਚਲੇ ਗਏ। ਮੇਰਾ ਧਿਆਨ ਫਿਲਮ ਵਿਚ ਨ ਲੱਗ ਸਕਿਆ। ਮੈਂ ਸੋਚਦਾ ਰਿਹਾ ਕਿ ਬੀਬੀਆਂ ਨਾਲ ਵਿਚਾਰ ਵਟਾਂਦਰੇ ਦਾ ਇਹ ਸੁਨਹਿਰੀ ਮੌਕਾ ਹੱਥੋਂ ਨਿਕਲ ਜਾਣ ਤੇ ਮੈਨੂੰ ਸ਼ਿਵ ਨਾਲ ਨਰਾਜ਼ ਹੋਣਾ ਚਾਹੀਦਾ ਹੈ ਕਿ ਉਸਦਾ ਸ਼ੁਕਰਗੁਜ਼ਾਰ।

ਸ਼ਿਵ ਨੇ ਆਪਣੀ ਕਵਿਤਾ ਵਿਚ ਔਰਤ ਨਾਲ ਸਦੀਆਂ ਤੋਂ ਹੋ ਰਹੇ ਵਿਤਕਰੇ ਵਿਰੁੱਧ ਆਵਾਜ਼ ਉਠਾਈ ਹੈ। ਉਸਨੇ ਔਰਤ ਨੂੰ ਅਕਸਰ ਮਾਂ ਜਾਂ ਮਹਿਬੂਬਾ ਦੇ ਰੂਪ ਵਿਚ ਵੇਖਿਆ ਤੇ ਪੇਸ਼ ਕੀਤਾ ਹੈ। ਔਰਤ ਨੂੰ ਰਿਸ਼ਤਿਆਂ ਦੀ ਹੱਦ ਤੋਂ ਪਰੇ ਇੱਕ ਇਨਸਾਨ ਦੇ ਰੂਪ ਵਿਚ ਵੇਖਣਾ ਰੂੜ੍ਹੀਵਾਦੀ ਕੀਮਤਾਂ ਦੀ ਦਲਦਲ ਵਿਚ ਫਸੇ ਭਾਰਤੀ ਲੇਖਕਾਂ ਲਈ ਇੱਕ ਚੁਣੌਤੀ ਰਹੀ ਹੈ।

ਇੱਕ ਦਿਨ ਸਵੇਰੇ ਸ਼ਿਵ ਨੇ ਕਿਹਾ, ਚੱਲ ਤੈਨੂੰ ਪੁਰਾਣੇ ਦੋਸਤਾਂ ਨਾਲ ਮਿਲਾਵਾਂ। ਰਾਤ ਉੱਥੇ ਹੀ ਰਹਾਂਗੇ। ਇੱਕ ਅੱਧ ਕੱਪੜਾ ਲੈ ਲੈ। ਬੱਸ ਲੈਕੇ ਅਸੀਂ ਜਲੰਧਰ ਪਹੁੰਚੇ। ਰੇਡੀਉ ਸਟੇਸ਼ਨ ਤੇ ਗਏ। ਰਿਕਾਰਡਿੰਗ ਰੂਮ ਵਿਚ ਚਿੱਟੀ ਚਾਦਰ ਤੇ ਬੈਠ ਸ਼ਿਵ ਨੇ ਸੁਰ ਕੱਢੀ, ਕੀ ਪੁੱਛਦੇ ਓ ਹਾਲ ਫ਼ਕੀਰਾਂ ਦਾ, ਸਾਨੂੰ ਨਦੀਉਂ ਵਿੱਛੜੇ ਨੀਰਾਂ ਦਾ। ਕਮਰੇ ਵਿਚ ਸ਼ਿਵ ਸੀ, ਮੈਂ ਸੀ ਤੇ ਕਿਸੇ ਕਦੀਮੀ ਦਰਦ ਵਿਚ ਲਬਰੇਜ਼ ਲਫ਼ਜ਼ਾਂ ਦਾ ਦਰਿਆ। ਸਟੂਡੀਉ ਤੋਂ ਬਾਹਰ ਆਏ। ਰਿਕਸ਼ਾ ਲੈਕੇ ਨਿਕਲੇ ਸ਼ਿਵ ਦੇ ਦੋਸਤਾਂ ਨੂੰ ਮਿਲਣ। ਥਾਂ ਟਿਕਾਣਾ ਯਾਦ ਨਹੀਂ। ਇੱਕ ਘਰ ਅੰਦਰ ਗਏ। ਸ਼ਿਵ ਨੇ ਕਿਹਾ, ਪ੍ਰੇਮ ਇਹ ਉਰਮਿਲਾ ਹੈ, ਉਰਮਿਲਾ ਆਨੰਦ। ਉਸਦੀਆਂ ਅੱਖਾਂ ਵਿਚ ਇੱਕ ਚਮਕ ਸੀ। ਮੈਂ ਇਸ ਚਮਕ ਨੂੰ ਪਹਿਲਾਂ ਉਸਦੀ ਅੱਖ ਵਿਚ ਘੱਟ ਹੀ ਵੇਖਿਆ ਸੀ। ਉਰਮਿਲਾ ਗਿਲਾ ਕਰ ਰਹੀ ਸੀ, ਕਿੱਥੇ ਗੁਆਚ ਗਿਐਂ...ਕਿੰਨਾ ਚਿਰ ਹੋ ਗਿਆ ਮਿਲਿਆਂ। ਸ਼ਿਵ ਸੱਚਮੁੱਚ ਗੁਆਚ ਗਿਆ ਸੀ। ਉਸਦਾ ਜਿਸਮ ਮੌਜੂਦ ਸੀ। ਰੂਹ ਮੀਲਾਂ ਦੂਰ ਕਿਧਰੇ ਭਟਕ ਰਹੀ ਸੀ। ਉਹ ਸਮੁੰਦਰੋਂ ਪਾਰ ਆਪਣੇ ਕਿਸੇ ਗੁਆਚੇ ਗੀਤ ਨੂੰ ਲੱਭ ਰਿਹਾ ਸੀ। ਅਚਾਨਕ ਉਹ ਉੱਠਿਆ, ਕਿਹਾ, ਚੱਲ ਪ੍ਰੇਮ ਚੱਲੀਏ। ਉਰਮਿਲਾ ਵੇਖਦੀ ਰਹਿ ਗਈ। ਬੱਸ ਅੱਡੇ ਤੇ ਪਹੁੰਚੇ ਤਾਂ ਕਹਿਣ ਲੱਗਾ, ਮੇਰਾ ਗਲਾ ਖੁਸ਼ਕ ਹੋ ਰਿਹਾ ਏ, ਚੱਲ ਇੱਕ ਇੱਕ ਬੀਅਰ ਪੀ ਲਈਏ।

ਸ਼ਿਵ ਇੱਕ ਭਟਕੀ ਰੂਹ ਸੀ। ਉਸਦੇ ਪੈਰਾਂ ਵਿਚ ਜਨਮ ਜਨਮਾਂਤਰਾਂ ਦੀ ਭਟਕਣ ਸੀ। ਭਟਕੀਆਂ ਰੂਹਾਂ ਨਾਲ ਮੇਰਾ ਕਰੀਬੀ ਰਿਸ਼ਤਾ ਰਿਹਾ ਹੈ। ਸ਼ਿਵ ਨਾਲ ਮੇਰਾ ਰਿਸ਼ਤਾ ਦਿਨ ਬਦਿਨ ਪੱਕਾ ਹੋ ਰਿਹਾ ਸੀ।

ਸ਼ਿਵ ਨੂੰ ਮਿਲਣ ਲੋਕ ਆਉਂਦੇ, ਆਦਮੀ ਔਰਤਾਂ ਮੁੰਡੇ ਕੁੜੀਆਂ। ਉਸਦੇ ਰਸਮੀ ਮੇਲਜੋਲ ਮੁਲਾਕਾਤਾਂ ਕਿੱਸੇ ਬਣ ਜਾਂਦੇ। ਕਿੱਸਿਆਂ ਤੇ ਇਸ਼ਕ ਦਾ ਰੰਗ ਚੜ੍ਹਾ ਦਿੱਤਾ ਜਾਂਦਾ।ਲੋਕ ਮਹਿਫ਼ਲਾਂ ਵਿਚ ਸੁਆਦ ਨਾਲ ਸੁਣਦੇ

Academy of the Punjab in North America: http://www.apnaorg.com

ਸੁਣਾਉਂਦੇ। ਬੇਸ਼ਕ ਇਨ੍ਹਾਂ ਅਫ਼ਵਾਹਾਂ ਨੂੰ ਹਵਾ ਦੇਣ ਵਿਚ ਸ਼ਿਵ ਦਾ ਹਿੱਸਾ ਵੀ ਸੀ। ਮਸਲਨ "ਲੂਣਾ" ਵਿਚ ਉਸ ਦੇ ਸੰਪਰਕ ਵਿਚ ਆਈਆਂ ਉਨ੍ਹਾਂ ਅਨੇਕ ਕੁੜੀਆਂ ਦੇ ਨਾਂ ਜਿਨ੍ਹਾਂ ਦਾ ਸਬੰਧ ਸਿਰਫ ਉਸਦੀ ਕਵਿਤਾ ਦੀ ਕਦਰ ਕਰਨਾ ਹੀ ਸੀ...ਆਮ ਪਾਠਕਾਂ ਵਾਂਗ। ਜਿਨ੍ਹਾਂ ਕੁੜੀਆਂ ਦੇ ਨਾਂ ਉਸ ਨਾਲ ਜੋੜੇ ਜਾਂਦੇ ਸਨ ਸ਼ਿਵ ਨੇ ਕਦੀ ਕਿਸੇ ਬਾਰੇ ਗੱਲ ਨਹੀਂ ਕੀਤੀ ਸੀ। ਉਸਨੂੰ ਕੋਈ ਪਰਵਾਹ ਨਹੀਂ ਸੀ ਕਿ ਲੋਕ ਉਸ ਬਾਰੇ ਕੀ ਸੋਚਦੇ ਸਨ, ਕੀ ਕਹਿੰਦੇ ਸਨ। ਮੇਰੀ ਸੋਚ ਵਿਚ ਇਸ਼ਕ ਮਰਦ ਲਈ ਇੱਕ ਮੁਹਿੰਮ ਹੈ, ਜਿੱਤ ਜਾਵੇ ਤਾਂ ਫਤਹਿ ਦਾ ਢੰਡੋਰਾ ਪਿੱਟਦਾ ਹੈ, ਹਾਰ ਜਾਵੇ ਤਾਂ ਕੀਰਨੇ ਪਾਉਂਦਾ ਹੈ। ਪਰ ਔਰਤ ਲਈ ਇਸ਼ਕ ਉਸਦੀ ਪਹਿਚਾਨ ਦਾ ਅਹਿਸਾਸ ਹੈ, ਹਰ ਸੁਖ ਦੁੱਖ ਵਿਚ ਇਸਨੂੰ ਆਪਣੇ ਅੰਦਰ ਲੁਕਾਈ ਰੱਖਦੀ ਹੈ।

ਸ਼ਿਵ ਪੰਜਾਬੀ ਕਵਿਤਾ ਦਾ ਦੇਵਦਾਸ ਸੀ। ਉਸ ਲਈ ਕਿਸੇ ਪਾਰੋ ਦਾ ਹੋਣਾ ਲਾਜ਼ਮੀ ਸੀ। ਉਸਦੀ ਕਵਿਤਾ ਦੀ ਜ਼ਰੂਰਤ ਸੀ।

ਇੱਕ ਰਾਤ ਕਿਹਾ, ਯਾਰ ਪੈਸੇ ਚਾਹੀਦੇ ਨੇ...ਤੂੰ ਸਵੇਰੇ ਅੰਮ੍ਰਿਤਸਰ ਜਾਹ ਮੇਰੇ ਪਬਲਿਸ਼ਰ ਕੋਲ ..."ਲੂਣਾ" ਦੇ ਉਸ ਵੱਲ ਪੈਸੇ ਰਹਿੰਦੇ ਹਨ। ਮੈਂ ਇਸ ਪਬਲਿਸ਼ਰ ਨੂੰ ਸ਼ਿਵ ਨਾਲ ਮਿਲ ਚੁੱਕਾ ਸਾਂ। ਮੈਂ ਉਸਨੂੰ ਆਪਣੀ ਦੂਸਰੀ ਕਿਤਾਬ (ਜੋ ਬਾਦ ਵਿਚ "ਤੇਈ ਕਵਿਤਾਵਾਂ" ਦੇ ਨਾਂ ਹੇਠ ਛਪੀ ਸੀ) ਦਾ ਖਰੜਾ ਦਿੱਤਾ ਸੀ। ਮਹੀਨਿਆਂ ਤੱਕ ਟਾਲ ਮਟੋਲ ਕਰਨ ਮਗਰੋਂ ਉਸਨੇ ਪੋਲੇ ਜੇਹੇ ਕਿਹਾ ਸੀ, ਯਾਰ, ਖਰੜਾ ਗੁਆਚ ਗਿਆ ਹੈ ... ਲੱਭਣ ਦੀ ਕੋਸ਼ਿਸ਼ ਕਰਾਂਗਾ। ਮੈਂ ਉਸਦੀਆਂ ਚੀਕਨੀਆਂ ਚੋਪੜੀਆਂ ਗੱਲਾਂ ਤੋਂ ਪ੍ਰਭਾਵਤ ਨਹੀਂ ਸਾਂ। ਮੈਨੂੰ ਯਕੀਨ ਸੀ ਕਿ ਮੈਂ ਖਾਲੀ ਹੱਥ ਹੀ ਮੁੜਾਂਗਾ। ਪਰ ਸ਼ਿਵ ਦਾ ਕਿਹਾ ਕਿਸਨੂੰਰਾਂ ਟਾਲਦਾ। ਮੇਰਾ ਯਕੀਨ ਸਹੀ ਨਿਕਲਿਆ। ਪਬਲਿਸ਼ਰ ਨੇ ਮੇਰੇ ਹੱਥ "ਲੂਣਾ" ਦੀਆਂ ਵੀਹ ਕਿਤਾਬਾਂ ਦੇ ਕੇ ਕਿਹਾ, ਬੱਸ ਏਹੀ ਕੁਝ ਦੇ ਸਕਦਾ ਹਾਂ। ਜਦ ਡੂੰਘੀ ਰਾਤੇ ਵਾਪਸ ਮੁੜਿਆ ਸ਼ਿਵ ਸੌਂ ਚੁੱਕਾ ਸੀ। ਸਵੇਰੇ ਉਹ ਭੁੱਲ ਚੁੱਕਾ ਸੀ ਕਿ ਮੈਂ ਅੰਮ੍ਰਿਤਸਰ ਕਿਸ ਲਈ ਗਿਆ ਸੀ।

ਸ਼ਿਵ ਕੁਮਾਰ ਨੂੰ ਮੇਰੇ ਹੱਥ ਦੀ ਲਿਖਾਈ ਬੜੀ ਚੰਗੀ ਲੱਗਦੀ ਸੀ। ਕਹਿੰਦਾ ਸੀ, ਯਾਰ ਮੇਰੇ ਖ਼ਤ ਤੂੰ ਲਿਖਿਆ ਕਰ। ਉਸ ਦੇ ਸਿਰ ਤੇ ਇੰਗਲੈਂਡ ਜਾਣ ਦਾ ਭੂਤ ਸਵਾਰ ਹੋ ਚੁੱਕਿਆ ਸੀ। ਉਸਦੇ ਕਹਿਣ ਤੇ ਕਿੰਨੇ ਖ਼ਤ ਮੈਂ ਉਸਦੇ ਇੰਗਲੈਂਡ ਵੱਸਦੇ ਕਦਰਦਾਨਾਂ ਨੂੰ ਲਿਖੇ। ਕਿੰਨੇ ਲੋਕਾਂ ਨੇ ਵਾਅਦੇ ਕੀਤੇ ਪਰ ਨਤੀਜਾ ਕੋਈ ਨ ਨਿਕਲਿਆ। ਕਈ ਸਾਲਾਂ ਬਾਦ ਪਤਾ ਲੱਗਾ ਕਿ ਸ਼ਿਵ ਕੁਮਾਰ ਦੀ ਇਹ ਖ਼ਾਹਿਸ਼ ਆਖ਼ਰ ਪੂਰੀ ਹੋ ਹੀ ਗਈ। ਇਹ ਵੀ ਸੁਣਿਆ ਕਿ ਉਸਦੀ ਇਹ ਖ਼ਾਹਿਸ਼ ਉਸਨੂੰ ਕਿੰਨੀ ਮਹਿੰਗੀ ਪਈ।

ਇੱਕ ਦਿਨ ਕਾਲਜ ਖ਼ਤਮ ਹੋਣ ਤੋਂ ਬਾਦ ਮੈਂ ਸਟੇਟ ਬੈਂਕ ਗਿਆ। ਸ਼ਿਵ ਕੁਮਾਰ ਹਮੇਸ਼ਾ ਵਾਂਗ ਕੈਨਟੀਨ ਵਿਚ ਬੈਠਾ ਚਾਹ ਪੀ ਰਿਹਾ ਸੀ। ਸਿਗਰਟ ਖ਼ਤਮ ਹੋਣ ਤੋਂ ਪਹਿਲਾਂ ਉਸ ਦੂਜੀ ਸੁਲਗਾਈ, ਗ਼ੌਰ ਨਾਲ ਮੇਰੇ ਚੇਹਰੇ ਤੇ ਨਜ਼ਰ ਟਿਕਾਈ। ਕਿਹਾ, ਤੂੰ ਏਨਾ ਉਦਾਸ ਕਿਉਂ ਹੈਂ? ਉਨ੍ਹਾਂ ਦਿਨਾਂ ਵਿਚ ਮੈਂ ਕੁੜੀਆਂ ਵਾਂਗ ਝੱਟ ਹੀ ਫਿੱਸ ਪੈਂਦਾ ਸੀ। ਮੇਰੀ ਆਵਾਜ਼ ਮੇਰੇ ਗੱਲ ਵਿਚ ਅਟਕ ਗਈ। ਮੈਂ ਉਸਨੂੰ ਦੱਸ ਨ ਸਕਿਆ ਕਿ ਕਿਸੇ ਨੇ ਮੈਨੂੰ ਮੇਰੀ ਗੁਰਬਤ ਦਾ ਅਹਿਸਾਸ ਦਿਵਾਇਆ ਸੀ। ਮੇਰੀ ਖਾਨਾਬਦੋਸ਼ੀ ਦਾ ਮਜ਼ਾਕ ਉਡਾਇਆ ਸੀ। ਮੈਨੂੰ ਆਪਣੇ ਆਪ ਨਾਲ ਨਫਰਤ ਹੋਣ ਲੱਗੀ ਸੀ। ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਮੈਂ ਕੀ ਕਰਾਂ, ਕਿੱਧਰ ਜਾਵਾਂ। ਬੇਧਿਆਨੀ ਵਿਚ ਮੈਂ ਸ਼ਿਵ ਨੂੰ ਮਿਲਣ ਆ ਗਿਆ ਸੀ।

ਬੈਂਕ ਚੋਂ ਨਿਕਲ ਕੇ ਅਸੀਂ ਬਾਜ਼ਾਰ ਵੱਲ ਤੁਰ ਪਏ। ਪੁਲ ਪਾਰ ਕਰਕੇ ਇੱਕ ਫੋਟੋਗਰਾਫੀ ਦੀ ਦੁਕਾਨ ਅੱਗੋਂ ਲੰਘ ਰਹੇ ਸਾਂ। ਫੋਟੋਗਰਾਫਰ ਨੇ ਅਵਾਜ਼ ਦਿੱਤੀ, ਬਟਾਲਵੀ ਸਾਹਿਬ, ਕਦੀ ਸਾਨੂੰ ਵੀ ਦਰਸ਼ਨ ਦੇ ਦਿਆ ਕਰੋ। ਅਸੀਂ ਦੁਕਾਨ ਦੇ

Academy of the Punjab in North America: http://www.apnaorg.com

ਅੰਦਰ ਚਲੇ ਗਏ। ਸ਼ਿਵ ਨੇ ਕਿਹਾ, ਇਹ ਮੇਰਾ ਦੋਸਤ ਪਤਾ ਨਹੀਂ ਏਨਾਂ ਉਦਾਸ ਕਿਉਂ ਹੈ, ਸਾਡੀ ਇੱਕ ਤਸਵੀਰ ਖਿੱਚ ਦੇਹ। ਸ਼ਿਵ ਨੇ ਆਪਣੀ ਖੱਬੀ ਬਾਂਹ ਮੇਰੇ ਦੁਆਲੇ ਪਾਈ। ਮੇਰੀ ਪੀੜ ਮੱਧਮ ਹੋ ਗਈ। ਇਉਂ ਲੱਗਿਆ ਕੋਈ ਮੇਰੇ ਦਰਦ ਨੂੰ ਪਛਾਣਦਾ ਹੈ। ਮੇਰੇ ਗ਼ਮ ਨੂੰ ਸਮਝਦਾ ਹੈ। ਮੇਰੀ ਪਰਵਾਹ ਕਰਦਾ ਹੈ। ਅਮਰੀਕਾ ਆਉਣ ਵੇਲੇ ਮੈਂ ਇਸ ਤਸਵੀਰ ਨੂੰ ਆਪਣੇ ਨਾਲ ਲੈ ਆਇਆ ਸੀ। ਅੱਜ ਤੀਕ ਮੈਂ ਇਸ ਨੂੰ ਸਾਂਭ ਕੇ ਰੱਖਿਆ ਹੈ।

ਅਕਤੂਬਰ 2006 ਸ਼ਿਵ ਨੇ ਆਪਣੇ ਵਿਆਹ ਦੀ ਗੱਲ ਤੋਰੀ। ਮੈਨੂੰ ਹੈਰਾਨੀ ਹੋਈ। ਕੌਣ ਸੀ ਉਸਦੇ ਜੀਵਨ ਸਾਥ ਦੀ ਚੋਣ? ਇਹ ਸਭ ਕਦੋਂ ਹੋਇਆ? ਕਿਵੇਂ ਹੋਇਆ? ਸ਼ਾਇਦ ਉਸ ਨੇ ਇਹ ਗੱਲ ਮੇਰੇ ਨਾਲ ਸਾਂਝੀ ਕਰਨ ਦੀ ਜ਼ਰੂਰਤ ਨ ਸਮਝੀ ਹੋਵੇ। ਖ਼ੈਰ, ਉਸਦੇ ਚੇਹਰੇ ਤੇ ਰੌਣਕ ਆ ਗਈ ਸੀ, ਅਵਾਜ਼ ਵਿਚ ਇੱਕ ਨਵਾਂ ਸਰੂਰ ਭਰ ਗਿਆ ਸੀ। ਕਈ ਵਾਰੀ ਗੱਲਾਂ ਕਰਦਾ ਕਰਦਾ ਉਹ ਉਦਾਸ ਹੋ ਜਾਂਦਾ। ਉਹ ਆਪਣਾ ਵਿਆਹ ਧੂਮ ਧਾਮ ਨਾਲ ਕਰਨਾ ਚਾਹੁੰਦਾ ਸੀ ਪਰ ਉਸ ਕੋਲ ਵਸੀਲੇ ਨਹੀਂ ਸਨ। ਇੱਕ ਸਵੇਰੇ ਵਰਾਂਡੇ ਵਿਚ ਬੈਠੇ ਸਾਂ। ਛੁੱਟੀ ਦਾ ਦਿਨ ਸੀ। ਅਚਾਨਕ ਉਸ ਕਿਹਾ, ਯਾਰ ਬੜੀ ਡਿਪਰੈਸ਼ਨ ਹੋ ਰਹੀ ਏ। ਮੈਂ ਉਸਦੀ ਡਿਪਰੈਸ਼ਨ ਦੀ ਵਜ੍ਹਾ ਜਾਣਦਾ ਸਾਂ। ਕੁਝ ਕਹਿਣ ਦੀ ਲੋੜ ਨਹੀਂ ਸੀ। ਇੱਕ ਸਿਆਸਤਦਾਨ ਉਸਦਾ ਕਦਰਦਾਨ ਸੀ। ਉਸ ਦਿਨ ਸ਼ਹਿਰ ਦੇ ਕਾਰਖਾਨੇਦਾਰਾਂ ਨੇ ਉਸ ਨਾਲ ਮੀਟਿੰਗ ਰੱਖੀ ਸੀ ਰੇਲਵੇ ਰੋਡ ਦੇ ਇੱਕ ਕਾਰਖਾਨੇ ਵਿਚ। ਸ਼ਿਵ ਚਾਹੁੰਦਾ ਸੀ ਕਿ ਮੈਂ ਉਸ ਮੰਤਰੀ ਜੀ ਨੂੰ ਉਸਦਾ ਸੁਨੇਹਾ ਦੇਣ ਜਾਵਾਂ। ਮੈਨੂੰ ਸਿਆਸਤਦਾਨਾਂ ਤੇ ਲੀਡਰਾਂ ਨੂੰ ਮਿਲਣ ਦਾ ਕੋਈ ਸ਼ੌਕ ਨਹੀਂ ਸੀ। ਪਰ ਸ਼ਿਵ ਦੀ ਖ਼ਾਹਿਸ਼ ਮੇਰੇ ਲਈ ਹੁਕਮ ਸੀ। ਮੈਂ ਸਾਈਕਲ ਚੁੱਕਿਆ, ਮੰਤਰੀ ਜੀ ਨੂੰ ਸੁਨੇਹਾ ਦਿੱਤਾ। ਮੰਤਰੀ ਜੀ ਨੇ ਕਿਹਾ ਉਹ ਜਾਣ ਤੋਂ ਪਹਿਲਾਂ ਸ਼ਿਵ ਨੂੰ ਮਿਲਣ ਆਉਣਗੇ।

ਮੰਤਰੀ ਜੀ ਸ਼ਿਵ ਕੁਮਾਰ ਨੂੰ ਮਿਲਣ ਨਹੀਂ ਆਏ। ਮੇਰੀ ਸਿਆਸਤਦਾਨਾਂ ਬਾਰੇ ਸੋਚ ਸਹੀ ਸੀ।

ਸ਼ਿਵ ਆਪਣੇ ਦੋਸਤਾਂ ਨੂੰ ਚਿੱਠੀਆਂ ਲਿਖਣ ਲੱਗਾ। ਅਸਲ ਵਿਚ ਸ਼ਬਦ ਉਸ ਦੇ ਸਨ, ਕਲਮ ਮੇਰੀ ਸੀ। ਉਸਨੂੰ ਸਹਾਇਤਾ ਦੀ ਲੋੜ ਸੀ। ਮੈਨੂੰ ਯਾਦ ਨਹੀਂ ਇੱਕ ਵੀ ਖ਼ਤ ਦਾ ਜਵਾਬ ਆਇਆ ਹੋਵੇ। (ਸ਼ਾਇਦ ਕਿਸੇ ਨੇ ਉਹ ਖ਼ਤ ਸੰਭਾਲ ਕੇ ਰੱਖਿਆ ਹੋਵੇ ਤੇ ਹੁਣ ਸ਼ਿਵ ਕੁਮਾਰ ਦੀ ਦੋਸਤੀ ਦਾ ਦਾਅਵਾ ਕਰਦਾ ਹੋਵੇ) ਸ਼ਿਵ ਦੀ ਡਿਪਰੈਸ਼ਨ ਵਧ ਰਹੀ ਸੀ। ਇੱਕ ਦਿਨ ਕਿਹਾ, ਤੂੰ ਪਠਾਨਕੋਟ ਜਾ ਕੇ ਗੱਲ ਕਰਕੇ ਆ। ਪਠਾਨਕੋਟ ਉਸਦੀ ਹੋਣ ਵਾਲੀ ਪਤਨੀ ਦਾ ਪਰਿਵਾਰ ਸ਼ਾਦੀ ਕਰਨ ਲਈ ਆਇਆ ਸੀ। ਉਹ ਚਾਹੁੰਦਾ ਸੀ ਕਿ ਉਸਦੀ ਬਰਾਤ ਦੀ ਖਾਤਰਦਾਰੀ ਵਿਚ ਕੋਈ ਕਸਰ ਨ ਛੱਡੀ ਜਾਵੇ। ਬਰਾਤ ਵਿਚ ਵੱਡੇ ਵੱਡੇ ਲੋਕ ਸ਼ਾਮਲ ਹੋਣਗੇ। ਉਹ ਉਨ੍ਹਾਂ ਤੇ ਆਪਣੇ ਰੁਤਬੇ ਦੀ ਮੋਹਰ ਲਾਉਣੀ ਚਾਹੁੰਦਾ ਸੀ। ਮੈਨੂੰ ਇਸ ਮੱਧਵਰਗੀ ਬ੍ਰਿਤੀ ਤੇ ਘਿਰਣਾ ਹੋਣ ਲੱਗੀ। ਇੱਕ ਵਾਰੀ ਫਿਰ ਮੈਂ ਆਪਣੇ ਆਦਰਸ਼ਾਂ ਅੱਗੇ ਸਿਰ ਝੁਕਾ ਦਿੱਤਾ।

ਮੇਰੇ ਲਈ ਇਸ ਤਰ੍ਹਾਂ ਦਾ ਰੋਲ ਨਿਭਾਉਣਾ ਮੁਸ਼ਕਿਲ ਸੀ। ਮੈਂ ਆਪਣੇ ਆਪ ਨੂੰ ਦੁਨੀਆਦਾਰੀ ਦੇ ਇਸ ਤਰ੍ਹਾਂ ਦੇ ਫਰਜ਼ ਨਿਭਾਉਣ ਦੇ ਕਾਬਲ ਨਹੀਂ ਸਮਝਦਾ ਸੀ।ਅਗਲੇ ਦਿਨ ਪਠਾਨਕੋਟ ਦੀ ਬੱਸ ਵਿਚ ਬੈਠਾ ਮੈਂ ਸ਼ਿਵ ਕੁਮਾਰ ਦੀ ਚੋਣ ਦੀ ਕਲਪਨਾ ਕਰਦਾ ਰਿਹਾ। ਉਸਦੇ ਸਹੁਰੇ ਪਰਿਵਾਰ ਨਾਲ ਉਸਦੀ ਸਮੱਸਿਆ ਸਾਂਝੀ ਕੀਤੀ। ਉਸਦੀ ਹੋਣ ਵਾਲੀ ਪਤਨੀ ਦੀ ਇੱਕ ਝਲਕ ਵੇਖੀ। ਮੇਰਾ ਇਹ ਵਿਸ਼ਵਾਸ ਹੈ ਕਿ ਸ਼ਿਵ ਕੁਮਾਰ ਨੇ ਜ਼ਿੰਦਗੀ ਵਿਚ ਜੇ ਕੋਈ ਕੰਮ ਠੀਕ ਕੀਤਾ ਸੀ ਤਾਂ ਉਹ ਬਿਨਾ ਸ਼ੱਕ ਆਪਣੇ ਜੀਵਨ ਸਾਥੀ ਦੀ ਚੋਣ ਸੀ। ਅਰੁਨਾ ਭਾਬੀ ਮੋਮ ਦੀ ਡਲੀ ਸੀ ਜੋ ਕਿਸੇ ਵੀ ਸੱਚੇ ਵਿਚ ਢਲਣ ਲਈ ਤਿਆਰ ਸੀ। ਸ਼ਿਵ ਕੁਮਾਰ ਨੂੰ ਏਹੋ ਜੇਹੇ ਜੀਵਨ

Academy of the Punjab in North America: http://www.apnaorg.com

ਸਾਥੀ ਦੀ ਲੋੜ ਸੀ।

ਸ਼ਿਵ ਕੁਮਾਰ ਦੇ ਵਿਆਹ ਬਾਰੇ ਮੇਰੀ ਯਾਦ ਧੁੰਦਲੀ ਪੈ ਗਈ ਹੈ। ਬੱਸ ਯਾਦ ਹੈ ਪਠਾਨਕੋਟ ਦੇ ਰੈਸਟ ਹਾਊਸ ਵਿਚ ਇੱਕ ਸਰਦ ਸ਼ਾਮ...ਯਾਦ ਨਹੀਂ ਕੌਣ ਇਸ ਜਸ਼ਨ ਵਿਚ ਸ਼ਾਮਲ ਸੀ ਤੇ ਕੌਣ ਨਹੀਂ...ਯਾਦ ਨੇ ਕੈਨਟੋਨਮੈਂਟ ਤੋਂ ਮਿਲਟਰੀ ਵਾਲਿਆਂ ਦੀਆਂ ਜੀਪਾਂ...ਰੱਮ ਦੀਆਂ ਪੇਟੀਆਂ...ਯਾਦ ਹੈ ਨਸ਼ੇ ਦਾ ਵਗਦਾ ਦਰਿਆ...ਉਸ ਦਰਿਆ ਵਿਚ ਦੂਜੇ ਕਈ ਲੋਕਾਂ ਵਾਂਗ ਮੈਂ ਵੀ ਡੁੱਬ ਗਿਆ ਸਾਂ।

ਅਰੁਨਾ ਭਾਬੀ ਦੇ ਆਉਣ ਨਾਲ ਸ਼ਿਵ ਦੀ ਜ਼ਿੰਦਗੀ ਵਿਚ ਖੇੜਾ ਆ ਗਿਆ ਸੀ। ਸ਼ਿਵ ਨੂੰ ਆਪਣੇ ਗੀਤਾਂ ਦੀ ਲਾਜਵੰਤੀ ਮਿਲ ਗਈ ਸੀ ਜਿਸਨੂੰ ਕਿਸੇ ਬ੍ਰਿਹਾ ਨੇ ਛੋਹਿਆ ਨਹੀਂ ਸੀ। ਮਾਸੂਮੀਅਤ ਦੀ ਜੀਂਦੀ ਜਾਗਦੀ ਤਸਵੀਰ। ਗੱਲ ਕਰਦੀ ਤਾਂ ਮੱਧਮ ਦੀਵਿਆਂ ਦੀ ਲੋਅ ਤੇਜ਼ ਹੋ ਜਾਂਦੀ। ਮੁਸਕਰਾਂਦੀ ਤਾਂ ਬੇਰੁੱਤੀਆਂ ਕਨੇਰਾਂ ਤੇ ਫੁੱਲ ਖਿੜ ਜਾਂਦੇ।

ਕੁਝ ਦਿਨ ਮੈਂ ਸ਼ਿਵ ਕੁਮਾਰ ਦੇ ਇਸ ਨਵੇਂ ਪਰਿਵਾਰ ਦਾ ਹਿੱਸਾ ਬਨਣ ਦੀ ਕੋਸ਼ਿਸ਼ ਕੀਤੀ। ਪਰ ਮੇਰੀ ਪੜ੍ਹਾਈ ਦਾ ਕਾਫ਼ੀ ਨੁਕਸਾਨ ਹੋ ਚੁੱਕਾ ਸੀ। ਮੈਨੂੰ ਆਉਣ ਵਾਲੇ ਦਿਨਾਂ ਦਾ ਫ਼ਿਕਰ ਲੱਗ ਗਿਆ। ਸ਼ਿਵ ਨੂੰ ਕਿਹਾ, ਮੇਰਾ ਇੱਕ ਜਮਾਤੀ ਇਕੱਲਾ ਰਹਿੰਦਾ ਹੈ। ਮੈਂ ਕੁਝ ਦਿਨਾਂ ਲਈ ਉਸ ਨਾਲ ਰਹਿ ਕੇ ਆਪਣੀ ਕਮੀ ਪੂਰੀ ਕਰਨੀ ਚਾਹੁੰਦਾ ਹਾਂ। ਸ਼ਿਵ ਨੇ ਕਿਹਾ, ਠੀਕ ਹੈ ਜਦੋਂ ਤੇਰਾ ਜੀਅ ਕਰੇ ਆ ਜਾਇਆ ਕਰ...ਇਹ ਘਰ ਤੇਰਾ ਵੀ ਹੈ। ਮੈਂ ਆਪਣੀਆਂ ਕਿਤਾਬਾਂ ਤੇ ਚਾਰ ਕੱਪੜੇ ਕੱਛੇ ਮਾਰੇ ਤੇ ਬਿਨਾ ਕੁਝ ਕਹੇ ਬਾਹਰ ਨਿਕਲ ਆਇਆ।

ਇੱਕ ਵਾਰੀ ਫਿਰ ਮੈਂ ਬੇਘਰ ਹੋ ਗਿਆ ਸੀ। ਖਾਨਾਬਦੋਸ਼ੀ ਦਾ ਸਿਲਸਿਲਾ ਸ਼ੁਰੂ ਹੋ ਗਿਆ। ਕੜਕ ਸਰਦੀਆਂ ਵਿਚ ਗਰਮ ਕੱਪੜੇ ਨਹੀਂ ਸਨ। ਇੱਕ ਦੋਸਤ ਕੋਲੋਂ ਦੋ ਦਿਨ ਲਈ ਸਵੈਟਰ ਉਧਾਰਾ ਲਿਆ...ਮਹੀਨਾ ਭਰ ਵਾਪਸ ਨਹੀਂ ਕੀਤਾ। ਅੰਮ੍ਰਿਤਸਰ ਤੋਂ ਬਟਾਲੇ ਆਏ ਇੱਕ ਜਮਾਤੀ ਨਾਲ ਢਾਬੇ ਤੇ ਰੋਟੀ ਖਾਂਦਾ ਸੀ, ਪੈਸੇ ਉਹ ਦੇਂਦਾ ਸੀ। ਇੱਕ ਵਾਰੀ ਉਹ ਘਰ ਗਿਆ ਤਿੰਨ ਦਿਨ ਵਾਪਸ ਨਹੀਂ ਆਇਆ ਤਾਂ ਦੋ ਦਿਨ ਫ਼ਾਕੇ ਕੱਟਣੇ ਪਏ। ਇੱਕ ਅਮਰੀਕਨ ਪ੍ਰੋਫੈਸਰ ਨੂੰ ਮੇਰੀ ਹਾਲਤ ਦਾ ਪਤਾ ਲੱਗਾ ਤਾਂ ਉਸਨੇ ਮੇਰੇ ਕਹੇ ਬਗੈਰ ਫੀਸਾਂ ਤੇ ਦਾਖ਼ਲੇ ਦੇ ਪੈਸੇ ਜਮਾਂ ਕਰਵਾ ਦਿੱਤੇ। ਦਿਨ ਕਾਲਜ ਵਿਚ ਨਿਕਲ ਜਾਂਦਾ, ਰਾਤ ਅੱਜ ਏਥੇ ਕੱਲ ਓਥੇ।

ਇਨ੍ਹਾਂ ਦਿਨਾਂ ਵਿਚ ਮੈਂ ਸ਼ਿਵ ਕੁਮਾਰ ਨੂੰ ਮਿਲਣ ਨਹੀਂ ਗਿਆ। ਮੈਂ ਨਹੀਂ ਚਾਹੁੰਦਾ ਸੀ ਕਿ ਉਸਨੂੰ ਮੇਰੀ ਮੁਫਲਸੀ ਤੇ ਤਰਸ ਆਵੇ ਤੇ ਉਹ ਮੈਨੂੰ ਮੁੜ ਘਰ ਲੈ ਜਾਵੇ। ਕੀ ਉਹ ਮੇਰੇ ਬਾਰੇ ਸੋਚਦਾ ਸੀ? ਸ਼ਾਇਦ ਮੇਰੀ ਸੋਚ ਗਲਤ ਸੀ। ਸ਼ਿਵ ਨੂੰ ਆਪਣੇ ਬਾਰੇ ਕੁਝ ਕਹਿਣ ਦੀ ਲੋੜ ਕਦੀ ਮਹਿਸੂਸ ਨਹੀਂ ਕੀਤੀ ਸੀ। ਦਰਦ ਦੇ ਰਿਸ਼ਤੇ ਦੀ ਕੋਈ ਜ਼ਬਾਨ ਨਹੀਂ ਹੁੰਦੀ।

ਮੈਂ ਐਮ ਏ ਦਾ ਪਹਿਲਾ ਸਾਲ ਪਾਸ ਕਰ ਲਿਆ ਸੀ। ਮੇਰੇ ਅਮਰੀਕਨ ਪ੍ਰੋਫੈਸਰ ਨੇ ਮੈਨੂੰ ਹੋਸਟਲ ਵਿਚ ਕਮਰਾ ਲੈ ਦਿੱਤਾ। ਪਾਰਟ ਟਾਈਮ ਕੰਮ ਲੈ ਦਿੱਤਾ। ਇੱਕ ਕਲਾਸ ਪੜ੍ਹਾਉਣ ਦੇ ਬਦਲੇ ਜੇਬ ਖਰਚ ਦੇ ਪੈਸੇ ਮਿਲ ਜਾਂਦੇ। ਹੁਣ ਭੁੱਖਾ ਰਹਿਣ ਦੀ ਨੌਬਤ ਨਹੀਂ ਆਵੇਗੀ। ਜ਼ਿੰਦਗੀ ਤੇ ਕੋਈ ਗਿਲਾ ਸ਼ਿਕਾਇਤ ਨਹੀਂ ਸੀ। ਹੋਸਟਲ ਸ਼ਿਵ ਕੁਮਾਰ ਦੇ ਘਰ ਤੋਂ ਪੰਜ ਕੁ ਮਿਨਟ ਦੂਰ ਸੀ। ਕਈ ਵਾਰੀ ਉਹ ਅਚਾਨਕ ਆ ਜਾਂਦਾ। ਅਸੀਂ ਕਾਦੀਆਂ ਵਾਲੀ ਸੜਕ ਤੇ ਨਿਕਲ ਤੁਰਦੇ। ਉਹ ਆਪਣੀ ਕੋਈ ਨਵੀਂ ਨਜ਼ਮ ਸੁਣਾਉਂਦਾ, ਮੈਂ ਸੁਣਦਾ। ਮੈਂ ਕੀ ਲਿਖਿਆ ਹੈ, ਨ ਉਸ ਕਦੀ ਪੁੱਛਿਆ ਨ ਮੈਂ ਦੱਸਿਆ।

ਅੰਮ੍ਰਿਤਸਰ ਪ੍ਰੋਗਰੈਸਿਵ ਰਾਈਟਰਜ਼ ਦਾ ਫੰਕਸ਼ਨ ਸੀ। ਬੰਬਈ ਤੋਂ ਸਾਹਿਰ ਲੁਧਿਆਨਵੀ ਤੇ ਕਈ ਹੋਰ ਸ਼ਾਇਰ ਆਏ ਸਨ। ਸ਼ਾਮ ਨੂੰ ਕਵੀ ਦਰਬਾਰ ਸੀ। ਸ਼ਿਵ ਹਿੱਸਾ ਲੈ ਰਿਹਾ ਸੀ। ਮੈਂ ਮੋਹਨ ਕਾਹਲੋਂ ਨਾਲ ਗਿਆ। ਨਵਤੇਜ, ਸਿੰਘ

Academy of the Punjab in North America: http://www.apnaorg.com

ਸਟੇਜ ਦਾ ਪ੍ਰਬੰਧ ਕਰ ਰਿਹਾ ਸੀ। ਮੋਹਨ ਕਾਹਲੋਂ ਨੇ ਕਿਹਾ, ਇਹ ਪ੍ਰੇਮ ਹੈ, ਸ਼ਿਵ ਦਾ ਦੋਸਤ, ਲਿਖਦਾ ਵੀ ਹੈ। ਨਵਤੇਜ ਨੇ ਮੈਨੂੰ ਸਟੇਜ ਤੇ ਸ਼ਾਇਰਾਂ ਦੇ ਪਿੱਛੇ ਬੈਠ ਜਾਣ ਦਾ ਮਾਨ ਦਿੱਤਾ। ਸ਼ਿਵ ਕੁਮਾਰ ਦੀ ਵਾਰੀ ਆਈ। ਉਹ ਗੋਡਿਆਂ ਭਾਰ ਮਾਈਕ ਅੱਗੇ ਬੈਠ ਗਿਆ। ਨਜ਼ਮ ਸ਼ੁਰੂ ਕੀਤੀ, ਅੱਜ ਦਿਨ ਚੜ੍ਹਿਆ ਤੇਰੇ ਰੰਗ ਵਰਗਾ। ਹਾਲ ਵਿਚ ਸਰੋਤਿਆਂ ਦੀਆਂ ਆਪਸ ਵਿਚ ਗੱਲਾਂ ਕਰਨ ਦੀਆਂ ਅਵਾਜ਼ਾਂ ਜਾਰੀ ਰਹੀਆਂ। ਸ਼ਿਵ ਖਿਝ ਗਿਆ। ਚੁੱਪ ਕਰ ਗਿਆ। ਫਿਰ ਨਵੀਂ ਨਜ਼ਮ ਸ਼ੁਰੂ ਕੀਤੀ। ਸਰੋਤਿਆਂ ਨੇ ਤਾੜੀਆਂ ਮਾਰੀਆਂ। ਪਹਿਲੀ ਵਾਰੀ ਮੈਨੂੰ ਲੱਗਿਆ ਸ਼ਿਵ ਦਾ ਜਾਦੂ ਮੱਧਮ ਹੋ ਰਿਹਾ ਸੀ। ਫਿਰ ਸੋਚਿਆ ਕਿ ਇਹ ਸ਼ਾਇਦ ਸਰੋਤਿਆਂ ਦਾ ਕਸੂਰ ਸੀ, ਸ਼ਿਵ ਦੇ ਜਾਦੂ ਵਿਚ ਕੋਈ ਕਮੀ ਨਹੀਂ ਸੀ। ਮੁਸ਼ਾਇਰੇ ਦੇ ਬਾਦ ਮੈਂ ਸ਼ਿਵ ਨਾਲ ਸ਼ਹਿਰ ਦੇ ਇੱਕ ਜੱਜ ਦੀ ਕੋਠੀ ਗਿਆ। ਇਹ ਜੱਜ ਸਾਹਿਤ ਤੇ ਸੰਗੀਤ ਕਲਾ ਦਾ ਪ੍ਰੇਮੀ ਸੀ ਤੇ ਸ਼ਹਿਰ ਵਿਚ ਆਈਆਂ ਨਾਮਵਰ ਹਸਤੀਆਂ ਦੀ ਆਪਣੇ ਘਰ ਖਾਤਰਦਾਰੀ ਕਰਨ ਲਈ ਮਸ਼ਹੂਰ ਸੀ। ਸਾਹਿਤਕਾਰਾਂ ਤੇ ਕਲਾਕਾਰਾਂ ਦੇ ਇਸ ਇਕੱਠ ਵਿਚ ਮੈਂ ਪੂਰੀ ਤਰ੍ਹਾਂ ਅਣਗੌਲਿਆ ਰਿਹਾ। ਆਪਣੇ ਆਪ ਨੂੰ ਬਹੁਤ ਛੋਟਾ ਮਹਿਸੂਸ ਕਰਨ ਲੱਗਾ। ਪਹਿਲੀ ਵਾਰ ਮੈਨੂੰ ਸ਼ਿਵ ਦੇ ਸਾਥ ਵਿਚ ਖੁਸ਼ੀ ਮਹਿਸੂਸ ਨਹੀਂ ਹੋਈ।

ਸ਼ਿਵ ਕੁਮਾਰ ਨੂੰ ਸਾਹਿਤ ਅਕਾਦਮੀ ਦਾ ਇਨਾਮ ਮਿਲਿਆ। ਦਿੱਲੀ ਤੋਂ ਵਾਪਸ ਆਕੇ ਉਹ ਮੈਨੂੰ ਹੋਸਟਲ ਵਿਚ ਮਿਲਣ ਆਇਆ। ਮੇਰੇ ਨਾਲ ਹੋਸਟਲ ਵਿਚ ਰੋਟੀ ਖਾਧੀ ਤੇ ਫਿਰ ਅਸੀਂ ਬਾਜ਼ਾਰ ਵੱਲ ਤੁਰ ਪਏ। ਦੱਸਿਆ ਕਿ ਉਹ ਇੱਕ ਲੰਮੀ ਕਵਿਤਾ ਲਿਖਣੀ ਚਾਹੁੰਦਾ ਹੈ। ਕੁਝ ਸਤਰਾਂ ਸੁਣਾਈਆਂ, ਮੇਰੇ ਜ਼ਿਹਨ ਦੇ ਮੋੜਾਂ ਤੇ ਦਿਨ ਭਰ ਖ਼ਾਕ ਉੱਡੀ ਹੈ, ਮੈਂ ਸੁਣਿਐ ਕਿਸੇ ਜੰਗੱਲ ਚ ਮੇਰੀ ਉਮਰ ਉੱਗੀ ਹੈ। ਮੇਰੇ ਦਿਲ ਵਿਚ ਖੁਸ਼ੀ ਦੀਆਂ ਲਹਿਰਾਂ ਠਾਠਾਂ ਮਾਰ ਰਹੀਆਂ ਸਨ। ਮੇਰੇ ਦੋਸਤ ਨੂੰ ਸਰਕਾਰੀ ਮਾਨਤਾ ਮਿਲੀ ਸੀ ਤੇ ਉਹ ਇਸ ਵੇਲੇ ਮੈਨੂੰ ਮਿਲਣ ਆਇਆ ਸੀ।

ਸ਼ਿਵ ਕੁਮਾਰ ਬਾਪ ਬਣ ਗਿਆ। ਹੋਰ ਖੁਸ਼ੀ ਹੋਈ। ਫਿਰ ਸੋਚਿਆ, ਸ਼ਿਵ ਮਸਤ ਮਲੰਗ ਇਨਸਾਨ ਹੈ...ਪਰਿਵਾਰਕ ਬੰਧਨਾ ਤੇ ਸਮਾਜਕ ਰਸਮਾਂ ਦੇ ਦਾਇਰੇ ਤੋਂ ਨਿਰਲੇਪ। ਕਿਸਤਰ੍ਹਾਂ ਚੱਲੇਗੀ ਗਰਿਹਸਤ ਦੀ ਗੱਡੀ? ਸ਼ਿਵ ਆਪਣੇ ਬੇਟੇ ਨੂੰ ਲਾਡ ਨਾਲ ਵਿਸਕੀ ਆਖਦਾ। ਮੈਨੂੰ ਵਿਸਕੀ ਦੇ ਜੁਆਨ ਹੋਣ ਦੀ ਉਡੀਕ ਸੀ। ਫਿਰ ਜਦੋਂ ਉਸਦੇ ਘਰ ਇੱਕ ਬੇਟੀ ਨੇ ਜਨਮ ਲਿਆ ਤਾਂ ਸੁਣਿਆਂ ਸ਼ਿਵ ਆਪਣੇ ਬੱਚਿਆਂ ਦਾ ਬਹੁਤ ਖ਼ਿਆਲ ਰੱਖਦਾ। ਉਸਨੇ ਆਪਣੇ ਬਾਰੇ ਕਦੀ ਫ਼ਿਕਰ ਨਹੀਂ ਕੀਤਾ ਸੀ। ਹੁਣ ਉਹ ਆਪਣੇ ਬੱਚਿਆਂ ਦੀਆਂ ਲੋੜਾਂ ਬਾਰੇ ਫ਼ਿਕਰਮੰਦ ਸੀ। ਸੁਣਕੇ ਚੰਗਾ ਹੀ ਲੱਗਿਆ।

ਅਗਲੀ ਵਾਰੀ ਜਦ ਸ਼ਿਵ ਕੁਮਾਰ ਮੈਨੂੰ ਹੋਸਟਲ ਵਿਚ ਮਿਲਣ ਆਇਆ ਤਾਂ ਉਸਦੇ ਹੱਥ ਵਿਚ ਇੱਕ ਕਿਤਾਬ ਸੀ। ਕਿਹਾ, ਮੈਨੂੰ ਦਿੱਲੀ ਵਿਚ ਚੈਕੋਸਲੋਵਾਕੀਆ ਦੀ ਇੱਕ ਨਾਵਲਕਾਰ ਮਿਲੀ ਸੀ...ਨਾਂ ਸੀ ਗਰੋਜ਼ਦਾਨਾ ਓਲੂਇਚ। ਇਹ ਉਸਦਾ ਪਹਿਲਾ ਨਾਵਲ ਹੈ ਅੰਗਰੇਜ਼ੀ ਅਨੁਵਾਦ, ਐਨ ਐਕਸਕਰਸ਼ਨ ਇਨਟੂ ਹੈਵਨ। ਫਿਰ ਆਖਿਆ, ਜੇ ਤੂੰ ਇਸਦਾ ਪੰਜਾਬੀ ਵਿਚ ਅਨੁਵਾਦ ਕਰ ਦੇਵੇਂ ਤਾਂ ਮੈ ਭਾਪਾ ਪ੍ਰੀਤਮ ਸਿੰਘ ਨੂੰ ਕਹਿਕੇ ਛਪਵਾ ਦਿਆਂਗਾ, ਤੈਨੂੰ ਕੁਝ ਪੈਸੇ ਵੀ ਮਿਲ ਜਾਣਗੇ। ਮੈਂ ਕਿਹਾ, ਇਮਤਿਹਾਨਾਂ ਦੇ ਬਾਦ ਮੈਂ ਜ਼ਰੂਰ ਇਸਦਾ ਅਨੁਵਾਦ ਕਰ ਦਿਆਂਗਾ।

ਐਮ ਏ ਦੇ ਇਮਤਿਹਾਨ ਦੇਣ ਤੋਂ ਬਾਦ ਮੈਂ ਵਿਹਲਾ ਹੋ ਗਿਆ ਸੀ। ਦੋ ਮਹੀਨੇ ਦਿਨ ਰਾਤ ਕਰਕੇ ਮੈਂ ਉਸਦਾ ਪੰਜਾਬੀ ਵਿਚ ਅਨੁਵਾਦ ਕੀਤਾ, ਇੱਕ ਸਵਰਗੀ ਝੂਟਾ। ਇੱਕ ਦਿਨ ਮੈਂ ਖਰੜਾ ਸ਼ਿਵ ਨੂੰ ਦੇ ਆਇਆ।

ਸ਼ਿਵ ਕੁਮਾਰ ਬਟਾਲਾ ਛੱਡ ਕੇ ਚੰਡੀਗੜ੍ਹ ਚਲਾ ਗਿਆ। ਸਟੇਟ ਬੈਂਕ ਦੀ ਨੌਕਰੀ ਚੱਲਦੀ

Academy of the Punjab in North America: http://www.apnaorg.com

ਰਹੀ।

ਮੈਨੂੰ ਬੇਰਿੰਗ ਕਾਲਜ ਬਟਾਲਾ ਵਿਚ ਅੰਗਰੇਜ਼ੀ ਦੇ ਲੈਕਚਰਾਰ ਦੀ ਨੌਕਰੀ ਮਿਲ ਗਈ। ਇੱਕ ਦਿਨ ਡਾਕ ਵਿਚ ਇੱਕ ਪਾਰਸਲ ਆਇਆ। ਕਿਤਾਬ ਸੀ, ਇੱਕ ਸਵਰਗੀ ਝੂਟਾ...ਅਨੁਵਾਦਕ ਸ਼ਿਵ ਕੁਮਾਰ। ਸੰਖੇਪ ਜੇਹੀ ਭੂਮਿਕਾ ਵਿਚ ਪ੍ਰੇਮ ਕੁਮਾਰ ਦੇ ਸਹਿਯੋਗ ਦਾ ਧੰਨਵਾਦ ਕੀਤਾ ਗਿਆ ਸੀ। ਮੈਨੂੰ ਝਟਕਾ ਜੇਹਾ ਲੱਗਿਆ। ਸ਼ਿਵ ਮੇਰੇ ਨਾਲ ਇਸ ਤਰ੍ਹਾਂ ਨਹੀਂ ਕਰ ਸਕਦਾ। ਉਹ ਮੇਰਾ ਦੋਸਤ ਹੈ। ਮਨ ਨੂੰ ਸਮਝਾਇਆ, ਇਹ ਜ਼ਰੂਰ ਪਬਲਿਸ਼ਰ ਦਾ ਫੈਸਲਾ ਹੋਵੇਗਾ। ਇੱਕ ਸਥਾਪਤ ਲੇਖਕ ਦੇ ਨਾਂ ਹੇਠਾਂ ਛਪੀ ਕਿਤਾਬ ਦੇ ਵਿਕਣ ਦੇ ਚਾਂਨਸ ਜ਼ਿਆਦਾ ਸਨ। ਮੇਰੇ ਵਰਗੇ ਅਨਜਾਣ ਅਨੁਵਾਦਕ ਨੂੰ ਕੌਣ ਪੁੱਛਦਾ ਹੈ? ਜਦੋਂ ਚੰਡੀਗੜ੍ਹ ਗਿਆ ਤਾਂ ਕਿਤਾਬ ਦੀ ਗੱਲ ਮੇਰੇ ਜ਼ਿਹਨ ਵਿਚੋਂ ਪੂਰੀ ਤਰ੍ਹਾਂ ਨਿਕਲ ਚੁੱਕੀ ਸੀ।

ਮੇਰਾ ਚੰਡੀਗੜ੍ਹ ਜਾਣਾ ਵਧ ਗਿਆ ਸੀ। ਮੇਰੀ ਹੋਣ ਵਾਲੀ ਪਤਨੀ ਪੰਜਾਬ ਯੂਨੀਵਰਸਿਟੀ ਵਿਚ ਕਲਾਸਾਂ ਲੈ ਰਹੀ ਸੀ ਤੇ ਗਰਲਜ਼ ਹੋਸਟਲ ਵਿਚ ਰਹਿੰਦੀ ਸੀ। ਮੈਂ ਉਸ ਨੂੰ ਮਿਲਣ ਯੂਨੀਵਰਸਿਟੀ ਜਾਂਦਾ ਪਰ ਠਹਿਰਦਾ ਸ਼ਿਵ ਕੁਮਾਰ ਦੇ ਘਰ ਹੀ। ਜਦ ਸ਼ਿਵ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਹ ਬੜਾ ਸੁਆਦ ਲੈਕੇ ਪੁੱਛਦਾ, ਅੱਛਾ ਫੇਰ ਕਿੱਥੇ ਗਏ, ਕੀ ਕੀਤਾ।

ਇੱਕ ਦਿਨ ਕਿਹਾ, ਚੱਲ ਤੈਨੂੰ ਗਾਰਗੀ ਨਾਲ ਮਿਲਾਵਾਂ। ਅਸੀਂ ਟੈਗੋਰ ਥਿਏਟਰ ਗਏ ਤਾਂ ਗਾਰਗੀ ਕਿਸੇ ਨਾਟਕ ਦੀ ਰੀਹਰਸਲ ਕਰਵਾ ਰਿਹਾ ਸੀ। ਕਹਿਣ ਲੱਗਾ, ਸ਼ਾਮ ਨੂੰ ਮਿਲਦੇ ਹਾਂ, (ਸੰਤ ਸਿੰਘ) ਸੇਖੋਂ ਵੀ ਆਇਆ ਹੈ। ਸ਼ਾਮ ਨੂੰ ਅਸੀਂ ਸਤਾਰਾਂ ਸੈਕਟਰ ਦੀ ਕਿਸੇ ਬਾਰ ਵਿਚ ਮਿਲੇ। ਸ਼ਿਵ ਨੇ ਦੋਹਾਂ ਨਾਲ ਮੇਰੀ ਪਛਾਣ ਕਰਵਾਈ। ਸਾਡੇ ਸਾਂਝੇ ਸਫ਼ਰ ਦੀ ਗੱਲ ਕੀਤੀ। ਰਸਮੀ ਜੇਹੀ ਹੈਲੋ ਹੈਲੋ ਤੋਂ ਬਾਦ ਦੋਵੇਂ ਸਾਹਿਤਕਾਰ ਮੇਰੇ ਬਾਰੇ ਬੇਧਿਆਨ ਹੋ ਗਏ। ਕਦੀ ਕਦੀ ਗਾਰਗੀ ਸ਼ਿਵ ਨੂੰ ਹਲੂਣਦਾ, ਅੱਛਾ ਆਪਣੇ ਪ੍ਰੋਫੈਸਰ ਨੂੰ ਪੁੱਛ। ਮੈਂ ਸੋਚਦਾ ਰਿਹਾ, ਕੀ ਇਹ ਮੇਰੇ ਨਾਲ ਮਜ਼ਾਕ ਕਰ ਰਿਹਾ ਹੈ। ਇੱਕ ਦੋਸਤ ਦੀ ਗੱਲ ਯਾਦ ਆ ਗਈ, ਪੰਜਾਬੀ ਲੇਖਕਾਂ ਕੋਲ ਗੱਲ ਕਰਨ ਲਈ ਦੋ ਹੀ ਵਿਸ਼ੇ ਹੁੰਦੇ ਹਨ ਸ਼ਰਾਬ ਤੇ ਔਰਤ। ਕਿਉਂਕਿ ਸ਼ਰਾਬ ਇੱਥੇ ਪਹਿਲਾਂ ਹੀ ਮੌਜੂਦ ਸੀ ਇਸ ਲਈ ਗੱਲਬਾਤ ਦਾ ਸਿਰਫ ਇੱਕ ਹੀ ਵਿਸ਼ਾ ਰਹਿ ਗਿਆ ਸੀ। ਗਾਰਗੀ ਤੇ ਸੇਖੋਂ ਬਜ਼ੁਰਗ ਸਾਹਿਤਕਾਰ ਸਨ। ਮੈਂ ਇਨ੍ਹਾਂ ਦੀਆਂ ਸਾਹਿਤਕ ਪ੍ਰਾਪਤੀਆਂ ਦੀ ਕਦਰ ਕਰਦਾ ਸਾਂ।

ਚੰਡੀਗੜ੍ਹ ਤੋਂ ਤੁਰਨ ਵੇਲੇ ਸ਼ਿਵ ਕੁਮਾਰ ਨੇ ਮੈਂਨੂੰ "ਮੈਂ ਤੇ ਮੈਂ" ਦੀ ਇੱਕ ਕਾਪੀ ਦਿੱਤੀ। ਲਿਖਿਆ, ਆਪਣੇ ਪ੍ਰੇਮ ਨੂੰ ਪਿਆਰ ਨਾਲ। ਬੱਸ ਅੱਡੇ ਤੇ ਪਹੁੰਚ ਕੇ ਮੈਂ ਕਿਤਾਬ ਨੂੰ ਬਟਾਲੇ ਜਾਣ ਵਾਲੀ ਬੱਸ ਦੀ ਇੱਕ ਖਾਲੀ ਸੀਟ ਤੇ ਰੱਖ ਦਿੱਤਾ ਤੇ ਟਿਕਟ ਲੈਣ ਲਈ ਹੇਠਾਂ ਉੱਤਰ ਆਇਆ। ਟਿਕਟ ਲੈ ਕੇ ਬੱਸ ਅੰਦਰ ਗਿਆ ਤਾਂ ਕਿਤਾਬ ਗ਼ਾਇਬ। ਮੈਨੂੰ ਲੱਗਿਆ ਕੋਈ ਮੇਰੇ ਜਿਸਮ ਨਾਲੋਂ ਇੱਕ ਅੰਗ ਤੋੜ ਕੇ ਲੈ ਗਿਆ ਸੀ।

ਮਈ 1970 ਅਮਰੀਕਾ ਤੋਂ ਤਾਰ ਆਈ ਕਿ ਯੂਨੀਵਰਸਿਟੀ ਆਫ ਆਈਡਾਹੋ ਨੇ ਮੈਨੂੰ ਦਾਖ਼ਲਾ ਦਾ ਦਿੱਤਾ ਸੀ। ਮੇਰੀ ਹੋਣ ਵਾਲੀ ਪਤਨੀ ਨੇ ਕਿਹਾ, ਲੋਕ ਸਮਝਦੇ ਹਨ ਕਿ ਅਮਰੀਕਾ ਗਿਆ ਆਦਮੀ ਮੁੜਦਾ ਨਹੀਂ। ਜੇ ਮੈਂ ਦੋ ਚਾਰ ਸਾਲ ਬਾਦ ਮੁੜ ਵੀ ਆਇਆ ਤਾਂ ਉਸ ਦੇ ਘਰ ਵਾਲੇ ਮੇਰੀ ਉਡੀਕ ਨਹੀਂ ਕਰਨਗੇ। ਸਾਨੂੰ ਆਪਣੀ ਸ਼ਾਦੀ ਬਾਰੇ ਸੋਚਣਾ ਪਵੇਗਾ। ਮੈਨੂੰ ਇਹ ਸਭ ਕੁਝ ਸੋਚਣ ਦੀ ਫੁਰਸਤ ਨਹੀਂ ਸੀ। ਮੈਂ ਅਮਰੀਕਾ ਦੇ ਸੁਪਨੇ ਲੈ ਰਿਹਾ ਸਾਂ। ਹਾਂ ਕਰ ਦਿੱਤੀ। ਉਸਨੇ ਕਿਹਾ, ਉਸਦੇ ਘਰ ਵਾਲੇ ਕੋਈ ਫੈਸਲਾ ਕਰਨ ਤੋਂ ਪਹਿਲਾਂ ਮੈਨੂੰ ਮਿਲਣਾ ਚਾਹੁਣਗੇ। ਮੈਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ਸੀ। ਮੈਂ ਬਚਪਨ ਤੋਂ ਹੀ ਆਪਣੇ ਪਰਿਵਾਰ ਨਾਲ ਨਹੀਂ ਰਿਹਾ ਸੀ।ਮੈਂ ਜ਼ਿੰਦਗੀ ਦੇ ਸਾਰੇ

Academy of the Punjab in North America: http://www.apnaorg.com

ਫ਼ੈਸਲੇ ਆਪ ਹੀ ਕੀਤੇ ਸਨ। ਇਸ ਲਈ ਮੇਰਾ ਰਸਤਾ ਸਾਫ਼ ਸੀ।

ਜੂਨ ਦੀ ਸਿਖਰ ਦੁਪਹਿਰੇ ਮੇਰੀ ਹੋਣ ਵਾਲੀ ਪਤਨੀ ਦਾ ਵੱਡਾ ਭਰਾ ਮੈਨੂੰ ਮਿਲਣ ਆਇਆ। ਚੰਡੀਗੜ੍ਹ ਸ਼ਿਵ ਕੁਮਾਰ ਦੇ ਘਰ। ਉਹ ਸ਼ਾਂਤ ਸੁਭਾ ਤੇ ਸਲੀਕੇ ਵਾਲਾ ਇਨਸਾਨ ਸੀ। ਆਪਣੇ ਪੈਰਾਂ ਤੇ ਖੜਾ ਹੋਇਆ, ਮੇਹਨਤ ਦੀ ਕਦਰ ਕਰਨ ਵਾਲਾ। ਮੇਰੇ ਵਾਂਗ ਘੱਟ ਬੋਲਣ ਵਾਲਾ। ਸ਼ਿਵ ਨੇ ਮੇਰੀਆਂ ਤਾਰੀਫ਼ਾਂ ਦੇ ਪੁਲ ਬੰਨ੍ਹ ਦਿੱਤੇ। ਮੇਰੀ ਹਿੰਮਤ ਦੀ ਦਾਦ ਦਿੱਤੀ। ਮੇਰੇ ਉੱਜਲੇ ਭਵਿੱਖ ਦੀ ਗੱਲ ਕੀਤੀ। ਇਸ ਸੰਖੇਪ ਜਿਹੀ ਮਿਲਨੀ ਨੇ ਸਾਡੇ ਰਿਸ਼ਤੇ ਤੇ ਪਰਵਾਨਗੀ ਦੀ ਮੋਹਰ ਲਾ ਦਿੱਤੀ।

6 ਜੁਲਾਈ ਦੀ ਕੜਕਦੀ ਧੁੱਪ ਵਿਚ ਮੇਰੇ ਵਿਆਹ ਦੀ ਰਸਮ ਸ਼ੁਰੂ ਹਈ। ਅਗਲੀ ਸਵੇਰ ਮੈਂ ਸ਼ਿਵ ਕੁਮਾਰ ਨਾਲ ਵਾਅਦਾ ਕੀਤਾ ਕਿ ਅਮਰੀਕਾ ਜਾਣ ਤੋਂ ਪਹਿਲਾਂ ਉਸਨੂੰ ਮਿਲਣ ਚੰਡੀਗੜ੍ਹ ਆਵਾਂਗਾ। ਜੁਲਾਈ ਦੇ ਅੰਤ ਵਿਚ ਮੇਰੇ ਸੁਪਨਿਆਂ ਦੀ ਪੈੜ ਮੈਨੂੰ ਸਮੁੰਦਰੋਂ ਪਾਰ ਲੈ ਗਈ।

ਮੇਰੇ ਜਾਣ ਤੋਂ ਤਿੰਨ ਸਾਲ ਬਾਦ ਸ਼ਿਵ ਕੁਮਾਰ ਦਾ ਜੋਬਨ ਰੁੱਤੇ ਮਰਨ ਦਾ ਸੁਪਨਾ ਪੂਰਾ ਹੋ ਗਿਆ। ਮੈਂ ਆਪਣੇ ਨਾਲ ਵਾਅਦਾ ਕੀਤਾ ਸੀ ਕਿ ਮੈਂ ਸ਼ਿਵ ਬਾਰੇ ਕਦੀ ਨਹੀਂ ਲਿਖਾਂਗਾ। ਸ਼ਿਵ ਨਾਲ ਕੀਤੇ ਸਫ਼ਰ ਨੂੰ ਮੈਂ ਕੋਈ ਨਾਂ ਨਹੀਂ ਦੇ ਸਕਾਂਗਾ। ਦੋਸਤੀ ਦੇ ਅਹਿਸਾਸ ਨੂੰ ਮੈਂ ਸ਼ਬਦਾਂ ਦੀ ਕੈਦ ਤੋਂ ਮੁਕਤ ਰੱਖਾਂਗਾ।

ਮੁਆਫ਼ ਕਰੀਂ, ਮੇਰੇ ਦੋਸਤ, ਮੈਂ ਤੇਰੇ ਨਾਲ ਕੀਤਾ ਵਾਅਦਾ ਨਹੀਂ ਨਿਭਾ ਸਕਿਆ, ਆਪਣੇ ਨਾਲ ਕੀਤਾ ਵਾਅਦਾ ਵੀ ਨਹੀਂ ਨਿਭਾਇਆ। ਮੈਂ ਤੇਰਾ ਹੀ ਗੁਨਾਹਗਾਰ ਨਹੀਂ, ਆਪਣਾ ਵੀ ਗੁਨਾਹਗਾਰ ਹਾਂ।

Academy of the Punjab in North America: http://www.apnaorg.com

ਲੇਖ

ਉਰਦੂ ਅਦਬ ਤੋਂ ਪੰਜਾਬੀ ਸਾਹਿਤ ਤੱਕ

ਮੇਰਾ ਅਦਬੀ ਸਫ਼ਰ

ਨਰਿੰਜਨ ਸਿੰਘ ਤਸਨੀਮ (ਪ੍ਰੋ.)

'ਦੀ ਗਰੋਥ ਆਫ਼ ਦਿ ਮਾਈਂਡ' ਦੀ ਗੱਲ ਬਹੁਤੇ ਲੇਖਕਾਂ ਅਤੇ ਕਵੀਆਂ ਨੇ ਕੀਤੀ ਹੈ, ਖ਼ਾਸ ਤੌਰ ਤੇ ਵਿਲੀਅਮ ਵਰਡਜ਼ਵਰਥ ਨੇ ਆਪਣੇ ਮਹਾਂਕਾਵਿ 'ਦੀ ਪਰਿਲਿਊਡ' ਵਿਚ। ਉਹਨਾਂ ਘਟਨਾਵਾਂ ਦਾ ਜ਼ਿਕਰ ਕਰਨ ਅਤੇ ਉਹਨਾਂ ਕਿਰਦਾਰਾਂ ਦਾ ਵੇਰਵਾ ਦੇਣ ਦੀ ਲੋੜ ਪੈਂਦੀ ਹੈ, ਜਿਨ੍ਹਾਂ ਨੇ ਲੇਖਕ ਨੂੰ ਪ੍ਰਭਾਵਿਤ ਕੀਤਾ ਹੋਵੇ। ਉਂਜ ਤਾਂ ਇਹ ਸਭ ਕੁਝ ਅਚੇਤ ਹੀ ਵਾਪਰਦਾ ਹੈ, ਲੇਕਿਨ ਬਾਅਦ ਵਿਚ ਇਹ ਇੱਕ ਪੈਟਰਨ ਵਿਚ ਬੱਝਾ ਹੋਇਆ ਜਾਪਦਾ ਹੈ। ਜਿਵੇਂ ਕਿ ਸਭ ਤੋਂ ਪਹਿਲਾਂ ਮੈਨੂੰ ਦਸਵੀਂ ਦਾ ਇਮਤਿਹਾਨ ਦੇਣ ਤੋਂ ਬਾਅਦ ਨਤੀਜਾ ਆਉਣ ਤੱਕ, ਦੋ ਢਾਈ ਮਹੀਨਿਆਂ ਦੇ ਵਕਫ਼ੇ ਵਿਚ, ਅਖ਼ਬਾਰ ਅਤੇ ਰਿਸਾਲੇ ਪੜ੍ਹਨ ਦਾ ਸ਼ੌਕ ਪੈਦਾ ਹੋ ਗਿਆ ਸੀ।

ਜੂਨ 1944 ਵਿਚ ਹਿੰਦੂ ਕਾਲਿਜ, ਅੰਮ੍ਰਿਤਸਰ ਵਿਚ ਦਾਖ਼ਲਾ ਲੈ ਲਿਆ, ਐਫ.ਏ. ਦੀ ਕਲਾਸ ਵਿਚ। ਇਸ ਤੋਂ ਬਾਅਦ ਛੇਤੀ ਹੀ ਗਰਮੀਆਂ ਦੀਆਂ ਛੁੱਟੀਆਂ ਹੋ ਗਈਆਂ। ਸਤੰਬਰ ਵਿਚ ਜਦੋਂ ਕਾਲਿਜ ਦੁਬਾਰਾ ਖੁੱਲ੍ਹਿਆ ਤਾਂ ਇਸ ਦੇ ਅਦਬੀ ਮਾਹੌਲ ਨਾਲ ਮੇਰੀ ਵਾਕਫ਼ੀਅਤ ਹੋ ਗਈ। ਮੇਰੀ ਪਹਿਲੀ ਯਾਦ ਉਰਦੂ ਮੁਸ਼ਾਇਰੇ ਦੀ ਹੈ ਜੋ ਕਾਲਿਜ ਦੇ ਵਿਹੜੇ ਵਿਚ ਇੱਕ ਢਲਦੀ ਸ਼ਾਮ ਨੂੰ ਹੋਇਆ। ਇਸ ਵਿਚ ਮੁਕਾਮੀ ਸ਼ਾਇਰਾਂ ਤੋਂ ਇਲਾਵਾ ਲਾਹੌਰ ਤੋਂ ਵੀ ਕੁਝ ਸ਼ਾਇਰ ਆਏ। ਮੈਂ ਬੜੀ ਦਿਲਚਸਪੀ ਨਾਲ ਉਹ ਮੁਸ਼ਾਇਰਾ ਸੁਣਿਆ। ਅਜੇ ਤੱਕ ਮੈਨੂੰ ਇਕ ਸ਼ਿਅਰ ਯਾਦ ਹੈ

ਮਨਸੂਰ ਤੋ ਸਰ ਦੇ ਕੇ ਭੀ ਜ਼ਿੰਦਾ ਰਹਾ ਮਗਰ
ਜੱਲਾਦ ਪੇ ਹੈ ਕਤਲ ਕਾ ਇਲਜ਼ਾਮ ਅਭੀ ਤੱਕ

ਛੇਤੀ ਹੀ ਮੇਰੀ ਅਤੇ ਮੇਰੇ ਜਮਾਤੀ ਇੰਦਰ ਕੁਮਾਰ ਸਾਗਰ ਦੀ ਦੋਸਤੀ ਮਹਿੰਦਰ ਬਾਵਾ ਨਾਲ ਹੋ ਗਈ। ਉਹ ਸਾਡੇ ਤੋਂ ਦੋ ਕੁ ਸਾਲ ਵੱਡਾ ਸੀ ਪਰ ਸਾਡਾ ਹਮਖ਼ਿਆਲ ਸੀ। ਉਹਨੀਂ ਦਿਨੀਂ ਮਹਿੰਦਰ ਬਾਵਾ, ਸਾਡੇ ਕਾਲਿਜ ਵਿਚ

Academy of the Punjab in North America: http://www.apnaorg.com

ਐਫ.ਐਸ.ਸੀ. ਤੱਕ ਪੜ੍ਹਨ ਤੋਂ ਬਾਅਦ ਪੰਜਾਬ ਨੈਸ਼ਨਲ ਬੈਂਕ (ਹਾਲ ਬਾਜ਼ਾਰ) ਵਿਚ ਕਲਰਕ ਲੱਗਾ ਹੋਇਆ ਸੀ ਪਰ 'ਅਦੀਬ-ਆਲਮ' ਲਈ ਸ਼ਾਮ ਦੀਆਂ ਕਲਾਸਾਂ ਲਗਾ ਰਿਹਾ ਸੀ। ਅਸੀਂ ਫਰੈਂਡਜ਼ ਲਾਇਬ੍ਰੇਰੀ ਵਿਚ ਬੈਠ ਉਸ ਦੇ ਵੱਡੇ ਭਰਾ ਬਾਵਾ ਗੋਪਾਲ ਨਾਲ ਗੱਲਾਂ ਕਰ ਰਹੇ ਹੁੰਦੇ ਤਾਂ ਉਹ ਹੱਥ ਵਿਚ ਕੁਝ ਕਿਤਾਬਾਂ ਫੜੀ, ਸਾਨੂੰ ਵਿਸ਼ ਕਰਕੇ, ਉਪਰਲੀਆਂ ਪੌੜੀਆਂ ਚੜ੍ਹ ਜਾਂਦਾ। ਇਕ ਦਿਨ ਅਸੀਂ ਜਦੋਂ ਉਥੇ ਗਏ ਤਾਂ ਗੋਪਾਲ ਦੀ ਥਾਂ ਤੇ ਮਹਿੰਦਰ ਬਾਵਾ ਬੈਠਾ ਹੋਇਆ ਸੀ। ਉਥੇ ਬੈਠਾ ਉਹ ਡਾ: ਮੁਹੰਮਦ ਇਕਬਾਲ ਦੀ ਪੁਸਤਕ 'ਬਾਂਗੇ-ਦਰਾ' ਪੜ੍ਹ ਰਿਹਾ ਸੀ, ਜੋ 'ਅਦੀਬਆਲਮ' ਦੇ ਕੋਰਸ ਦਾ ਹਿੱਸਾ ਸੀ। ਇਸ ਮੁਲਾਕਾਤ ਤੋਂ ਬਾਅਦ ਅਸੀਂ ਹੌਲੀ ਹੌਲੀ ਮਹਿੰਦਰ ਬਾਵਾ ਦੇ ਨੇੜੇ ਹੁੰਦੇ ਚਲੇ ਗਏ। ਉਦੋਂ ਹੀ ਸ਼ਾਇਦ ਬਾਵਾ ਗੋਪਾਲ ਦੀ ਪ੍ਰੋਮੋਸ਼ਨ ਹੋ ਗਈ ਅਤੇ ਉਹ ਦਫ਼ਤਰੀ ਕੰਮਾਂ ਵਿਚ ਉਲਝ ਗਿਆ। ਮੈਦਾਨ ਸਾਫ਼ ਹੋਣ ਕਰਕੇ ਮੈਂ ਅਤੇ ਸਾਗਰ ਸਾਰਾ ਦਿਨ ਇਹੀ ਸੋਚਦੇ ਰਹਿੰਦੇ ਕਿ ਕਦੋਂ ਸ਼ਾਮ ਪਵੇ ਅਤੇ ਅਸੀਂ ਦੋ ਕੁ ਘੰਟੇ ਮਹਿੰਦਰ ਬਾਵਾ ਨਾਲ ਗੁਜ਼ਾਰੀਏ। ਇਕ ਮਿਕਨਾਤੀਸੀ ਤਾਕਤ ਸੀ ਉਸ ਦੀ ਸ਼ਖ਼ਸੀਅਤ ਵਿਚ, ਗੱਲ ਕਰਨ ਦੇ ਉਸ ਦੇ ਲਹਿਜੇ ਵਿਚ ਅਤੇ ਸਾਹਿਤ ਬਾਰੇ ਉਸ ਦੇ ਵਿਚਾਰਾਂ ਦੇ ਪ੍ਰਗਟਾਵੇ ਵਿਚ।

ਵੰਡ ਤੋਂ ਕੁੱਝ ਮਹੀਨੇ ਪਹਿਲਾਂ ਅਸਾਂ ਪ੍ਰੋਗਰਾਮ ਬਣਾਇਆ ਕਿ ਅੰਮ੍ਰਿਤਸਰ ਤੋਂ ਇਕ ਉਰਦੂ ਮਹੀਨਾਵਾਰ ਪਰਚਾ ਜਾਰੀ ਕੀਤਾ ਜਾਏ, ਜਿਸਦਾ ਨਾਂ 'ਪਗਡੰਡੀ' ਤਜਵੀਜ਼ ਹੋਇਆ। ਉਹਨੀ ਦਿਨੀਂ ਹੀ ਅਹਿਮਦ ਰਾਹੀ ਉਰਦੂ ਪਰਚਾ 'ਮਹਿਵਰ' ਕੱਢਣ ਦੀ ਵਿਉਂਤ ਬਣਾ ਰਿਹਾ ਸੀ। ਇਕ ਦਿਨ ਪਤਾ ਲੱਗਾ ਕਿ ਉਸ ਦੇ ਪਰਚੇ ਦੀ ਕਿਤਾਬਤ ਹੋ ਗਈ ਹੈ। ਅਸੀਂ ਵੀ ਥੋੜ੍ਹਾ ਹੋਰ ਹਰਕਤ ਵਿਚ ਆਏ। ਉਧਰ ਅੰਮ੍ਰਿਤਸਰ ਵਿਚ ਫ਼ਸਾਦ ਹੋਣ ਲੱਗ ਪਏ। ਇਹੀ ਖ਼ਿਆਲ ਸੀ ਕਿ ਛੇਤੀ ਹੀ ਹਾਲਾਤ ਸੁਧਰ ਜਾਣਗੇ, ਪਰ ਹੋਇਆ ਇਸ ਦੇ ਉਲਟ। ਸ਼ਹਿਰ ਵਿਚ ਅੱਗਾਂ ਲਗਣੀਆਂ ਸ਼ੁਰੂ ਹੋ ਗਈਆਂ ਅਤੇ ਛੁਰੇ-ਬਾਜ਼ੀ ਹੋਣ ਲੱਗੀ। ਉਹ ਚੰਗਿਆੜੀ ਜਿਹੜੀ 2 ਮਾਰਚ 1947 ਨੂੰ ਕਟੜਾ ਜੈਮਲ ਸਿੰਘ ਵਿਚ ਦੇਖਣ ਵਿਚ ਆਈ ਸੀ, ਹੁਣ ਭਾਂਬੜ ਦਾ ਰੂਪ ਅਖ਼ਤਿਆਰ ਕਰ ਗਈ ਸੀ। 'ਪਗਡੰਡੀ' ਲਈ ਮੈਟਰ ਤਾਂ ਇਕੱਠਾ ਹੋ ਗਿਆ ਪਰ ਗੱਲ ਅੱਗੇ ਨਾ ਵੱਧ ਸਕੀ। ਉਧਰ ਅਹਿਮਦ ਰਾਹੀ ਸਾਡੇ ਤੋਂ ਅੱਗੇ ਸੀ। ਉਹਦਾ ਪਰਚਾ ਤਿਆਰ ਹੋ ਗਿਆ ਸੀ ਅਤੇ ਉਸ ਦਾ ਟਾਈਟਲ ਬਣਵਾਉਣ ਲਈ ਉਹ ਲਾਹੌਰ ਚਲਾ ਗਿਆ। ਟਾਈਟਲ ਬਣਵਾ ਕੇ ਉਹ ਲਾਹੌਰ ਤੋਂ ਅੰਮ੍ਰਿਤਸਰ ਆ ਤਾਂ ਗਿਆ ਪਰ ਉਸ ਨੂੰ ਸਟੇਸ਼ਨ ਉਤੇ ਹੀ ਰੋਕ ਲਿਆ ਗਿਆ। ਫ਼ਸਾਦ ਇਸ ਹੱਦ ਤੀਕ ਵਧ ਚੁੱਕੇ ਸਨ ਕਿ ਉਹ ਆਪਣੇ ਘਰ ਨਹੀਂ ਸੀ ਜਾ ਸਕਦਾ। ਉਸ ਨੂੰ ਸ਼ਰੀਫ਼ਪੁਰੇ ਦੇ ਰਿਫ਼ਿਊਜੀ ਕੈਂਪ ਵਿਚ ਭੇਜ ਦਿੱਤਾ ਗਿਆ। ਏਸੇ ਤਰ੍ਹਾਂ 'ਪਗਡੰਡੀ' ਦਾ ਪ੍ਰਕਾਸ਼ਨ ਵੀ ਪੱਛੜ ਗਿਆ। ਸ਼ਾਇਦ 1949 ਵਿਚ ਇਹ ਪਰਚਾ ਸ਼ੁਰੂ ਹੋਇਆ ਅਤੇ ਉਸ ਵਕਤ ਭਾਰਤ ਵਿਚ ਛਪਣ ਵਾਲੇ ਪਰਚਿਆਂ ਵਿਚ ਇਹਦਾ ਅਹਿਮ ਸਥਾਨ ਸੀ।

ਉਂਜ ਤਾਂ ਮੈਂ 1945 ਵਿਚ ਹੀ ਲਾਹੌਰ ਦੇ ਪਰਚਿਆਂ, ਜਿਵੇਂ ਕਿ ਮਹੀਨਾਵਾਰ 'ਕ੍ਰਾਂਤੀ' ਅਤੇ 'ਹਿੰਦੂ ਵੀਕਲੀ', ਵਿਚ ਛਪਣ ਲੱਗ ਪਿਆ ਸੀ। ਹਲਕੇ ਫੁਲਕੇ ਲੇਖ 'ਹਿੰਦੂ' ਲਈ ਅਤੇ ਮਿੰਨੀ ਕਹਾਣੀਆਂ 'ਕ੍ਰਾਂਤੀ' ਲਈ। ਕਾਲਿਜ ਮੈਗਜ਼ੀਨ 'ਸ਼ਿਵਾਲਾ', ਜਿਸ ਦਾ ਮੈਂ ਵਿਦਿਆਰਥੀ ਐਡੀਟਰ ਸਾਂ, ਵਿਚ ਮੇਰੇ ਕਤੇਅ ਅਤੇ ਗ਼ਜ਼ਲਾਂ ਛਪਦੀਆਂ। ਲੇਕਿਨ 'ਪਗਡੰਡੀ' ਵਿਚ ਛਪਣਾ ਕੁਝ ਹੋਰ ਗੱਲ ਸੀ। ਉਨ੍ਹੀਂ ਦਿਨੀਂ ਮੈਂ ਇਕ ਤਨਕੀਦੀ ਲੇਖ ਲਿਖਿਆ 'ਉਰਦੂ ਮਸਨਵੀ ਪਰ ਏਕ ਸਰਸਰੀ ਨਜ਼ਰ।' ਹੋਇਆ ਇੰਜ ਕਿ ਤਾਇਆ ਜੀ, ਪੂਰਨ ਸਿੰਘ ਹੁਨਰ, ਦੀ ਘਰੇਲੂ ਲਾਇਬ੍ਰੇਰੀ ਵਿਚੋਂ ਮੈਨੂੰ ਨਿਆਜ਼ ਫ਼ਤਿਹਪੁਰੀ ਦੇ ਪ੍ਰਸਿੱਧ ਮਹੀਨਾਵਾਰ ਪਰਚੇ 'ਨਿਗਾਰ' ਦਾ 'ਉਰਦੂ

Academy of the Punjab in North America: http://www.apnaorg.com

ਮਸਨਵੀ ਵਿਸ਼ੇਸ਼ ਅੰਕ' ਮਿਲ ਗਿਆ। ਕਈ ਦਿਨ ਇਸ ਨੂੰ ਮੈਂ ਪੜ੍ਹਦਾ ਰਿਹਾ ਅਤੇ ਫਿਰ ਇਹ ਲੇਖ ਲਿਖਿਆ ਜੋ ਮਹਿੰਦਰ ਬਾਵਾ ਨੇ ਬੜੀ ਉਚੇਚ ਨਾਲ ਛਾਪਿਆ। ਇਸ ਲੇਖ ਦੀ ਪ੍ਰੋ. ਦੀਵਾਨ ਸਿੰਘ ਨੇ ਬੜੀ ਤਾਰੀਫ਼ ਕੀਤੀ, ਜੋ ਐਡੀਟਰ ਰਾਹੀਂ ਹੀ ਮੇਰੇ ਤੀਕ ਪੁੱਜੀ। 'ਪਗਡੰਡੀ' ਦਾ ਮੈਂ ਅਦਬੀ ਸਲਾਹਕਾਰ ਸੀ, ਇਸ ਲਈ ਮੇਰੀ ਭੇਜੀ ਹੋਈ ਕੋਈ ਰਚਨਾ, ਭਾਵੇਂ ਕਿਸੇ ਹੋਰ ਦੀ ਹੀ ਹੋਵੇ, ਕਦੀ ਵਾਪਸ ਨਹੀਂ ਸੀ ਆਈ। ਸ਼ਿਮਲੇ ਜਾ ਕੇ ਮੈਂ ਈਸ਼ਵਰ ਚਿਤਰਕਾਰ ਦੀਆਂ ਕੁੱਝ ਕਹਾਣੀਆਂ, ਪੰਜਾਬੀ ਤੋਂ ਉਰਦੂ ਵਿਚ ਉਲੱਥਾ ਕਰਕੇ, ਇਸ ਪਰਚੇ ਲਈ ਭੇਜਦਾ ਰਿਹਾ। ਕੁੱਝ ਸਾਲਾਂ ਬਾਅਦ ਮਹਿੰਦਰ ਬਾਵਾ ਨੇ 'ਪਗਡੰਡੀ' ਆਪਣੇ ਚੀਫ਼ ਐਡੀਟਰ ਅਮਰੀਕ ਆਨੰਦ ਦੇ ਹਵਾਲੇ ਕਰ ਦਿੱਤਾ ਅਤੇ ਆਪ ਤਿਮਾਹੀ 'ਨਿਗਾਰਿਸ਼' ਦੇ ਛਾਪਣ ਦਾ ਕਾਰਜ ਸੰਭਾਲ ਲਿਆ।

ਮਹਿੰਦਰ ਬਾਵਾ ਨੇ 1950 ਵਿਚ ਹਾਲ ਗੇਟ, ਅੰਮ੍ਰਿਤਸਰ ਦੇ ਬਾਹਰ 'ਫਰੈਂਡਜ਼ ਬੁੱਕ ਡਿਪੂ' ਖੋਲ੍ਹ ਲਿਆ। ਇੰਜ ਵੀ ਕਹਿ ਸਕਦੇ ਹਾਂ ਕਿ ਗਲੀ ਵਾਲੀ 'ਫਰੈਂਡਜ਼ ਲਾਇਬ੍ਰੇਰੀ' ਹੁਣ 'ਫਰੈਂਡਜ਼ ਬੁੱਕ ਡਿਪੂ' ਬਣ ਗਈ। ਯਾਰ ਦੋਸਤ ਹੁਣ ਉਥੇ ਇਕੱਠੇ ਹੋਣ ਲੱਗੇ। ਉਹਨੀਂ ਦਿਨੀਂ ਮੈਂ ਬੀ.ਏ. ਤਾਂ ਪਾਸ ਕਰ ਲਈ ਸੀ ਪਰ ਸਰਵਿਸ ਅਜੇ ਨਹੀਂ ਸੀ ਮਿਲੀ। ਮੇਰੀ ਹਾਲਤ ਇਹ ਸੀ ਕਿ ਹਰ ਨਵਾਂ ਰਿਸਾਲਾ ਜਾਂ ਨਵੀਂ ਕਿਤਾਬ ਕੁਝ ਤਾਂ ਮੈਂ ਉਥੇ ਸ਼ਾਪ ਤੇ ਬੈਠੇ ਬੈਠੇ ਹੀ ਪੜ੍ਹ ਲੈਂਦਾ, ਬਾਕੀ ਦੀ ਘਰ ਲਿਆ ਕੇ ਪੜ੍ਹਦਾ। ਉਦੋਂ ਹੀ ਰਜ਼ੀਆ ਸੱਜਾਦ ਜ਼ਹੀਰ ਨੇ ਮੁਲਕ ਰਾਜ ਆਨੰਦ ਦੇ ਅੰਗਰੇਜ਼ੀ ਵਿਚ ਲਿਖੇ ਨਾਵਲਾਂ, 'ਕੁਲੀ' ਅਤੇ 'ਅਛੂਤ', ਦਾ ਉਰਦੂ ਵਿਚ ਉਲੱਥਾ ਛਪਵਾਇਆ। ਇਸ ਤੋਂ ਪਹਿਲਾਂ ਰਾਮਾਨੰਦ ਸਾਗਰ ਦਾ ਵੱਡਾ ਨਾਵਲ 'ਔਰ ਇਨਸਾਨ ਮਰ ਗਿਆ' ਦਾ ਜ਼ਿਕਰ ਹੋ ਚੁੱਕਾ ਸੀ। ਮੁਲਕ ਦੀ ਤਕਸੀਮ ਦੇ ਵਿਸ਼ੇ ਤੇ ਕ੍ਰਿਸ਼ਨ ਚੰਦਰ ਅਤੇ ਰਾਜਿੰਦਰ ਸਿੰਘ ਬੇਦੀ ਨੇ ਬੇਮਿਸਾਲ ਕਹਾਣੀਆਂ ਲਿਖੀਆਂ। ਸਆਦਤ ਹਸਨ ਮੰਟੋ ਦੇ ਅਫ਼ਸਾਨੇ 'ਖੋਲ੍ਹ ਦੋ', 'ਠੰਡਾ ਗੋਸ਼ਤ' ਅਤੇ 'ਟੋਬਾ ਟੇਕ ਸਿੰਘ' ਚਰਚਾ ਦੇ ਵਿਸ਼ੇ ਬਣੇ। ਆਪਣੇ ਤੌਰ ਤੇ ਇਸਮਤ ਚੁਗਤਾਈ ਦਾ ਨਾਵਲ 'ਟੇੜੀ ਲਕੀਰ', ਦੇਵਿੰਦਰ ਸਤਿਆਰਥੀ ਦਾ ਕਹਾਣੀ ਸੰਗ੍ਰਹਿ 'ਨਏ ਦੇਵਤਾ' (ਨਵਾਂ ਐਡੀਸ਼ਨ) ਅਤੇ ਉਪਿੰਦਰ ਨਾਥ ਅਸ਼ਕ ਦਾ ਨਾਵਲ 'ਗਿਰਤੀ ਦੀਵਾਰੇਂ' ਗੰਭੀਰਤਾ ਨਾਲ ਵਿਚਾਰੇ ਗਏ। ਇਹ ਤਿੰਨ ਸਾਲ, 1948 ਤੋਂ 1950 ਤੱਕ, ਉਰਦੂ ਅਦਬ ਦੀ ਨਸ਼ਵੋ-ਨੁਮਾ ਵਿਚ ਬਹੁਤ ਅਹਿਮੀਅਤ ਰੱਖਦੇ ਹਨ। ਇਸ ਅਰਸੇ ਵਿਚ ਮੇਰਾ ਜ਼ਿਹਨੀ ਵਿਕਾਸ ਵੀ ਪੂਰੇ ਜਲੌ ਨਾਲ ਹੋਇਆ।

ਸ਼ਿਮਲੇ ਮੈਂ ਪਹਿਲਾਂ ਤਿੰਨ ਵਾਰ ਆ ਚੁੱਕਾ ਸੀ ਪਰ 2 ਅਕਤੂਬਰ 1951 ਨੂੰ ਜਦੋਂ ਏ.ਜੀ. (ਪੰਜਾਬ) ਦੇ ਦਫ਼ਤਰ ਵਿਚ ਮੇਰੀ ਸਿਲੈਕਸ਼ਨ ਹੋਈ ਤਾਂ ਏਥੋਂ ਦੀ ਹਰ ਚੀਜ਼ ਮੈਨੂੰ ਨਵੀਂ ਨਵੀਂ ਲੱਗੀ, ਜਿਵੇਂ ਇਹ ਸਭ ਕੁਝ ਮੈਂ ਪਹਿਲੀ ਵਾਰ ਦੇਖ ਰਿਹਾ ਹੋਵਾਂ। ਹਾਈ ਕੋਰਟ ਵਿਚ ਮੇਰਾ ਇਕ ਮਿੱਤਰ, ਜੋਗਿੰਦਰ ਸਿੰਘ ਅਰੋੜਾ ਨੌਕਰੀ ਕਰ ਰਿਹਾ ਸੀ ਅਤੇ ਉਸ ਨੂੰ ਸਮਰ ਹਿੱਲ ਵਿਚ ਸਰਕਾਰੀ ਕਵਾਟਰ ਮਿਲਿਆ ਹੋਇਆ ਸੀ। ਮੈਂ ਵੀ ਉਹਦੇ ਕੋਲ ਟਿਕ ਗਿਆ। ਛੇਤੀ ਹੀ ਸਾਨੂੰ ਪਤਾ ਲੱਗਾ ਕਿ ਈਸ਼ਵਰ ਚਿਤਰਕਾਰ ਸਮਰ ਹਿੱਲ ਦੀ ਇੱਕ ਸਰਕਾਰੀ ਕੋਠੀ ਵਿਚ ਰਹਿ ਰਿਹਾ ਸੀ। ਬਸ, ਦਿਨਾਂ ਵਿਚ ਹੀ ਉਹਦੇ ਨਾਲ ਨੇੜਤਾ ਹੋ ਗਈ, ਖਾਸ ਕਰਕੇ ਇਸ ਲਈ ਕਿ ਸਵੇਰੇ ਸ਼ਾਮ ਮੈਂ ਅਤੇ ਚਿਤਰਕਾਰ ਗੋਰਾ ਟਰੇਨ ਵਿਚ ਸਫ਼ਰ ਕਰਦੇ ਸੀ ਜੋ ਸਾਨੂੰ ਸਵੇਰੇ ਸਾਢੇ ਨੌਂ ਵਜੇ ਸਮਰ ਹਿੱਲ ਸਟੇਸ਼ਨ ਤੋਂ ਸ਼ਿਮਲਾ ਸਟੇਸ਼ਨ ਤੱਕ ਲੈ ਜਾਂਦੀ ਅਤੇ ਸ਼ਾਮੀਂ ਸਵਾ ਪੰਜ ਵਜੇ ਸ਼ਿਮਲਾ ਤੋਂ ਸਮਰ ਹਿੱਲ ਲੈ ਆਉਂਦੀ। ਇਸ ਨੇੜਤਾ ਦਾ ਸਭ ਤੋਂ ਵੱਧ ਫ਼ਾਇਦਾ ਇਹ ਹੋਇਆ ਕਿ ਦਿਨਾਂ ਵਿਚ ਹੀ ਮੇਰੀ ਵਾਕਫ਼ੀਅਤ ਸ਼ਿਮਲੇ ਵਿਚ ਰਹਿ ਰਹੇ ਸ਼ਾਇਰਾਂ ਅਤੇ ਅਦੀਬਾਂ ਨਾਲ ਹੋ ਗਈ। ਬਹੁਤੇ

Academy of the Punjab in North America: http://www.apnaorg.com

ਕਵੀ ਹੀ ਸਨ, ਉਰਦੂ ਅਤੇ ਪੰਜਾਬੀ ਦੇ। ਸ਼ਾਮੀਂ ਮਾਲ ਰੋਡ ਤੇ ਸੈਰ ਕਰਦਿਆਂ ਬਹੁਤ ਲੋਕ ਮਿਲ ਪੈਂਦੇ ਅਤੇ ਈਸ਼ਵਰ ਚਿੱਤਰਕਾਰ ਦੀ ਮੌਜੂਦਗੀ ਵਿਚ ਅਦਬ ਅਤੇ ਆਰਟ ਦੀਆਂ ਗੱਲਾਂ ਹੁੰਦੀਆਂ ਰਹਿੰਦੀਆਂ। ਕਾਫ਼ੀ ਹਾਊਸ ਵਾਲੀਆਂ ਮਹਿਫ਼ਲਾਂ ਦਾ ਲੁਤਫ਼ ਹੀ ਵੱਖਰਾ ਸੀ।

ਬਤੌਰ ਇਕ ਸਾਹਿਤਕਾਰ ਮੇਰਾ ਵਿਕਾਸ ਸ਼ਿਮਲੇ ਵਿਚ ਨਵੇਂ ਸਿਰਿਓਂ ਅਤੇ ਨਵੇਂ ਢੰਗ ਨਾਲ ਹੋਇਆ। ਉਥੇ ਅੰਮ੍ਰਿਤਸਰ ਵਿਚ ਮੇਰੇ ਅੰਦਰ ਬਹੁਤ ਕੁਝ ਬਹੁਤ ਜਲਦੀ ਹਾਸਿਲ ਕਰਨ ਦੀ ਤਮੰਨਾ ਪਨਪ ਰਹੀ ਸੀ। ਉਥੇ ਮੇਰੀ ਦੁਨੀਆ ਵਧੇਰੇ ਕਰਕੇ ਕਿਤਾਬਾਂ ਦੀ ਦੁਨੀਆ ਸੀ। ਹਰ ਵਕਤ ਪੜ੍ਹਦੇ ਰਹਿਣਾ। ਕਿਤਾਬਾਂ ਦੀ ਚੋਣ ਕਰਨ ਦੀ ਸੋਝੀ ਵੀ ਬਹੁਤੀ ਨਹੀਂ ਸੀ। ਲਿਖਣ ਵਿਚ ਵੀ ਲੋੜੀਂਦਾ ਠਰ੍ਹੰਮਾ ਨਹੀਂ ਸੀ। ਇਕ ਕਾਹਲ ਜਿਹੀ ਸੀ, ਅੰਦਰ ਵੀ ਅਤੇ ਬਾਹਰ ਵੀ। ਏਥੇ ਸ਼ਿਮਲੇ ਵਿਚ ਜ਼ਿਹਨੀ ਸਕੂਨ ਮਿਲਿਆ, ਚੋਣਵੀਆਂ ਵਿਚਾਰਾਂ ਦੇ ਵਟਾਂਦਰੇ ਦਾ ਮੌਕਾ ਮਿਲਿਆ। ਆਪਣੀ ਗੱਲ ਕਹਿਣ ਅਤੇ ਦੂਸਰੇ ਦੀ ਗੱਲ ਸੁਣਨ ਦਾ ਸਲੀਕਾ ਆਇਆ। ਪੁਸਤਕਾਂ ਪੜ੍ਹਨ ਦੀ ਸੋਝੀ ਆਈ ਅਤੇ ਸਭ ਤੋਂ ਵੱਧ ਇਹ ਕਿ ਜੀਵਨ ਦੇ ਨਵੇਂ ਤਜਰਬੇ ਹਾਸਿਲ ਹੋਏ। ਦੂਸਰੇ ਵਿਅਕਤੀਆਂ ਨਾਲ ਲੋਅਰ ਮਿਡਲ ਕਲਾਸ ਤੋਂ ਮਿਡਲ ਕਲਾਸ ਵਿਚ ਦਾਖਲ ਹੋਣ ਦੀ ਜ਼ਿਹਨੀ ਕਸ਼ਮਕਸ਼ ਵਿਚੋਂ ਵੀ ਮੈਂ ਲੰਘਿਆ। ਏਥੋਂ ਤਕ ਕਿ ਅੱਪਰ ਮਿਡਲ ਕਲਾਸ ਦੇ ਤੌਰ ਤਰੀਕੇ ਦੀ ਝਲਕ ਵੀ ਏਥੇ ਆ ਕੇ ਦੇਖੀ। ਇੰਜ ਮੇਰੇ ਸਾਹਮਣੇ ਸਮਾਜਕ ਜੀਵਨ ਦੇ ਤਿੰਨੇ ਪਹਿਲੂ ਉਜਾਗਰ ਹੋ ਗਏ। ਸ਼ਾਹਾਨਾ ਜੀਵਨ ਹੰਢਾਉਣ ਵਾਲਿਆਂ ਨੂੰ ਸਿਰਫ਼ ਦੂਰੋਂ ਹੀ ਨਹੀਂ ਸੀ ਦੇਖਿਆ, ਸਗੋਂ ਉਹਨਾਂ ਨਾਲ ਮਾਲ ਰੋਡ ਉੱਤੇ ਸੈਰ ਕਰਨ ਜਾਂ 'ਕਲਾਰਕਸ' ਅਤੇ 'ਸੈਸਿਲ' ਵਰਗੇ ਹੋਟਲਾਂ ਵਿਚ 'ਵਾਇਨਿੰਗ ਅਤੇ ਡਾਇਨਿੰਗ' ਦੇ ਮੌਕੇ ਵੀ ਮਿਲੇ। ਨਤੀਜਾ ਇਹ ਹੋਇਆ ਕਿ ਜ਼ਿਹਨੀ ਤਨਾਉ ਵਧ ਗਿਆ, ਜੀਹਦੇ ਤੋਂ ਛੁਟਕਾਰਾ ਪਾਉਣ ਲਈ ਮੈ ਸਾਹਿਤ ਦੇ ਅਧਿਐਨ ਵਿਚ ਹੋਰ ਖੁਭਦਾ ਗਿਆ।

ਉਨ੍ਹੀਂ ਦਿਨੀਂ ਮਹਿੰਦਰ ਬਾਵਾ ਨੇ 'ਪਗਡੰਡੀ' ਛੱਡ ਕੇ ਤਿਮਾਹੀ 'ਨਿਗਾਰਿਸ਼' ਜਾਰੀ ਕਰ ਦਿੱਤਾ ਸੀ। ਪਹਿਲੇ ਇਸ਼ੂ ਵਿਚ ਸੱਯਦ ਖ਼ਲੀਲ ਅਹਿਮਦ ਦਾ ਨਾਵਲੈਟ 'ਸੰਨਾਟਾ' ਛਪਿਆ। ਇਹ ਰਚਨਾ ਕੋਹ ਮਰੀ ਦੇ ਪਿਛੋਕੜ ਵਿਚ ਸਿਰਜੀ ਗਈ ਸੀ। ਇਹ ਨਾਵਲੈਟ ਪੜ੍ਹਦਿਆਂ ਹੋਇਆਂ ਮੇਰੇ ਮਨ ਵਿਚ ਖ਼ਿਆਲ ਆਇਆ ਕਿ ਇਸ ਤਰ੍ਹਾਂ ਦਾ ਨਾਵਲ ਤਾਂ ਮੈਂ ਵੀ ਲਿਖ ਸਕਦਾ ਹਾਂ। ਕਾਵਿਕ ਭਾਸ਼ਾ ਵਿਚ ਲਿਖਿਆ ਹੋਇਆ ਉਹ ਨਾਵਲ ਮੈਨੂੰ ਬੜਾ ਚੰਗਾ ਲੱਗਾ। ਕੁਝ ਦਿਨਾਂ ਬਾਅਦ ਹੀ, ਅਕਤੂਬਰ 1959 ਦੀ ਕੋਈ ਤਾਰੀਖ਼ ਸੀ, ਜਦੋਂ ਮੈਂ ਆਪਣਾ ਪਹਿਲਾ ਨਾਵਲ 'ਸੋਗਵਾਰ' ਲਿਖਣਾ ਸ਼ੁਰੂ ਕਰ ਦਿੱਤਾ। ਉਦੋਂ ਮੈਂ ਤੀਹਵੇਂ ਸਾਲ ਵਿਚ ਦਾਖਲ ਹੋ ਚੁੱਕਾ ਸੀ ਅਤੇ ਸਾਡੇ ਘਰ ਦੋ ਬੱਚੀਆਂ ਸਨ, ਵੱਡੀ ਪੌਣੇ ਚਾਰ ਸਾਲ ਦੀ ਅਤੇ ਛੋਟੀ ਦੋ ਸਾਲ ਦੀ। ਉਨ੍ਹੀਂ ਦਿਨੀਂ ਹਯਾਤ ਦਾ ਮਾਹੌਲ ਖ਼ੁਸ਼ਗਵਾਰ ਸੀ। ਦਿਨਾਂ ਵਿਚ ਹੀ ਮੇਰੇ ਨਾਵਲ ਨੇ ਚਾਲ ਫੜ ਲਈ। ਵਧੇਰੇ ਕਰਕੇ ਪਾਤਰ ਉਹੀ ਸਨ ਜਿਨ੍ਹਾਂ ਨੂੰ ਮੈਂ ਪਿਛਲੇ ਕੁਝ ਸਾਲਾਂ ਤੋਂ ਦੇਖਦਾ ਆਇਆ ਸੀ । ਸ਼ਿਮਲੇ ਦੀ ਮਾਲ ਰੋਡ ਤੇ ਸੈਰ ਕਰਦਿਆਂ, ਰਿੱਜ ਮੈਦਾਨ ਵਿਚ ਹੋਣ ਵਾਲੇ ਫ਼ੰਕਸ਼ਨਾਂ ਵਿਚ, ਡੇਵੀਕੋਜ਼ ਦੀ ਬਾਰ ਅਤੇ ਬਾਲ ਰੂਮ ਵਿਚ, ਰੈੱਡ-ਕਰਾਸ ਵਲੋਂ ਲਗਾਏ ਜਾਂਦੇ ਮੇਲਿਆਂ ਵਿਚ, ਸੇਂਟ ਬੀਡਜ਼ ਕਾਲਿਜ ਦੀ ਸਾਲਾਨਾ 'ਫ਼ੇਟ' ਦੇ ਅਵਸਰ ਤੇ ਜਾਂ ਫਿਰ 'ਗੇਈਟੀ ਥੀਏਟਰ' ਵਿਚ ਹੋਣ ਵਾਲੇ ਡਰਾਮੇ ਦੇਖਣ ਸਮੇਂ। ਮੇਰੇ ਨਾਵਲ ਵਿਚ ਘਟਨਾਵਾਂ ਵੀ ਉਹੀ ਸਨ, ਜੋ ਦੇਖਣ ਜਾਂ ਸੁਣਨ ਵਿਚ ਆਈਆਂ ਸਨ। ਇੰਜ ਸੀ ਇਹ ਕਾਰਜ ਮੇਰੇ ਲਈ ਜਿਵੇਂ ਮੈਂ ਸਫ਼ੇਦ ਕਾਗਜ਼ ਦੀ ਸਕਰੀਨ ਉੱਤੇ ਮਨਚਾਹੇ ਨਕਸ਼ ਉਭਾਰ ਰਿਹਾ ਹੋਵਾਂ।

ਮੇਰਾ ਪਹਿਲਾ ਨਾਵਲ 'ਸੋਗਵਾਰ' ਦੋ ਮਹੀਨਿਆਂ ਵਿਚ ਮੁਕੰਮਲ ਹੋ ਗਿਆ। ਮਹਿੰਦਰ

Academy of the Punjab in North America: http://www.apnaorg.com

ਬਾਵਾ ਨੇ ਇਸ ਨੂੰ 1960 ਵਿਚ 'ਨਿਗਾਰਿਸ਼' ਦੇ ਤੀਸਰੇ ਅੰਕ ਵਿਚ ਪ੍ਰਕਾਸ਼ਿਤ ਕਰ ਦਿੱਤਾ। ਉਨ੍ਹੀਂ ਦਿਨੀਂ 'ਨਿਗਾਰਿਸ਼' ਦੇ ਪਾਠਕਾਂ ਦਾ ਘੇਰਾ ਕਾਫ਼ੀ ਵੱਡਾ ਹੋ ਚੁੱਕਾ ਸੀ ਅਤੇ ਇਹ ਰਿਸਾਲਾ ਸ਼ਿਮਲਾ ਦੇ 'ਮਿਨਰਵਾ ਬੁੱਕ ਡਿਪੂ' ਤੋਂ ਵੀ ਮਿਲ ਜਾਂਦਾ ਸੀ। ਬਸ, ਫੇਰ ਕੀ ਸੀ। ਨਾਵਲ ਛਪਦਿਆਂ ਹੀ ਸ਼ਿਮਲੇ ਦੇ ਅਦੀਬ ਦੋਸਤਾਂ ਨੇ ਮੈਨੂੰ ਘੇਰ ਲਿਆ। 'ਇਹ ਕਦੋਂ ਲਿਖਿਆ', 'ਕਿਵੇਂ ਲਿਖਿਆ' ਅਤੇ 'ਕੀਹਦੇ ਬਾਰੇ ਲਿਖਿਆ' ਦੀ ਤਕਰਾਰ ਹੋਣ ਲੱਗੀ। ਬਹੁਤਾ 'ਰਮਾ' ਦੇ ਪਾਤਰ ਬਾਰੇ ਉਤਸੁਕਤਾ ਸੀ ਕਿ ਇਹ ਕਿਹੜੀ ਔਰਤ ਹੈ। ਕਈ ਅੰਦਾਜ਼ੇ ਲਗਾਏ ਜਾਣ ਲੱਗੇ। ਇਸ ਰਚਨਾ ਦੀ ਰੱਜ ਕੇ ਤਾਰੀਫ਼ ਹੋਈ। ਉਧਰੋਂ ਮਹਿੰਦਰ ਬਾਵਾ ਦੇ ਖ਼ਤ ਆਉਣੇ ਸ਼ੁਰੂ ਹੋ ਗਏ ਕਿ ਫ਼ਲਾਨੇ ਫ਼ਲਾਨੇ ਅਦੀਬ ਨੇ ਇਸ ਦੀ ਸਿਫ਼ਤ ਕੀਤੀ ਹੈ। ਅਨਾਰਕਲੀ ਲਾਹੌਰ ਦੇ ਇਕ ਪਬਲਿਸ਼ਰ 'ਗੋਸ਼ਾ-ਏ-ਅਦਬ' ਵੱਲੋਂ, ਉਧਰ ਪਾਕਿਸਤਾਨ ਵਿਚ, 'ਸੋਗਵਾਰ' ਨੂੰ ਕਿਤਾਬੀ ਸੂਰਤ ਵਿਚ ਛਾਪਣ ਦੀ ਪੇਸ਼ਕਸ਼ ਹੋਈ। ਮਹਿੰਦਰ ਬਾਵਾ ਨੇ ਛੇਤੀ ਹੀ ਇਸ ਦਾ ਕਿਤਾਬੀ ਐਡੀਸ਼ਨ ਪ੍ਰਕਾਸ਼ਿਤ ਕਰ ਦਿੱਤਾ। ਇੰਜ ਸੀ ਜਿਵੇਂ ਮਿਰਜ਼ਾ ਗ਼ਾਲਿਬ ਨੇ ਕਿਹਾ ਹੈ 'ਜ਼ਿਕਰ ਉਸ ਪਰੀ ਵਸ਼ ਕਾ/ਔਰ ਫਿਰ ਬਯਾਂ ਅਪਨਾ'। ਮੈਂ ਸੋਚੀਂ ਪੈ ਗਿਆ ਕਿ ਅਗਲਾ ਨਾਵਲ ਮੈਂ ਹੁਣ ਕਿਵੇਂ ਲਿਖਾਂਗਾ। ਮੇਰੇ ਪਾਠਕਾਂ ਨੂੰ ਮੇਰੇ ਤੋਂ ਬੜੀਆਂ ਆਸਾਂ ਬੱਝ ਗਈਆਂ ਸਨ। ਮੈਨੂੰ ਵੀ ਇੰਜ ਲਗਦਾ ਕਿ 'ਸੋਗਵਾਰ' ਤਾਂ ਬਸ ਲਿਖਿਆ ਹੀ ਗਿਆ, ਬਗ਼ੈਰ ਸੋਚੇ ਸਮਝੇ, ਜਿਵੇਂ 'ਸਰੀਰ-ਏ-ਖ਼ਾਮਾ ਨਵਾਏ ਸਰੋਸ਼ ਹੈ।'

ਉਰਦੂ ਵਿਚ ਦੂਸਰਾ ਨਾਵਲ ਵੀ ਲਿਖਿਆ, 1961 ਵਿਚ, ਜੋ 1962 ਵਿਚ 'ਨਿਗਾਰਿਸ਼' ਦੇ ਨਾਵਲੈਟ ਨੰਬਰ ਵਿਚ ਛੱਪਿਆ। ਮੇਰੇ ਇਸ ਨਾਵਲ 'ਮੋਨਾਲਿਜ਼ਾ' ਦੇ ਨਾਲ ਰਾਜਿੰਦਰ ਸਿੰਘ ਬੇਦੀ ਦਾ ਨਾਵਲ 'ਏਕ ਚਾਦਰ ਮੈਲੀ ਸੀ', ਖ਼ੂਾਜਾ ਅਹਿਮਦ ਅੱਬਾਸ ਦਾ ਨਾਵਲ 'ਸਲਮਾ ਔਰ ਸਮੁੰਦਰ' ਅਤੇ ਸੱਯਦ ਖ਼ਲੀਲ ਅਹਿਮਦ ਦਾ ਨਾਵਲ 'ਜਾਨੇ ਨਾ ਜਾਨੇ, ਗੁੱਲ ਹੀ ਨਾ ਜਾਨੇ' ਵੀ ਪ੍ਰਕਾਸ਼ਿਤ ਹੋਏ। ਇਸ ਨਾਵਲ ਨੂੰ ਵੀ ਸਰਾਹਿਆ ਗਿਆ। ਪਹਿਲੇ ਨਾਵਲ 'ਸੋਗਵਾਰ' ਦੀ ਤਾਰੀਫ਼ ਵਿਚ ਜਿੱਥੇ ਅਹਿਮਦ ਨਦੀਮ ਕਾਸਮੀ (ਲਾਹੌਰ) ਅਤੇ ਆਗ਼ਾ ਬਾਬਰ (ਪਿਸ਼ਾਵਰ) ਦੇ ਪੱਤਰ ਆਏ, ਉੱਥੇ 'ਮੋਨਾਲਿਜ਼ਾ' ਪ੍ਰਤੀ ਰਾਜਿੰਦਰ ਸਿੰਘ ਬੇਦੀ, ਖ਼ੂਾਜਾ ਅਹਿਮਦ ਅੱਬਾਸ ਅਤੇ ਵਿਸ਼ਵਾ ਮਿੱਤਰ ਆਦਿਲ ਵੱਲੋਂ ਚੰਗਾ ਹੁੰਗਾਰਾ ਮਿਲਿਆ। ਮੇਰੇ ਲਈ ਇਹ ਖ਼ੁਸ਼ੀ ਵਾਲੀ ਗੱਲ ਸੀ ਕਿ ਉਰਦੂ ਨਾਵਲ ਦੇ ਖੇਤਰ ਵਿਚ ਮੈਂ ਸਾਬਤ ਕਦਮੀਂ ਨਾਲ ਪ੍ਰਵੇਸ਼ ਕੀਤਾ ਸੀ। ਪਟਨਾ ਯੂਨੀਵਰਸਿਟੀ ਦੇ ਪ੍ਰੋਫੈਸਰ ਟੀ.ਆਰ. ਤਾਹਿਰ ਨੇ ਇਹਨਾਂ ਦੋਹਾਂ ਨਾਵਲਾਂ ਦਾ 'ਨਿਗਾਰਿਸ਼' ਵਿਚ ਜਾਇਜ਼ਾ ਲਿਆ।

ਸ਼ਿਮਲੇ ਮੈਂ ਅਕਤੂਬਰ 1951 ਵਿਚ ਆਇਆ ਅਤੇ ਇਕ ਦਹਾਕੇ ਬਾਅਦ ਅਕਤੂਬਰ 1961 ਵਿਚ ਮੈਂ ਇਸ ਨੂੰ ਅਲਵਿਦਾ ਕਹਿ ਦਿੱਤੀ। ਅਸਲ ਵਿਚ ਸਰਕਾਰੀ ਦਫ਼ਤਰ ਦੀ ਸਰਵਿਸ ਮੈਨੂੰ ਰਾਸ ਨਹੀਂ ਸੀ ਆ ਰਹੀ। ਖ਼ਾਸ ਕਰਕੇ ਇਸ ਲਈ ਵੀ ਕਿ ਐਮ. ਏ. (ਇੰਗਲਿਸ਼) ਕਰਨ ਤੋਂ ਬਾਅਦ ਮੈਂ ਕਾਲਿਜ ਲੈਕਚਰਾਰ ਬਣਨ ਦਾ ਚਾਹਵਾਨ ਹੋ ਗਿਆ ਸੀ। ਸੋ, 9 ਅਕਤੂਬਰ, 1961 ਨੂੰ ਮੈਂ ਰਾਮਗੜ੍ਹੀਆ ਆਰਟ ਕਾਲਿਜ, ਫਗਵਾੜਾ ਜਾਇਨ ਕਰ ਲਿਆ। ਐਫ. ਏ. ਦੀਆਂ ਕਲਾਸਾਂ ਨੂੰ ਅੰਗਰੇਜ਼ੀ ਪੜ੍ਹਾਣ ਲੱਗਿਆ। ਮੈਨੂੰ ਭਾਸ਼ਾ ਦੇ ਪੱਖ ਤੋਂ ਕਈ ਮੁਸ਼ਕਲਾਂ ਪੇਸ਼ ਆਈਆਂ। ਵਿਦਿਆਰਥੀ ਪੰਜਾਬੀ ਤਾਂ ਜਾਣਦੇ ਸਨ ਪਰ ਉਰਦੂ ਬਾਰੇ ਉਹਨਾਂ ਨੂੰ ਕੁਝ ਵੀ ਜਾਣਕਾਰੀ ਨਹੀਂ ਸੀ। ਮੈਂ ਪੰਜਾਬੀ ਭਾਸ਼ਾ ਸਕੂਲ ਵਿਚ ਨਹੀਂ ਸੀ ਪੜ੍ਹੀ ਹੋਈ, ਉਂਜ ਗੁਰਮੁਖੀ ਲਿਪੀ ਨਾਲ ਕੁਝ ਵਾਕਫ਼ੀਅਤ ਜ਼ਰੂਰ ਸੀ। ਮੈਂ ਪਹਿਲੀ ਜਮਾਤ ਤੋਂ ਲੈ ਕੇ ਬੀ.ਏ. ਤੱਕ ਉਰਦੂ ਪੜ੍ਹੀ ਹੋਈ ਸੀ ਅਤੇ ਫੇਰ ਮੈਟ੍ਰਿਕ, ਐਫ. ਏ. ਅਤੇ ਬੀ.ਏ. ਵਿਚ ਫ਼ਾਰਸੀ ਮੇਰਾ ਅਖ਼ਤਿਆਰ ਮਜ਼ਮੂਨ ਸੀ। ਮੇਰਾ ਲਿਖਣਾ

Academy of the Punjab in North America: http://www.apnaorg.com

ਪੜ੍ਹਨਾ ਨਿਰੋਲ ਉਰਦੂ ਵਿਚ ਸੀ। ਤਾਇਆ ਜੀ, ਪੂਰਨ ਸਿੰਘ ਹੁਨਰ, ਉਰਦੂ ਦੇ ਨਾਮਵਰ ਸ਼ਾਇਰ ਸਨ ਅਤੇ ਚਾਚਾ ਜੀ, ਮਹਿੰਦਰ ਸਿੰਘ ਕੌਸਰ, ਵੀ ਉਰਦੂ ਅਦਬ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਸਨ।

ਅੰਗਰੇਜ਼ੀ ਨੂੰ ਪੰਜਾਬੀ ਵਿਚ ਪੜ੍ਹਾਣ ਲੱਗਿਆਂ ਮੁਸ਼ਕਿਲ ਇਹ ਆਈ ਕਿ ਜੇਕਰ ਕਿਸੇ ਵਿਦਿਆਰਥੀ ਨੇ ਪੁੱਛਣਾ ਕਿ 'ਕਯੂਰਿਔਸਿਟੀ' ਦਾ ਮਤਲਬ ਕੀ ਹੈ ਤਾਂ ਮੈਂ ਕਹਿਣਾ 'ਤਜੱਸੁਸ'। ਉਸ ਵਿਦਿਆਰਥੀ ਦਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਰਹਿ ਜਾਣਾ। ਹੌਲੀ ਹੌਲੀ ਮੈਂ ਪੰਜਾਬੀ ਭਾਸ਼ਾ ਨਾਲ ਜੁੜਿਆ ਅਤੇ ਇਹ ਕਹਿਣ ਦੇ ਯੋਗ ਹੋ ਗਿਆ ਕਿ ਇਸ ਦਾ ਮਤਲਬ ਹੈ 'ਉਤਸੁਕਤਾ'। ਇਹੀ ਮੁਸ਼ਕਿਲ ਮੈਨੂੰ ਪੰਜਾਬੀ ਵਿਚ ਨਾਵਲ ਲਿਖਣ ਲੱਗਿਆਂ ਪੇਸ਼ ਆਈ। ਪਹਿਲਾਂ ਤਾਂ ਮੈਂ ਗੁਰਮੁਖੀ ਲਿਪੀ ਦੀ ਠੀਕ ਢੰਗ ਨਾਲ ਜਾਣਕਾਰੀ ਲਈ, ਫੇਰ ਪੰਜਾਬੀ ਸ਼ਬਦਾਂ ਨੂੰ ਵਰਤਣ ਦੀ ਸੋਝੀ ਪ੍ਰਾਪਤ ਕੀਤੀ। ਕਿਤੇ ਕਿਤੇ ਮੈਂ ਅੜ ਜਾਂਦਾ ਕਿ ਏਥੇ ਮੈਂ ਉਰਦੂ ਦਾ ਲਫ਼ਜ਼ 'ਖ਼ੁਨਕੀ' ਹੀ ਲਿਖਣਾ ਹੈ, 'ਠੰਡਕ' ਜਾਂ 'ਠੰਢੀਰ' ਨਹੀਂ। ਇੰਜ ਮੇਰੇ ਨਾਵਲਾਂ ਵਿਚ ਉਰਦੂ ਦੇ ਬਹੁਤ ਸਾਰੇ ਅੱਖਰ ਵਰਤੇ ਜਾਂਦੇ ਰਹੇ। ਕਈਆਂ ਨੇ ਇਤਰਾਜ ਕੀਤਾ ਕਿ ਨਿਰੋਲ ਪੰਜਾਬੀ ਵਿਚ ਲਿਖੋ। ਮੇਰਾ ਜਵਾਬ ਹੁੰਦਾ ਕਿ ਪੰਜਾਬੀ ਦਾ ਖ਼ਮੀਰ ਫ਼ਾਰਸੀ ਅਤੇ ਉਰਦੂ ਵਿਚੋਂ ਲਿਆ ਗਿਆ ਹੈ, ਇਸ ਲਈ ਇਹਦੇ ਵਿਚ ਇਹਨਾਂ ਜ਼ਬਾਨਾਂ ਦੇ ਹੋਰ ਲਫ਼ਜ਼ ਸੌਖੀ ਤਰ੍ਹਾਂ ਸਮਾ ਸਕਦੇ ਹਨ। ਨਤੀਜਾ ਇਹ ਹੋਇਆ ਕਿ ਹੌਲੀ ਹੌਲੀ ਮੇਰੀ ਲਿਖਤ ਨੂੰ, ਜਿਸ ਵਿਚ ਉਰਦੂ ਦੇ ਸ਼ਬਦਾਂ ਦੀ ਖੁੱਲ੍ਹੀ ਵਰਤੋਂ ਸੀ, ਨਾ ਸਿਰਫ਼ ਕਬੂਲਿਆ ਗਿਆ, ਸਗੋਂ ਇਸ ਦੀ ਤਾਰੀਫ਼ ਵੀ ਹੋਣ ਲੱਗੀ। ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੇ ਇਸ ਸਿਲਸਿਲੇ ਵਿਚ ਸਭ ਤੋਂ ਵੱਧ ਮੈਨੂੰ ਹੱਲਾ ਸ਼ੇਰੀ ਦਿੱਤੀ।

ਮੇਰੀ ਜ਼ਿਹਨੀ ਸਾਖ਼ਤ ਤੇ ਉਰਦੂ ਸ਼ਿਅਰੀ ਅਦਬ ਦਾ ਬਹੁਤ ਗਹਿਰਾ ਅਸਰ ਰਿਹਾ। ਮੀਰ ਤਕੀ ਮੀਰ, ਮਿਰਜ਼ਾ ਗ਼ਾਲਿਬ, ਦਾਗ਼ ਦਹਿਲਵੀ, ਮੁਹੰਮਦ ਇਕਬਾਲ, ਜਿਗਰ ਮੁਰਾਦਾਬਾਦੀ, ਫ਼ੈਜ਼ ਅਹਿਮਦ ਫ਼ੈਜ਼, ਰਾਸ਼ਿਦ, ਸਾਹਿਰ ਲੁਧਿਆਣਵੀ, ਮਜਾਜ਼ ਲਖਨਵੀ, ਕੈਫ਼ੀ ਆਜ਼ਮੀ, ਪੂਰਨ ਸਿੰਘ ਹੁਨਰ, ਕਤੀਲ ਸ਼ਿਫ਼ਾਈ, ਜਜ਼ਬੀ, ਸੈਫ਼, ਅਦਮ ਅਤੇ ਨਰੇਸ਼ ਕੁਮਾਰ ਸ਼ਾਦ ਮੇਰੇ ਮਹਿਬੂਬ ਸ਼ਾਇਰ ਰਹੇ ਹਨ। ਇਹ ਫ਼ਹਿਰਿਸਤ ਹੋਰ ਲੰਮੀ ਹੋ ਸਕਦੀ ਹੈ ਜੇਕਰ ਮੈਂ ਉਹਨਾਂ ਸ਼ਾਇਰਾਂ ਦਾ ਜ਼ਿਕਰ ਵੀ ਕਰਾਂ ਜਿਨ੍ਹਾਂ ਨੂੰ ਮੈਂ ਖ਼ਾਲ ਖ਼ਾਲ ਪੜ੍ਹਿਆ। ਸ਼ਾਇਰੀ ਦੇ ਨਾਲ ਨਾਲ ਉਰਦੂ ਅਫ਼ਸਾਨਾ ਨੇ ਵੀ ਮੈਨੂੰ ਪੂਰੀ ਤਰ੍ਹਾਂ ਆਪਣੇ ਵੱਲ ਖਿੱਚਿਆ। ਕਾਲਿਜ ਵਿਚ ਦਾਖ਼ਲਾ ਲੈਣ ਤੋਂ ਬਾਅਦ ਮੈਂ 1945 ਵਿਚ ਅੰਮ੍ਰਿਤਸਰ ਦੀ ਮਿਉਂਸੀਪਲ ਲਾਇਬ੍ਰੇਰੀ ਦਾ ਮੈਂਬਰ ਬਣ ਗਿਆ। ਮੈਨੂੰ ਯਾਦ ਹੈ ਕਿ ਅਗਲੇ ਤਿੰਨਾਂ ਸਾਲਾਂ ਵਿਚ ਮੈਂ ਕ੍ਰਿਸ਼ਨ ਚੰਦਰ ਦੇ ਕਹਾਣੀ ਪਰਾਗੇ 'ਹੁਸਨ ਔਰ ਹੈਵਾਨ' ਅਤੇ 'ਜ਼ਿੰਦਗੀ ਕੇ ਮੋੜ ਪਰ'; ਰਾਜਿੰਦਰ ਸਿੰਘ ਬੇਦੀ ਦਾ 'ਦਾਨਾ-ਓ-ਦਾਮ' ਅਤੇ 'ਗ੍ਰਹਿਣ'; ਬਲਵੰਤ ਸਿੰਘ ਦਾ 'ਤਾਰੋ-ਪੋਦ'; ਇਸਮਤ ਚੁਗ਼ਤਾਈ ਦਾ 'ਚੌਟੇਂ' ਅਤੇ ਕੁਝ ਹੋਰ ਅਫ਼ਸਾਨਾ ਨਿਗਾਰਾਂ ਦੇ ਮਜਮੂਏ ਪੜ੍ਹੇ। ਕੁੱਝ ਸਮਾਂ ਬਾਅਦ ਕ੍ਰਿਸ਼ਨ ਚੰਦਰ ਦੇ ਨਾਵਲ 'ਸ਼ਿੱਕਸਤ', ਅਜ਼ੀਜ਼ ਅਹਿਮਦ ਦੇ ਨਾਵਲ 'ਗੁਰੇਜ਼', ਅਤੇ ਇਸਮਤ ਚੁਗ਼ਤਾਈ ਦੇ ਨਾਵਲ 'ਟੇੜੀ ਲਕੀਰ' ਨੇ ਮੈਨੂੰ ਪ੍ਰਭਾਵਿਤ ਕੀਤਾ। ਪੰਜਾਬੀ ਵਿਚ ਨਾਵਲ ਲਿਖਣ ਲੱਗਿਆਂ ਇਹੀ ਸਰਮਾਇਆ ਸੀ, ਮੇਰੇ ਕੋਲ। ਬਾਅਦ ਵਿਚ ਮੈਂ ਆਪਣੇ ਹਮ ਖ਼ਿਆਲ ਪੰਜਾਬੀ ਨਾਵਲਕਾਰਾਂ ਜਿਵੇਂ ਕਿ ਸੁਰਜੀਤ ਸਿੰਘ ਸੇਠੀ, ਸੁਖਬੀਰ, ਕਰਤਾਰ ਸਿੰਘ ਦੁੱਗੱਲ, ਨਰਿੰਦਰਪਾਲ ਸਿੰਘ ਅਤੇ ਮਨਜੀਤ ਰਾਨਾ ਦੀਆਂ ਰਚਨਾਵਾਂ ਨਾਲ ਰੂ ਸ਼ਨਾਸ ਹੋਇਆ। ਮੇਰਾ ਰੁਝਾਨ 'ਸਟਰੀਮ-ਆਫ਼-ਕਾਨਸ਼ਸ਼ਨੈਸ' ਤਕਨੀਕ ਵੱਲ ਸੀ ਅਤੇ ਮੈਂ ਵਰਜੀਨੀਆ ਵੂਲਫ਼ ਅਤੇ ਜੇਮਜ਼ ਜਾਇਸ ਦੀ ਕਾਵਿਕ ਭਾਸ਼ਾ ਦਾ ਅਸਰ ਵੀ ਕਬੂਲ ਕੀਤਾ।

Academy of the Punjab in North America: http://www.apnaorg.com

ਪੰਜਾਬ ਐਜੂਕੇਸ਼ਨ ਸਰਵਿਸ ਵਿਚ ਮੈਂ 1962 ਵਿਚ ਆ ਗਿਆ। ਪਹਿਲੀ ਨਿਯੁਕਤੀ ਗੌਰਮਿੰਟ ਕਾਲਜ, ਮੁਕਤਸਰ ਵਿਚ ਹੋਈ। ਏਥੇ ਮੈਂ ਸਿਰਫ਼ ਇਕ ਸਾਲ ਹੀ ਰਿਹਾ। ਇਸ ਅਰਸੇ ਵਿਚ ਮੈਂ ਅੰਗਰੇਜ਼ੀ ਵਿਚ ਲੇਖ ਲਿਖਣੇ ਸ਼ੁਰੂ ਕੀਤੇ ਜੋ ਮਾਸਿਕ ਪੱਤਰਾਂ ਵਿਚ ਪ੍ਰਕਾਸ਼ਿਤ ਹੁੰਦੇ ਰਹੇ। ਅਗਲੇ ਸਾਲ ਨਵੰਬਰ 1963 ਵਿਚ ਮੇਰੀ ਬਦਲੀ ਗੌਰਮਿੰਟ ਕਾਲਜ, ਟਾਂਡਾ ਉੜਮੁੜ ਦੀ ਹੋ ਗਈ। ਏਥੇ ਗੁਜ਼ਾਰੇ 5 ਸਾਲਾਂ ਵਿਚ ਮੈਂ ਪੂਰੀ ਤਰ੍ਹਾਂ ਪੰਜਾਬੀ ਸਾਹਿਤ ਨਾਲ ਜੁੜ ਗਿਆ। ਸ਼ੁਰੂ ਵਿਚ ਆਪਣੇ ਪੁਰਾਣੇ ਵਿਦਿਆਰਥੀ, ਰਣਧੀਰ ਸਿੰਘ ਚੰਦ, ਦੇ ਤਿਮਾਹੀ 'ਸੁਰਤਾਲ' ਲਈ ਮੈਂ ਕੁਝ ਤਨਕੀਦੀ ਮਜ਼ਮੂਨ ਲਿਖੇ ਅਤੇ ਉਹਦੇ ਕਹਿਣ ਤੇ ਮੈਂ ਆਪਣਾ ਪਹਿਲਾ ਪੰਜਾਬੀ ਨਾਵਲ 'ਪਰਛਾਵੇਂ' 1965 ਵਿਚ ਲਿਖਿਆ। ਬਾਅਦ ਵਿਚ ਇਹ 'ਸੁਰਤਾਲ' ਦੀ ਬਜਾਇ ਪ੍ਰੋ. ਜਗਜੀਤ ਸਿੰਘ ਛਾਬੜਾ ਦੇ ਤਿਮਾਹੀ 'ਸੰਕੇਤ' ਵਿਚ ਛੱਪਿਆ। ਇਹ ਨਾਵਲ ਕਿਤਾਬੀ ਸੂਰਤ ਵਿਚ ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ ਨੇ 1966 ਵਿਚ ਛਾਪੇ ਚਾੜ੍ਹਿਆ । ਦੇਖਿਆ ਜਾਏ ਤਾਂ ਪੰਜਾਬੀ ਰਚਨਾ ਅਤੇ ਆਲੋਚਨਾ ਦੇ ਖੇਤਰ ਵਿਚ ਮੇਰਾ ਅੱਜ ਤੱਕ ਦਾ ਸਫਰ 41 ਸਾਲ, ਯਾਨਿ 1966 ਤੋਂ 2007 ਤਕ, ਦਾ ਹੈ। ਇਸ ਦਾ ਆਗ਼ਾਜ਼ ਕਿਸੇ ਗਿਣੇ ਮਿਥੇ ਤਰੀਕੇ ਨਾਲ ਨਹੀਂ ਸੀ ਹੋਇਆ, ਸਗੋਂ ਤਬੀਅਤ ਦਾ ਅਦਬੀ ਮੀਲਾਨ ਮੈਨੂੰ ਉਰਦੂ ਤੋਂ ਅੰਗਰੇਜ਼ੀ ਵੱਲ ਅਤੇ ਫਿਰ ਅੰਗਰੇਜ਼ੀ ਦੇ ਨਾਲ ਨਾਲ ਪੰਜਾਬੀ ਵੱਲ ਲੈ ਆਇਆ।

ਪਹਿਲਾ ਪੰਜਾਬੀ ਨਾਵਲ 'ਪਰਛਾਵੇਂ' ਲਿਖਣ ਤੋਂ ਬਾਅਦ ਮੈਂ 'ਸੋਗਵਾਰ' ਨੂੰ ਉਰਦੂ ਤੋਂ ਪੰਜਾਬੀ ਵਿਚ ਉਲਥਾਇਆ। ਇਹ ਨਾਵਲ 'ਕਸਕ' ਵੀ ਲੋਕ ਸਾਹਿਤ ਪ੍ਰਕਾਸ਼ਨ ਨੇ ਛਾਪਿਆ। ਇਸ ਤੋਂ ਬਾਅਦ 'ਤ੍ਰੇੜਾਂ ਤੇ ਰੂਪ' ਦੀ ਰਚਨਾ ਕੀਤੀ, ਜਿਸ ਵਿਚ ਮਾਂ ਬੇਟੀ ਦੇ ਨੈਤਿਕ ਤੇ ਜਿਨਸੀ ਨਜ਼ਰੀਏ ਦਾ ਪਰਸਪਰ ਵਿਰੋਧ ਦਰਸਾਇਆ ਗਿਆ ਸੀ। ਇਹ ਨਾਵਲ ਵੀ ਉਪਰੋਕਤ ਪਬਲਿਸ਼ਰ ਨੇ ਪ੍ਰਕਾਸ਼ਿਤ ਕੀਤਾ। ਫੇਰ ਖਿਆਲ ਆਇਆ ਕਿ ਕਿਉਂ ਨਾ 'ਮੋਨਾਲਿਜ਼ਾ' ਨੂੰ ਪੰਜਾਬੀ ਰੂਪ ਵਿਚ ਪੇਸ਼ ਕੀਤਾ ਜਾਏ। ਇਸ ਦਾ ਅਨੁਵਾਦ ਕਰਨ ਦੀ ਬਜਾਏ, ਮੈਂ ਇਸ ਨਾਵਲ ਨੂੰ ਨਵੇਂ ਸਿਰਿਓਂ ਪੰਜਾਬੀ ਵਿਚ ਲਿਖਿਆ। ਪਾਤਰ ਤਾਂ ਉਹੀ ਰਹੇ, ਪਰ ਘਟਨਾਵਾਂ ਵਿਚ ਚੋਖਾ ਵਾਧਾ ਕੀਤਾ ਗਿਆ। ਇੰਜ ਇਹ ਨਾਵਲ 'ਰੇਤ ਛਲ' ਦੇ ਨਾਂ ਹੇਠ ਸਾਹਿਤ ਕੇਂਦਰ, ਅੰਮ੍ਰਿਤਸਰ ਵੱਲੋਂ 1969 ਵਿਚ ਪ੍ਰਕਾਸ਼ਿਤ ਹੋਇਆ। ਉਦੋਂ ਮੈਂ ਗੌਰਮਿੰਟ ਕਾਲਜ ਟਾਂਡਾ ਉੜਮੁੜ ਤੋਂ ਗੌਰਮਿੰਟ ਬ੍ਰਿਜਿੰਦਰਾ ਕਾਲਜ ਫ਼ਰੀਦਕੋਟ ਵਿਚ ਜਾ ਚੁੱਕਾ ਸੀ।

ਫ਼ਰੀਦਕੋਟ ਆ ਕੇ ਮੇਰੀ ਗੂੜ੍ਹੀ ਮਿੱਤਰਤਾ ਪ੍ਰੋ. ਕਰਮਜੀਤ ਸਿੰਘ ਨਾਲ ਹੋ ਗਈ। ਉਸ ਨੇ ਮੇਰੇ ਪਹਿਲੇ ਤਿੰਨਾਂ ਨਾਵਲਾਂ ਬਾਰੇ ਪਹਿਲਾ ਤਨਕੀਦੀ ਲੇਖ 'ਦੋਹਰੇ ਜੀਵਨ ਦਾ ਨਾਵਲਕਾਰ' ਲਿਖਿਆ ਜੋ, 1969 ਵਿਚ, 'ਹੋਮ ਜਿਉਤੀ' ਲੁਧਿਆਣਾ ਵਿਚ ਪ੍ਰਕਾਸ਼ਿਤ ਹੋਇਆ। ਇੰਜ ਪੰਜਾਬੀ ਸਾਹਿਤ ਦੇ ਖੇਤਰ ਵਿਚ ਮੇਰੀ ਜਾਣ-ਪਹਿਚਾਣ ਵਧੇਰੇ ਹੋ ਗਈ। ਕਿਸੇ ਥਾਂ 'ਤੇ ਮੈਂ ਲਿਖਿਆ ਹੈ ਕਿ ਫ਼ਰੀਦਕੋਟ ਵਿਚ ਕੱਟੇ ਛੇ ਸਾਲਾਂ ਵਿਚ ਮੇਰੀ ਸਭ ਤੋਂ ਵੱਡੀ ਪ੍ਰਾਪਤੀ ਪ੍ਰੋ. ਕਰਮਜੀਤ ਸਿੰਘ ਨਾਲ ਮੇਰੀ ਦੋਸਤੀ ਸੀ। ਅਸਾਂ ਦੋਹਾਂ ਨੇ, ਪ੍ਰੋ. ਕਿਰਪਾਲ ਸਿੰਘ ਕੋਮਲ ਅਤੇ ਸ਼੍ਰੀਕਾਂਤ ਨਾਲ ਰੱਲ ਕੇ ਪੰਜਾਬੀ ਤਿਮਾਹੀ 'ਸੁਚੇਤਨਾ' ਜਾਰੀ ਕੀਤਾ, ਜੋ ਨਿਰਾ ਤਨਕੀਦ ਬਾਰੇ ਸੀ। ਇਸ ਪਰਚੇ ਲਈ ਮੈਂ ਦੋ ਲੇਖ ਲਿਖੇ 'ਪਰੰਪਰਾਗਤ ਨਾਵਲ ਤੋਂ ਚੇਤਨਤਾ ਪ੍ਰਵਾਹ ਨਾਵਲ ਤੱਕ' ਅਤੇ 'ਨਾਵਲ ਦਾ ਰੂਪ ਵਿਧਾਨ ਅਤੇ ਤਕਨੀਕ'। ਇਹਨਾਂ ਲੇਖਾਂ ਨੂੰ ਪਾਠਕਾਂ ਵੱਲੋਂ ਚੰਗਾ ਹੁੰਗਾਰਾ ਮਿਲਿਆ ਅਤੇ ਮੈਂ ਪਰਖ ਪੜਚੋਲ ਕਾਰਜ ਵਿਚ ਵਧੇਰੇ ਖੁਭ ਗਿਆ। ਹੌਲੀ ਹੌਲੀ ਹੋਰ ਤਨਕੀਦੀ ਲੇਖ ਵੀ ਵਜੂਦ ਵਿਚ ਆਏ, ਜਿਨ੍ਹਾਂ ਨੇ 1973 ਵਿਚ ਮੇਰੀ ਪੁਸਤਕ, 'ਪੰਜਾਬੀ ਨਾਵਲ ਦਾ ਆਲੋਚਨਾਤਮਕ ਅਧਿਐਨ' ਦਾ ਰੂਪ ਧਾਰਨ ਕੀਤਾ। ਉਨ੍ਹੀਂ ਦਿਨੀਂ, ਫ਼ਰੀਦਕੋਟ ਵਿਚ ਰਹਿੰਦੇ

Academy of the Punjab in North America: http://www.apnaorg.com

ਹੋਏ, ਮੈਂ ਦੋ ਨਾਵਲ, 'ਹਨੇਰਾ ਹੋਣ ਤੱਕ' ਅਤੇ 'ਇਕ ਹੋਰ ਨਵਾਂ ਸਾਲ' ਲਿਖੇ ਅਤੇ ਅਗਲੇ ਨਾਵਲ 'ਜਦੋਂ ਸਵੇਰ ਹੋਈ' ਦੇ ਪਹਿਲੇ 60 ਸਫ਼ੇ ਅੰਕਿਤ ਕਰ ਲਏ। ਫ਼ਰੀਦਕੋਟ ਵਿਚ ਰਹਿੰਦੇ ਹੋਏ ਉਂਜ ਭਾਵੇਂ ਮੈਂ ਮਾਲੀ ਸੰਕਟ ਦਾ ਸ਼ਿਕਾਰ ਰਿਹਾ, ਲੇਕਿਨ ਸਾਹਿਤ ਦੇ ਪੱਖੋਂ ਮੈਨੂੰ ਏਨੀ ਪ੍ਰਫੁੱਲਤਾ ਪਹਿਲਾਂ ਹੋਰ ਕਿਤੇ ਨਹੀਂ ਸੀ ਮਿਲੀ।

ਕਪੂਰਥਲਾ ਮੇਰੇ ਸਾਹਿਤਕ ਜੀਵਨ ਵਿਚ ਅਹਿਮ ਸਥਾਨ ਰੱਖਦਾ ਹੈ। ਏਥੇ ਰਹਿੰਦੇ ਹੋਏ ਮੇਰਾ ਨਾਵਲ 'ਇਕ ਹੋਰ ਨਵਾਂ ਸਾਲ' ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਦੀ ਪ੍ਰੀਖਿਆ ਲਈ ਮਿਥਿਆ ਗਿਆ। ਇੰਜ ਇਹ ਨਾਵਲ ਤਿੰਨ ਕੁ ਲੱਖ ਦੀ ਗਿਣਤੀ ਵਿਚ ਛੱਪਿਆ ਅਤੇ 1975 ਤੋਂ 1982 ਤੱਕ ਲੱਗਾ ਰਿਹਾ। ਸ਼ੁਰੂ ਸ਼ੁਰੂ ਵਿਚ ਕੁਝ ਉਸਤਾਦਾਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਅਧਿਕਾਰੀਆਂ ਅੱਗੇ ਸ਼ਿਕਾਇਤ ਕੀਤੀ ਕਿ ਇਹ ਕਿਸ ਕਿਸਮ ਦਾ ਨਾਵਲ ਲਗਾ ਦਿੱਤਾ ਹੈ, ਜਿਸ ਵਿਚ ਨਾ ਕੋਈ ਕਹਾਣੀ ਹੈ ਅਤੇ ਨਾ ਹੀ ਪਰੰਪਰਾਗਤ ਢੰਗ ਦਾ ਪਾਤਰ ਚਿਤਰਨ ਕੀਤਾ ਗਿਆ ਹੈ। ਡਾ. ਗੁਰਚਰਨ ਸਿੰਘ, ਜੋ ਉਦੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਾਈਸ ਚੇਅਰਮੈਨ ਹੁੰਦੇ ਸਨ, ਕਹਿਣ ਲੱਗੇ 'ਕੋਈ ਗੱਲ ਨਹੀਂ, ਇਕ ਸਾਲ ਤਾਂ ਪੜ੍ਹਾਓ, ਫੇਰ ਬਦਲ ਦਿਆਂਗੇ।' ਸੱਤਾਂ ਅੱਠਾਂ ਸਾਲਾਂ ਬਾਅਦ ਜਦੋਂ ਇਹ ਨਾਵਲ ਹਟਾ ਦਿੱਤਾ ਗਿਆ ਤਾਂ ਕਈਆਂ ਨੇ ਗਿਲਾ ਕੀਤਾ, "ਐਨਾ ਚੰਗਾ ਨਾਵਲ ਕਿਉਂ ਬਦਲ ਦਿੱਤਾ, ਲੱਗਾ ਰਹਿਣ ਦੇਣਾ ਸੀ।' ਚਲੋ, ਉਥੋਂ ਤਾਂ ਇਹ ਹਟ ਗਿਆ ਪਰ ਦਿੱਲੀ ਵਿਚ ਬੀ.ਏ. ਪਾਰਟ ਟੂ ਵਿਚ ਇਕ ਦਹਾਕਾ ਲੱਗਾ ਰਿਹਾ। ਇਹੀ ਗੱਲ 'ਜਦੋਂ ਸਵੇਰ ਹੋਈ' ਨਾਲ ਹੋਈ। ਇਹ ਨਾਵਲ ਨਿਊ ਏਜ ਬੁੱਕ ਸੈਂਟਰ ਅੰਮ੍ਰਿਤਸਰ ਵੱਲੋਂ 1977 ਵਿਚ ਛੱਪਿਆ ਅਤੇ ਅਗਲੇ ਸਾਲ ਇਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਗਿਆਨੀ ਦੀ ਕਲਾਸ ਲਈ ਨਿਰਧਾਰਿਤ ਹੋ ਗਿਆ। ਫੇਰ ਉਥੋਂ ਜਦੋਂ ਹਟਿਆ ਤਾਂ ਇਸੇ ਯੂਨੀਵਰਸਿਟੀ ਨੇ ਇਹਨੂੰ ਐਮ.ਏ. ਪੰਜਾਬੀ ਦੇ ਕੋਰਸ ਦਾ ਭਾਗ ਬਣਾ ਦਿੱਤਾ। ਬਾਅਦ ਵਿਚ ਇਹ ਨਾਵਲ 'ਸਿੰਘ ਬ੍ਰਦਰਜ਼' ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤਾ ਅਤੇ ਬੀ.ਏ. ਭਾਗ ਤੀਜਾ ਦੇ ਲਾਜ਼ਮੀ ਪੰਜਾਬੀ ਪੇਪਰ ਲਈ, ਥੋੜ੍ਹੇ-ਥੋੜ੍ਹੇ ਵਕਫ਼ੇ ਬਾਅਦ, ਦੋ ਵਾਰ ਲੱਗਾ ਰਿਹਾ। ਉਧਰ ਦਿੱਲੀ ਯੂਨੀਵਰਸਿਟੀ ਵਿਚ 'ਇਕ ਹੋਰ ਨਵਾਂ ਸਾਲ' ਜਦੋਂ ਹਟਾਇਆ ਗਿਆ ਤਾਂ ਇਹਦੀ ਥਾਂ' ਤੇ 'ਜਦੋਂ ਸਵੇਰ ਹੋਈ' ਲੱਗ ਗਿਆ, ਇਕ ਦਹਾਕੇ ਲਈ। ਇਸ ਤੋਂ ਇਲਾਵਾ 1979 ਵਿਚ 'ਪੰਜਾਬੀ ਨਾਵਲ ਦਾ ਆਲੋਚਨਾਤਮਕ ਅਧਿਐਨ' ਦਾ ਨਵਾਂ ਸੋਧਿਆ ਹੋਇਆ ਐਡੀਸ਼ਨ 'ਪੰਜਾਬੀ ਰਾਈਟਰਜ਼ ਕੋਆਪ੍ਰੇਟਿਵ ਸੋਸਾਇਟੀ', ਨਵੀਂ ਦਿੱਲੀ ਵੱਲੋਂ 'ਪੰਜਾਬੀ ਨਾਵਲ ਦਾ ਮੁਹਾਂਦਰਾ' ਦੇ ਨਾਂ ਹੇਠ ਪ੍ਰਕਾਸ਼ਿਤ ਕੀਤਾ ਗਿਆ। ਬਾਅਦ ਵਿਚ ਇਹੀ ਪੁਸਤਕ 'ਆਰਸੀ ਪਬਲਿਸ਼ਰਜ਼', ਨਵੀਂ ਦਿੱਲੀ ਨੇ 1995 ਵਿਚ ਪ੍ਰਕਾਸ਼ਿਤ ਕੀਤੀ। ਇੰਜ ਕਪੂਰਥਲਾ ਵਿਚ 1974 ਤੋਂ 1982 ਤੱਕ ਦਾ ਮੇਰਾ ਕਿਆਮ, ਮੇਰੀ ਅਦਬੀ ਜ਼ਿੰਦਗੀ ਲਈ, ਹਰ ਪੱਖ ਤੋਂ ਅਹਿਮ ਰਿਹਾ।

ਨਵਾਬ ਜੱਸਾ ਸਿੰਘ ਆਹਲੂਵਾਲੀਆ (ਐਨ.ਜੇ. ਐਸ.ਏ.) ਸਰਕਾਰੀ ਕਾਲਜ ਕਪੂਰਥਲਾ ਵਿਚ ਮੈਨੂੰ ਪੂਰੀ 'ਜਾਬ ਸੈਟਿਸਫ਼ੈਕਸ਼ਨ' ਮਿਲੀ। ਏਥੇ ਮੈਂ 8 ਸਾਲ ਐਮ.ਏ. ਇੰਗਲਿਸ਼ ਨੂੰ ਪੜ੍ਹਾਉਣ ਦਾ ਤਜਰਬਾ ਹਾਸਿਲ ਕੀਤਾ। ਇਕ ਪੇਪਰ ਯੂਨਾਨੀ ਅਤੇ ਅਤਾਲਵੀ ਸਾਹਿਤ (ਕਲਾਸਿਕਸ ਇਨ ਟ੍ਰਾਂਸਲੇਸ਼ਨ) ਦਾ ਪੜ੍ਹਾਇਆ, ਜਿਸ ਵਿਚ ਹੋਮਰ ਅਤੇ ਵਰਜਿਲ ਦੇ ਮਹਾਂ ਕਾਵਿ ਅਤੇ ਸੋਫ਼ੋਕਲੀਜ, ਯੂਰਿਪੀਡੀਜ਼ ਅਤੇ ਅਰਿਸਟੋਫ਼ਿਨੀਜ਼ ਦੇ ਕਾਵਿ ਨਾਟਕ ਸ਼ਾਮਲ ਹਨ। ਨਤੀਜਾ ਇਹ ਹੋਇਆ ਕਿ 1981 ਵਿਚ ਮੈਂ ਹੋਮਰ ਦੇ ਮਹਾ ਕਾਵਿ 'ਦੀ ਇੱਲੀਅਡ' ਦੇ ਪ੍ਰਭਾਵ ਹੇਠ ਈਸ਼ਵਰ ਚਿੱਤਰਕਾਰ ਦੀ ਜੀਵਨੀ ਤੇ ਆਧਾਰਿਤ ਨਾਵਲ

Academy of the Punjab in North America: http://www.apnaorg.com

'ਜੁਗਾਂ ਤੋਂ ਪਾਰ' ਲਿਖਿਆ। ਉਨ੍ਹੀਂ ਦਿਨੀਂ ਮੈਂ ਅੰਗਰੇਜ਼ੀ ਵਿਚ ਚੋਖੇ ਆਰਟੀਕਲ ਲਿਖੇ, ਜੋ ਅਖ਼ਬਾਰਾਂ ਅਤੇ ਰਿਸਾਲਿਆਂ ਵਿਚ ਛਪਦੇ ਰਹੇ। ਬਾਅਦ ਵਿਚ, ਯਾਨਿ 1980 ਵਿਚ, ਇਹਨਾਂ ਲੇਖਾਂ ਨੂੰ 'ਸਟੱਡੀਜ਼ ਇਨ ਮਾਡਰਨ ਪੰਜਾਬੀ ਲਿਟਰੇਚਰ' ਦੇ ਨਾਂ ਹੇਠ ਪੁਸਤਕ ਰੂਪ ਵਿਚ 'ਅਵਿਸ਼ਕਾਰ ਪ੍ਰਕਾਸ਼ਨ' ਨਵੀਂ ਦਿੱਲੀ ਦਵਾਰਾ ਪ੍ਰਕਾਸ਼ਿਤ ਕੀਤਾ ਗਿਆ। ਬਾਅਦ ਵਿਚ ਅੰਗਰੇਜ਼ੀ ਵਿਚ ਲਿਖੇ ਮੇਰੇ ਹੋਰ ਆਰਟੀਕਲ ਵੀ ਕਿਤਾਬੀ ਸੂਰਤ ਵਿਚ ਆਏ।

ਕਪੂਰਥਲੇ ਤੋਂ 1982 ਵਿਚ ਲੁਧਿਆਣਾ ਆ ਕੇ ਮੈਂ ਬਹੁਤਾ ਕੰਮ ਗੌਰਮਿੰਟ ਕਾਲਿਜ ਤੋਂ ਰਿਟਾਇਰ ਹੋ ਕੇ ਅਤੇ ਇਸ ਤੋਂ ਬਾਅਦ ਖ਼ਾਲਸਾ ਕਾਲਿਜ, ਗੁਰੂਸਰ ਸੁਧਾਰ ਵਿਚ ਪੰਜ ਸਾਲ ਐਮ.ਏ. ਇੰਗਲਿਸ਼ ਦੀਆਂ ਕਲਾਸਾਂ ਪੜ੍ਹਾਉਣ ਤੋਂ ਬਾਅਦ ਹੀ ਕੀਤਾ। ਅੱਜ ਤੋਂ 15 ਕੁ ਸਾਲ ਪਹਿਲਾਂ, 1992 ਵਿਚ, ਮੈਂ ਬਾਰਾਂ ਸਾਲਾਂ ਦੇ ਵਕਫ਼ੇ ਤੋਂ ਬਾਅਦ ਆਪਣਾ ਨੌਵਾਂ ਨਾਵਲ 'ਗਵਾਚੇ ਅਰਥ' ਲਿਖਿਆ ਜੋ 1993 ਵਿਚ 'ਨਾਨਕ ਸਿੰਘ ਪੁਸਤਕਮਾਲਾ', ਅੰਮ੍ਰਿਤਸਰ ਵੱਲੋਂ ਛੱਪਿਆ। ਇਸ ਤੋਂ ਪਹਿਲਾਂ 1981 ਵਿਚ 'ਜੁਗਾਂ ਤੋਂ ਪਾਰ' ਕਪੂਰਥਲਾ ਛੱਡਣ ਤੋਂ ਇਕ ਸਾਲ ਪਹਿਲਾਂ ਪ੍ਰਕਾਸ਼ਿਤ ਹੋ ਚੁੱਕਾ ਸੀ। ਇਸ ਨਾਵਲ ਦੇ ਛਪਣ ਨਾਲ ਇੰਜ ਹੋਇਆ ਜਿਵੇਂ ਦੇਰ ਤੋਂ ਜੰਮੀ ਹੋਈ ਬਰਫ਼ ਪਿਘਲਣੀ ਸ਼ਰੂ ਹੋ ਗਈ ਹੋਵੇ। 'ਗਵਾਚੇ ਅਰਥ' ਨੂੰ ਭਾਸ਼ਾ ਵਿਭਾਗ ਪੰਜਾਬ ਨੇ ਉਸ ਸਾਲ ਦੇ ਸਭ ਤੋਂ ਵਧੀਆ ਨਾਵਲ ਵਜੋਂ 1994 ਵਿਚ 'ਨਾਨਕ ਸਿੰਘ ਗਲਪ ਐਵਾਰਡ' ਦਿੱਤਾ। ਇਸ ਤੋਂ ਪਹਿਲਾਂ 1993 ਵਿਚ ਕਰਤਾਰ ਸਿੰਘ ਧਾਲੀਵਾਲ ਐਵਾਰਡ ਵੀ ਮੈਨੂੰ ਮਿਲ ਚੁੱਕਾ ਸੀ। ਸ੍ਰੋਮਣੀ ਪੰਜਾਬੀ ਸਾਹਿਤਕਾਰ ਵਾਲਾ ਅਵਾਰਡ ਵੀ 1995 ਵਿਚ ਪ੍ਰਾਪਤ ਹੋਇਆ। ਇਸ ਤੋਂ ਬਾਅਦ 1999 ਵਿਚ ਭਾਰਤੀ ਸਾਹਿਤ ਅਕਾਦਮੀ, ਨਵੀਂ ਦਿੱਲੀ ਵੱਲੋਂ ਇਸੇ ਨਾਵਲ ਲਈ ਐਵਾਰਡ ਮਿਲਿਆ। ਇੰਜ ਹੀ 1998-99 ਵਿਚ ਇੰਡੀਅਨ ਇੰਸਟੀਚਿਊਟ ਆਫ਼ ਐਡਵਾਂਸਡ ਸਟੱਡੀ, ਸ਼ਿਮਲਾ ਵਿਚ ਮੈਨੂੰ ਫੈਲੋਸ਼ਿਪ ਪ੍ਰਦਾਨ ਹੋਈ ਅਤੇ ਇਸ ਅਦਾਰੇ ਵੱਲੋਂ ਮੇਰਾ ਮੋਨੋਗਰਾਫ਼ 'ਨੈਰੇਟਿਵ ਮੋਡਜ਼ ਇਨ ਪੰਜਾਬੀ ਨਾਵਲ' 2002 ਵਿਚ ਪ੍ਰਕਾਸ਼ਿਤ ਕੀਤਾ ਗਿਆ। ਸ਼ਿਮਲੇ ਤੋਂ ਆ ਕੇ ਸੰਨ 2000 ਵਿਚ ਮੈਂ ਆਪਣਾ ਹੁਣ ਤੱਕ ਦਾ ਆਖ਼ਰੀ, ਉਂਜ ਦਸਵਾਂ, ਨਾਵਲ 'ਤਲਾਸ਼ ਕੋਈ ਸਦੀਵੀ' ਲਿਖਿਆ, ਜੋ 'ਚੇਤਨਾ ਪ੍ਰਕਾਸ਼ਨ', ਲੁਧਿਆਣਾ ਨੇ ਪ੍ਰਕਾਸ਼ਿਤ ਕੀਤਾ।

ਆਪਣੀਆਂ ਰਚਨਾਵਾਂ ਅਤੇ ਸਾਹਿਤਕ ਸਫ਼ਰ ਬਾਰੇ ਮੈਂ ਆਪਣੀ ਸਾਹਿਤਕ ਆਤਮਕਥਾ 'ਆਈਨੇ ਦੇ ਰੂਬਰੂ' (2003) ਵਿਚ ਬਹੁਤ ਕੁੱਝ ਦੱਸ ਚੁੱਕਾ ਹਾਂ। ਇਹ ਪੁਸਤਕ ਬੜੇ ਇਹਤਮਾਮ ਨਾਲ ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ, ਵੱਲੋਂ ਚੇਤਨਾ ਪ੍ਰਕਾਸ਼ਨ, ਲੁਧਿਆਣਾ ਦਵਾਰਾ ਪ੍ਰਕਾਸ਼ਿਤ ਕੀਤੀ ਗਈ। ਫੇਰ ਵੀ ਹੁਣ ਆਪਣੇ ਸਾਹਿਤਕ ਜੀਵਨ ਬਾਰੇ ਨਵੇਂ ਸਿਰਿਓਂ ਲਿਖਦੇ ਹੋਏ ਮੈਨੂੰ ਅਨੂਠੀ ਤਸੱਲੀ ਦਾ ਆਹਿਸਾਸ ਹੋਇਆ ਹੈ। ਉਂਜ ਕਈ ਵਾਰ ਖ਼ਿਆਲ ਆਉਂਦਾ ਹੈ ਕਿ ਏਨਾ ਤਕੱਲਫ਼ ਕਰਨ ਦੀ ਜ਼ਰੂਰਤ ਹੀ ਕੀ ਹੈ। ਇਹ ਵੀ ਤਾਂ ਅਨਾ ਨੂੰ ਉਭਾਰਨ ਦਾ ਇਕ ਲੁਕਵਾਂ ਜਿਹਾ ਰੂਪ ਹੈ। ਸਾਹਿਤ ਦੇ ਖੇਤਰ ਵਿਚ ਪ੍ਰਵੇਸ਼ ਭਾਵੇਂ ਅਚੇਤ ਹੀ ਹੋ ਜਾਂਦਾ ਹੈ, ਲੇਕਿਨ ਬਾਅਦ ਵਿਚ ਸਾਹਿਤਕਾਰ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਲਈ ਕਈ ਹੀਲੇ ਵਰਤਦਾ ਹੈ। ਚਲੋ, ਕੋਈ ਹਰਜ ਨਹੀਂ, ਇਹ ਕੰਮ ਕਰਨ ਵਿਚ, ਭਾਵੇਂ ਇਹ ਕਾਰਜ 'ਤਿਫ਼ਲ ਤਸੱਲੀ' ਵਾਂਗ ਹੀ ਹੈ। ਕਿਸੇ ਨੇ ਠੀਕ ਹੀ ਕਿਹਾ ਹੈ ਕਿ ਬਹੁਤਾ ਉਚੇਚ ਕਰਨ ਦੀ ਲੋੜ ਨਹੀਂ, ਆਪਣੇ ਨਾਂ ਨੂੰ ਪੱਥਰ ਉਤੇ ਖੁਦਵਾਉਣ ਦੀ, ਕਿਉਂਕਿ ਬਹੁਤਿਆਂ ਦੇ ਨਾਂ ਤਾਂ ਪਹਿਲਾਂ ਹੀ ਪਾਣੀ ਉੱਤੇ ਲਿਖੇ ਜਾ ਚੁੱਕੇ ਹਨ।

■

Academy of the Punjab in North America: http://www.apnaorg.com

ਲੇਖ

ਕੀਮਾ ਮਲਕੀ

ਲੋਕ ਵਿਰਸਾ

ਸੁਖਦੇਵ ਮਾਦਪੁਰੀ

ਸ਼ਾਇਦ ਹੀ ਕੋਈ ਅਜਿਹਾ ਪੰਜਾਬੀ ਹੋਵੇਗਾ ਜਿਸ ਨੇ "ਗੜ੍ਹ ਮੁਗਲਾਣੇ ਦੀਆਂ ਨਾਰਾਂ ਪੀਂਘਾਂ ਝੂਟਦੀਆਂ" ਵਾਲਾ ਰਿਕਾਰਡ ਸੁਣ ਕੇ ਆਨੰਦ ਨਾ ਮਾਣਿਆ ਹੋਵੇ। ਦੋ-ਤਿੰਨ ਦਹਾਕੇ ਪਹਿਲਾਂ ਪੰਜਾਬ ਦੇ ਪਿੰਡਾਂ ਵਿਚ ਮੰਗਣੇ-ਵਿਆਹ ਜਾਂ ਕਿਸੇ ਹੋਰ ਖੁਸ਼ੀ ਦੇ ਅਵਸਰ ਤੇ ਕੋਠਿਆਂ ਦੀਆਂ ਛੱਤਾਂ ਉੱਤੇ ਲਾਊਡ-ਸਪੀਕਰ ਲਾ ਕੇ ਰਿਕਾਰਡ ਸੁਣਨ ਦਾ ਆਮ ਰਿਵਾਜ਼ ਸੀ। ਕਈ ਕਈ ਦਿਨ ਮਸ਼ੀਨੀ ਤਵਿਆਂ ਨੇ ਰੌਣਕਾਂ ਲਾਈ ਰੱਖਣੀਆਂ। ਜਦੋਂ "ਗੜ੍ਹ ਮੁਗਲਾਣੇ ਦੀਆਂ ਨਾਰਾਂ ਪੀਂਘਾਂ ਝੂਟਦੀਆਂ" ਵਾਲਾ ਰਿਕਾਰਡ ਵੱਜਣਾ ਤਾਂ ਕੀਮਾ-ਮਲਕੀ ਦੀ ਮੁਹੱਬਤ ਨੇ ਸਰੋਤਿਆਂ ਦੇ ਦਿਲਾਂ ਵਿਚ ਅਨੂਠੀਆਂ ਤਰਬਾਂ ਛੇੜ ਦੇਣੀਆਂ ਅਤੇ ਵਫ਼ਾ ਦੀ ਸ਼ਾਖਸਾਤ ਮੂਰਤ ਸਿਦਕਵਾਨ ਮਲਕੀ ਦੇ ਹੁਸ਼ਨਾਕ ਚਿਹਰੇ ਨੇ ਮਨ ਦੀਆਂ ਅੱਖਾਂ ਅੱਗੋਂ ਆ ਸਾਕਾਰ ਰੂਪ ਧਾਰਨਾ।

ਮਲਕੀ ਸਿੰਧ ਦੇ ਇਲਾਕੇ ਦੇ ਪਿੰਡ ਗੜ੍ਹ ਮੁਗਲਾਣੇ ਦੇ ਖਾਂਦੇ ਪੀਂਦੇ ਵੜੈਚ ਜੱਟ ਰਾਏ ਮੁਬਾਰਕ ਅਲੀ ਦੀ ਲਾਡਲੀ ਧੀ ਸੀ। ਉਸ ਦਾ ਬਾਪ ਪਿੰਡ ਦਾ ਚੌਧਰੀ ਤੇ ਲੰਬਰਦਾਰ ਸੀ ਅਤੇ ਉਹਦਾ ਚਾਚਾ ਦਰੀਆ ਅਕਬਰ ਬਾਦਸ਼ਾਹ ਦੇ ਰਾਜ ਦਰਬਾਰ ਵਿਚ ਸੂਬੇਦਾਰ ਸੀ। ਰਾਏ ਮੁਬਾਰਕ ਦੇ ਦੋ ਗੇਲੀਆਂ ਵਰਗੇ ਪੁੱਤਰ ਸਨ ਅਖ਼ਤੂ ਤੇ ਬਖ਼ਤੂ। ਸਰਕਾਰੇ ਦਰਬਾਰੇ ਚੌਧਰੀ ਦੀ ਚੰਗੀ ਪੁੱਛ ਪਰਤੀਤ ਹੋਣ ਕਰਕੇ ਉਹਨਾਂ ਦਾ ਇਲਾਕੇ ਵਿਚ ਚੰਗਾ ਦਬਦਬਾ ਸੀ। ਘਰ ਵਿਚ ਕਿਸੇ ਕਿਸਮ ਦੀ ਤੋਟ ਨਹੀਂ ਸੀ, ਚਾਰੇ ਬੰਨੇ ਸੱਤੇ ਖੈਰਾਂ ਸਨ। ਦੋਨੋਂ ਪੁੱਤਰ ਵਿਆਹੇ ਹੋਏ ਸਨ- ਮਲਕੀ ਦੀ ਮਾਂ ਜਮਾਲੋ ਪਰਿਵਾਰਕ ਸੁੱਖ ਭੋਗ ਰਹੀ ਸੀ। ਉਸ ਨੂੰ ਕੇਵਲ ਇਕ ਗੱਲ ਦੀ ਚਿੰਤਾ ਸੀ - ਕੌੜੀ ਵੇਲ ਵਾਂਗ ਵੱਧ ਰਹੀ ਮਲਕੀ ਲਈ ਵਰ ਲੱਭਣ ਦੀ। ਮਲਕੀ ਤੇ ਆਏ ਦਿਨ ਲੋਹੜੇ

Academy of the Punjab in North America: http://www.apnaorg.com

ਦਾ ਰੂਪ ਚੜ੍ਹ ਰਿਹਾ ਸੀ ਤੇ ਉਸ ਦੇ ਹੁਸਨ ਦੀ ਚਰਚਾ ਸੱਥਾਂ ਵਿਚ ਹੋ ਰਹੀ ਸੀ।

ਜਮਾਲੋ ਮਲਕੀ ਦੇ ਹੁਸਨ ਨੂੰ ਵੇਖ ਵੇਖ ਆਪਣੇ ਆਪ ਤੇ ਮਾਣ ਮਹਿਸੂਸ ਕਰ ਰਹੀ ਸੀ ਜਿਸ ਨੇ ਅਜਿਹੀ ਖੂਬਸੂਰਤ ਧੀ ਨੂੰ ਜਨਮ ਦਿੱਤਾ ਸੀ। ਪਰੰਤੂ ਏਹੀ ਹੁਸਨ ਜਮਾਲੋ ਲਈ ਚਿੰਤਾ ਦਾ ਖੋਹ ਵੀ ਬਣਿਆ ਹੋਇਆ ਸੀ। ਇਕ ਉਹਦਾ ਬਾਪ ਸੀ ਜਿਹੜਾ ਸਭ ਕਾਸੇ ਤੋਂ ਬੇਨਿਆਜ਼ ਹੋ ਕੇ ਬੇਫ਼ਿਕਰ ਜਿੰਦਗੀ ਬਤੀਤ ਕਰ ਰਿਹਾ ਸੀ। ਉਹਦੀ ਧੀ ਜਵਾਨੀ ਦੀਆਂ ਬਰੂਹਾਂ ਤੇ ਆਣ ਖਲੋਤੀ ਸੀ ਜਿਸ ਦੀ ਉਹਨੂੰ ਕੋਈ ਚਿੰਤਾ ਨਹੀਂ ਸੀ।

ਰਾਏ ਮੁਬਾਰਕ ਅਵੈੜੇ ਸੁਭਾਹ ਦਾ ਮਾਲਕ ਸੀ ਜਿਸ ਕਰਕੇ ਜਮਾਲੋ ਉਹਦੇ ਨਾਲ ਮਲਕੀ ਬਾਰੇ ਕੋਈ ਗੱਲ ਕਰਨੋਂ ਝਿਜਕਦੀ ਸੀ। ਆਖਰ ਇਕ ਦਿਨ ਹਿੰਮਤ ਕੱਠੀ ਕਰਦਿਆਂ ਜਮਾਲੋ ਨੇ ਚੌਧਰੀ ਨੂੰ ਆਖਿਆ, "ਮਖ਼ਿਆ ਮਲਕੀ ਦੇ ਅੱਬਾ... ਤੂੰ ਕਿਉਂ ਅੱਖਾਂ ਮੁੰਦੀਂ ਫ਼ਿਰਦੈਂ... ਤੇਰੇ ਬੂਹੇ ਤੇ ਕੋਠੇ ਜਿੱਡੀ ਧੀ ਬੈਠੀ ਐ ਉਹਨੂੰ ਵਿਆਹੁਣ ਦਾ ਕੋਈ ਸੁਬ ਬੰਨ੍ਹ ਕਰ।"

ਰਾਏ ਮੁਬਾਰਕ ਸੱਚ-ਮੁੱਚ ਹੀ ਮਲਕੀ ਵਲੋਂ ਅਵੇਸਲਾ ਹੋਇਆ ਬੈਠਾ ਸੀ। ਉਹਦੇ ਲਈ ਤਾਂ ਉਹ ਅਜੇ ਵੀ ਗੁੱਡੀਆਂ ਪਟੋਲਿਆਂ ਨਾਲ ਖੇਡਣ ਵਾਲੀ ਬੱਚੀ ਸੀ।

"ਭਾਗਵਾਨੇ ਤੂੰ ਕਾਹਨੂੰ ਆਪਣਾ ਲਹੂ ਸਾੜਦੀ ਐਂ। ਮਲਕੀ ਦਾ ਚਾਚਾ ਦਰੀਆ ਹੈਗਾ। ਆਪੇ ਕੋਈ ਇਹਦੇ ਹਾਣ ਪਰਵਾਣ ਦਾ ਵਰ ਲੱਭ ਦੇਊਗਾ... ਭਲਕੇ ਚਿੱਠੀ ਲਿਖਦਾ ਆਂ ਉਹਨੂੰ।" ਅਗਲੀ ਭਲਕ ਰਾਏ ਮੁਬਾਰਕ ਨੇ ਆਪਣੇ ਛੋਟੇ ਵੀਰ ਦਰੀਏ ਨੂੰ ਚਿੱਠੀ ਲਿਖ ਭੇਜੀ।

ਵੱਡੇ ਭਰਾ ਦੀ ਚਿੱਠੀ ਮਿਲਦੇ ਹੀ ਦਰੀਏ ਨੂੰ ਖ਼ੁਸ਼ੀਆਂ ਚੜ੍ਹ ਗਈਆਂ। ਰਾਜ ਦਰਬਾਰ ਦੀ ਨੌਕਰੀ ਕਰਦਿਆਂ ਉਹਦੇ ਅੰਦਰ ਖ਼ੁਦਗਰਜ਼ੀ ਦੇ ਅੰਸ਼ ਪ੍ਰਵੇਸ਼ ਕਰ ਚੁੱਕੇ ਸਨ। ਉਹ ਆਪਣੇ ਨਿਜੀ ਹਿੱਤਾਂ ਲਈ ਕੁਝ ਵੀ ਕਰ ਸਕਦਾ ਸੀ। ਪਰੀਆਂ ਵਰਗੀ ਉਹਦੀ ਹੁਸੀਨ ਭਤੀਜੀ ਮਲਕੀ ਉਹਦੇ ਲਈ ਇਕ ਅਜਿਹੀ ਗਿੱਦੜ-ਸਿੰਗੀ ਸਾਬਤ ਹੋ ਸਕਦੀ ਸੀ ਜਿਸ ਦੁਆਰਾ ਉਹ ਅਕਬਰ ਬਾਦਸ਼ਾਹ ਦੇ ਦਰਬਾਰ ਵਿਚ ਉੱਚ ਪਦਵੀ ਪ੍ਰਾਪਤ ਕਰ ਸਕਦਾ ਸੀ। ਹੁਸਨ-ਪ੍ਰੱਸਤ ਅਕਬਰ ਕੱਚੀਆਂ ਕੈਲਾਂ ਦਾ ਰਸੀਆ ਸੀ। ਦਰੀਏ ਨੇ ਆਪਣੇ ਨਿਜੀ ਹਿਤਾਂ ਨੂੰ ਮੁਖ ਰਖਦਿਆਂ ਮਲੂਕੜੀ ਮਲਕੀ ਰਾਹੀਂ ਉਸ ਦੀ ਏਸ ਕਮਜ਼ੋਰੀ ਦਾ ਲਾਭ ਉਠਾਉਣ ਦਾ ਮਨ ਬਣਾ ਲਿਆ।

ਆਥਣ ਪਸਰ ਰਹੀ ਸੀ ਜਦੋਂ ਦਰੀਆ ਗੜ੍ਹ ਮੁਗਲਾਣੇ ਪੁੱਜਾ। ਉਹਨੂੰ ਵੇਖ ਕੇ ਉਹਦੇ ਵੱਡੇ ਭਰਾ ਰਾਏ ਮੁਬਾਰਕ ਅਤੇ ਦੋਹਾਂ ਭਤੀਜਿਆਂ ਨੂੰ ਖੁਸ਼ੀਆਂ ਚੜ੍ਹ ਗਈਆਂ। ਆਂਢੀ ਗੁਆਂਢੀ ਉਹਦੀ ਖ਼ਬਰ ਸਾਰ ਲੈਣ ਆਏ। ਘਰ ਦੀਆਂ ਜ਼ਨਾਨੀਆਂ ਰੋਟੀ-ਟੁੱਕ ਦੇ ਆਹਰ ਵਿਚ ਰੁੱਝ ਗਈਆਂ। ਮੁਰਗ ਮੁੱਸਲਮ ਭੁੰਨੇ ਗਏ। ਦਰੀਏ ਅਤੇ ਮੁਬਾਰਕ ਨੇ ਬੋਤਲਾਂ ਦੇ ਡੱਟ ਖੋਹਲ ਲਏ। ਉਹਦੇ ਭਤੀਜੇ ਉਹਦੀ ਖਾਤਰਦਾਰੀ ਵਿਚ ਪੇਸ਼ ਸਨ। ਭਾਬੀ ਜਮਾਲੋ ਦਾ ਚਾਅ ਝੱਲਿਆ ਨਹੀਂ ਸੀ ਜਾਂਦਾ ਜੋ ਆਨੀ ਬਹਾਨੀਂ ਦੋਹਾਂ ਭਰਾਵਾਂ ਦੀ ਗਲਬਾਤ ਸੁਣਨ ਦਾ ਯਤਨ ਕਰ ਰਹੀ ਸੀ। ਮਲਕੀ ਕਿਧਰੇ ਵੀ ਨਜ਼ਰ ਨਹੀਂ ਸੀ ਆ ਰਹੀ। ਘਰ 'ਚ ਆਪਣੀਆਂ ਭਾਬੀਆਂ ਵਿਚਕਾਰ ਬੈਠੀ ਆਪਣੇ ਭਵਿਖ ਦੇ ਹਮਸਫ਼ਰ ਦੀ ਨੁਹਾਰ ਚਿਤਵ ਰਹੀ ਸੀ। ਉਹਨੂੰ ਏਸ ਗੱਲ ਦੀ ਭਿਣਕ ਪੈ ਗਈ ਸੀ ਕਿ ਉਸ ਦਾ ਚਾਚਾ ਦਰੀਆ ਉਹਦੇ ਰਿਸ਼ਤੇ ਬਾਰੇ ਗੱਲ ਕਰਨ ਆਇਆ ਹੈ।

ਅੰਨ ਪਾਣੀ ਛਕਣ-ਛਕਾਉਣ ਮਗਰੋਂ ਜ਼ਨਾਨੀਆਂ ਆਪਣੇ ਕਮਰਿਆਂ 'ਚ ਚਲੀਆਂ ਗਈਆਂ। ਦਰੀਆ ਤੇ ਮੁਬਾਰਕ ਮੰਜੀਆਂ ਤੇ ਲੰਮੇ ਪੈ ਗਏ। ਦਰੀਆ ਅਪਣੇ ਦਿਲ ਦੀ ਗੱਲ ਕਰਨ ਲਈ ਉਤਾਵਲਾ ਸੀ। ਆਖਰ ਉਹਨੇ ਗੱਲ ਤੋਰੀ - "ਬੜੇ ਭਾਈ ਜਾਗਦੈਂ? ਗੱਲ ਮੂੰਹੋਂ ਕਢੱਣੀ ਬੜੀ ਔਖੀ ਐ..... ਚੰਗੇ ਰਿਸ਼ਤੇਦਾਰ ਲੱਭਣੇ ਵੀ ਤਾਂ ਖ਼ਾਲਾਜੀ ਦਾ ਵਾੜਾ ਨੇ.....

Academy of the Punjab in North America: http://www.apnaorg.com

ਬਾਰ ਬਾਰ ਤਾਂ ਰਿਸ਼ਤੇ ਲੱਭਣੇ ਨੀ..... ਚੰਗੇ ਪਰਿਵਾਰ ਨਾਲ਼ ਹੱਥ ਜੁੜ ਜਾਣ ਤਾਂ ਧੀ ਵੀ ਸੁਖਾਲੀ ਤੇ ਮਾਪੇ ਵੀ ਸੁਖਾਲੇ। ਬੜੇ ਭਾਈ ਜੇ ਮੇਰੀ ਗੱਲ ਮੰਨੇ ਆਪਾਂ ਆਪਣੀ ਮਲਕੀ ਦਾ ਰਿਸ਼ਤਾ ਬਾਦਸ਼ਾਹ ਅਕਬਰ ਨਾਲ਼ ਕਰ ਦਿੰਨੇ ਆਂ। ਉਹ ਮੇਰੇ ਤੋਂ ਬਾਹਰ ਨੀ..... ਐਡੇ ਵੱਡੇ ਸਾਕ ਨਾਲ਼ ਸਿਰ ਜੋੜਨ ਨਾਲ਼ ਸਾਡੇ ਖ਼ਾਨਦਾਨ ਨੂੰ ਬਹੁਤ ਫ਼ਾਇਦੈ। ਨਾਲ਼ੇ ਮਲਕੀ ਰਾਜ ਕਰੂਗੀ, ਗੋਲੀਆਂ ਤੇ ਹੁਕਮ ਚਲਾਊਗੀ ਨਾਲ਼ੇ ਆਪਾਂ ਸਰਦਾਰੀਆਂ ਭੋਗਾਂਗੇ।"

ਰਾਏ ਮੁਬਾਰਕ ਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਦਰੀਆ ਐਡੀ ਵੱਡੀ ਗੱਲ ਆਖ ਦੇਵੇਗਾ। ਉਹ ਇਕ ਦਮ ਅੱਗ ਦੇ ਭਬੂਕੇ ਵਾਂਗ ਉਠ ਕੇ ਬੈਠ ਗਿਆ ਤੇ ਆਪਣੇ ਆਪ ਨੂੰ ਮਸੀਂ ਕਾਬੂ ਕਰਦਿਆਂ ਬੋਲਿਆ, "ਛੋਟੇ ਵੀਰ ਤੂੰ ਇਹ ਗੱਲ ਕਿਵੇਂ ਸੋਚ ਲਈ? ਮੈਂ ਆਪਣੀ ਮਲੂਕ ਜਹੀ, ਗੁੱਡੀਆਂ ਪਟੋਲਿਆਂ ਨਾਲ਼ ਖੇਡਣ ਵਾਲੀ ਧੀ ਨੂੰ ਬੁੱਢੇ ਖੋਸੜ ਅਕਬਰ ਦੇ ਲੜ ਕਿਵੇਂ ਲਾ ਦਿਆਂ..... ਇਹਦੇ ਨਾਲ਼ੋਂ ਤਾਂ ਉਹਨੂੰ ਕਿਸੇ ਖੁਹ-ਖਾਤੇ 'ਚ ਧੱਕਾ ਦੇਣਾ ਬਿਹਤਰ ਐ..... ਲੱਖ ਲਾਅਣਤ ਐ ਤੇਰੀ ਕਮੀਨੀ ਸੋਚ ਤੇ..... ਤੂੰ ਐਨਾ ਨਿੱਘਰ ਜਾਵੇਂਗਾ ਮੈਂ ਤਾਂ ਸੋਚ ਵੀ ਨਹੀਂ ਸੀ ਸਕਦਾ.. ਐਡਾ ਸੁਆਰਥੀ! ਜਿਹੜਾ ਆਪਣੀ ਭਤੀਜੀ ਦੀ ਬਲੀ ਦੇ ਕੇ ਸਰਦਾਰੀਆਂ ਭਾਲਦੈ..... ਦੁਰਫਿੱਟੇ ਮੂੰਹ ਤੇਰੇ..... ਮੈਂ ਤਾਂ ਐਦਾਂ ਦੀ ਨਵਾਬੀ ਤੇ ਧਾਰ ਨੀ ਮਾਰਦਾ....."

ਦਰੀਆ ਮੁਬਾਰਕ ਦੇ ਕੱਬੇ ਸੁਭਾਅ ਤੋਂ ਵਾਕਿਫ਼ ਸੀ। ਉਹਨੇ ਚੁੱਪ ਰਹਿਣਾ ਹੀ ਠੀਕ ਸਮਝਿਆ। ਦੋਨੋਂ ਸਾਰੀ ਰਾਤ ਆਪਣੀਆਂ-ਆਪਣੀਆਂ ਮੰਜੀਆਂ ਤੇ ਪਏ ਉਸਲਵੱਟੇ ਭੰਨਦੇ ਰਹੇ।

ਦਰੀਏ ਦੇ ਸਾਰੇ ਮਨਸੂਬੇ ਧਰੇ-ਧਰਾਏ ਰਹਿ ਗਏ। ਉਹਨੂੰ ਇਸ ਗੱਲ ਦਾ ਰੋਸ ਸੀ ਕਿ ਉਹਦੇ ਵੱਡੇ ਭਰਾ ਨੇ ਉਸ ਦੀ ਗੱਲ ਨਹੀਂ ਸੀ ਮੰਨੀ। ਬਦਲੇ ਦੀ ਭਾਵਨਾ ਉਹਦੇ ਮਨ ਅੰਦਰ ਪ੍ਰਵੇਸ਼ ਕਰ ਚੁੱਕੀ ਸੀ। ਉਹਨੂੰ ਰਾਜ ਦਰਬਾਰ ਦਾ ਨਸ਼ਾ ਸੀ। ਉਹਨੇ ਆਪਣੇ ਮਨ ਵਿਚ ਕਿਹਾ, "ਵੇਖਾਂਗਾ ਕਿਹੜਾ ਨਾਢੂ ਖਾਂ ਮਲਕੀ ਨੂੰ ਵਿਆਹ ਕੇ ਲਜਾਊਗਾ।"

ਉਹ ਅਗਲੀ ਸਵੇਰ ਬਿਨਾਂ ਕੁਝ ਖਾਧੇ ਪੀਤੇ ਗੁੱਸੇ ਨਾਲ਼ ਭਰਿਆ-ਪੀਤਾ ਦਿੱਲੀ ਨੂੰ ਰਵਾਨਾ ਹੋ ਗਿਆ।

ਦਰੀਏ ਦੇ ਵਤੀਰੇ ਨੇ ਰਾਏ ਮੁਬਾਰਕ ਦੇ ਪਰਿਵਾਰ ਵਿਚ ਸੋਗੀ ਵਾਤਾਵਰਣ ਪੈਦਾ ਕਰ ਦਿੱਤਾ। ਮੁਬਾਰਕ ਨੇ ਦਰੀਏ ਨਾਲ਼ ਹੋਈ ਬੀਤੀ ਸਾਰੀ ਗਲਬਾਤ ਆਪਣੇ ਪਰਿਵਾਰ ਨਾਲ਼ ਬੜੀ ਗੰਭੀਰਤਾ ਨਾਲ਼ ਵਿਚਾਰੀ। ਸਾਰਾ ਪਰਿਵਾਰ ਉਸ ਵਲੋਂ ਲਏ ਦ੍ਰਿੜਤਾ ਭਰੇ ਫ਼ੈਸਲੇ ਨਾਲ਼ ਸੌ ਫ਼ੀਸਦੀ ਸਹਿਮਤ ਸੀ। ਮਲਕੀ ਆਪਣੇ ਮਨ ਵਿਚ ਖੁਸ਼ੀਆਂ ਦੇ ਲੱਡੂ ਭੋਰਦੀ ਹੋਈ ਆਪਣੇ ਬਾਪ ਦੇ ਬਲਿਹਾਰੇ ਜਾ ਰਹੀ ਸੀ ਜਿਸ ਨੇ ਉਸ ਨੂੰ ਬੁੱਢੇ ਬਾਦਸ਼ਾਹ ਦੇ ਹਰਮ ਵਿਚ ਜਾਣੋਂ ਬਚਾ ਲਿਆ ਸੀ।

ਜਮਾਲੋ ਬੜੀ ਗੰਭੀਰਤਾ ਨਾਲ਼ ਮਲਕੀ ਦਾ ਵਿਆਹ ਛੇਤੀ ਕਰਨ ਬਾਰੇ ਆਖ ਰਹੀ ਸੀ - "ਬਾਦਸ਼ਾਹ ਦਾ ਕੀ ਐ ਮਤੇ ਦਰੀਏ ਦੇ ਕਹੇ ਤੇ ਮਲਕੀ ਨੂੰ ਜ਼ੋਰੀਂ ਪਰਨਾ ਕੇ ਲੈ ਜਾਵੇ।"

ਜਮਾਲੋ ਦੀ ਵੱਡੀ ਭੈਣ ਲਾਲੋ ਤਖ਼ਤ ਹਜ਼ਾਰੇ ਦੇ ਚੌਧਰੀ ਮੋਜੂ ਦੇ ਵੱਡੇ ਪੁੱਤਰ ਜਾਨੀ ਚੌਧਰੀ ਨਾਲ਼ ਵਿਆਹੀ ਹੋਈ ਸੀ। ਲਾਲੋ ਦੇ ਪਹਿਲੇ ਜਣੇਪੇ ਸਮੇਂ ਜਦੋਂ ਕੀਮੇ ਦਾ ਜਨਮ ਹੋਇਆ ਸੀ ਜਮਾਲੋ ਤਖ਼ਤ ਹਜ਼ਾਰੇ ਆਈ ਹੋਈ ਸੀ। ਮੁੰਡੇ ਦੇ ਮਸਤਕ ਨੂੰ ਵੇਖ ਜਮਾਲੋ ਨੇ ਆਪਣੇ ਮਨ ਨਾਲ਼ ਫ਼ੈਸਲਾ ਕਰ ਲਿਆ ਸੀ ਕਿ ਜੇ ਉਸਦੇ ਘਰ ਧੀ ਜਨਮੀ ਅਤੇ ਜੇਕਰ ਸੱਚੇ ਰਸੂਲ ਨੇ ਚਾਹਿਆ ਤਾਂ ਉਹ ਆਪਣੀ ਧੀ ਦਾ ਲੜ ਆਪਣੀ ਭੈਣ ਨੂੰ ਫ਼ੜਾ ਕੇ ਦੋਹਾਂ ਪਰਿਵਾਰਾਂ ਨੂੰ ਪੱਕੇ ਤੌਰ ਤੇ ਕੱਠਿਆਂ ਕਰ ਦੇਵੇਗੀ। ਉਦੋਂ ਉਹ ਹਾਮਲਾ ਸੀ ਤੇ ਦਿਨ ਪਾ ਕੇ ਮਲਕੀ ਨੇ ਜਨਮ ਲਿਆ ਸੀ। ਉਹਨੇ ਆਪਣੇ ਮਨ ਦੀ ਗੱਲ ਕਿਸੇ ਹੋਰ ਨਾਲ਼ ਸਾਂਝੀ ਨਹੀਂ ਸੀ

Academy of the Punjab in North America: http://www.apnaorg.com

ਕੀਤੀ। ਜਮਾਲੋ ਨੇ ਮਹਿਸੂਸ ਕੀਤਾ ਕਿ ਆਪਣੇ ਮਨ ਦੀ ਭਾਵਨਾ ਨੂੰ ਪੂਰੀ ਕਰਨ ਦਾ ਸਹੀ ਮੌਕਾ ਆ ਗਿਆ ਹੈ। ਉਹਨੇ ਸੋਚਿਆ ਕਿਉਂ ਨਾ ਹੁਣ ਉਹ ਮਲਕੀ ਦਾ ਰਿਸ਼ਤਾ ਕੀਮੇ ਨਾਲ਼ ਕਰਨ ਦੀ ਸਲਾਹ ਰਾਏ ਮੁਬਾਰਕ ਨੂੰ ਦੇਵੇ। ਉਹਨੇ ਰਾਏ ਮੁਬਾਰਕ ਨਾਲ਼ ਗੱਲ ਤੋਰੀ। ਉਹ ਪਹਿਲਾਂ ਹੀ ਤਖ਼ਤ ਹਜ਼ਾਰੇ ਦੇ ਚੌਧਰੀ ਮੌਜੂ ਦੇ ਪਰਿਵਾਰ ਤੋਂ ਜਾਣੂੰ ਸੀ। ਉਹ ਬਖਤਾਵਰਾਂ ਦਾ ਪਰਿਵਾਰ ਸੀ। ਦੋਨੋਂ ਪਰਿਵਾਰ ਮਿਲਕੇ ਜਿਹਲਮ ਤੋਂ ਸਿੰਧ ਤੱਕ ਸਰਦਾਰੀਆਂ ਕਰਨਗੇ। ਇਕੱਠੇ ਸ਼ਿਕਾਰ ਖੇਡਣਗੇ। ਕਿਹੜਾ ਉਹਨਾਂ ਅੱਗੇ ਕੁਸਕੇਗਾ।

ਕੀਮਾ ਮਲਕੀ ਦੇ ਹਾਣ ਦਾ ਛੈਲ ਛਬੀਲਾ ਗੱਭਰੂ ਸੀ। ਦੋਹਾਂ ਪਰਿਵਾਰਾਂ ਨੇ ਸਿਰ ਮੱਥੇ ਇਹ ਰਿਸ਼ਤੇ ਪਰਵਾਨ ਕਰ ਲਏ ਤੇ ਦੋਹਾਂ ਦਾ ਨਿਕਾਹ ਪੜ੍ਹਾ ਦਿੱਤਾ।

ਕੀਮਾ ਮੁਕਾਲਾਵਾ ਲੈਣ ਲਈ ਘੋੜੇ ਤੇ ਅਸਵਾਰ ਹੋ ਕੇ ਗੜ੍ਹ ਮੁਗਲਾਣੇ ਪੁੱਜ ਗਿਆ। ਉਹਦਾ ਸ਼ਗਨਾਂ ਨਾਲ਼ ਸੁਆਗਤ ਕੀਤਾ ਗਿਆ।

ਕੀਮੇ ਨੂੰ ਕੀ ਪਤਾ ਸੀ ਕਿ ਹੋਣੀ ਉਹਦੇ ਲਈ ਖੁਸ਼ੀਆ ਦੀ ਥਾਂ ਗ਼ਮੀਆਂ ਲਈ ਖੜੋਤੀ ਹੈ। ਰਾਏ ਮੁਬਾਰਕ ਨੇ ਰਿਸ਼ਤੇਦਾਰਾਂ ਦੇ ਕਹਿਣ ਤੇ ਆਪਣੇ ਛੋਟੇ ਭਰਾ ਦਰੀਏ ਨੂੰ ਮਲਕੀ ਦੇ ਮੁਕਲਾਵੇ ਦੇ ਸਮਾਗਮ 'ਚ ਸ਼ਾਮਲ ਹੋਣ ਲਈ ਸੱਦਾ ਭੇਜ ਦਿੱਤਾ ਸੀ। ਉਹ ਇਹ ਨਹੀਂ ਸੀ ਜਾਣਦਾ ਕਿ ਦਰੀਆ ਅੱਗ ਦੀ ਨਾਲ਼ ਬਣਿਆ ਅਜੇ ਤਕ ਠੰਢਾ ਨਹੀਂ ਹੋਇਆ। ਉਹਨੇ ਤਾਂ ਸਗੋਂ ਵੈਰੀ ਦਾ ਰੂਪ ਧਾਰ ਲਿਆ ਸੀ। ਦਰੀਆ ਸ਼ਾਹੀ ਸਿਪਾਹੀਆਂ ਦੀ ਧਾੜ ਲੈ ਕੇ ਗੜ੍ਹ ਮੁਗਲਾਣੇ ਪੁੱਜ ਗਿਆ।

ਸਰਕਾਰੀ ਦਹਿਸ਼ਤਗ਼ਰਦੀ ਦੀ ਹੱਦ ਸੀ ਇਹ! ਦਰੀਏ ਨੇ ਕੁਮਕ ਲੈ ਕੇ ਏਸ ਤਰਾਂ ਚੜ੍ਹਾਈ ਕੀਤੀ ਸੀ ਜਿਵੇਂ ਕਿਸੇ ਸ਼ਾਹੀ ਬਾਗ਼ੀ ਨੂੰ ਗ੍ਰਿਫ਼ਤਾਰ ਕਰਨ ਜਾਣਾ ਹੋਵੇ। ਇਸ ਤੋਂ ਵਧੱ ਕੇ ਕਮੀਨਗੀ ਕੀ ਹੋ ਸਕਦੀ ਸੀ। ਦਰੀਏ ਨੇ ਆਪਣੇ ਮੰਤਵ ਦੀ ਪ੍ਰਾਪਤੀ ਲਈ ਸਰਕਾਰੀ ਦਬਾਅ ਦਾ ਇਕ ਹੋਰ ਹੱਥਕੰਡਾ ਵਰਤਿਆ ਸੀ। ਸ਼ਾਇਦ ਡਰ ਦੇ ਮਾਰੇ ਮੁਬਾਰਕ ਹੋਰੀਂ ਮਲਕੀ ਨੂੰ ਬਾਦਸ਼ਾਹ ਅਕਬਰ ਦੇ ਹਰਮ ਵਿਚ ਭੇਜਣ ਲਈ ਰਾਜ਼ੀ ਹੋ ਜਾਣ। ਦਰੀਆ ਭਰਾ ਦੇ ਰਿਸ਼ਤੇ ਨੂੰ ਭੁਲ ਕੇ ਨਵਾਬੀ ਦਾ ਰੋਅਬ ਛਾਂਟ ਰਿਹਾ ਸੀ।

ਦਰੀਏ ਦਾ ਇਹ ਹੱਥਕੰਡਾ ਵੀ ਕਾਰਗਰ ਸਾਬਤ ਨਾ ਹੋਇਆ। ਰਾਏ ਮੁਬਾਰਕ ਆਪਣੀ ਅੜੀ ਤੇ ਅੜਿਆ ਹੋਇਆ ਸੀ। ਉਸਨੂੰ ਆਪਣੀ ਇਜ਼ਤ ਪਿਆਰੀ ਸੀ। ਆਪਣੇ ਪਰਿਵਾਰ ਦੇ ਮਾਣ ਮਰਯਾਦਾ ਲਈ ਉਹ ਅਜਿਹੀਆਂ ਸੈਂਕੜੇ ਮੌਤਾਂ ਮਰਨ ਲਈ ਤਿਆਰ ਸੀ। ਉਹਨੇ ਦਰੀਏ ਨੂੰ ਲਲਕਾਰ ਕੇ ਆਖਿਆ, "ਕਮੀਨਿਆ, ਮਲਕੀ ਦਾ ਕੀਮੇ ਨਾਲ਼ ਨਿਕਾਹ ਹੋ ਚੁੱਕੈ। ਉਹ ਹੁਣ ਉਹਦੀ ਐ... ਉਹਦੇ ਘਰ ਹੀ ਵੱਸੇਗੀ... ਇਹਦੇ ਤੋਂ ਮੈਂ ਸੈਆਂ ਬਾਦਸ਼ਾਹਾਂ ਨੂੰ ਵਾਰ ਸਕਦਾਂ।"

ਦਰੀਏ ਦੇ ਪੈਰਾਂ ਥੱਲੇ ਜਿਵੇਂ ਅੰਗਿਆਰ ਦਗ ਰਹੇ ਸਨ। ਉਹ ਗੇੜੇ ਤੇ ਗੇੜਾ ਕੱਢ ਰਿਹਾ ਸੀ। ਉਸ ਦੀ ਆਤਮਾ ਉਸ ਨੂੰ ਲਾਅਣਤਾਂ ਵੀ ਪਾ ਰਹੀ ਸੀ। ਪਰੰਤੂ ਜਦੋਂ ਬੰਦਾ ਆਪਣੇ ਆਪ ਤੋਂ ਡਿਗ ਪਵੇ ਉਹ ਆਪਣੇ ਪਰਾਏ ਦੀ ਪਛਾਣ ਭੁਲ ਜਾਂਦੈ। ਆਪਣੀਆਂ ਧੀਆਂ ਵਰਗੀ ਭਤੀਜੀ ਤੇ ਜ਼ੁਲਮ ਕਰਦਿਆਂ ਉਸ ਨੂੰ ਭੋਰਾ ਵੀ ਸ਼ਰਮ ਨਹੀਂ ਸੀ ਮਹਿਸੂਸ ਹੋ ਰਹੀ। ਨਾ ਹੀ ਕਿਸੇ ਕਿਸਮ ਦਾ ਅਫ਼ਸੋਸ ਹੋ ਰਿਹਾ ਸੀ। ਸਰਕਾਰੀ ਅਫ਼ਸਰਸ਼ਾਹੀ ਤੇ ਰਾਜ ਦਰਬਾਰ ਦੇ ਰੋਅਬ ਨੇ ਉਹਦਾ ਸਿਰ ਫ਼ੇਰ ਦਿੱਤਾ ਸੀ।

ਰਾਏ ਮੁਬਾਰਕ, ਉਹਦੇ ਦੋਹਾਂ ਪੁੱਤਰਾਂ ਅਤੇ ਕੀਮੇ ਦੀਆਂ ਮੁਸ਼ਕਾਂ ਬੰਨ੍ਹਕੇ ਦਰੀਆ ਕਾਫ਼ਲੇ ਦੇ ਰੂਪ ਵਿਚ ਦਿੱਲੀ ਨੂੰ ਰਵਾਨਾ ਹੋ ਗਿਆ। ਕੱਲੇ ਕੱਲੇ ਕੈਦੀ ਦੀ ਕਈ ਕਈ ਸਿਪਾਹੀ ਨਿਗਰਾਨੀ ਕਰ ਰਹੇ ਸਨ। ਉਹਨਾਂ ਦਿਨਾਂ ਵਿਚ ਪੈਦਲ ਹੀ ਸਫ਼ਰ ਤੈਅ ਕਰਨਾ ਪੈਂਦਾ ਸੀ। ਅਫ਼ਸਰਸ਼ਾਹੀ ਘੋੜਿਆਂ ਊਠਾਂ ਤੇ ਸਫ਼ਰ ਕਰਦੀ ਸੀ। ਬੜਾ ਲੰਬਾ ਤੇ ਬਿਖੜਾ ਪੈਂਡਾ ਸੀ ਇਹ, ਜ਼ੋਖ਼ਮ

Academy of the Punjab in North America: http://www.apnaorg.com

ਭਰਿਆ!

ਮਲਕੀ ਲਈ ਤਾਂ ਜਾਣੀਦਾ ਸਾਰਾ ਸੰਸਾਰ ਹੀ ਸੁੰਨਾ ਹੋ ਗਿਆ ਸੀ। ਉਹਦਾ ਸਭੋ ਕੁਝ ਉਜੜ ਚੁੱਕਾ ਸੀ। ਸਿਰ ਦਾ ਸਾਈਂ ਕੀਮਾ, ਬਾਪ ਤੇ ਭਰਾ ਕੈਦੀ ਬਣਾ ਕੇ ਦਿੱਲੀ ਨੂੰ ਲਜਾਏ ਜਾ ਰਹੇ ਸਨ। ਉਹਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ। ਉਸ ਨੂੰ ਕੁਝ ਵੀ ਅਹੁੜ ਨਹੀਂ ਸੀ ਰਿਹਾ, ਕਰੇ ਤਾਂ ਕੀ ਕਰੇ, ਕਿਹੜੀ ਬਣਤ ਬਣਾਵੇ ਜਿਸ ਨਾਲ ਸਾਰੇ ਜਣੇ ਛੁੱਟ ਜਾਣ।

ਜਦੋਂ ਚਾਰੇ ਬੰਨੇ ਦੁੱਖਾਂ ਦਾ ਪਹਾੜ ਟੁੱਟਿਆ ਹੋਵੇ ਤਾਂ ਕਈ ਵਾਰ ਮਨੁੱਖ ਦੀਆਂ ਅੰਦਰੂਨੀ ਸ਼ਕਤੀਆਂ ਉਸ ਦਾ ਸਾਥ ਦੇਂਦੀਆਂ ਹਨ। ਆਤਮ ਵਿਸ਼ਵਾਸ ਅਜਿਹੀ ਸ਼ਕਤੀ ਹੈ ਜੋ ਮਨੁੱਖ ਨੂੰ ਕਦੀ ਡੋਲਣ ਨਹੀਂ ਦੇਂਦੀ।

ਮਲਕੀ ਜਿੰਨੀ ਸਰੀਰਕ ਤੌਰ ਤੇ ਨਰੋਈ ਸੀ ਉਤਨੀ ਹੀ ਉਹ ਅੰਦਰੋਂ ਵੀ ਮਜਬੂਤ ਸੀ, ਇਰਾਦੇ ਦੀ ਪੱਕੀ। ਉਹਨੇ ਆਪਣੇ ਮਨ ਨਾਲ ਪੱਕਾ ਫ਼ੈਸਲਾ ਕਰ ਲਿਆ ਕਿ ਉਹ ਰਾਜੇ ਦੇ ਦਰਬਾਰ ਵਿਚ ਜਾ ਕੇ ਫ਼ਰਿਆਦ ਕਰੇਗੀ।

ਮਲਕੀ ਨੇ ਗੇਰੂਏ ਬਸਤਰ ਪਹਿਨ ਕੇ ਸਾਧਣੀ ਦਾ ਰੂਪ ਧਾਰ ਲਿਆ, ਮੂੰਹ ਤੇ ਭਬੂਤੀ ਮਲ ਲਈ। ਗੱਲ ਵਿਚ ਮਾਲਾ, ਮੋਢੇ ਤੇ ਬਗਲੀ ਤੇ ਹੱਥ ਵਿਚ ਕਾਸਾ ਫ਼ੜ ਕੇ ਉਹ ਦਿੱਲੀ ਨੂੰ ਤੁਰ ਪਈ। ਜਿਧਰ ਜਿਧਰ ਦਰੀਏ ਦਾ ਕਾਫ਼ਲਾ ਜਾ ਰਿਹਾ ਸੀ ਓਧਰ ਓਧਰ ਉਹਨਾਂ ਦੀ ਪੈੜ ਦੱਬਦੀ ਉਹ ਉਹਨਾਂ ਦੇ ਪਿੱਛੇ ਤੁਰੀ ਜਾ ਰਹੀ ਸੀ। ਸੈਂਕੜੇ ਕੋਹਾਂ ਦਾ ਲੰਬਾ ਤੇ ਬਿਖੜਾ ਪੈਂਡਾ। ਬੇਗਾਨੇ ਲੋਕ, ਬੇਗਾਨੀ ਧਰਤੀ। ਪੈਰਾਂ 'ਚ ਬਿਆਈਆਂ ਫ਼ੱਟ ਗਈਆਂ। ਮਲੂਕੜੇ ਪੈਰਾਂ ਚੋਂ ਲਹੂ ਸਿਮ ਸਿਮ ਜਾ ਰਿਹਾ ਸੀ ਪਰੰਤੂ ਉਸ ਦੇ ਆਤਮ ਵਿਸ਼ਵਾਸ ਨੇ ਉਹਨੂੰ ਥਿੜਕਣ ਨਹੀਂ ਸੀ ਦਿੱਤਾ। ਰਾਹ ਦੀਆਂ ਦੁਸ਼ਵਾਰੀਆਂ ਨੂੰ ਉਹ ਖਿੜੇ ਮੱਥੇ ਸਰ ਕਰ ਰਹੀ ਸੀ। ਉਹਦਾ ਨੂਰਾਨੀ ਚਿਹਰਾ ਦਗ ਦਗ ਪਿਆ ਕਰਦਾ ਸੀ।

ਵਾਟਾਂ ਕੱਛਦਾ ਦਰੀਏ ਦਾ ਕਾਫ਼ਲਾ ਕੁਰੂਕਸ਼ੇਤਰ ਦੀ ਧਰਤੀ ਤੇ ਥਾਨੇਸਰ ਦੇ ਪੜਾ ਤੇ ਜਾ ਪੁੱਜਾ। ਮਲਕੀ ਵੀ ਮਗਰੇ ਪਹੁੰਚ ਗਈ। ਉਹਨੇ ਭਿੱਛਿਆ ਮੰਗਣ ਲਈ ਇਕ ਮਹਿਲ ਅੱਗੇ ਜਾ ਅਲਖ ਜਗਾਈ। ਦੇਵਨੇਤ ਨਾਲ ਇਹ ਮਹਿਲ ਅਕਬਰ ਦੀ ਰਾਜਪੂਤ ਰਾਣੀ ਦੀ ਧੀ ਜਮਨਾ ਦਾ ਸੀ। ਭਿੱਛਿਆ ਪਾਉਣ ਆਈ ਜਮਨਾ ਦੀ ਗੋਲੀ ਪਾਸੋਂ ਭਰ-ਜੋਬਨ ਮੁਟਿਆਰ ਜੋਗਣ ਦੀ ਤਰਸਯੋਗ ਹਾਲਤ ਝੱਲੀ ਨਾ ਗਈ। ਉਹ ਮਲਕੀ ਨੂੰ ਆਪਣੀ ਰਾਣੀ ਜਮਨਾ ਦੇ ਕੋਲ ਲੈ ਗਈ। ਮਲਕੀ ਦੀ ਸੂਰਤ ਵੇਖ ਜਮਨਾ ਦੇ ਮਨ ਵਿਚ ਸੁੱਤੀ ਵੇਦਨਾ ਜਾਗ ਪਈ। ਉਹਨੂੰ ਇੰਜ ਜਾਪਿਆ ਜਿਵੇਂ ਉਹ ਉਹਦੀ ਨਿੱਕੀ ਭੈਣ ਹੋਵੇ, ਦੁੱਖਾ ਨਾਲ ਭੰਨੀ ਹੋਈ। ਤਰਸ ਭਰੀਆਂ ਨਜ਼ਰਾਂ ਨਾਲ ਨਿਹਾਰਦੀ ਹੋਈ ਜਮਨਾ ਨੇ ਉਹਨੂੰ ਆਪਣੀ ਵੇਦਨਾ ਸੁਣਾਉਣ ਲਈ ਆਖਿਆ। ਮਲਕੀ ਨੇ ਬਿਨਾਂ ਕਿਸੇ ਸੰਕੋਚ ਤੋਂ ਸਾਰੀ ਵਿੱਥਿਆ ਸੁਣਾ ਦਿੱਤੀ ਤੇ ਇਹ ਵੀ ਦੱਸ ਦਿੱਤਾ ਕਿ ਉਹਦਾ ਚਾਚਾ ਦਰੀਆ ਉਸ ਨੂੰ ਬਾਦਸ਼ਾਹ ਅਕਬਰ ਨਾਲ ਪਰਨਾਉਣਾ ਚਾਹੁੰਦਾ ਹੈ ਜਿਸ ਕਰਕੇ ਉਹ ਉਹਦੇ ਬਾਪ, ਭਰਾਵਾਂ ਅਤੇ ਉਹਦੇ ਪਤੀ ਨੂੰ ਬੰਦੀ ਬਣਾ ਕੇ ਲਿਆਇਆ ਹੈ।

ਜਮਨਾ ਆਪਣੇ ਬੁਢੇ ਬਾਪ ਦੇ ਸ਼ੌਕਾਂ ਤੋਂ ਭਲੀ ਪਰਕਾਰ ਜਾਣੂੰ ਸੀ। ਸ਼ਹਿਜ਼ਾਦਾ ਸਲੀਮ ਦੀ ਮਹਿਬੂਬਾ ਅਨਾਰਕਲੀ ਨੂੰ ਅਕਬਰ ਨੇ ਮਰਵਾ ਦਿੱਤਾ ਸੀ ਕਿਉਂਕਿ ਉਹ ਉਸ ਦੀ ਰਖੇਲ ਨਹੀਂ ਸੀ ਬਣੀ। ਜਮਨਾ ਆਪਣੀ ਬੁੱਢੀ ਮਾਂ ਲਈ ਨਵੀਂ ਸੌਂਕਣ ਕਿਵੇਂ ਬਰਦਾਸ਼ਤ ਕਰ ਸਕਦੀ ਸੀ। ਦਰੀਏ ਦੀ ਇਹ ਕਰਤੂਤ ਸੁਣਕੇ ਉਹ ਗੁੱਸੇ ਨਾਲ ਲਾਲ ਪੀਲੀ ਹੋ ਗਈ ਤੇ ਦਰੀਏ ਨੂੰ ਤੁਰੰਤ ਆਪਣੇ ਮਹਿਲੀਂ ਬੁਲਾ ਕੇ ਬੰਦੀਆਂ ਨੂੰ ਰਿਹਾ ਕਰਨ ਦਾ ਹੁਕਮ ਸੁਣਾ ਦਿੱਤਾ। ਮਲਕੀ ਨੂੰ ਉਸ ਨੇ ਆਪਦੇ ਕੋਲ ਹੀ ਰੱਖ ਲਿਆ ਤੇ ਇਹ ਵਿਸ਼ਵਾਸ ਦਲਾਇਆ ਕਿ ਉਸ ਨੂੰ ਬਾਦਸ਼ਾਹ ਅਕਬਰ ਵਲੋਂ ਪੂਰਾ ਇਨਸਾਫ਼ ਮਿਲੇਗਾ।

Academy of the Punjab in North America: http://www.apnaorg.com

ਦਰੀਏ ਦਾ ਨਿਸ਼ਾਨਾ ਤਾਂ ਅਕਬਰ ਦੇ ਦਰਬਾਰ ਵਿਚ ਉੱਚ ਪਦਵੀ ਪ੍ਰਾਪਤ ਕਰਨ ਦਾ ਸੀ। ਉਹਦੇ ਲਈ ਅਕਬਰ ਦੀਆਂ ਨਜ਼ਰਾਂ ਵਿਚ ਬਾਗ਼ੀ ਦਰਸਾਏ ਗਏ ਬੰਦੀਆਂ ਲਈ ਉਹਦੀ ਧੀ ਦਾ ਹੁਕਮ ਮੰਨਣਾਂ ਜ਼ਰੂਰੀ ਨਹੀਂ ਸੀ। ਇਸ ਲਈ ਉਹ ਰਾਤੋ ਰਾਤ ਅਗਾਂਹ ਤੁਰ ਗਏ।

ਅਗਲੀ ਸਵੇਰ ਜਮਨਾ ਨੂੰ ਕੈਦੀਆਂ ਦੇ ਅਗਾਂਹ ਤੋਰੇ ਜਾਣ ਦੀ ਖ਼ਬਰ ਮਿਲ ਗਈ। ਉਹਦਾ ਗੁੱਸਾ ਹੋਰ ਪ੍ਰਚੰਡ ਹੋ ਗਿਆ। ਉਹਨੇ ਦਰੀਏ ਨੂੰ ਉਹਦੀ ਕਮੀਨਗੀ ਅਤੇ ਉਹਦਾ ਹੁਕਮ ਨਾ ਮੰਨਣ ਦੀ ਸਜ਼ਾ ਚਖਾਉਣ ਦਾ ਫ਼ੈਸਲਾ ਕਰ ਲਿਆ। ਉਹਨੇ ਮਲਕੀ ਦਾ ਫ਼ਕੀਰੀ ਭੇਸ ਉਤਰਵਾ ਦਿੱਤਾ ਤੇ ਨਵੇਂ ਨਕੋਰ ਵਸਤਰ ਪਹਿਨਾ ਕੇ ਆਪਣੇ ਨਾਲ਼ ਦਿੱਲੀ ਨੂੰ ਲੈ ਕੇ ਤੁਰ ਪਈ।

ਜਮਨਾ ਸਿੱਧੀ ਆਪਣੀ ਮਾਂ ਦੇ ਮਹਿਲ ਵਿਚ ਗਈ। ਉਸ ਨੂੰ ਦਰੀਏ ਦੇ ਕਮੀਨਗੀ ਭਰੇ ਛੜਯੰਤਰ ਤੋਂ ਜਾਣੂੰ ਕਰਵਾਇਆ। ਰਾਣੀ ਇਹ ਸੁਣ ਕੇ ਸਿਰ ਤੋਂ ਪੈਰਾਂ ਤਕ ਝੰਜੋੜੀ ਗਈ। ਉਹਦੀ ਧੀ ਤੋਂ ਵੀ ਘੱਟ ਉਮਰ ਦੀ ਮਲਕੀ ਨੂੰ ਸੌਂਕਣ ਦੇ ਰੂਪ ਵਿਚ ਚਿਤਵ ਕੇ ਉਹ ਕੰਬ ਗਈ।

ਹਨ੍ਹੇਰਾ ਗੂੜ੍ਹਾ ਹੋਇਆ। ਬਾਦਸ਼ਾਹ ਅਕਬਰ ਆਪਣੇ ਦਰਬਾਰ ਵਿਚੋਂ ਵਿਹਲਾ ਹੋ ਕੇ ਆਪਣੀ ਮਨਮੋਹਨੀ ਰਾਣੀ ਦੇ ਮਹਿਲ ਵਿਚ ਆਇਆ ਤਾਂ ਸਾਰੇ ਦੀਵੇ ਗੁਲ ਹੋਏ ਪਏ ਸਨ ਤੇ ਰਾਣੀ ਖਨਪੱਟੀ ਲਈ ਪਈ ਹੋਈ ਸੀ। ਅੱਜ ਪਹਿਲੀ ਵਾਰ ਸੀ ਜਦੋਂ ਰਾਣੀ ਨੇ ਉਸ ਨਾਲ਼ ਅਜਿਹਾ ਵਰਤਾਓ ਕੀਤਾ ਸੀ। ਉਸ ਕੋਲੋਂ ਕਿਹੜੀ ਅੱਵਗਿਆ ਹੋ ਗਈ ਸੀ ਜਿਸ ਕਾਰਨ ਰਾਣੀ ਨੇ ਮੂੰਹ ਸੁਜਾਇਆ ਹੋਇਆ ਹੈ। ਰਾਜੇ ਨੇ ਸੋਚਿਆ ਤੇ ਰਾਣੀ ਦੀ ਠੋਡੀ ਫ਼ੜ ਕੇ ਉਹਦਾ ਮੂੰਹ ਉਤਾਂਹ ਨੂੰ ਚੁੱਕਿਆ।

ਰਾਜੇ ਨੇ ਵੇਖਿਆ ਰਾਣੀ ਦੀਆਂ ਅੱਖਾਂ ਵਿਚੋਂ ਤਿਪ੍ਰੋ ਤ੍ਰਿੱਪ ਹੰਝੂ ਡਿਗ ਰਹੇ ਸਨ। ਹੰਝੂ ਤਾਂ ਪੱਥਰ ਦਿਲਾਂ ਨੂੰ ਵੀ ਪਿਘਲਾ ਦੇਂਦੇ ਨੇ ਅਕਬਰ ਕੀਹਦੇ ਪਾਣੀਹਾਰ ਸੀ। ਉਹਨੇ ਝੱਟ ਦੇਣੇ ਰਾਣੀ ਨੂੰ ਆਪਣੀ ਬੁੱਕਲ ਵਿਚ ਘੁਟਦਿਆਂ ਕਿਹਾ, "ਮੇਰੀ ਜਾਨ, ਕੋਈ ਗੱਲ ਵੀ ਤਾਂ ਦਸੋ, ਕਿਹੜੀ ਗਲੋਂ ਸੋਹਣਿਆਂ ਨੇ ਅੱਖਾਂ ਸੁਜਾਈਆਂ ਨੇ।"

"ਰਾਜਨ!" ਰਾਣੀ ਗਲਾ ਸਾਫ਼ ਕਰਦਿਆਂ ਬੋਲੀ, "ਤੁਸੀਂ ਤੇ ਅਦਲੀ ਰਾਜਾ ਅਖਵਾਉਂਦੇ ਓ... ਤੁਹਾਡੇ ਇਨਸਾਫ਼ ਦੀਆਂ ਧੁੰਮਾ ਚਾਰੇ ਜਗ ਰੋਸ਼ਨ ਨੇ, ਮੇਰੇ ਪਾਸੋਂ ਕਿਹੜੀ ਖ਼ੁਨਾਮੀ ਹੋ ਗਈ ਹੈ ਜੋ ਤੁਸੀ ਇਕ ਨਵੀਂ ਸੌਕਣ ਲਿਆ ਕੇ ਮੈਨੂੰ ਸਜ਼ਾ ਦੇ ਰਹੇ ਹੋ?"

ਰਾਣੀ ਕੀ ਬੁਝਾਰਤਾਂ ਪਾ ਰਹੀ ਏਂ? ਸਪੱਸ਼ਟ ਗੱਲ ਕਰ।" ਅਕਬਰ ਬੋਲਿਆ।

ਰਾਣੀ ਅਕਬਰ ਦੀ ਨਬਜ਼ ਨੂੰ ਬਖ਼ੂਬੀ ਪਛਾਣਦੀ ਸੀ। ਉਹ ਉਹਦੇ ਪੂਰੇ ਪ੍ਰਭਾਵ ਥੱਲੇ ਸੀ... ਬੋਲੀ, "ਰਾਜਨ ਮੈਂ ਰਾਜਪੂਤ ਜੱਟਾਂ ਦੀ ਧੀ ਆਂ। ਤੁਸੀਂ ਸ਼ਾਇਦ ਇਹ ਨਹੀਂ ਜਾਣਦੇ ਜੱਟ ਜ਼ਿਮੀਂਦਾਰ ਜਾਇਦਾਦ ਪਿੱਛੇ ਆਪਣੇ ਸਕੇ ਭਰਾਵਾਂ ਨੂੰ ਵੱਢਣ ਲੱਗੇ ਭੋਰਾ ਕਿਰਕ ਨੀ ਕਰਦੇ। ਮੇਰੇ ਭੋਲੇ ਪਾਤਸ਼ਾਹ ਤੁਹਾਨੂੰ ਪਤੈ ਤੁਹਾਡੇ ਦਰਬਾਰ ਦਾ ਸੂਬੇਦਾਰ ਦਰੀਆ ਆਪਣੇ ਵੱਡੇ ਭਰਾ ਰਾਏ ਮੁਬਾਰਕ ਦੀ ਜਾਇਦਾਦ ਨੂੰ ਹੜੱਪਣ ਅਤੇ ਉਹਦੀ ਲੰਬਰਦਾਰੀ ਹੱਥਿਆਉਣ ਖਾਤਰ ਉਹਨਾਂ ਤੇ ਰਾਜ ਦਰਬਾਰ ਵਿਰੁਧ ਬਗ਼ਾਵਤ ਕਰਨ ਦਾ ਝੂੱਠਾ ਇਲਜ਼ਾਮ ਲਾ ਕੇ, ਉਹਨੂੰ ਤੇ ਉਹਦੇ ਦੋਹਾਂ ਪੁੱਤਰਾਂ ਨੂੰ ਬੰਦੀ ਬਣਾ ਲਿਆਇਐ ਤੇ ਤੁਹਾਡੇ ਦਰਬਾਰ 'ਚ ਉੱਚਾ ਰੁਤਬਾ ਲੈਣ ਖਾਤਰ ਆਪਣੀ ਧੀਆਂ ਵਰਗੀ ਭਤੀਜੀ ਮਲਕੀ ਨੂੰ ਤੁਹਾਡੇ ਹਰਮ ਵਿਚ ਸ਼ਾਮਲ ਕਰਕੇ, ਮੇਰੀ ਸੌਂਕਣ ਬਣਾਉਣ ਦੀ ਵਿਉਂਤ ਬਣਾ ਕੇ, ਉਹਦੇ ਪਤੀ ਕੀਮੇ ਨੂੰ ਵੀ ਫ਼ੜ ਲਿਐ।

ਰਾਣੀ ਦੇ ਬੋਲਣ ਦਾ ਅੰਦਾਜ ਹੀ ਅਜਿਹਾ ਸੀ ਕਿ ਅਕਬਰ ਦੀ ਆਤਮਾ ਟੁੰਭੀ ਗਈ ਤੇ ਉਹ ਧੁਰ ਅੰਦਰ ਤਕ ਝੰਜੋੜਿਆ ਗਿਆ।

ਅਗਲੀ ਸਵੇਰੇ ਅਕਬਰ ਨੇ ਦਰੀਏ ਨੂੰ ਬੰਦੀਆਂ ਸਮੇਤ ਰਾਜ ਦਰਬਾਰ ਵਿਚ ਹਾਜ਼ਰ ਹੋਣ ਦਾ ਹੁਕਮ ਸੁਣਾ ਦਿੱਤਾ।

Academy of the Punjab in North America: http://www.apnaorg.com

ਬੰਦੀਆਂ ਸਮੇਤ ਦਰੀਆ ਹਾਜ਼ਰ ਹੋ ਗਿਆ। ਰਾਜੇ ਨੇ ਉਹਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਿਆ. ਕਮੀਨਗੀ ਦੇ ਡੋਰੇ ਉਹਦੀਆਂ ਅੱਖਾਂ ਵਿਚ ਸਾਫ਼ ਝਲਕ ਰਹੇ ਸਨ।

ਅਕਬਰ ਨੇ ਬੰਦੀਆਂ ਨੂੰ ਰਿਹਾ ਕਰਨ ਦਾ ਹੁਕਮ ਸੁਣਾ ਦਿੱਤਾ ਅਤੇ ਦਰੀਏ ਨੂੰ ਰਾਜ ਦਰਬਾਰ ਨਾਲ਼ ਧੋਖਾ ਦੇਹੀ ਕਰਨ ਦੇ ਦੋਸ਼ ਵਿਚ ਫ਼ਾਂਸੀ ਦੀ ਸਜ਼ਾ ਸੁਣਾਈ ਗਈ।

ਮਲਕੀ ਜਮਨਾ ਤੇ ਉਹਦੀ ਮਾਂ ਰਾਣੀ ਦਾ ਲੱਖ ਲੱਖ ਸ਼ੁਕਰ ਅਦਾ ਕਰ ਰਹੀ ਸੀ ਜਿਨ੍ਹਾਂ ਦੇ ਯਤਨਾਂ ਸਦਕਾ ਉਹਦੇ ਸਿਰ ਦੇ ਸਾਂਈ ਕੀਮੇ, ਬਾਪ ਅਤੇ ਭਰਾਵਾਂ ਦੀ ਬੰਦ-ਖਲਾਸੀ ਹੋਈ ਸੀ।

ਜਮਨਾ ਸਾਰਿਆ ਨੂੰ ਆਪਣੇ ਨਾਲ਼ ਥਾਨੇਸਰ ਲੈ ਆਈ। ਜਮਨਾ ਦੇ ਮਹਿਲ ਦੀ ਛੱਤ ਉੱਤੇ ਚੰਨ-ਚਾਂਨਣੀ ਰਾਤ ਵਿਚ ਕੀਮਾ ਤੇ ਮਲਕੀ ਇੰਜ ਮਿਲੇ ਜਿਵੇਂ ਔੜਾਂ ਮਾਰੀ ਧਰਤੀ ਨੂੰ ਬਾਰਸ਼ ਦੀਆਂ ਬੂੰਦਾਂ ਮਿਲਦੀਆਂ ਹਨ। ਦੋਨੋਂ ਇਕ ਦੂਜੇ 'ਚ ਲੀਨ ਹੋਏ ਖਿੜੀ ਚਾਨਣੀ ਦਾ ਆਨੰਦ ਮਾਣਦੇ ਰਹੇ ਤੇ ਅਗਲੀ ਭਲਕ ਉਹ ਜਮਨਾ ਦਾ ਧੰਨਵਾਦ ਕਰਦੇ ਹੋਏ ਗੜ੍ਹ ਮੁਗਲਾਣੇ ਨੂੰ ਤੁਰ ਪਏ। ਸਾਰੇ ਵਾਤਾਵਰਣ ਵਿਚ ਮੁਹੱਬਤ, ਕੁਰਬਾਨੀ ਅਤੇ ਸਿਦਕਦਿਲੀ ਦੀ ਸੁਗੰਧੀ ਮਹਿਕਾਂ ਵੰਡ ਰਹੀ ਸੀ। ਜਮਨਾ ਆਪਣੇ ਮਹਿਲ ਦੀ ਛਤ ਤੇ ਖੜੀ ਆਪਣੇ ਮੁਹਬੱਤੀ ਮਹਿਮਾਨਾਂ ਨੂੰ ਜਾਂਦਿਆਂ ਵੇਖ ਰਹੀ ਸੀ। ਉਹਦੇ ਨੈਣਾਂ 'ਚ ਅਣੋਖੀ ਖ਼ੁਸ਼ੀ ਦੇ ਹੰਝੂ ਟਪਕ ਰਹੇ ਸਨ।

■

Academy of the Punjab in North America: http://www.apnaorg.com

ਦੁਵੱਲੀ ਸਾਂਝ

ਅਮਰਜੀਤ ਚੰਦਨ

ਸਾਂਝ. ਅੰਕ ਪਹਿਲਾ. ਅਪ੍ਰੈਲ 2007. ਸਫ਼ੇ 114; ਮੁੱਲ: 75 ਰੁਪਏ. ਐਡੀਟਰ: ਸਫ਼ੀਰ ਰਾਮਾਹ, ਮਨੁ ਸ਼ਰਮਾ ਸੋਹਲ, ਜਗਤਾਰ ਧੀਮਾਨ, ਜਾਵੇਦ ਬੂਟਾ ਅਤੇ ਅਨੰਤ ਕੌਰ.

ਵਰਜੀਨੀਆ ਅਮਰੀਕਾ ਰਹਿੰਦੇ ਸਫ਼ੀਰ ਰਾਮੇ ਹੁਰਾਂ ਦੀ ਹਿੰਮਤ ਨਾਲ਼ ਗੁਰਮੁਖੀ ਅਤੇ ਫ਼ਾਰਸੀ ਲਿਪੀ ਵਿਚ ਨਿਕਲੇ ਵੱਖਰੇ-ਵੱਖਰੇ ਤਿਮਾਹੀ ਪਰਚੇ ਸਾਂਝ (ਅਪ੍ਰੈਲ-ਜੂਨ 2007) ਦੀ ਪਿੱਠ 'ਤੇ ਇਹ ਦਾਈਆ ਛਪਿਆ ਹੈ: "ਸ਼ਾਹਮੁਖੀ ਤੇ ਗੁਰਮੁਖੀ ਦੋਹਾਂ ਲਿਪੀਆਂ ਵਿਚ ਇੱਕੋ-ਜਿਹਾ ਛਪਿਆ ਇਹ ਤਿਮਾਹੀ ਰਿਸਾਲਾ ਸਾਂਝ, ਜਿਹੜਾ ਲਹੌਰੋਂ ਸ਼ਾਹਮੁਖੀ ਵਿਚ ਤੇ ਲੁਧਿਆਣਿਓਂ ਗੁਰਮੁਖੀ ਵਿਚ ਛਪ ਰਿਹਾ ਏ, ਸਾਰੇ ਪੰਜਾਬੀਆਂ ਦੀ ਸਾਂਝ ਨੂੰ ਅੱਗੇ ਵਧਾਉਣ ਦਾ ਜਤਨ ਏ। ਤਾਂ ਜੇ ਪੰਜਾਬੀ ਦੀਆਂ ਦੋ ਵੱਖ-ਵੱਖ ਲਿੱਪੀਆਂ ਹੋਵਣ ਦੇ ਕਾਰਣ ਲਫ਼ਜ਼ਾਲੀ ਦੇ ਵਧ ਰਹੇ ਵਖਰੇਵੇਂ ਨੂੰ ਡੱਕਾ ਲੱਗੇ। ਪੰਜਾਬੀ ਦੀਆਂ ਦੋਹਾਂ ਲਿੱਪੀਆਂ ਦੇ ਲਿਖਾਰੀਆਂ, ਸੂਝਵਾਨਾਂ ਅਤੇ ਪੜ੍ਹਨਹਾਰਾਂ ਵਿਚ ਸੁਰਤ ਤੇ ਵਿਚਾਰਾਂ ਦੀ ਸਾਂਝ ਵਧੇ ਤੇ ਪੰਜਾਬੀ ਕਲਚਰ ਤੇ ਬੋਲੀ ਦੀ ਸਾਂਭ-ਸੰਭਾਲ਼ ਤੇ ਵਧਾਅ ਲਈ ਪੱਕੀ-ਪੀਡੀ ਸਾਂਝ ਬਣੇ। ਇਹ ਰਿਸਾਲਾ ਤਿੰਨਾਂ ਪੰਜਾਬਾਂ (ਲਹਿੰਦੇ, ਚੜ੍ਹਦੇ ਤੇ ਬਾਹਰਲੇ ਪੰਜਾਬ) ਦੇ ਲਿਖਾਰੀਆਂ ਦੀ ਸੋਚ-ਵਿਚਾਰ ਦਾ ਨੁਮਾਇੰਦਾ ਏ ਤੇ ਦੁਨੀਆ ਦੇ ਹਰ ਓਸ ਮੁਲਕ ਵਿਚ ਵੰਡਿਆ ਜਾਂਦਾ ਏ, ਜਿੱਥੇ ਪੰਜਾਬੀ ਵਸਦੇ ਨੇ।"

ਪਰਚੇ ਦੇ ਸ਼ੁਰੂ ਵਿਚ ਹੀ ਅਮਰੀਕਾ ਦੀ ਪੈਨਸਲਵੇਨੀਆ ਯੂਨੀਵਰਸਟੀ ਦੀ ਵਿਦਵਾਨ ਅਤੇ ਭਾਰਤ ਦਾ ਡੂੰਘਾ ਮੁਤਾਲਿਐ ਕਰਨ ਵਾਲ਼ੇ ਸੈਂਟਰ (ਸੈਂਟਰ ਫ਼ੌਰ ਦ' ਅਡਵਾਂਸਡ ਸਟੱਡੀ ਆੱਵ ਇੰਡੀਆ) ਦੀ ਡਿਪਟੀ ਡਾਇਰੈਕਟਰ ਡਾਕਟਰ ਅਲੀਸਾ ਆਇਰਜ਼ ਦਾ 'ਦੋਹਵਾਂ' ਪੰਜਾਬਾਂ ਦੀ ਪੁਰਾਣੀ ਸਾਂਝ ਦੀ ਗੱਲ ਕਰਦਾ ਲੇਖ ਹੈ। ਪਿਛਲੇ ਕੁਝ ਵਰ੍ਹਿਆਂ ਤੋਂ ਵਾਸ਼ਿੰਗਟਨ-ਦਿੱਲੀ-ਇਸਲਾਮਾਬਾਦ ਦੀ ਦਿੱਤੀ ਹਰੀ ਝੰਡੀ ਨਾਲ਼ ਪੰਜਾਬ ਦੀ ਸਾਂਝ ਦੀ ਜੋ ਅਚਾਨਕ ਗੱਲ ਚੱਲਣ ਲੱਗੀ ਏ, ਉਹਦਾ ਖ਼ੁਲਾਸਾ ਕੀਤਾ ਹੋਇਆ ਏ ਅਤੇ ਇਹ ਵੀ ਇਨਕਸ਼ਾਫ਼ ਕੀਤਾ ਏ ਕਿ ਇਸ

Academy of the Punjab in North America: http://www.apnaorg.com

ਉੱਦਮ ਦਾ ਖ਼ਰਚ ਅਮਰੀਕਾ ਵਾਲ਼ੀ ਫ਼ੋਰਡ ਫ਼ਾਉਂਡੇਸ਼ਨ ਵੀ ਕਰ ਰਹੀ ਏ।

ਅਲੀਸਾ ਆਇਰਜ਼ ਦੇ ਲੇਖ ਵਿਚ ਦੋ ਵੱਡੀਆਂ ਗ਼ਲਤ-ਬਿਆਨੀਆਂ ਹਨ: ਪਹਿਲੀ ਇਹ ਕਿ ਸ਼ਹੀਦ ਊਧਮ ਸਿੰਘ ਨੇ ਸੰਨ 1940 ਵਿਚ ਲੰਡਨ ਵਿਚ ਚੱਲੇ ਮੁਕੱਦਮੇ ਵਿਚ ਹੀਰ ਵਾਰਿਸ ਦੀ ਕਿਤਾਬ 'ਤੇ ਹੱਥ ਰੱਖ ਕੇ ਅਦਾਲਤ ਵਿਚ ਸਹੁੰ ਖਾਧੀ ਸੀ ਅਤੇ ਦੂਜੀ ਇਹ ਕਿ ਉਹ ਆਪਣਾ ਨਾਂ 'ਰਾਮ ਮੁਹੰਮਦ ਸਿੰਘ ਆਜ਼ਾਦ' ਲਿਖਦਾ ਸੀ। ਊਧਮ ਸਿੰਘ ਨੇ ਆਪਣੀ ਪੈਰਵਾਈ ਕਰਨ ਵਾਲ਼ੇ ਨੂੰ ਜੇਲ ਚੋਂ ਚਿੱਠੀ ਲਿਖ ਕੇ ਹੀਰ ਵਾਰਿਸ ਮੰਗਵਾਈ ਜ਼ਰੂਰ ਸੀ ਅਤੇ ਉਹ ਆਪਣਾ ਨਾਂ 'ਮੁਹੰਮਦ ਸਿੰਘ ਆਜ਼ਾਦ' ਲਿਖਦਾ ਹੁੰਦਾ ਸੀ। ਇਹ ਰਾਮ ਪਤਾ ਨਹੀਂ ਕਿਹਨੇ ਕਦੋਂ ਤੇ ਕਿਉਂ ਜੋੜ ਲਿਆ? ਅਦਾਲਤ ਵਿਚ ਹੀਰ ਵਾਰਿਸ ਦੀ ਸਹੁੰ ਖਾਣ ਵਾਲ਼ੀ ਗੱਲ ਵੀ ਮਨਘੜਤ ਹੈ। ਇੰਗਲੈਂਡ ਵਿਚ ਤਾਂ ਕੀ, ਪੰਜਾਬ ਵਿਚ ਵੀ ਕਿਸੇ ਅਦਾਲਤ ਦਾ ਜੱਜ ਮੁਲਜ਼ਿਮ ਨੂੰ ਹੀਰ ਵਾਰਿਸ ਦੀ ਸਹੁੰ ਖਾਣ ਨਹੀਂ ਦੇਵੇਗਾ।

ਊਧਮ ਸਿੰਘ ਦੇ ਦਸਤਖ਼ਤ : ਮੁਹੰਮਦ ਸਿੰਘ ਆਜ਼ਾਦ

ਕੁਝ ਕਹਾਣੀਆਂ ਕੁਝ ਨਜ਼ਮਾਂ ਤੇ ਗ਼ਜ਼ਲਾਂ-ਰੁਬਾਈਆਂ ਦਾ ਜੋ-ਪੱਕਿਆ-ਸੋ-ਪਰੋਸਣ ਨਾਲ਼ੋਂ ਲਿਖਾਰੀਆਂ ਨੂੰ ਮੌਜ਼ੂ ਦੇ ਕੇ ਲਿਖਵਾਉਣਾ ਕੋਈ ਸੌਖਾ ਕੰਮ ਨਹੀਂ ਅਤੇ ਰਾਮੂ ਹੁਰਾਂ ਉੱਤੋਂ ਸਾਲ ਦੇ ਚਾਰ ਸ਼ੁਮਾਰੇ ਕੱਢਣ ਦਾ ਢੋਲ ਗਲ਼ 'ਚ ਪਾ ਲਿਆ ਏ। ਇਹ ਆਪ ਤੇ ਇਨ੍ਹਾਂ ਦੇ ਨਾਲ਼ ਦੇ ਬੜੇ ਹਿੰਮਤੀ ਨੇ। ਆਸ ਏ, ਢੋਲ ਸੁਰਤਾਲ ਚ ਵੱਜਦਾ ਰਹੇਗਾ।

ਸਾਂਝ ਦੀਆਂ ਇਨ੍ਹਾਂ ਲਿਖਤਾਂ ਨੇ ਮੈਨੂੰ ਟੁੰਬਿਆ ਏ: ਪੂਰੇ ਹੋ ਗਏ ਤਿੰਨ ਕਵੀਆਂ ਮੁਨੀਰ ਨਿਆਜ਼ੀ ਬਾਰੇ ਮਸਊਦ ਮੁੱਨਵਰ ਦਾ, ਸ਼ਰੀਫ਼ ਕੁੰਜਾਹੀ ਬਾਰੇ ਅਜ਼ਹਰ ਮਹਿਮੂਦ ਚੌਧਰੀ ਦਾ ਅਤੇ ਜਾਵੇਦ ਜ਼ਕੀ ਬਾਰੇ ਜਮਸ਼ੇਦ ਉੱਪਲ ਦਾ ਲੇਖ। ਮੁਨੱਵਰ ਦਾ ਮੁਨੀਰ ਨਿਆਜ਼ੀ ਬਾਰੇ ਲਿਖੇ 'ਚ ਉਨ੍ਹਾਂ ਦੀ ਲਿਖਤ ਦੀ ਗੱਲ ਘੱਟ ਹੈ, ਪਰ ਸ਼ਰਾਬ ਦੀ ਵਧੇਰੇ। ਜ਼ਾਹਿਰ ਏ, ਨਜ਼ਰੀਆ-ਏ-ਪਾਕਿਸਤਾਨ ਦਾ ਸਭ ਤੋਂ ਵਧ ਸਵਾਦ ਸੂਝਵਾਨਾਂ ਲਿਖਾਰੀਆਂ ਨੇ ਚੱਖਿਆ ਏ ਅਤੇ ਇਨ੍ਹਾਂ ਵਿਚ ਇਸ ਨਜ਼ਰੀਏ ਦੇ ਖ਼ਿਲਾਫ਼ ਇਕ ਲਫ਼ਜ਼ ਤਕ ਬੋਲਣ ਦੀ ਹਿੰਮਤ ਨਹੀਂ; ਸ਼ਾਇਰੀ ਕਰਨ ਦੀ ਗੱਲ ਤਾਂ ਬੜੀ ਅਗਾਂਹ ਦੀ ਏ।

ਜਾਵੇਦ ਜ਼ਕੀ ਪਾਕਿਸਤਾਨ ਦੀ ਮਾਓਵਾਦੀ ਮਜ਼ਦੂਰ ਕਿਸਾਨ ਪਾਰਟੀ ਦਾ ਕਾਰਕੁਨ ਰਿਹਾ ਅਤੇ ਮਗਰੋਂ ਅਮਰੀਕਾ ਦੀ ਮਿਸ਼ੀਗਨ ਯੂਨੀਵਰਸਟੀ ਵਿਚ ਸਮਾਜੀ ਸਾਇੰਸ ਦੀ ਡਾਕਟਰੀ ਕੀਤੀ। ਇਹਦੀਆਂ ਸੁੱਚੀਆਂ ਨਜ਼ਮਾਂ ਸਾਂਝ ਵਿਚ ਛਪੀਆਂ ਹਨ, ਜਿਸ ਵਿਚ 'ਗੁਰੂ ਨਾਨਕ ਜੀ' ਵਾਲ਼ੀ ਨਜ਼ਮ ਪੜ੍ਹਨ-ਮਾਣਨ ਵਾਲ਼ੀ ਹੈ। ਇਹਦਾ ਆਖ਼ਿਰੀ ਬੰਦ ਏ:

ਆ ਵੰਞ ਮਾਹੀ ਅੰਦਰ ਵਸ ਚਾ
ਲ੍ਹੂ ਲ੍ਹੂ ਦੇ ਵਿਚ ਰਸ ਚਾ।
ਮਨ ਥੀਵੇ ਚਾ ਹਰਿਆ ਭਰਿਆ
ਕਿਧਰੋਂ ਨਿੰਮਾ ਹੱਸ ਚਾ।
ਪ੍ਰੇਮ ਦੀ ਰੰਗਲੀ ਜੋਤ ਜਗਾ ਦੇ
ਦੁਨੀਆ ਥੈਂ ਸੁਖਾਲੀ॥
ਮੈਂ ਔਗੁਣ ਮੇਰਾ ਸੀਨਾ ਭਰ ਚਾ
ਅੰਦਰ ਨੂਰੀ ਕਰ ਚਾ।
ਮੁੱਕ ਜਾਵਣ ਸਭ ਰੌਲ਼ੇ-ਗੌਲ਼ੇ
ਰੂਹ ਨੂੰ ਅਮ੍ਰਿਤ ਕਰ ਚਾ।
ਤੂੰ ਪੰਜਾਬ ਦਾ ਸੁਰਜਨ ਤਾਰਾ
ਪੰਜ ਨਦੀਆਂ ਦਾ ਵਾਲੀ॥

Academy of the Punjab in North America: http://www.apnaorg.com

Opening at Frankfurt, Germany
July 1, 2007



(Left to Right) Tufail Khilish, Shabahat Ali Khan, Irfan Ahmad

Ankhi Ibrahim Puri

Muzaffar Shiekh

Audience

Academy of the Punjab in North America: http://www.apnaorg.com

Opening at Press Club, Lahore
July 2, 2007

(Left to Right) Nabeel Shad, Mumtaz Baloch, Ashiq Raheel



Top-Left: Perveen Malik, Top-Right: Ashiq Raheel,
Bottom-Left: Mumtaz Baloch, Bottom-Right: Nabeel Shad



Top-Left: ZubairAhmed, Top-Right: Jamil Pal
Bottom- Left: Yaqoob Abul-Khairee, Bottom-Right: Mushtaq Sufi

Audience

Academy of the Punjab in North America: http://www.apnaorg.com

Opening at Abu Dhabi
July 18, 2007

Raja Muhammad Ahmed



(Left to Right) Pervez Bhatti ,Raja Mohd Ahmed,Tariq Butt,Javed Iqbal



(Left to Right) Dr. Amjed Anjum, Chaudhry Munir, Izhar Haider, Raja Mohd Ahmed, Tariq Butt,, Gul Vindyer Arsalan, Tariq Butt, Raja Nasir

Audience

Academy of the Punjab in North America: http://www.apnaorg.com

Opening at Ludhiana, India
August 3, 2007

Speaking on the occasion, Dr Manjit Singh Kang, Vice-Chancellor, Punjab Agricultural University, Ludhiana,Punjab,India



(Left to Right) Prof Niranjan Tasneem, Dr Jagtar Dhiman,, Dr (Mrs) Manu Sharma Sohal, Dr Manjit Singh Kang, Mr. N.S.Nanda and Prof Kulwant Jagraon.

(Left to Right) Prof.Gurcharan Singh Nijhar, Prof. M.S.Cheema, Dr.(Mrs.) Manu Sharma Sohal, Mrs Paramjit Nijhar,Dr. Manjit Singh Kang (Chief Guest) Mrs Narinder Kaur, Mr. Harsh Kumar 'Harsh' , Dr Jagtar Dhiman

Audience

ਕਿਸੇ 'ਸਿੱਧੂ ਸਾਹਿਬ' ਦਾ ਲਿਖਿਆ ਲਹਿੰਦੇ ਪੰਜਾਬ ਦਾ ਸਫ਼ਰਨਾਮਾ ਪੜ੍ਹਦਿਆਂ ਮੈਨੂੰ ਅਸ਼ਫ਼ਾਕ ਅਹਿਮਦ ਹੁਰਾਂ ਦਾ ਪੈਂਤੀ-ਚਾਲੀ ਸਾਲ ਪਹਿਲੋਂ ਲਿਖਿਆ ਚੀਨ ਦਾ ਸਫ਼ਰਨਾਮਾ ਚੇਤੇ ਆ ਗਿਆ। ਨਿੱਕੇ-ਨਿੱਕੇ ਚੁਸਤ ਫ਼ਿਕਰੇ, ਪੋਲੀਆਂ-ਪੋਲੀਆਂ ਪਤੇ ਦੀਆਂ ਗੱਲਾਂ। 'ਸਿੱਧੂ ਸਾਹਿਬ' ਮੋਟਰ-ਕਾਰਾਂ ਤੇ ਮੋਟਰਸਾਈਕਲਾਂ ਦਾ ਇਲਮ ਬਿਆਨ ਕਰਦਾ-ਕਰਦਾ ਨਾਲ਼ ਹੀ ਗੁਰਧਾਮਾਂ ਦੇ ਕੀਤੇ ਦਰਸ਼ਨਾਂ ਦੀ ਗੱਲ ਵੀ ਕਰੀ ਜਾਂਦਾ ਏ।

ਮੈਂ ਪੂਰੀ ਵਾਹ ਲਾ ਕੇ ਲਿਖਦਾਂ ਕਿ ਮੇਰੀ ਲਿਖਤ ਲਹੌਰ ਬੈਠੇ ਨੂੰ ਓਪਰੀ ਨਾ ਲੱਗੇ। ਪਰ ਜਦ ਲਹੌਰ ਦੇ ਮੇਰੇ ਪ੍ਰਕਾਸ਼ਕ ਨੇ ਮੇਰੀ ਲੇਖਾਂ ਦੀ ਕਿਤਾਬ ਛਾਪਣੋਂ ਪਹਿਲਾਂ 'ਔਖੇ' ਲਫ਼ਜ਼ਾਂ ਦੀ ਲਿਸਟ ਬਣਾ ਕੇ ਮੈਨੂੰ ਘੱਲੀ, ਤਾਂ ਮੈਨੂੰ ਬੜੀ ਹਾਂਜ ਆਈ ਸੀ।

ਦੋ ਲਿੱਪੀਆਂ ਦੇ ਨਾਲ਼ ਹੁਣ ਤਾਂ ਦੋ ਪੰਜਾਬੀਆਂ ਵੀ ਹੋ ਚੁੱਕੀਆਂ ਹਨ। ਅਪਣੀਂ ਕਰਤੂਤੀਂ ਅਸੀ ਅਪਣੀਆਂ ਬਾਹਵਾਂ ਆਪ ਹੀ ਵੱਢੀ ਬੈਠੇ ਹਾਂ। ਮਾਂ-ਬੋਲੀ ਪੰਜਾਬੀ ਨਾਲ਼ ਸਭ ਤੋਂ ਵੱਡਾ ਧਰੋਹ ਪੰਜਾਬੀ ਮੁਸਲਮਾਨਾਂ ਨੇ ਕਮਾਇਆ ਹੈ। ਸਫ਼ੀਰ ਰਾਮ੍ਹੇ ਨਜਮ ਹੁਸੈਨ ਹੁਰਾਂ ਵਰਗੇ ਲੱਜਪਾਲ਼ ਤਾਂ ਵਿਰਲੇ-ਟਾਵੇਂ ਨੇ, ਜਿਨ੍ਹਾਂ ਨੂੰ 'ਇਸਲਾਮੀ ਜਮਹੂਰੀਆ-ਏ ਪਾਕਿਸਤਾਨ' ਚ ਕੋਈ ਨਹੀਂ ਪੁੱਛਦਾ।

ਉਮੀਦ ਹੈ ਕਿ ਸਾਂਝ ਨਾਲ਼ ਨਵੇਂ ਉੱਭਰਦੇ ਲਿਖਾਰੀਆਂ ਨੂੰ ਠੇਠ ਪੰਜਾਬੀ ਦੀ ਰਤਾ-ਕੁ ਸੁਰਤ ਆਵੇਗੀ, ਜਦ ਕਿ ਚੜ੍ਹਦੇ ਪੰਜਾਬ ਦੇ ਸਾਢੇ ਤਿੰਨ ਹਜ਼ਾਰ ਪੀਐੱਚਡੀਆਂ ਦੀ ਧਾੜ ਅਤੇ ਪੰਜਾਬੀ ਟੈਲੀਵੀਯਨਾਂ ਅਤੇ ਰੋਜ਼ਾਨਾ ਅਖ਼ਬਾਰਾਂ ਦੇ ਖ਼ਬਰਚੀ ਪੂਰੇ ਜ਼ੋਰ ਨਾਲ਼ ਠੇਠ ਪੰਜਾਬੀ ਮੁਹਾਵਰੇ ਨੂੰ ਪੈਰੀਂ ਰੋਲ਼ਦਿਆਂ ਅੰਗਰੇਜ਼ੀ ਤੇ ਹਿੰਦੀ ਦੀ ਰੀਸੇ ਗ਼ਲਤ-ਮਲ਼ਤ ਪੰਜਾਬੀ ਲਿਖ-ਲਿਖ ਮਾਂ-ਬੋਲੀ ਦੀ ਇਜ਼ਤ ਲੁੱਟੀ ਜਾਂਦੇ ਹਨ।

ਸਾਂਝ ਦੇ ਸਰਵਰਕ 'ਤੇ ਛਪੀ ਪੰਜ ਪੀਰਾਂ ਜਾਂ ਨਾਥ ਜੋਗੀਆਂ ਨੂੰ ਵੰਝਲੀ ਸੁਣਾਉਂਦੇ ਰਾਂਝੇ ਦੀ ਤਸਵੀਰ ਦਾ ਕਮਾਲ ਸਾਬਿਰ ਨਜ਼ਰ ਦਾ ਏ। ਇਸ ਵਰਗੀ ਤਸਵੀਰ ਪਹਿਲਾਂ ਕਿਸੇ ਪੰਜਾਬੀ ਚਿਤੇਰੇ ਨੇ ਨਹੀਂ ਬਣਾਈ ਸੀ।

ਕਹਿੰਦੇ ਹੁੰਦੇ ਨੇ ਕਿ ਸਮੁੰਦਰ 'ਚ ਡਿੱਗੀ ਇਕ ਬੂੰਦ ਸਾਰਖੀ ਵੀ ਮੋਤੀ ਬਣ ਜਾਂਦੀ ਹੁੰਦੀ ਹੈ। ਸ਼ਾਲਾ, ਸਾਂਝ ਐਸਾ ਮੋਤੀ ਬਣੇ।

www.apnaorg.com

■

Academy of the Punjab in North America: http://www.apnaorg.com

The Tribune

At the Crossroads
Reconciling the twin Punjabi scripts

June 7, 2007

N.S. Tasneem (Prof.)

Punjabis reside at both sides of the border between India and Pakistan. But they settle down wherever they find the environment congenial. Away from home, it is the language they speak that binds them together. Punjabi language manifests their cultural background and this factor creates bonhomie among them.

There is a hiatus of script between the Punjabi speaking people on both the sides of the border and elsewhere. Conversation is unhampered but the written word in *Gurmukhi* and *Shahmukhi* scripts creates the problem. There is a need to learn both the scripts so as to be in touch with the corpus of Punjabi literature. The Punjabi Diaspora converses in Punjabi but for the writing, either of the two scripts is used. Even then the terminology used in *Gurmukhi* script and the *Shahmukhi* script creates problems.

'*Sanjh*', a Punjabi quarterly published simultaneously from Ludhiana and Lahore has stepped in, with its inaugural issue (April, May and June, 2007), to serve as a bridge between the two scripts. The journal published in Ludhiana is in *Gurmukhi* script and the one published in Lahore is in *Shahmukhi* script. The material is same in both the versions and there is also no change in the board of editors. The stress is on streamlining the Punjabi language by eliminating unfamiliar Urdu and Hindi words. The reading needs be smooth when the written word in both the scripts is the same.

The managing editor of '*Sanjh*', Safir Rammah is coordinator of Academy of the Punjab in North America. His editorial team includes well-known Punjabi litterateurs, including Ludhiana-based Dr Jagtar Dhiman and Dr Manu Sharma Sohal. Dr Dhiman composes poems in

Academy of the Punjab in North America: http://www.apnaorg.com

English and writes imaginative prose composition in Punjabi. He is also adept at rendering English into Punjabi and *vice versa*. Dr Sohal is a creative writer as well as a researcher. Her doctoral thesis presents a comparative study of the Punjabi poetry of Shiv Kumar Batalvi and the Hindi poetry of Gopal Das Niraj from the viewpoint of the mystique of death. Dr Jagtar and Dr Manu are coordinators of Punjabi Culture Study Circle International.

The other two editors of '*Sanjh*', Javed Boota and Anant Kaur, are based in USA. Pakistan-based associate editors are Mohammad Asif Raza and Sajid Nadeem.

The symbolic cover design of '*Sanjh*' is by the renowned artist Sabir Nazar, who is with the 'Daily Times' and the 'Friday Times', Lahore.

'*Sanjh*' is a purely literary journal and its inaugural issue carries articles, poems, short stories, travelogues and 'in memoriam' notices. Significantly, the line quoted under the title of '*Sanjh*' - '*Bulhe Shah asan marna nahin*'. (Bulhe Shah, we are not destined to die) highlights its theme. The underlying meaning indicates the restoration of peace in South Asia by reviving Punjabi culture that stands for amity.

It is pertinent to mention another Punjabi literary quarterly, '*Punjabi Alam*', from Chandigarh that has made its mark with its second issue. This journal is also published in twin-scripts, *Gurmukhi* as well as *Shahmukhi*, and it lays stress on the need of learning both the scripts. '*Sanjh*' too shares this laudable aim but, at the same time, its focus is on bringing together all Punjabis of the world under the banner of their composite culture.

■

Academy of the Punjab in North America: http://www.apnaorg.com

DAWN

What is common between two Punjabs

Shafqat Tanvir Mirza

Dawn: June 19, 2007

THE unusually warm relationship between the two Punjabs had started to lose its warmth much before the fall of the Congress government in East Punjab. On our part sharp criticism came from Muttahida Qaumi Movement chief, Altaf Husain, a partner in the government who had called the contacts between the two Punjabs a part of a greater Punjab strategy. Then the chief of National Language Authority (NLA) condemned the move to teach Punjabi in the Pakistani Punjab in articles one of which was titled, '*Punjab ki maadri zaban Urdu hey*' (Urdu is the mother tongue of Punjab). It was published in a prestigious Urdu daily of Lahore and later on projected in an English daily of Karachi by a columnist. Before its publication, the article was read in the first session of Nifaz-i-Urdu conference held at the Quaid-i-Azam Library in April last.

Altaf Husain and the NLA chief may have been concerned about the 50-year-old demand that Punjabi should be introduced in the province as a compulsory medium of instruction, meaning a replacement of Urdu with Punjabi. This replacement is bound to hit some of the economic vested interests of Urdu writers and publishers of books in Urdu who must ignore the national interest of broadening the base of education in Punjab. Mother tongue is universally accepted as the most effective and natural medium of instruction at the primary level. Application of this rule here would lead to Punjabi having a share in the power enjoyed by Urdu.

This is one aspect of the issue. The question is as to why both Islamabad and Delhi ignored the exchange of people between the two Punjabs after 2004? Earlier Pakistan and India had indicated allowing citizens above 60 years of age from

Academy of the Punjab in North America: http://www.apnaorg.com

Punjab and elsewhere to cross over easily. These citizens were to be given permits for border-crossing and were to be allowed to cross over on foot. Nothing of the sort has come about. Instead more restrictions have been imposed, and even an organisation like South Asian Free Media Association (SAFMA) had to cancel two of its meetings of these limitations.

Away from the officialdom, however, literary and cultural organisations have continued their agenda with more vigour and determination. As its latest venture, the Academy of the Punjab in North America (APNA) is publishing a quarterly literary magazine, *Saanjh*, simultaneously from Sahiwal and Ludhiana in both *Shahmukhi* and *Gurmukhi*. Its first issue has been distributed in Pakistan by the Sahiwal office (417-V, Farid Town). Mr Safir Rammah is *Saanjh*'s managing editor. Mr Rammah is a well-known figure among the readers of English-language newspapers in Pakistan. APNA was previously managed in Pakistan by Sufi Mushtaq who had published, among other works of known Punjabi writers, a 1000-page diwan of Baba Nanak in *Shahmukhi* script. In Pakistan, Muhammad Asif Raza and Sajid Nadeem will serve as assistants to Safir Rammah.

The *Shahmukhi* version has been published and printed by a Lahore press while the *Gurmukhi* magazine has been printed and published from Ludhiana. The cover of the magazine carries a painting by Sabir Nazar. The Pakistani version has 184 pages and the price is Rs100. The Indian version comprises 116 pages and is priced at Rs75 (Indian). It bears a line from Bulleh Shah : *Bulleh Shah asaan marna naheen*, near the masthead, which indicates determination and that the Saanjh's stress will be on cultural and literary commonalities between the two Punjabs.

The first issue (April-June) carries an article on the development of relations between the two Punjabs by Alisa Ayers, deputy director of the Centre for Advanced Study of India at the Pennsylvania University. She is also the managing director of the university's India review. In her piece, she surveys the nature and dimensions of the relationship between the two Punjabs. Apart from her reference to the cultural, literary and political commonali ties, she delineates the importance of the two Punjabs in the power structure of India and Pakistan. She thinks that in Pakistan Punjabis are wellplaced in administration and the army while in India they are holding three most important portfolios: The prime minister is a Punjabi, the army chief is a Punjabi and the planning commission deputy chairman, (next to the prime minister in importance) is also a Punjabi. In her view, East Punjab may be small in size but it is more important than provinces much larger than it on area and population. The fact is that two Punjabi prime ministers Nawaz Sharif and Inder Kumar Gujral did not play the positive role they were capable of in improving ties.

Hostilities against Punjab is not something new. Many forces were

Academy of the Punjab in North America: http://www.apnaorg.com

hostile to Punjab even during the freedom movement. During the recent elections in Uttar Pradesh, Rahul Gandhi, the great grandson of Pandit Nehru, give Nehru credit for the failure of the two-nation theory in 1971.

If this utterance reminds the Muslims of India and Pakistan of the negative effects of the Moti Lal Nehru's Report, it should not be considered out of place. The Nehru regime did its best to keep those Punjabi soldiers away from the government who had played a role in the *Azad Hind Fauj*. It was Pandit Jawahar Lal Nehru who had rejected the Cabinet Mission Plan without consulting the Executive Committee of the Congress, an act Maulana Abul Kalam Azad has criticised in his autobiography.

The Cabinet Mission Plan was meant to keep India united for at least ten years. But Nehru was in a hurry and bloodbath and largescale migration followed. The Indian attitudes after partition are to some extent is responsible for the army's domination of power structure in Pakistan. The heavy defence budgets of the two countries hamper economic progress that can change the lot of the poor.

It is all the more unfortunate that the three major wars between the two neighbours have been fought in the Punjabi-speaking areas and the Punjabis have had to face the consequences.

APNA's *Saanjh* and Dyal Singh Research and Cultural Forum, Lahore's quarterly *Punjab Rang* are very significant in the context of ties between the two Punjabs. *Saanjh* is an independent venture while the Pakistan government sponsors Punjab Rang. Let us wish both these ventures success.

■

Academy of the Punjab in North America: http://www.apnaorg.com

South Asia
POST inc

Punjabi in Biscriptic Mode

Dr. Jaspal Singh

Punjabi is one of the few languages of the world which can be written in two scripts *Shahmukhi* and *Gurmukhi*. In Pakistan, Punjabi is written in Persian script which now is known as *Shahmukhi* for the limited purposes of its use for the Punjabi language. In Indian Punjab *Gurmukhi*, a form of the *Brahmi* script is the only orthographic medium through which Punjabi is written. In Pakistani Punjab, *Gurmukhi* knowing readers are almost non-existent so are the *Shahmukhi* knowing readers among the new generation of Indian Punjabis. The situation in other countries is more paradoxical. Punjabis hailing from Pakistan can read and write Punjabi only in *Shahmukhi* whereas the post-partition generation of Indian Punjabis can identify only the *Gurmukhi* script. So in 'foreign' countries, there is a simultaneous use of both the scripts.

Keeping this biscriptic nature of the language in mind some farsighted writers and well wishers of Punjabi have come out with a unique idea of using both the scripts for bringing out their journals and books. One of such quarterlies is Saanjh which is published in *Shahmukhi* from Lahore and in *Gurmukhi* from Ludhiana. The first issue of Saanjh has come out with in April 2007. The title page of this issue is illustrated with intricate symbolism from Heer Waris. At top Panj Peers (five holy men) are sitting in ascetic postures. Below, a snake is hanging from the high branch of a tree on which two peacocks are comfortably perched. On the ground Ranjha is playing on his flute while sitting besides a buffalo that raptly listens to the music. Red, black, yellow and orange colours dominate the landscape painted by Sabir Nazar.

Academy of the Punjab in North America: http://www.apnaorg.com

The contents of the journal are equally colourful. Most of the writers poets, story writers and prose writers are from Pakistan with some sprinkling of Indian and overseas Punjabis. The lead article has been contributed by Alisa Airaz from the University of Pennsylvania which is about the role of both the Punjabs in bringing about peace to the Indian subcontinent. Sadhu Binning from Canada writes about Punjabi literary scene in Canada. Though there are five short stories in this issue by such illustrious writers as Ijaz Sayyad Zubair Ahmad and Fakir Chand Shukla, yet the poetry section dominates the entire enterprise. Poems are by Najam Husain Sayyad, Amarjit Chandan, Harash Kumar, Mohammad Ali Muztar, Tanvir Bukhari, Tufail Khalis, Salim Kashar, Shagufta Nazali, Afzal Sahir, Sharif Kunjahi, Muneer Niazi, Javed Zaki and so on. Najam Husain Sayyad invokes the Punj Peers (five holy men) as an act of adulation of the numerous wise men of Punjabi including Farid Damodar, Nanak, Gurdas, Husain, Bahu, Bulla, Waris, Nazabat, Muhammad, Qadar Yar and so on. He says "Hail those who came to the rescue of the ordinary people in different ages doning roles of different hues. They roamed from one land to the other swimming across five rivers while sowing the seeds of wise words on our barren tongues."

Amarjit Chandan while adoring the creative power of words writes: "Likhari shabad pujari keeti rachna/Har kavita mandir hai/Har kavi hai kirti/Karda rachna jorh jorh ke akhar akhar/Eh kavita da mandir bin baari hai/Khulda daso disawan/Jis di aasman hi chhat hai." (Writer as the votary of words has wrought a creation. Every poem is a shrine and every poet a toiler who keeps creating new forms while conjoining one word after another. The temple of poem is without windows and doors though it opens on all the ten directions and the infinite heaven are its roof.) Sarif Kunjahi goes a step further. He believes in the creative power of silences. He avers "Muhon bhawen gal na nikle honth fararhk ke reh jande ne/Kehne wale injh wi apne dil dian gallan keh jande ne." (The mouth may remain shut and the lips may just quiver but those who are eager to say something communicate their deepest feelings without a word.) Javed Zaki, a revolutionary poet writes ballad of Dulla Bhatti, a folk hero of Punjab who challenged the established order in the medieval times. The poet says, "Dhol wajenda dhol/Dhol wajenda Dulle da/Te nachdi niggar kammi kame/Nachde Raath Musalli/Sach surat de jail/Sir te paggarh ratrhe suhe/Rang basanti chole/Jhumar ghumar naach nachende/Jhulam waa warole." (Hark! the beat of the drum. It is drum of Dulla. Workers and toilers, peasants and sharecroppers are dancing in rapturous frolic doning blood coloured turbans and yellow robes. They dance like devastating whirlwind.)

The second journal in the same vein is Punjabi Alam edited by Abhe Singh from Chandigarh. Punjabi Alam is a real biscriptic quarterly since half of it

Academy of the Punjab in North America: http://www.apnaorg.com

is in *Gurmukhi* script and the other half in *Shahmukhi*. Simultaneously contributors are from both sides of the Radcliff Line. Authors like Jatinderpal Singh Jolly, Ahmad Yaar Janjua, Shaida Dilawar Shah, Aziz Ula Warsi, Manzoor Aijaz, Darshan Aasht, Jameel Ahmed Pal and so on are represented here. Poets like Sahrif Kunjahi, Fida Bukhari, Parvez Bazami, Bashir Ahmed Shad, Masood Chaudhri and so on also appear prominently on its pages. The *Shahmukhi* transcription requires a lot of improvement as it is pointed out by the Pakistani readers. Nevertheless this effort is laudable and it needs all encouragement moral, financial and intellectual. One hopes that in days to come more such ventures would be undertaken as they encourage the readers to learn both the scripts of the Punjabi language, read literature from both the Punjabs that may result in a greater understanding and a warmer fellow feeling among all the Punjabis.

■

Academy of the Punjab in North America: http://www.apnaorg.com

Common thread

Sanjh, a Punjabi quarterly, is published simultaneously from Ludhiana and Lahore

Minna Zutshi

The two Punjabs. They share a common history, a common culture and a common destiny. Yet common script seems to be eluding them. If it's *Gurmukhi* in Indian Punjab (*Charda Punjab*). It's *Shahmukhi* in Pakistani Punjab (*Lehnda* Punjab). It's a strange situation; people of the two punjabs are bound by historical ties, yet when it comes to literature they draw a blank because the scripts of their common language are different! It creates a wedge not so easy to bridge.

There's more. The Punjabi Diaspora craves for expression. But again there is divide. A script-centric divide. Pakistani Punjabis and Indian Punjabis settled in countries like Canada, USA, UK can understand one another, but are lost to each other's literature, as the respective scripts play a spoilsport.

It is in this script-related backdrop that *Sanjh*, a Punjabi quarterly published simultaneously from Ludhiana and Lahore, made its entry into the literary scene. For Punjabis on this side of the border, *Sanjh* uses *Gurmukhi*, while for the Punjabis access the border the journal is in *Shahmukhi* script.

The managing editor of *Sanjh* is Safir Rammah, who's also the coordinator of the Academy of the Punjab in North America. Among the editors are Dr. Jagtar Dhiman and Manu Sharma Sohal from Ludhiana.

"There has been an increasing trend towards *Sanskritisation* of the Punjabi language in India, while in Pakistan the language veers towards Urdu. The result is disastrous. They find it difficult to understand our Punjabi, just as their Punjabi seems different to us. This does no good to the composite Punjabi culture. It is affecting the sanjh between the two countries, even though they have a close cultural affinity." says N.S. Tasneem, Sahitya Akademi Award winner.

Doubtless, the composite Punjabi culture stands for amity and brotherhood and also for a certain kind of willingness to take up the cudgels on behalf of the aggrieved party, to stand up for the rights of the downtrodden. But these cultural similarities pale into insignificance when the literary disconnect between the people of the two Punjabs comes to the fore. Well, *Sanjh* is just a small step to bridge the gap. *Sanjh* has a mission. As the cover of the journal reads, Bulle Shah Asan Marna Naahi!

minnazutshi@gmail.com

Academy of the Punjab in North America: http://www.apnaorg.com

A promising cultural stirring

WORDED WELL : Saanjh is laden with Persian nouns and adjectives & Pothohari verbs

MELTING 'S'POT

Atamjit

It is a laudable effort and has happened for the first time. Saanjh is a new quarterly that promises to project the writings of all three categories of Punjabis: Indian, Pakistani and living in the rest of the world. The editors/publishers genuinely wish all of them not only to write for them, but also to read it in the script they are conversant with; hence its simultaneous publication in *Gurmukhi* and *Shahmukhi* from Ludhiana and Lahore.

The brainchild of APNA (Academy of the Punjab in North America) that has about 4000 members, the first issue of Saanjh (April-June) presents a lot of poetry, short stories and a travelogue. But the opening article by Alisa of University of Pennsylvania is most valuable material followed by three essays written in the memory of distinguished poets like Sharif Kunjahi, Munir Niazi and Javed Zakki, all of whom passed away in the recent times.

Academy of the Punjab in North America: http://www.apnaorg.com

In the lead article "Two Punjabs: The Cultural Passage to Peace in South East Asia', Alisa does a concerted effort to bear out that people from both sides are more-than ready-to build as many bridges as they can, to ensure peace, prosperity and brotherhood. She fittingly points out that in addition to the prevalent sufi traditions spread over the region, Guru Nanak's religion serves as the strongest connection between Islam & Hinduism; and the heritage of Punjabiat rejects domination of one over the other. She quotes the example of Ram Mohammad Singh Azad who swore, in British court, by Quissa of Heer Ranjha, instead of any holy book.

The positive attitude of the writer towards people of this region is to be appreciated but Alisa shall have to come out with some substantial answer to the question that she herself has posed, quoting Sumit Ganguli : 'Big problem between India and Pakistan is that one is non-sectorian while the other is an Islamic country. Her postulation about 1947 riots is that people of three religions were so much inter - twined that they couldn't have been separated without knives. It seems to be over generalisation. Depite strong cultural connections, issues related to our bloated egos, fedual psyche & religious chauvinism can't be ignored. Let's also make a call to curb all these things amongst all shades of Punjabis.

The beauty of Saanjh also lies in its languages that is laden with Persian nouns and adjectives an Pothohari verbs; an integral part o pre-partition spoken Punjabi. Som of the expressions and idioms are s wonderful that this publication ma help us to revive them in our spoke as well as written languages. On may also enjoy traditional forms o Punjabi poetry like Seeharfi, Ghaza Qaafi, Boli etc. In addition to Najan Hussain Sayyad and Amarji Chandan's poetry, about a score o poems written by departed Zakki give a fairly good idea of the kind of a revolutionary person and writer tha he was.

We have known Shari Kunjahi for his book Jagraate tha was first published by Punjabi poe Jagtar way back in 1960. It is satisfying to recognise that the stalwart of modern Punjabi poetry in west Punjab has also contributed significantly in fields of prose and linguistics. His books on Rig Veda and Japuji are enough testimony to his inquisitiveness and secular thinking. Published in 1991, Punjabi Scandinavian Language Contact un derlined 2000 words that have a common background in these languages.

For more, procure a copy of this journal; also to help publishers to reduce its price from the present level, which is really high.

The columnist is a Punjabi playwright and currently

Principal, ASSM college, Nawanshahr

■

Academy of the Punjab in North America: http://www.apnaorg.com

'ਸ਼ਾਹਮੁਖੀ 'ਤੇ ਗੁਰਮੁਖੀ' ਦੋਹਾਂ ਲਿੱਪੀਆਂ ਵਿੱਚ ਇੱਕੋ ਜਿਹਾ ਛਪਿਆ ਇਹ ਤਿਮਾਹੀ ਰਿਸਾਲਾ 'ਸਾਂਝ' ਜਿਹੜਾ ਲਾਹੌਰ ਤੋਂ ਸ਼ਾਹਮੁਖੀ ਵਿੱਚ ਤੇ ਲੁਧਿਆਣੇ ਤੋਂ ਗੁਰਮੁਖੀ ਵਿੱਚ ਛਪ ਰਿਹਾ ਹੈ, ਸਾਰੇ ਪੰਜਾਬੀਆਂ ਦੀ ਸਾਂਝ ਨੂੰ ਅੱਗੇ ਵਧਾਉਣ ਦਾ ਇਕ ਜਤਨ ਏ। ਤਾਂ ਜੇ ਪੰਜਾਬੀ ਦੀਆਂ ਦੋ ਵੱਖੋ ਵੱਖ ਲਿੱਪੀਆਂ ਹੋਵਣ ਦੇ ਕਾਰਣ ਲਫ਼ਜ਼ਾਲੀ ਦੇ ਵੱਧ ਰਹੇ ਵਖਰੇਵੇਂ ਨੂੰ ਡੱਕਾ ਲੱਗੇ। ਪੰਜਾਬੀ ਦੀਆਂ ਦੋਹਾਂ ਲਿੱਪੀਆਂ ਦੇ ਲਿਖਾਰੀਆਂ, ਸੂਝਵਾਨਾਂ ਅਤੇ ਪੜ੍ਹਨ ਹਾਰਾਂ ਵਿੱਚ ਸੁਰਤ ਤੇ ਵਿਚਾਰਾਂ ਦੀ ਸਾਂਝ ਵਧੇ ਤੇ ਪੰਜਾਬੀ ਕਲਚਰ ਤੇ ਬੋਲੀ ਦੀ ਸਾਂਭ ਸੰਭਾਲ ਤੇ ਵਧਾਅ ਲਈ ਪੱਕੀ ਪੀਢੀ ਸਾਂਝ ਬਣੇ। ਇਹ ਰਿਸਾਲਾ ਤਿੰਨਾਂ ਪੰਜਾਬਾਂ (ਲਹਿੰਦੇ, ਚੜ੍ਹਦੇ ਤੇ ਬਾਹਰਲੇ ਪੰਜਾਬ) ਦੇ ਲਿਖਾਰੀਆਂ ਦੀ ਸੋਚ ਵਿਚਾਰ ਦਾ ਨੁਮਾਇੰਦਾ ਏ ਤੇ ਦੁਨੀਆਂ ਦੇ ਹਰ ਓਸ ਮੁਲਕ ਵਿੱਚ ਵੰਡਿਆ ਜਾਂਦਾ ਏ ਜਿੱਥੇ ਪੰਜਾਬੀ ਵਸਦੇ ਨੇਂ।'



Academy of the Punjab in North America: http://www.apnaorg.com